**PJ Insurance, Inc.**

5450 Lafayette Road, Suite # 3, Indianapolis, IN 46254

For All Your Insurance Needs.

Life, Health & Disability insurance
Home, Auto, Commercial, Worker Comp, Business
General Liability & other

"Ask us for new Obamacare health insurance quote"

*Contact: Satvir K. Singh*
*Office Manager*
Ph:317-248-4802
Email: info@pjinsuranceinc.com

poshtravel
TRAVEL REDEFINED
TOLL FREE
844.FLY.POSH
Best Price Promise
www.poshtg.com

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ



AMANTEL.COM
$25 'ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

*24/7 Customer Service*
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333



USPS - PP 1 | Fifteenth Year of Publication | ਮਿਡਵੈਸਟ ਐਡੀਸ਼ਨ | Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 45, November 08, 2014 | 20451 N Plum Grove Rd., Palatine, IL 60074 | Ph:847-359-0746, Fax:847-705-9388


# 84: ਚੁਫੇਰਿਓਂ ਲੱਗਿਆ ਹਾਅ ਦਾ ਨਾਅਰਾ

## ਗੈਰ-ਸਿੱਖ ਜਥੇਬੰਦੀਆਂ ਵੀ ਖੁੱਲ੍ਹ ਕੇ ਨਿੱਤਰੀਆਂ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਦਾ ਮਾਮਲਾ ਇਸ ਵਾਰ ਵੱਡੇ ਪੱਧਰ ਉਤੇ ਉਭਰ ਕੇ ਸਾਹਮਣੇ ਆਇਆ ਹੈ। ਪੀੜਤਾਂ ਨੂੰ ਇਨਸਾਫ ਲਈ ਸੰਸਾਰ ਭਰ ਵਿਚ ਹਾਅ ਦਾ ਨਾਅਰਾ ਮਾਰਿਆ ਗਿਆ ਹੈ। ਇਹ ਪਹਿਲੀ ਵਾਰ ਹੈ ਕਿ 30 ਸਾਲ ਤੋਂ ਇਨਸਾਫ ਲਈ ਜੱਦੋਜਹਿਦ ਕਰ ਰਹੇ ਪੀੜਤਾਂ ਦੇ ਹੱਕ ਵਿਚ ਵੱਡੀ ਗਿਣਤੀ ਵਿਚ ਗੈਰ-ਸਿੱਖ ਜਥੇਬੰਦੀਆਂ ਨੇ ਇਉਂ ਹਾਅ ਦਾ ਨਾਅਰਾ ਮਾਰਿਆ ਹੈ। ਨਾਗਾ, ਕਸ਼ਮੀਰੀ, ਤਾਮਿਲ ਤੇ ਹੋਰ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਇਕ ਮੰਚ 'ਤੇ ਆ ਕੇ ਯੂਨਾਈਟਿਡ ਨੇਸ਼ਨਜ਼ ਆਰਗੇਨਾਈਜੇਸ਼ਨ (ਯੂ.ਐਨ.ਓ.) ਕੋਲੋਂ 1947 ਪਿੱਛੋਂ ਭਾਰਤ ਵਿਚ ਸਿੱਖਾਂ ਦੇ ਮਨੁੱਖੀ ਹੱਕਾਂ ਦੇ ਹੋਏ ਘਾਣ ਨੂੰ ਰੋਕਣ ਲਈ ਦਖ਼ਲਅੰਦਾਜ਼ੀ ਦੀ ਮੰਗ ਕੀਤੀ ਹੈ। ਐਮਨੈਸਟੀ ਇੰਟਰਨੈਸ਼ਨਲ ਨੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਆਨਲਾਈਨ ਮੁਹਿੰਮ ਆਰੰਭੀ ਹੈ।

ਘੱਟ-ਗਿਣਤੀਆਂ ਦੇ ਇਸ ਏਕੇ ਪਿੱਛੋਂ ਇਸ ਮਾਮਲੇ ਵਿਚ ਸਿਆਸੀ ਧਿਰਾਂ ਨੇ ਵੀ ਸਰਗਰਮੀ ਫੜ ਲਈ ਹੈ। ਸ਼੍ਰੋਮਣੀ ਅਕਾਲੀ ਦਲ ਨੇ ਜਿਥੇ ਨਸਲਕੁਸ਼ੀ ਵਿਰੁੱਧ ਸੰਸਦ ਵਿਚ ਨਿੰਦਾ ਮਤਾ ਲਿਆਉਣ ਦੀ ਗੱਲ ਆਖੀ ਹੈ, ਉਥੇ ਨਰੇਂਦਰ ਮੋਦੀ ਸਰਕਾਰ ਵੱਲੋਂ ਪੀੜਤਾਂ ਨੂੰ ਪੰਜ-ਪੰਜ ਲੱਖ ਰੁਪਏ ਮੁਆਵਜ਼ੇ ਦੇ ਐਲਾਨ ਤੋਂ ਇਲਾਵਾ ਇਸ ਕਤਲੇਆਮ ਨੂੰ ਦੇਸ਼ ਦੀ ਸਦੀਆਂ ਪੁਰਾਣੀ ਏਕਤਾ ਦੇ ਸੀਨੇ ਵਿਚ 'ਖੰਜਰ' ਘੋਪਣਾ ਕਰਾਰ ਦਿੱਤਾ ਹੈ। ਇਸੇ ਦੌਰਾਨ ਸਿੱਖ ਜਥੇਬੰਦੀਆਂ ਨੇ ਮੁਆਵਜ਼ੇ ਤੋਂ ਪਹਿਲਾਂ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇ ਕੇ ਪੀੜਤਾਂ ਨੂੰ ਨਿਆਂ ਦੇਣ ਦੀ ਮੰਗ ਕੀਤੀ ਹੈ। ਆਮ ਆਦਮੀ ਪਾਰਟੀ ਨੇ ਇਸ ਮਾਮਲੇ ਦੀ ਐਸ.ਆਈ.ਟੀ. ਤੋਂ ਜਾਂਚ ਕਰਵਾਉਣ ਬਾਰੇ ਫੈਸਲਾ ਲਾਗੂ ਕਰਨ ਲਈ ਕਿਹਾ ਹੈ।

ਜ਼ਿਕਰਯੋਗ ਹੈ ਕਿ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ ਅਤੇ ਕੋਈ 3000 ਤੋਂ ਵੱਧ ਸਿੱਖ ਕੋਹ-ਕੋਹ ਕੇ ਮਾਰੇ ਗਏ ਸਨ। ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਇਹ ਇਲਜ਼ਾਮ ਲਾਇਆ ਜਾਂਦਾ ਰਿਹਾ ਹੈ ਕਿ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦੇ ਮਾਮਲੇ ਵਿਚ ਸਰਕਾਰ ਢਿੱਲਾ-ਮੱਠਾ ਰਵੱਈਆ ਅਖਤਿਆਰ ਕਰ ਰਹੀ ਹੈ। ਕਾਂਗਰਸ ਨੇਤਾ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਜਿਨ੍ਹਾਂ ਦੇ ਨਾਂ ਮੁੱਖ ਦੋਸ਼ੀਆਂ ਵਜੋਂ ਲਏ ਜਾਂਦੇ ਹਨ, ਖਿਲਾਫ਼ ਚੱਲ ਰਹੀ ਸੀ.ਬੀ.ਆਈ. ਜਾਂਚ ਵੀ ਅਜੇ ਤੱਕ ਕਿਸੇ ਕੰਢੇ ਨਹੀਂ ਲੱਗੀ ਹੈ। ਸਰਕਾਰ 'ਤੇ ਕਈ ਸਬੰਧਤ ਕੇਸ ਵੀ ਦਬਾਉਣ ਜਾਂ ਬੰਦ ਕਰਨ ਦੇ ਇਲਜ਼ਾਮ ਲੱਗਦੇ ਰਹੇ ਹਨ। ਸਰਕਾਰ ਨੇ ਇਸ ਬਾਰੇ ਕਈ ਕਮਿਸ਼ਨ ਵੀ ਬਣਾਏ। ਨਾਨਾਵਤੀ ਕਮਿਸ਼ਨ ਨੇ ਸਰਕਾਰ ਨੂੰ ਜਾਣਕਾਰੀ ਵੀ ਦਿੱਤੀ ਪਰ ਦੋਸ਼ੀਆਂ ਦੇ ਨਾਂ, ਸਬੂਤਾਂ ਦੀ ਘਾਟ ਦੀ ਵਜ੍ਹਾ ਨਾਲ ਸਾਹਮਣੇ ਨਹੀਂ ਆਏ।

ਇਸ ਕਤਲੇਆਮ ਦੀ 30ਵੀਂ ਵਰ੍ਹੇਗੰਢ ਮੌਕੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਸਿੱਖ ਜਥੇਬੰਦੀਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਤੋਂ ਦਿੱਲੀ ਤੱਕ 'ਹੱਕ ਤੇ ਇਨਸਾਫ਼' ਮਾਰਚ ਕੀਤਾ ਗਿਆ ਜਿਸ ਵਿਚ ਵੱਡੀ ਗਿਣਤੀ ਗੈਰ-ਸਿੱਖ ਜਥੇਬੰਦੀਆਂ ਨੇ ਹਿੱਸਾ ਲੈ ਕੇ


*(ਬਾਕੀ ਸਫਾ 6 'ਤੇ)*





### ਬਾਦਲ ਨੇ ਗੈਰ-ਸਿੱਖਾਂ ਲਈ ਵੀ '84 ਪੀੜਤਾਂ ਵਾਂਗ ਮੁਆਵਜ਼ਾ ਮੰਗਿਆ

**ਜਲੰਧਰ:** ਸਿੱਖ ਕਤਲੇਆਮ ਦੀ 30ਵੀਂ ਵਰ੍ਹੇਗੰਢ ਮੌਕੇ ਜਿਥੇ ਵੱਖ-ਵੱਖ ਸਿੱਖ ਜਥੇਬੰਦੀਆਂ ਪੀੜਤਾਂ ਲਈ ਇਨਸਾਫ ਦੀ ਮੰਗ ਕਰ ਰਹੀਆਂ ਸਨ, ਉਥੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ਸਰਕਾਰ ਤੋਂ ਪੰਜਾਬ ਵਿਚ ਅਤਿਵਾਦ ਦੌਰ ਦੌਰਾਨ ਮਾਰੇ ਗਏ ਹਿੰਦੂਆਂ ਨੂੰ '84 ਦੇ ਦੰਗਾ ਪੀੜਤਾਂ ਵਾਂਗ ਹੀ ਮੁਆਵਜ਼ੇ ਦੀ ਮੰਗ ਕਰ ਦਿੱਤੀ ਹੈ।

ਯਾਦ ਰਹੇ ਕਿ ਸ. ਬਾਦਲ ਅਤਿਵਾਦ ਦੇ ਦੌਰ ਵਿਚ ਮਾਰੇ ਗਏ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਨੂੰ ਇਨਸਾਫ ਦਿਵਾਉਣ ਤੋਂ ਟਾਲਾ ਵੱਟਦੇ ਆ ਰਹੇ ਹਨ ਪਰ ਹਿੰਦੂਆਂ ਪ੍ਰਤੀ ਇਕਦਮ ਜਾਗੇ ਇਸ ਹੇਜ ਨੂੰ ਹੈਰਾਨੀ ਵਜੋਂ ਲਿਆ ਜਾ ਰਿਹਾ ਹੈ। ਮੁੱਖ ਮੰਤਰੀ ਦਾ ਇਹ ਬਿਆਨ ਕੇਂਦਰ ਸਰਕਾਰ ਵੱਲੋਂ ਦਿੱਲੀ ਵਿਚ ਸਿੱਖ ਕਤਲੇਆਮ ਪੀੜਤਾਂ ਲਈ ਪੰਜ-ਪੰਜ ਲੱਖ ਰੁਪਏ ਮੁਆਵਜ਼ੇ ਦੇ ਐਲਾਨ ਤੋਂ ਬਾਅਦ ਆਇਆ ਹੈ।

## ਭਾਜਪਾ ਵੱਲੋਂ 2017 ਦੀਆਂ ਚੋਣਾਂ ਬਾਰੇ ਹੁਣੇ ਵਿਚਾਰਾਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਭਾਜਪਾ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਆਪਣੇ ਬਲਬੂਤੇ 'ਤੇ ਲੜਨ ਦਾ ਇਸ਼ਾਰਾ ਕਰ ਦਿੱਤਾ ਹੈ। ਭਾਜਪਾ ਕੋਰ ਕਮੇਟੀ ਦੀ ਮੀਟਿੰਗ ਵਿਚ ਬਹੁਤੇ ਮੈਂਬਰਾਂ ਨੇ ਗੱਠਜੋੜ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਗੈਰ-ਤਸੱਲੀ ਦਾ ਪ੍ਰਗਟਾਵਾ ਕਰਦਿਆਂ ਮੋਦੀ ਲਹਿਰ ਦਾ ਲਾਹਾ ਪੰਜਾਬ ਵਿਚ ਵੀ ਲੈਣ ਦੀ ਗੱਲ ਆਖੀ ਹੈ। ਪਾਰਟੀ ਆਗੂਆਂ ਨੇ ਸੂਬੇ ਵਿਚ ਅਗਲੇ ਮਹੀਨੇ ਹੋ ਰਹੀਆਂ 120 ਨਗਰ ਕੌਂਸਲਾਂ ਦੀਆਂ ਚੋਣਾਂ ਨੂੰ ਆਪਣੀ ਤਾਕਤ ਦਾ ਵਿਖਾਵਾ ਕਰਨ ਲਈ ਢੁਕਵੇਂ ਮੌਕੇ ਵਜੋਂ ਵਰਤਣ ਲਈ ਆਮ ਸਹਿਮਤੀ ਦਾ ਪ੍ਰਗਟਾਵਾ ਕੀਤਾ।

ਭਾਜਪਾ ਵੱਲੋਂ ਦਿਹਾਤੀ ਖੇਤਰਾਂ ਵਿਚ ਅਕਾਲੀ ਦਲ ਦੀ ਰਵਾਇਤੀ ਵੋਟ ਤੋੜਨ ਬਾਰੇ ਖਾਸ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ। ਪਾਰਟੀ ਦੇ ਮੰਤਰੀਆਂ, ਵਿਧਾਇਕਾਂ ਤੇ ਆਗੂਆਂ ਨੂੰ ਲੋਕਾਂ ਨਾਲ ਵਧੇਰੇ ਰਾਬਤਾ ਕਾਇਮ ਕਰਨ ਦਾ ਸੱਦਾ ਦਿੰਦਿਆਂ ਮੈਂਬਰਸ਼ਿਪ ਵਧਾਉਣ ਉੱਤੇ ਜ਼ੋਰ ਦਿੱਤਾ ਹੈ।


ਉਧਰ ਅਕਾਲੀ ਦਲ ਵੀ ਭਾਜਪਾ ਦੀ ਇਸ ਰਣਨੀਤੀ ਤੋਂ ਜਾਣੂ ਨਜ਼ਰ ਆ ਰਿਹਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲੀ ਵਾਰ ਕੇਂਦਰ ਦੀ ਐਨ.ਡੀ.ਏ. ਸਰਕਾਰ ਪ੍ਰਤੀ ਸਖ਼ਤ ਤੇਵਰ ਦਿਖਾਏ। ਉਨ੍ਹਾਂ ਆਪਣੇ ਭਾਸ਼ਣਾਂ ਵਿਚੋਂ ਮੋਦੀ ਸ਼ਬਦ ਨੂੰ ਗਾਇਬ ਕਰਕੇ ਗਠਜੋੜ ਵਿਚ 'ਸਭ ਅੱਛਾ' ਨਾ ਹੋਣ ਦੇ ਸੰਕੇਤ ਦੇ ਦਿੱਤੇ ਹਨ। ਗੱਲ-ਗੱਲ 'ਤੇ ਮੋਦੀ ਸਰਕਾਰ ਦੀ ਚਰਚਾ ਕਰਨ ਵਾਲੇ ਮੁੱਖ ਮੰਤਰੀ ਨੇ ਜਨਤਕ ਸਮਾਗਮਾਂ ਵਿਚ ਮੋਦੀ ਸਰਕਾਰ ਪ੍ਰਤੀ ਇਕ ਲਫਜ਼ ਵੀ ਨਹੀਂ ਆਖਿਆ।


**Dhade & Associates, PC** | Immigration Lawyers

WE FIGHT FOR YOUR RIGHTS!

ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ

*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ



Herman Singh Dhade
Immigration Lawyer

Ph:248-254-3441

Fax:(248) 254-3443 www.eagle.pro, Email: info@eagle.pro

7071 Orchard Lake Rd, Suite 320, W. Bloomfield, MI 48322

Estb. 1975
World Wide Travel
www.fly2world.com
ਸਸਤੇ ਟਿਕਟ ਬਿਹਤਰ ਸੇਵਾ

DETROIT 734 838 9998 | TOLL FREE 866 66 INDIA | CHICAGO 312 224 8800

# ਡਾ. ਜੈਕ ਬਰਾੜ ਨੂੰ ਸੇਵਾ ਭਲਾਈ ਪੁਰਸਕਾਰ

**ਸ਼ਿਕਾਗੋ (ਬਿਊਰੋ):** ਇਲੀਨਾਇ ਸੁਸਾਇਟੀ ਆਫ ਵੈਟਰਨਰੀ ਮੈਡੀਸਨ ਐਸੋਸੀਏਸ਼ਨ ਵੱਲੋਂ ਡਾ. ਜੈਕ (ਜਗਜੀਤ) ਐਸ. ਬਰਾੜ ਨੂੰ ਸੇਵਾ ਭਲਾਈ ਪੁਰਸਕਾਰ ਨਾਲ ਸਨਮਾਨਤ ਕੀਤਾ ਜਾ ਰਿਹਾ ਹੈ। ਇਹ ਸਨਮਾਨ 7 ਨਵੰਬਰ ਨੂੰ ਐਸੋਸੀਏਸ਼ਨ ਦੀ 133ਵੀਂ ਕਨਵੈਨਸ਼ਨ ਦੌਰਾਨ ਵੈਸਟਿਨ ਇੰਨ (ਲਾਮਬਰਡ) ਵਿਖੇ ਦਿੱਤਾ ਜਾ ਰਿਹਾ ਹੈ। ਐਸੋਸੀਏਸ਼ਨ ਹਰ ਸਾਲ ਆਪਣੇ ਭਾਈਚਾਰੇ ਲਈ ਅਤੇ ਪੇਸ਼ੇ ਵਿਚ ਸੇਵਾ ਦਾ ਯੋਗਦਾਨ ਪਾਉਣ ਵਾਲਿਆਂ ਦਾ ਸਨਮਾਨ ਕਰਦੀ ਹੈ। ਇਸ ਐਸੋਸੀਏਸ਼ਨ ਦੀ ਮੈਂਬਰਸ਼ਿਪ 4 ਹਜ਼ਾਰ ਤੋਂ ਵੀ ਵੱਧ ਹੈ।

ਡਾ. ਬਰਾੜ ਨੇ ਵੈਟਰਨਰੀ ਮੈਡੀਸਨ ਦੀ ਡਿਗਰੀ ਭਾਰਤ ਤੋਂ ਕੀਤੀ ਸੀ। 1979 ਵਿਚ ਉਹ ਯੂਨੀਵਰਸਿਟੀ ਆਫ ਮਿਨੀਸੋਟਾ ਵਿਖੇ ਆ ਗਏ ਅਤੇ ਵੈਟਰਨਰੀ ਮੈਡੀਸਨ ਵਿਚ ਮਾਸਟਰ ਆਫ ਸਾਇੰਸ ਦੀ ਡਿਗਰੀ ਹਾਸਲ ਕਰ ਲਈ। ਉਹ ਪਿਛਲੇ 51 ਸਾਲ ਤੋਂ ਇਸ ਪੇਸ਼ੇ ਨਾਲ ਜੁੜੇ ਹੋਏ ਹਨ। ਉਹ 33 ਸਾਲ ਤੋਂ ਆਪਣਾ ਡੋਰਚੈਸਟਰ ਐਨੀਮਲ ਹਸਪਤਾਲ ਅਤੇ ਪਿਛਲੇ 10 ਸਾਲ ਤੋਂ ਪੈਲੋਸ ਪੈਟ ਕਲੀਨਿਕ ਚਲਾ ਰਹੇ ਹਨ। ਪਿਛਲੇ 15 ਸਾਲ ਤੋਂ ਉਹ ਵੱਖ-ਵੱਖ ਐਸੋਸੀਏਸ਼ਨਾਂ ਵਿਚ ਵੀ ਕੰਮ ਕਰ ਰਹੇ ਹਨ। ਸ਼ਿਕਾਗੋ ਵੈਟਰਨਰੀ ਮੈਡੀਕਲ ਐਸੋਸੀਏਸ਼ਨ ਦੇ ਉਹ ਸਕੱਤਰ, ਮੀਤ ਪ੍ਰਧਾਨ ਅਤੇ ਫ਼ਿਰ ਪ੍ਰਧਾਨ ਵੀ ਰਹੇ। ਇਹ ਐਸੋਸੀਏਸ਼ਨ ਵੱਡੀਆਂ ਖੇਤਰੀ ਐਸੋਸੀਏਸ਼ਨਾਂ ਵਿਚੋਂ ਇਕ ਹੈ।

ਇਸ ਤੋਂ ਇਲਾਵਾ ਡਾ. ਬਰਾੜ ਆਪਣੇ ਖੇਤਰ ਵਿਚ ਹੋਰ ਵੀ ਅਹਿਮ ਭੂਮਿਕਾ ਨਿਭਾਅ ਰਹੇ ਹਨ। ਇਸ ਕਾਰਜ ਬਦਲੇ ਉਨ੍ਹਾਂ ਨੂੰ ਬਹੁਤ ਸਾਰੇ ਇਨਾਮ ਵੀ ਮਿਲ ਚੁੱਕੇ ਹਨ। ਯੂਨੀਵਰਸਿਟੀ ਆਫ਼



*ਡਾ. ਜੈਕ (ਜਗਜੀਤ) ਐਸ. ਬਰਾੜ*

ਇਲੀਨਾਇ ਦੇ ਵੈਟਰਨਰੀ ਮੈਡੀਸਨ ਐਲੂਮਨੀ ਕਾਲਜ ਅਤੇ ਸ਼ਿਕਾਗੋ ਵੈਟਰਨਰੀ ਮੈਡੀਕਲ ਐਸੋਸੀਏਸ਼ਨ ਵੱਲੋਂ ਉਨ੍ਹਾਂ ਨੂੰ ਸਨਮਾਨਤ ਕੀਤਾ ਚੁੱਕਾ ਹੈ। ਅੱਜ ਕੱਲ੍ਹ ਉਹ ਯੋਗ ਵੱਲ ਉਚੇਚਾ ਧਿਆਨ ਦੇ ਰਹੇ ਹਨ ਅਤੇ ਪੈਲੋਸ ਹਾਈਟਸ ਦੇ ਟੋਸਟਮਾਸਟਰ ਕਲੱਬ ਦੇ ਪ੍ਰਧਾਨ ਹਨ। ਉਹ ਆਪਣੀ ਬੇਟੀ ਐਮੀ ਅਤੇ ਬੇਟੇ ਏ.ਜੇ. ਨਾਲ ਪੈਲੋਸ ਹਿਲਜ਼ ਵਿਖੇ ਹੀ ਰਹਿ ਰਹੇ ਹਨ।

# ਕਸ਼ਮੀਰ ਬਾਰੇ ਭਾਰਤ ਤੇ ਪਾਕਿਸਤਾਨ ਫਿਰ ਉਲਝੇ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਮਹਾ ਸਭਾ ਦੇ ਇਜਲਾਸ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਇਕ ਵਾਰ ਫਿਰ ਕਸ਼ਮੀਰ ਮੁੱਦੇ 'ਤੇ ਆਪੋ ਵਿਚ ਉਲਝ ਪਏ ਹਨ ਤੇ ਭਾਰਤੀ ਵਫ਼ਦ ਨੇ ਪਾਕਿਸਤਾਨੀ ਵਫ਼ਦ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਨੂੰ 'ਬੇਲੋੜੀਆਂ ਟਿੱਪਣੀਆਂ' ਕਰਾਰ ਦਿੱਤਾ ਹੈ।

ਮਹਾ ਸਭਾ ਦੀ ਤੀਜੀ ਕਮੇਟੀ ਜੋ ਸਮਾਜਕ, ਮਾਨਵੀ ਅਤੇ ਸਭਿਆਚਾਰਕ ਮੁੱਦਿਆਂ ਨੂੰ ਨਜਿੱਠਦੀ ਹੈ, ਦੀ ਮੀਟਿੰਗ ਦੀ ਸੰਯੁਕਤ ਰਾਸ਼ਟਰ ਦੀ ਵੈੱਬਸਾਈਟ ਉਪਰ ਪਾਈ ਗਈ ਕਾਰਵਾਈ ਮੁਤਾਬਕ ਪਾਕਿਸਤਾਨੀ ਡੈਲੀਗੇਟ ਦਯਾਰ ਖ਼ਾਨ ਨੇ ਕਸ਼ਮੀਰ ਮੁੱਦਾ ਉਭਾਰਦਿਆਂ ਅਫਸੋਸ ਜ਼ਾਹਰ ਕੀਤਾ ਕਿ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਆਤਮ ਨਿਰਣੇ ਦੇ ਹੱਕ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ। ਉਨ੍ਹਾਂ ਨਸਲੀ ਵਿਤਕਰੇ, ਨਸਲੀ ਨਫ਼ਰਤ ਅਤੇ ਆਤਮ ਨਿਰਣੇ ਦੇ ਹੱਕ ਬਾਰੇ ਬਹਿਸ ਵਿਚ ਹਿੱਸਾ ਲੈਂਦਿਆਂ ਆਖਿਆ ਕਿ ਬਿਲਕੁਲ ਭੈਅ-ਮੁਕਤ ਮਾਹੌਲ ਵਿਚ ਆਤਮ ਨਿਰਣੇ ਦਾ ਹੱਕ ਮਿਲਣਾ ਜ਼ਰੂਰੀ ਹੈ।

ਭਾਰਤੀ ਡੈਲੀਗੇਟ ਮਯੰਕ ਜੋਸ਼ੀ ਨੇ ਆਖਿਆ ਕਿ ਜੰਮੂ-ਕਸ਼ਮੀਰ ਬਾਰੇ ਪਾਕਿਸਤਾਨ ਦੀਆਂ ਟਿੱਪਣੀਆਂ ਬੇਲੋੜੀਆਂ ਹਨ ਅਤੇ ਤੱਥਾਂ ਤੋਂ ਉਲਟ ਹਨ। ਉਨ੍ਹਾਂ ਕਿਹਾ ਕਿ ਉਸ ਖੇਤਰ ਵਿਚ ਹਰ ਪੱਧਰ 'ਤੇ ਸਾਫ-ਸੁਥਰੇ ਅਤੇ ਆਜ਼ਾਦਾਨਾ ਢੰਗ ਨਾਲ ਚੋਣਾਂ ਕਰਵਾਈਆਂ ਜਾਂਦੀਆਂ ਹਨ। ਭਾਰਤ ਬਹੁ-ਧਰਮੀ, ਬਹੁ-ਨਸਲੀ ਅਤੇ ਬਹੁ-ਭਾਸ਼ਾਈ ਸਮਾਜ ਹੈ ਅਤੇ ਇਹ ਹਰ ਕਿਸਮ ਦੇ ਵਿਤਕਰੇ ਨੂੰ ਖਤਮ ਕਰਨ ਦੇ ਨਿਸ਼ਾਨੇ ਦੀ ਪ੍ਰਾਪਤੀ ਲਈ ਵਚਨਬੱਧ ਹੈ।

# ਪੈਲਾਟਾਈਨ ਗੁਰੂ ਘਰ ਵਿਖੇ 22 ਨਵੰਬਰ ਨੂੰ ਹੋਣ ਵਾਲਾ ਸਨਮਾਨ ਸਮਾਗਮ ਰੱਦ

**ਸ਼ਿਕਾਗੋ (ਬਿਊਰੋ):** ਪੈਲਾਟਾਈਨ ਗੁਰੂਘਰ ਦੇ ਬਾਨੀਆਂ ਦੇ ਸਨਮਾਨ ਵਿਚ 22 ਨਵੰਬਰ ਨੂੰ ਕਰਵਾਇਆ ਜਾਣ ਵਾਲਾ ਸਮਾਗਮ ਹਾਲ ਦੀ ਘੜੀ ਕੁਝ ਕਾਰਨਾਂ ਕਰਕੇ ਰੱਦ ਕਰ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਇਹ ਸਮਾਗਮ ਸ਼ਿਕਾਗੋ ਦੇ ਸਿੱਖ ਭਾਈਚਾਰੇ ਵਲੋਂ ਰਲ ਕੇ ਕਰਵਾਇਆ ਜਾਣਾ ਸੀ। ਇਸ ਸਬੰਧੀ ਸਹਿਜ ਪਾਠ ਦਾ ਸ਼ੁਭ ਅਰੰਭ ਸ਼ੁਕਰਵਾਰ 7 ਨਵੰਬਰ ਨੂੰ ਹੋਣਾ ਸੀ। ਫਿਲਹਾਲ ਇਹ ਸਮਾਗਮ ਰੱਦ ਕਰ ਦਿੱਤਾ ਗਿਆ ਹੈ ਅਤੇ ਇਸ ਬਾਰੇ ਭਾਈਚਾਰੇ ਅਤੇ ਨਾਲ ਹੋਰ ਵਿਚਾਰਾਂ ਉਪਰੰਤ ਸਮਾਗਮ ਰੱਖਿਆ ਜਾਵੇਗਾ। ਹੋਰ ਜਾਣਕਾਰੀ ਸ. ਠਾਕਰ ਸਿੰਘ ਬਸਾਤੀ (ਫੋਨ: 847-736-6092) ਤੋਂ ਲਈ ਜਾ ਸਕਦੀ ਹੈ।

# ਪੰਜਾਬ ਵਿਚ ਹੁਣ ਵੈਟ ਰਿਫੰਡ ਘਪਲਾ

**ਚੰਡੀਗੜ੍ਹ:** ਕੰਪਟਰੋਲਰ ਤੇ ਆਡੀਟਰ ਜਨਰਲ ਵੱਲੋਂ ਪੰਜਾਬ ਸਰਕਾਰ ਤੋਂ ਵੈਟ ਰਿਫੰਡ ਮੰਗਣ ਵਾਲੀਆਂ ਕੰਪਨੀਆਂ ਦੇ ਵਿਸ਼ੇਸ਼ ਆਡਿਟ ਤੋਂ ਹੈਰਾਨੀਜਨਕ ਖੁਲਾਸਾ ਹੋਇਆ ਹੈ। ਇਸ ਮੁਤਾਬਕ ਲੁਧਿਆਣਾ ਦੇ ਕੁਝ ਵਪਾਰੀਆਂ ਨੇ ਪੰਜਾਬ ਸਰਕਾਰ ਤੋਂ 84.60 ਕਰੋੜ ਰੁਪਏ ਦੇ ਵੈਟ ਰਿਫੰਡ ਦਾ ਦਾਅਵਾ ਕੀਤਾ ਹੈ ਜੋ ਜਾਅਲੀ ਵਿਕਰੀ ਨਾਲ ਜੁੜਿਆ ਹੋਇਆ ਹੈ। ਪਿਛਲੇ ਵਰ੍ਹੇ ਲੁਧਿਆਣਾ ਦੀਆਂ ਤਿੰਨ ਕੰਪਨੀਆਂ ਵੱਲੋਂ ਕਰ ਤੇ ਆਬਕਾਰੀ ਵਿਭਾਗ ਦੀ ਮਿਲੀਭੁਗਤ ਨਾਲ ਕੀਤੇ ਵੈਟ ਰਿਫੰਡ ਘੁਟਾਲੇ ਪਿੱਛੋਂ ਸਰਕਾਰ ਨੇ ਵੈਟ ਰਿਫੰਡ ਮੰਗਣ ਵਾਲੀਆਂ ਸਾਰੀਆਂ ਕੰਪਨੀਆਂ ਦੇ ਵਿਸ਼ੇਸ਼ ਆਡਿਟ ਕਰਵਾਉਣ ਦਾ ਫੈਸਲਾ ਕੀਤਾ ਸੀ।

ਕੰਪਟਰੋਲਰ ਤੇ ਆਡੀਟਰ ਜਨਰਲ ਵੱਲੋਂ 33 ਕੰਪਨੀਆਂ ਦੇ ਰਿਕਾਰਡਾਂ ਦੀ ਜਾਂਚ ਤੋਂ ਸਾਹਮਣੇ ਆਇਆ ਹੈ ਕਿ ਇਨ੍ਹਾਂ ਵਿਚੋਂ 28 ਡੀਲਰਾਂ ਵੱਲੋਂ ਮਨੀਪੁਰ, ਗੁਹਾਟੀ, ਸਿਲਚਰ, ਗਵਾਲੀਅਰ, ਲਤੂਰ, ਨਾਂਦੇੜ, ਕੋਲਕਾਤਾ, ਮੁੰਬਈ ਤੇ ਜਮਸ਼ੇਦਪੁਰ ਵਸਤਾਂ ਭੇਜਣ ਲਈ ਦੋਪਹੀਆ ਵਾਹਨਾਂ ਦੀ ਵਰਤੋਂ ਕੀਤੀ ਗਈ ਸੀ। 14 ਮਾਮਲਿਆਂ ਵਿਚੋਂ 11 ਕੰਪਨੀਆਂ ਦੇ ਟ੍ਰਾਈਚੀ, ਗੁਹਾਟੀ, ਸਿਲਚਾਰ ਤੇ ਗਵਾਲੀਅਰ ਵਸਤਾਂ ਭੇਜਣ ਲਈ ਯਾਤਰੀ ਢੋਣ ਵਾਲੀਆਂ ਗੱਡੀਆਂ ਦੀ ਵਰਤੋਂ ਕੀਤੀ ਸੀ। ਇਹੀ ਨਹੀਂ, ਚਾਰ ਮਾਮਲਿਆਂ ਵਿਚ 2 ਤੋਂ 7 ਦਿਨਾਂ ਦੇ ਫਰਕ ਨਾਲ ਚੇਨਈ, ਮੈਸੂਰ ਤੇ ਸ਼ੋਲਾਪੁਰ 'ਚ ਸਮਾਨ ਭੇਜਣ ਲਈ ਉਹੀ ਵਾਹਨ ਵਰਤੇ ਗਏ ਸਨ।

# ਪੰਜਾਬ ਡੇਂਗੂ ਦੀ ਜਕੜ ਵਿਚ

**ਚੰਡੀਗੜ੍ਹ:** ਪੰਜਾਬ ਡੇਂਗੂ ਦੀ ਲਪੇਟ ਵਿਚ ਆ ਗਿਆ ਹੈ। ਸਿਹਤ ਵਿਭਾਗ ਅਨੁਸਾਰ ਹੁਣ ਤੱਕ ਡੇਂਗੂ ਦੇ 2800 ਕੇਸ ਸਾਹਮਣੇ ਆ ਚੁੱਕੇ ਹਨ। ਸਵਾਈਨ ਫਲੂ ਦੇ ਦੋ ਸ਼ੱਕੀ ਮਰੀਜ਼ਾਂ ਨੂੰ ਵੀ ਹਸਪਤਾਲ ਵਿਚ ਇਲਾਜ ਲਈ ਦਾਖ਼ਲ ਕਰਵਾਏ ਜਾਣ ਦੀ ਸੂਚਨਾ ਹੈ। ਸਿਹਤ ਵਿਭਾਗ ਵੱਲੋਂ ਡੇਂਗੂ ਦੀ ਰੋਕਥਾਮ ਲਈ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

ਡੇਂਗੂ ਦੇ 80 ਫ਼ੀਸਦ ਕੇਸਾਂ ਦਾ ਪਿਛਲੇ ਪੰਦਰਾਂ ਦਿਨਾਂ ਵਿਚ ਪਤਾ ਲੱਗਿਆ ਹੈ ਅਤੇ ਇਨ੍ਹਾਂ ਵਿਚੋਂ 90 ਪ੍ਰਤੀਸ਼ਤ ਮਰੀਜ਼ ਸ਼ਹਿਰਾਂ ਦੇ ਰਹਿਣ ਵਾਲੇ ਹਨ। ਡੇਂਗੂ ਨਾਲ ਪਿਛਲੇ ਮਹੀਨਿਆਂ 'ਚ ਨੌਂ ਮਰੀਜ਼ਾਂ ਦੀ ਮੌਤ ਹੋਈ ਹੈ। ਚੰਡੀਗੜ੍ਹ 'ਚ ਇਸ ਵਾਰ ਡੇਂਗੂ ਤੋਂ ਬਚਾਅ ਰਿਹਾ ਹੈ ਅਤੇ ਕੇਵਲ ਛੇ ਮਰੀਜ਼ਾਂ ਨੂੰ ਹੀ ਹਸਪਤਾਲਾਂ ਵਿਚ ਦਾਖ਼ਲ ਕਰਾਇਆ ਗਿਆ ਹੈ। ਲੰਘੇ ਸਾਲ ਇਹ ਗਿਣਤੀ ਦੋ ਸੌ ਤੋਂ ਵੀ ਜ਼ਿਆਦਾ ਸੀ। ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਪਿਛਲੇ ਹਫ਼ਤੇ 'ਚ ਡੇਂਗੂ ਦੇ 106 ਮਰੀਜ਼ਾਂ ਨੂੰ ਹਸਪਤਾਲਾਂ ਵਿਚ ਇਲਾਜ ਲਈ ਦਾਖ਼ਲ ਕਰਾਇਆ ਗਿਆ ਹੈ। ਗੁਆਂਢੀ ਰਾਜ ਹਰਿਆਣਾ ਵਿਚ ਵੀ ਡੇਂਗੂ ਦਾ ਕਹਿਰ ਜਾਰੀ ਹੈ।

ਸਿਹਤ ਵਿਭਾਗ ਵੱਲੋਂ ਅਜੇ ਡੇਂਗੂ ਨਾਲ ਸਿੱਝਣ ਵਾਸਤੇ ਰਣਨੀਤੀ ਤਿਆਰ ਕੀਤੀ ਜਾ ਰਹੀ ਸੀ ਕਿ ਸਵਾਈਨ ਫਲੂ ਨੇ ਹਮਲਾ ਕਰ ਦਿੱਤਾ ਹੈ। ਸਵਾਈਨ ਫਲੂ ਦੇ ਦੋਵੇਂ ਮਰੀਜ਼ ਜਲੰਧਰ ਦੇ ਰਹਿਣ ਵਾਲੇ ਹਨ ਅਤੇ ਇਨ੍ਹਾਂ ਨੂੰ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਵਿਚ ਦਾਖ਼ਲ ਕਰਵਾਇਆ ਗਿਆ ਹੈ। ਇੱਕ ਮਰੀਜ਼ ਚਰਨਜੀਤ ਕੌਰ ਝੰਡਿਆਂਵਾਲਾ ਅਤੇ ਦੂਜੀ ਪਿੰਕੀ ਏਕਤਾ ਕਲੋਨੀ ਦੀ ਰਹਿਣ ਵਾਲੀ ਹੈ। ਚਰਨਜੀਤ ਕੌਰ ਦੀ ਹਾਲਤ ਖ਼ਰਾਬ ਹੋਣ ਤੋਂ ਬਾਅਦ ਉਸ ਨੂੰ ਪੀ.ਜੀ.ਆਈ. ਭੇਜ ਦਿੱਤਾ ਗਿਆ ਹੈ। ਰਾਜ ਦੇ ਕੁਝ ਹੋਰ ਜ਼ਿਲ੍ਹਿਆਂ 'ਚ ਵੀ ਸਵਾਈਨ ਫਲੂ ਦੇ ਸ਼ੱਕੀ ਮਰੀਜ਼ਾਂ ਨੂੰ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ ਅਤੇ ਉਨ੍ਹਾਂ ਦੇ ਖ਼ੂਨ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ।

# ਪੀ ਸੀ ਐਸ ਨਾਈਟ 8 ਨਵੰਬਰ ਨੂੰ

**ਸ਼ਿਕਾਗੋ (ਬਿਊਰੋ):** ਸਥਾਨਕ ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਦਾ 9ਵਾਂ ਇੰਟਰਨੈਸ਼ਨਲ ਭੰਗੜਾ ਤੇ ਗਿੱਧਾ ਮੁਕਾਬਲਾ-ਪੀ ਸੀ ਐਸ ਨਾਈਟ ਪ੍ਰੋਗਰਾਮ ਸਨਿਚਰਵਾਰ, 8 ਨਵੰਬਰ ਨੂੰ ਐਲਮਹਰਸਟ ਦੇ ਵਾਟਰਫੋਰਡ ਬੈਂਕੁਇਟ ਹਾਲ (933 ਸਾਊਥ ਰਿਵਰਸਾਈਡ ਡਰਾਈਵ) ਵਿਚ ਸ਼ਾਮ 7 ਵਜੇ ਤੋਂ ਦੇਰ ਰਾਤ ਤੱਕ ਹੋਵੇਗਾ। ਇਸ ਮੌਕੇ ਅਮਰੀਕਾ ਅਤੇ ਕੈਨੇਡਾ ਤੋਂ ਭੰਗੜਾ ਤੇ ਗਿੱਧਾ ਟੀਮਾਂ ਗਿੱਧੇ-ਭੰਗੜੇ ਦੇ ਜੌਹਰ ਵਿਖਾਉਣਗੀਆਂ। ਮੰਚ ਸੰਚਾਲਨ ਜਾਣੀ-ਪਛਾਣੀ ਕਲਾਕਾਰ ਗੁਗਨੀ ਗਿੱਲ-ਕੈਨੇਡਾ ਕਰੇਗੀ।

ਪੀ ਸੀ ਐਸ ਵਲੋਂ ਜਾਰੀ ਬਿਆਨ ਅਨੁਸਾਰ ਇਸ ਪ੍ਰੋਗਰਾਮ ਲਈ ਟਿਕਟ 25 ਡਾਲਰ ਰੱਖੀ ਗਈ ਹੈ ਜਦਕਿ ਵੀ ਆਈ ਪੀ ਟਿਕਟ 100 ਡਾਲਰ ਹੈ। ਦਸ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਦਾਖਲਾ ਮੁਫਤ ਹੋਵੇਗਾ। ਟਿਕਟ ਜਾਂ ਹੋਰ ਜਾਣਕਾਰੀ ਲਈ ਪਰਦੀਪ ਦਿਓਲ (630-346-7245), ਰੌਨੀ ਕੁਲਾਰ (312-318-4426), ਵਿਕ ਸਿੰਘ (847-508-5184) ਜਾਂ ਸੁਰਿੰਦਰ ਸਿੰਘ ਸੰਘਾ (847-532-0610) ਨਾਲ ਸੰਪਰਕ ਕੀਤਾ ਜਾ ਸਕਦਾ ਹੈ।


ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ

ਕਰਨ ਗਿੱਲ



Ph: (734) 612-9984

Either Buying or Selling a Home in Michigan
"Always Go with the Winner"

COLDWELL BANKER

44644 Ann Arbor Road Plymouth, MI 48170
Email: KarnGill@Hotmail.com
Website: www.KarnGill.com


# ਵਾਹਗਾ ਧਮਾਕੇ ਦੇ ਦੋਸ਼ ਵਿਚ 21 ਗ੍ਰਿਫ਼ਤਾਰ

**ਲਾਹੌਰ:** ਵਾਹਗਾ ਸਰਹੱਦ 'ਤੇ ਫਿਦਾਈਨ ਹਮਲੇ ਤੋਂ ਬਾਅਦ ਪਾਕਿਸਤਾਨੀ ਸੁਰੱਖਿਆ ਏਜੰਸੀਆਂ ਨੇ ਹਰਕਤ 'ਚ ਆਉਂਦੀਆਂ ਘੱਟੋ ਘੱਟ 21 ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਨ੍ਹਾਂ ਚੋਂ ਇੱਕ ਫ਼ਿਦਾਈਨ ਵੀ ਸ਼ਾਮਲ ਹੈ। ਵਾਹਗਾ ਸਰਹੱਦ ਤੇ ਧਮਾਕਾਖੇਜ਼ ਸਮੱਗਰੀ ਅਤੇ ਵਿਸਫੋਟਕਾਂ ਵਾਲੀ ਜੈਕਟ ਵੀ ਬਰਾਮਦ ਕੀਤੀ ਗਈ ਹੈ। ਇਸ ਭਿਆਨਕ ਹਮਲੇ ਜਿਸ ਵਿਚ 61 ਜਾਨਾਂ ਚਲੀਆਂ ਗਈਆਂ ਸਨ, ਤੋਂ ਬਾਅਦ ਪਾਕਿਸਤਾਨ ਵਿਚ ਰੈੱਡ ਅਲਰਟ ਦਾ ਐਲਾਨ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਦਹਿਸ਼ਤਗਰਦਾਂ ਖ਼ਿਲਾਫ ਫ਼ੌਜੀ ਕਾਰਵਾਈ ਜਾਰੀ ਰੱਖਣ ਦਾ ਅਹਿਦ ਲਿਆ ਹੈ। ਇਸੇ ਦੌਰਾਨ ਅਮਰੀਕਾ ਨੇ ਹਮਲੇ ਦੇ ਸਾਜ਼ਿਸ਼ਘੜਿਆਂ ਦੀ ਭਾਲ ਲਈ ਸਹਾਇਤਾ ਦੇਣ ਦੀ ਪੇਸ਼ਕਸ਼ ਕੀਤੀ ਹੈ। ਯਾਦ ਰਹੇ ਕਿ ਇਹ ਹਮਲਾ ਉਦੋਂ ਹੋਇਆ ਸੀ ਜਦੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਹੁੰਦਾ ਰਿਟ੍ਰੀਟ ਸਮਾਗਮ ਅਜੇ ਹੋ ਕੇ ਹੀ ਹਟਿਆ ਸੀ।

ਇਸ ਫ਼ਿਦਾਈਨ ਹਮਲੇ ਦੀ ਜ਼ਿੰਮੇਵਾਰੀ ਤਾਲਿਬਾਨ ਤੋਂ ਵੱਖ ਹੋਏ ਤਿੰਨ ਦਹਿਸ਼ਤੀ ਧੜਿਆਂ ਜੁੰਦੁਲਾ, ਜਮਾਤ-ਉਲ-ਅਹਿਰਾਰ ਅਤੇ ਮਹਰ ਮਹਿਸੂਦ ਧੜੇ ਨੇ ਲਈ ਹੈ। ਹਮਲੇ ਵਿਚ ਮਰਨ ਵਾਲਿਆਂ ਵਿਚ 10 ਔਰਤਾਂ, 8 ਬੱਚੇ ਅਤੇ ਤਿੰਨ ਸੁਰੱਖਿਆ ਜਵਾਨ ਸ਼ਾਮਲ ਹਨ।



INDIAN BAZAAR ਇੰਡੀਅਨ ਬਜ਼ਾਰ

334 S. Emerson Ave.,
GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਅਤੇ ਮਿਠਾਈਆਂ ਲਈ ਮਸ਼ਹੂਰ

- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ

ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ



ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ

Ph: 317-534-5151, 317-997-9140



ਆਪਣੇ ਰੂਪ ਨੂੰ ਚਾਰ ਚੰਨ ਲਾਓ

DESIGNER LEHANGAS, SUITS, SAREES, KIDS WEAR

ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ

ਬੱਚਿਆਂ ਦੀਆਂ ਪੁਸ਼ਾਕਾਂ

Gidha Bhangra Dresess On Rent

Preet BOUTIQUE

ਵਿਆਹ-ਸ਼ਾਦੀ ਦੇ ਸ਼ਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ

Call: 317-603-4018, 317-332-1387

E-mail:spkaurus@yahoo.co.in
Facebook preetboutique

ਭਾਰ ਘਟਾਓ, ਰੋਗਾਂ ਤੋਂ ਬਚੋ

ਕੀ ਤੁਸੀਂ ਭਾਰ ਵਧਣ, ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕੇ ਰਹਿਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।

> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।

Safe & Easy Weight Loss

Ph:317-886-4858

www.punjabiweightloss.blogspot.com
www.goherbalife.com/skaur


ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥ ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ॥ ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥

# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਸਮੂਹ ਸਾਧ ਸੰਗਤ ਤੇ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ

# ਲੱਖ-ਲੱਖ ਵਧਾਈ ਹੋਵੇ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿਲੋਂ


ਪ੍ਰੋ ਜੋਗਿੰਦਰ ਸਿੰਘ ਰਮਦੇਵ



ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਬਲਵਿੰਦਰ ਸਿੰਘ ਸੰਧੂ


ਸਰਵਣ ਸਿੰਘ ਟਿਵਾਣਾ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੈਦੇਵ ਸਿੰਘ ਭੱਠਲ


ਜੱਸੀ ਗਿੱਲ


ਦਰਸ਼ਨ ਸਿੰਘ ਗਰੇਵਾਲ



ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਮਨਦੀਪ ਸਿੰਘ ਭੂਰਾ


ਜਗਦੀਸ਼ਰ ਸਿੰਘ ਕਲੇਰ


ਗੁਰਿੰਦਰ ਸਿੰਘ ਗਿੱਲ


ਸਰਬਜੀਤ ਥਿਆੜਾ


ਅਯੁਧਿਆ ਸਲਵਾਨ

**ਪਿਛਲੇ 14 ਸਾਲਾਂ ਦੌਰਾਨ ਸਹਿਯੋਗੀਆਂ, ਵਿਗਿਆਪਕਾਂ ਅਤੇ ਪਾਠਕਾਂ ਵਲੋਂ ਮਿਲੇ ਸਹਿਯੋਗ ਲਈ ਦਿਲੀ ਧੰਨਵਾਦ**

## ਸਾਡੇ ਕਾਲਮਨਵੀਸ


ਗੁਰਬਚਨ ਭੁੱਲਰ


ਤਰਲੋਚਨ ਸਿੰਘ


ਐਸ. ਅਸ਼ੋਕ ਭੌਰਾ


ਡਾ. ਗੁਰਨਾਮ ਕੌਰ


ਬੀਬੀ ਸੁਰਜੀਤ ਕੌਰ


ਬਲਜੀਤ ਬਾਸੀ


ਜਤਿੰਦਰ ਪਨੂੰ


ਦਲਜੀਤ ਅਮੀ


ਜਤਿੰਦਰ ਮੌਹਰ


ਮੇਜਰ ਕੁਲਾਰ


ਇਕਬਾਲ ਜੱਬੋਵਾਲ

**ਪੰਜਾਬ ਟਾਈਮਜ਼ ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

ਹੋਰ ਜਾਣਕਾਰੀ ਲਈ 847-359-0746 *e-mail: punjabtimes1@sbcglobal.net, website: www.punjabtimesusa.com*

# ਖੁਰਾਕੀ ਵਸਤਾਂ ਦੇ ਕੇਸ ਵਿਚ ਪਰਵਾਸੀ ਪੰਜਾਬੀ ਦੋਸ਼ੀ ਕਰਾਰ

**ਨਿਊ ਯਾਰਕ:** ਇਥੇ ਪੰਜਾਬੀ ਮੂਲ ਦੇ ਇਕ ਸਟੋਰ ਮਾਲਕ ਨੂੰ ਅਮਰੀਕੀ ਸਰਕਾਰ ਦੇ ਫੂਡ ਸਟੋਂਪਸ ਪ੍ਰੋਗਰਾਮ ਵਿਚ ਹੇਰਾਫੇਰੀ ਦਾ ਦੋਸ਼ੀ ਠਹਿਰਾਇਆ ਗਿਆ ਹੈ। ਸਜ਼ਾ ਹੋਣ ਦੀ ਸੂਰਤ ਵਿਚ ਭਰਪੂਰ ਸਿੰਘ ਨੂੰ 20 ਸਾਲ ਕੈਦ ਤੇ 25000 ਡਾਲਰ ਜੁਰਮਾਨਾ ਹੋ ਸਕਦਾ ਹੈ। ਅਮਰੀਕਾ ਦੇ ਖੇਤੀਬਾੜੀ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਵਸਤਾਂ ਜਿਨ੍ਹਾਂ ਨੂੰ ਫੂਡ ਸਟੈਂਪਸ ਵਜੋਂ ਜਾਣਿਆ ਜਾਂਦਾ ਹੈ, ਵਿਚ ਹੇਰਾਫੇਰੀ ਕਰਨ ਲਈ ਕੈਲੀਫੋਰਨੀਆ ਵਾਸੀ ਭਰਪੂਰ ਸਿੰਘ ਨੂੰ ਅਦਾਲਤ ਨੇ ਦੋਸ਼ੀ ਮੰਨ ਲਿਆ ਹੈ।

ਤੈਅ ਦੋਸ਼ਾਂ ਅਨੁਸਾਰ ਭਰਪੂਰ ਸਿੰਘ ਇਕ ਸਟੋਰ ਦਾ ਮਾਲਕ ਹੈ ਤੇ ਉਸ ਕੋਲ ਸਪਲੀਮੈਂਟਲ ਨਿਊਟ੍ਰੀਸ਼ਨ ਅਸਿਸਟੈਂਸ ਪ੍ਰੋਗਰਾਮ (ਸਨੈਪ) ਜਿਸ ਨੂੰ ਆਮ ਤੌਰ 'ਤੇ ਫੂਡ ਸਟੈਂਪਸ ਵਜੋਂ ਜਾਣਿਆ ਜਾਂਦਾ ਹੈ, ਤਹਿਤ ਗਾਹਕਾਂ ਨੂੰ ਵਸਤਾਂ ਦੇਣ ਦਾ ਅਧਿਕਾਰ ਹੈ ਤੇ ਸਟੋਰ ਤੋਂ ਇਲੈਕਟ੍ਰੋਨਿਕ ਵਿਧੀ ਕਾਰਡਾਂ ਰਾਹੀਂ ਲੋੜਵੰਦ ਲੋਕਾਂ ਨੂੰ ਜ਼ਰੂਰੀ ਵਸਤਾਂ ਦੇਣੀਆਂ ਹੁੰਦੀਆਂ ਹਨ। ਇਸ ਤਰ੍ਹਾਂ ਨਾਲ ਇਹ ਗਰੀਬ ਲੋਕਾਂ ਨੂੰ ਖੁਰਾਕੀ ਵਸਤਾਂ ਉਤੇ ਸਬਸਿਡੀ ਹੈ, ਪਰ ਸਟੋਰ ਮਾਲਕ ਇਸ ਕਾਰਡ ਦੀ ਵਰਤੋਂ ਤਹਿਤ ਨਾ ਤਾਂ ਗਾਹਕਾਂ ਨੂੰ ਨਕਦ ਰਾਸ਼ੀ ਦੇ ਸਕਦਾ ਹੈ ਤੇ ਨਾ ਹੀ ਨਿਰਾਧਾਰ ਵਸਤਾਂ ਦੇ ਦਾਇਰੇ ਤੋਂ ਬਾਹਰ ਜਾ ਕੇ ਹੋਰ ਵਸਤਾਂ ਦੇ ਸਕਦਾ ਹੈ। ਅਕਤੂਬਰ 2008 ਤੋਂ ਲੈ ਕੇ ਮਈ 2014 ਤੱਕ ਭਰਪੂਰ ਸਿੰਘ ਨੇ ਲੋੜੀਂਦੀਆਂ ਵਸਤਾਂ ਦੇਣ ਦੀ ਥਾਂ ਲੋਕਾਂ ਨੂੰ ਨਕਦ ਰਾਸ਼ੀ ਦਿੱਤੀ ਤੇ ਮੁਨਾਫਾ ਅੱਧੋ-ਅੱਧ ਕਰ ਲਿਆ। ਇਸ ਤੋਂ ਇਲਾਵਾ ਉਹ ਸਨੈਪ ਕਾਰਡ ਉਤੇ ਹੋਰ ਗੈਰ-ਲੋੜੀਂਦੀਆਂ ਵਸਤਾਂ ਬੀਅਰ, ਸਿਗਰਟਾਂ, ਖਿਡੌਣੇ ਆਦਿ ਵੀ ਦੇ ਦਿੰਦਾ ਸੀ।

# ਇਰਾਕ ਵਿਚ ਬੰਧਕ ਨੌਜਵਾਨਾਂ ਦੇ ਪਰਿਵਾਰ ਸੁਸ਼ਮਾ ਨੂੰ ਮਿਲੇ

**ਨਵੀਂ ਦਿੱਲੀ:** ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਸੁਸ਼ਮਾ ਸਵਰਾਜ ਇਰਾਕ 'ਚ ਫਸੇ 40 ਭਾਰਤੀ ਨੌਜਵਾਨਾਂ ਦੇ ਪਰਿਵਾਰਾਂ ਨੂੰ ਮਿਲੇ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਪੁੱਤਰਾਂ ਦੀ ਰਿਹਾਈ ਲਈ ਕੋਸ਼ਿਸ਼ਾਂ ਜਾਰੀ ਰੱਖੀਆਂ ਜਾਣਗੀਆਂ।

ਭਾਰਤੀ ਨੌਜਵਾਨਾਂ ਨੂੰ ਜੂਨ ਮਹੀਨੇ ਇਸਲਾਮਿਕ ਸਟੇਟ ਦੇ ਅਤਿਵਾਦੀਆਂ ਵੱਲੋਂ ਬੰਧਕ ਬਣਾ ਲਏ ਜਾਣ ਤੋਂ ਬਾਅਦ ਵਿਦੇਸ਼ ਮੰਤਰੀ ਨੇ ਪੀੜਤ ਪਰਿਵਾਰਾਂ ਨਾਲ ਪੰਜਵੀਂ ਮੁਲਾਕਾਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਹਾਲੀਆ ਸੰਕੇਤ ਮਿਲੇ ਹਨ ਕਿ ਭਾਰਤੀ ਨੌਜਵਾਨ ਇਰਾਕ ਵਿਚ ਹੀ ਹਨ ਅਤੇ ਉਨ੍ਹਾਂ ਨੂੰ ਨੁਕਸਾਨ ਨਹੀਂ ਪਹੁੰਚਾਇਆ ਗਿਆ।

ਇਸੇ ਦੌਰਾਨ ਪਰਿਵਾਰਾਂ ਦੇ ਵਫਦ ਨੇ ਸੁਝਾਅ ਦਿੱਤਾ ਕਿ ਹਾਲਾਤ 'ਤੇ ਨਜ਼ਰ ਰੱਖਣ ਲਈ ਕੋਈ ਸੀਨੀਅਰ ਅਧਿਕਾਰੀ ਜਾਂ ਕੋਈ ਸਿਆਸੀ ਨੁਮਾਇੰਦਾ ਲਾਇਆ ਜਾਵੇ। ਸ੍ਰੀਮਤੀ ਸਵਰਾਜ ਨੇ ਇਸ ਸੁਝਾਅ 'ਤੇ ਗੌਰ ਕਰਨ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਸਰਕਾਰ ਇਨ੍ਹਾਂ ਨਾਗਰਿਕਾਂ ਦੀ ਰਿਹਾਈ ਕਰਾਉਣ ਲਈ ਕੋਈ ਕਸਰ ਨਹੀਂ ਛੱਡੇਗੀ। ਇਸ ਮੌਕੇ ਵਿਦੇਸ਼ ਮੰਤਰੀ ਨਾਲ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ., ਦਿੱਲੀ ਤੋਂ ਅਕਾਲੀ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਅਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਵੀ ਮੌਜੂਦ ਸਨ।

# ਵਿਦੇਸ਼ੀ ਪੈਸੇ 'ਤੇ ਟੈਕਸ ਦਾ ਵਿਰੋਧ ਕਰਾਂਗੇ: ਡਾ. ਗਾਂਧੀ

**ਪਟਿਆਲਾ:** ਆਮ ਆਦਮੀ ਪਾਰਟੀ (ਆਪ) ਦੇ ਪਟਿਆਲਾ ਤੋਂ ਐਮ.ਪੀ. ਡਾ. ਧਰਮਵੀਰ ਗਾਂਧੀ ਨੇ ਕਿਹਾ ਹੈ ਕਿ ਕੇਂਦਰ ਸਰਕਾਰ, ਪੰਜਾਬ ਦਾ ਵਿਕਾਸ ਰੋਕਣਾ ਚਾਹੁੰਦੀ ਹੈ, ਕਿਉਂਕਿ ਜੋ ਫ਼ੈਸਲਾ ਮੋਦੀ ਸਰਕਾਰ ਵੱਲੋਂ ਵਿਦੇਸ਼ਾਂ ਤੋਂ ਆਉਣ ਵਾਲੇ ਪੈਸੇ 'ਤੇ 12.36 ਫ਼ੀਸਦੀ ਸਰਵਿਸ ਟੈਕਸ ਲਾਉਣ ਦਾ ਕੀਤਾ ਹੈ, ਉਹ ਅਸਲ ਵਿਚ ਪੰਜਾਬ ਵਿਰੋਧੀ ਹੈ। ਪੰਜਾਬ ਦੇ ਜਨਮੇ ਪਰਵਾਸੀ ਭਾਰਤੀਆਂ ਨੇ ਪੰਜਾਬ ਨੂੰ ਸੰਵਾਰਨ ਤੇ ਸ਼ਿੰਗਾਰਨ ਲਈ, ਵਿਕਸਤ ਕਰਨ ਲਈ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਹ ਟੈਕਸ ਲਗਾ ਕੇ ਕੇਂਦਰ ਸਰਕਾਰ ਅਸਲ ਵਿਚ ਆਪਣਾ ਪੰਜਾਬ ਵਿਰੋਧੀ ਚਿਹਰਾ ਹੀ ਨੰਗਾ ਕਰ ਰਹੀ ਹੈ।

ਡਾ. ਗਾਂਧੀ ਨੇ ਕਿਹਾ ਕਿ ਉਨ੍ਹਾਂ ਇਹ ਮੁੱਦਾ ਆਉਂਦੇ ਲੋਕ ਸਭਾ ਸੈਸ਼ਨ ਵਿਚ ਉਠਾਉਣ ਲਈ ਸਵਾਲ ਭੇਜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਪਿੰਡ ਹਨ ਜੋ ਐਨ.ਆਰ.ਆਈਜ਼ ਨੇ ਸੰਭਾਲੇ ਹੋਏ ਹਨ ਤੇ ਸਿੱਖਿਆ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਬਹੁਤ ਸਾਰੇ ਕਾਰੋਬਾਰ ਪੰਜਾਬ ਵਿਚ ਐਨ.ਆਰ.ਆਈਜ਼ ਹਵਾਲੇ ਨਾਲ ਚੱਲ ਰਹੇ ਹਨ। ਹੁਣ ਜੋ ਫ਼ੈਸਲਾ ਮੋਦੀ ਸਰਕਾਰ ਨੇ ਕੀਤਾ ਹੈ ਕਿ ਇਹ ਸਪਸ਼ਟ ਕਰਦਾ ਹੈ ਕਿ ਜੇ ਇਕ ਲੱਖ ਰੁਪਏ ਵਿਦੇਸ਼ਾਂ ਤੋਂ ਭਾਰਤ ਵਿਚ ਆਉਂਦੇ ਹਨ ਤਾਂ ਉਸ ਤੇ 12360 ਰੁਪਏ ਭਾਰਤ ਸਰਕਾਰ ਨੂੰ ਦੇਣੇ ਪੈਣਗੇ ਜੋ ਸਰਾਸਰ ਬੇਇਨਸਾਫ਼ੀ ਹੈ।


On Time Trans
Indianapolis, IN
ਡਰਾਈਵਰਾਂ ਦੀ ਲੋੜ ਹੈ
ਇੰਡੀਅਨਐਪੋਲਿਸ ਆਧਾਰਤ ਟਰੱਕਿੰਗ ਕੰਪਨੀ ਨੂੰ ਡਰਾਈਵਰਾਂ ਦੀ ਲੋੜ ਹੈ
ਘੱਟੋ ਘੱਟ ਤਜਰਬਾ ਦੋ ਸਾਲ, ਘੱਟੋ ਘੱਟ ਉਮਰ 23 ਸਾਲ
ਸਾਫ ਸੁਥਰਾ ਸੀ ਡੀ ਐਲ ਰਿਕਾਰਡ
50 ਸੈਂਟ ਪ੍ਰਤੀ ਮੀਲ ਕਮਾਓ
ਸਾਈਨ ਇਨ ਬੋਨਸ ਵੀਕਐਂਡ 'ਤੇ ਘਰ
ਸੰਪਰਕ ਕਰੋ
ਫੋਨ: 317-900-1946

Indianapolis based trucking company needs Drivers with minimum experience of two years. Minimum age 23
Clear CDL record
Earn up to 50 cent per mile
Sign in bonus
Home on weekends
Contact: 317-900-1946



ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਲੱਖ ਲੱਖ ਵਧਾਈ ਹੋਵੇ ਜੀ
FuelMaster Truck Stop
I-70 Exit 137 1534 N State Road 1, Cambridge City, IN 47327 (Ph: 765-478-5555)

1. Brand new showers and bathroom
2. Truck repair shop
3. 20 Cents cheaper reefer fuel
4. Free Scale with 100 gallons fuel purchase
5. Fully Paved truck parking,
6. Free Wi-Fi & Driver launch
7. Pizza & Arby's Restaurant
ਪੰਜਾਬੀਆਂ ਦਾ ਆਪਣਾ ਟਰੱਕ ਸਟਾਪ
Indian Restaurant Coming Soon.
Guaranteed 100% pure diesel no bio diesel.
100% ਪਿਓਰ ਡੀਜ਼ਲ, ਕੋਈ ਬਾਇਓ ਡੀਜ਼ਲ ਨਹੀਂ
ਹਰ ਗੈਲਨ 'ਤੇ 10 ਸੈਂਟ ਬਚਾਓ, ਖਰਚ ਘਟਾਓ, ਪੈਸੇ ਬਚਾਓ
Ph: 317-291-2300, ext. 22

## Matrimonial

### ਕੰਨਿਆ ਦੀ ਲੋੜ

ਜੱਟ ਸਿੱਖ, ਉਮਰ 24 ਸਾਲ, ਕੱਦ 5'-8", ਪ੍ਰਾਈਵੇਟ ਕੰਪਨੀ ਵਿਚ ਕੰਮ ਕਰਦੇ, ਗਰੀਨ ਕਾਰਡ ਹੋਲਡਰ ਲੜਕੇ ਲਈ ਅਮਰੀਕਾ ਜਾਂ ਕੈਨੇਡਾ ਰਹਿੰਦੇ ਜੱਟ ਸਿੱਖ ਵੈਸ਼ਨੂੰ ਪਰਿਵਾਰ ਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਪਰਿਵਾਰ (ਇਕ ਭਰਾ ਤੇ ਮਾਪੇ) ਅਮਰੀਕਾ ਵਿਚ ਹਨ। ਸੰਪਰਕ ਕਰੋ, ਫੋਨ: 917-200-2534

45-48

ਜੱਟ ਸਿੱਖ, ਉਮਰ 25 ਸਾਲ, ਕੱਦ 5'-6", ਇੰਗਲੈਂਡ ਤੋਂ ਸਿੱਖਿਆ ਪ੍ਰਾਪਤ, ਹਾਰਡਵੇਅਰ ਇੰਜੀਨੀਅਰਿੰਗ ਡਿਪਲੋਮਾ, ਪਰਿਵਾਰ ਨਾਲ ਰਹਿ ਰਹੇ ਅਤੇ ਆਪਣਾ ਗੈਸ ਸਟੇਸ਼ਨ ਚਲਾ ਰਹੇ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: 317-250-2428

44-47

ਜੱਟ ਸਿੱਖ ਸੰਘਾ, ਉਮਰ 24 ਸਾਲ, ਕੱਦ 6'-1", ਯੂ ਐਸ ਸਿਟੀਜ਼ਨ, ਉਚ ਸਿੱਖਿਆ ਪ੍ਰਾਪਤ, ਬੈਂਕ ਵਿਚ ਉਚੀ ਜੌਬ ਕਰਦੇ ਲੜਕੇ ਲਈ ਰਜਿਸਟਰਡ ਨਰਸ ਜਾਂ ਬਰਾਬਰ ਦੀ ਯੋਗਤਾ ਅਤੇ ਨੌਕਰੀ ਕਰਦੀ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 209-634-7584 ਜਾਂ 209-262-7200

42-45

### ਵਰ ਦੀ ਲੋੜ

ਪੰਜਾਬ (ਇੰਡੀਆ) ਤੋਂ ਟੂਰਿਸਟ ਵੀਜ਼ੇ 'ਤੇ ਆਈ ਐਮ.ਏ., ਬੀ ਐਡ ਪਾਸ, ਉਮਰ 38 ਸਾਲ, 5'-2", ਤਲਾਕਸ਼ੁਦਾ, ਬਿਨਾ ਬੱਚੇ ਤੋਂ, ਨਿਊ ਯਾਰਕ ਰਹਿੰਦੀ ਲੜਕੀ ਲਈ ਨਿਊ ਯਾਰਕ ਰਹਿੰਦੇ ਯੋਗ ਵਰ ਦੀ ਤਲਾਸ਼ ਹੈ। ਸੰਪਰਕ ਕਰੋ, ਫੋਨ: 347-545-8099

44-47


# ਦਹਿਸ਼ਤਪਸੰਦੀ ਬਾਰੇ ਅਮਰੀਕੀ ਰਿਪੋਰਟ ਨੇ ਪਾਕਿਸਤਾਨ ਨੂੰ ਕਸੂਤਾ ਫਸਾਇਆ

**ਵਾਸ਼ਿੰਗਟਨ:** ਪੈਂਟਾਗਨ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਭਾਰਤ ਦੀ ਬਿਹਤਰ ਫੌਜੀ ਸ਼ਕਤੀ ਦਾ ਟਾਕਰਾ ਕਰਨ ਲਈ ਆਪਣੇ ਦੇਸ਼ ਦੇ ਦਹਿਸ਼ਤਪਸੰਦ ਗਰੁੱਪਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ।

ਅਮਰੀਕੀ ਰੱਖਿਆ ਵਿਭਾਗ ਨੇ ਅਫਗਾਨਿਸਤਾਨ ਦੇ ਤਾਜ਼ਾ ਹਾਲਾਤ ਬਾਰੇ ਆਪਣੀ ਛਿਮਾਹੀ ਰਿਪੋਰਟ ਅਮਰੀਕੀ ਕਾਂਗਰਸ ਵਿਚ ਪੇਸ਼ ਕਰਦਿਆਂ ਆਖਿਆ ਹੈ ਕਿ ਅਫਗਾਨਸਤਾਨ ਅਤੇ ਭਾਰਤ ਕੇਂਦਰਤ ਦਹਿਸ਼ਤਪਸੰਦ ਅਜੇ ਵੀ ਪਾਕਿਸਤਾਨ ਦੀ ਧਰਤੀ 'ਤੇ ਸਰਗਰਮ ਹਨ ਅਤੇ ਉਹ ਅਫਗਾਨ ਤੇ ਖੇਤਰੀ ਸਥਿਰਤਾ ਲਈ ਖ਼ਤਰਾ ਬਣੇ ਹੋਏ ਹਨ। ਪਾਕਿਸਤਾਨ ਇਨ੍ਹਾਂ ਲੁਕਵੀਆਂ ਸ਼ਕਤੀਆਂ ਨੂੰ ਅਫਗਾਨਿਸਤਾਨ ਵਿਚ ਆਪਣੇ ਪ੍ਰਭਾਵ ਦੇ ਹਰਜੇ ਦੀ ਭਰਪਾਈ ਅਤੇ ਭਾਰਤ ਦੀ ਬਿਹਤਰ ਫੌਜ ਦੇ ਟਾਕਰੇ ਲਈ ਵਰਤਦਾ ਹੈ।

ਪੈਂਟਾਗਨ ਨੇ 100 ਸਫਿਆਂ ਦੀ ਇਸ ਰਿਪੋਰਟ ਵਿਚ ਆਖਿਆ ਕਿ ਪਾਕਿਸਤਾਨ ਭਾਵੇਂ ਅਫਗਾਨਸਤਾਨ ਵਿਚ ਅਮਨ ਕੋਸ਼ਿਸ਼ਾਂ ਦੀ ਹਮਾਇਤ ਦਾ ਜਨਤਕ ਐਲਾਨ ਕਰਦਾ ਹੈ ਪਰ ਇਸ ਦੇ ਉਲਟ ਉਸ ਦੇ ਇਹ ਰਿਸ਼ਤੇ ਵੀ ਚੱਲ ਰਹੇ ਹਨ। ਹੇਰਾਤ ਵਿਚ ਭਾਰਤੀ ਕੌਂਸਲਖਾਨੇ 'ਤੇ ਹਮਲੇ ਦਾ ਜ਼ਿਕਰ ਕਰਦਿਆਂ ਆਖਿਆ ਗਿਆ ਹੈ ਕਿ ਇਹ ਨਰੇਂਦਰ ਮੋਦੀ ਦੇ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਐਨ ਪਹਿਲਾਂ ਕੀਤਾ ਗਿਆ ਸੀ।


ਯਾਦ ਰਹੇ ਕਿ ਭਾਰਤ ਵੱਲੋਂ ਅਫਗਾਨਿਸਤਾਨ ਵਿਚ ਕਈ ਪ੍ਰੋਜੈਕਟਾਂ ਲਈ ਮਦਦ ਕੀਤੀ ਜਾਂਦੀ ਹੈ ਜਿਨ੍ਹਾਂ ਵਿਚ ਬਿਜਲੀ ਪੈਦਾਵਾਰ ਤੇ ਟਰਾਂਸਮਿਸ਼ਨ, ਸੜਕ ਨਿਰਮਾਣ ਅਤੇ ਖਣਨ ਨਾਲ ਸਬੰਧਤ ਹਨ।

ਇਸੇ ਦੌਰਾਨ ਭਾਰਤ ਨੇ ਪੈਂਟਾਗਨ ਦੀ ਰਿਪੋਰਟ ਦਾ ਸਵਾਗਤ ਕੀਤਾ ਹੈ ਜਿਸ ਵਿਚ ਪਾਕਿਸਤਾਨ ਵੱਲ ਉਂਗਲ ਉਠਾਈ ਗਈ ਹੈ। ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਦੇ ਬੁਲਾਰੇ ਸੱਯਦ ਅਕਬਰੂਦੀਨ ਨੇ ਆਖਿਆ ਕਿ ਪੈਂਟਾਗਨ ਦੀ ਰਿਪੋਰਟ ਇਸ ਗੱਲ ਦਾ ਇਸ਼ਾਰਾ ਹੈ ਕਿ ਕੌਮਾਂਤਰੀ ਭਾਈਚਾਰੇ ਅੰਦਰ ਇਸ ਗੱਲ ਦੀ ਮਾਨਤਾ ਵਧ ਰਹੀ ਹੈ ਕਿ ਕੌਮਾਂਤਰੀ ਦਹਿਸ਼ਤਗਰਦੀ ਵਿਚ ਪਾਕਿਸਤਾਨ ਦੀ ਸ਼ਮੂਲੀਅਤ ਹੈ।


**SUPER TRAVEL**
847-676-9090, 773-465-5566
E-mail: supertravel2003@yahoo.com
Lowest Fares With Excellent Service
United Airlines
British Airways

Jet Airways, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

To Advertise with Punjab Times Call: 847-359-0746

**Freeway Travel Inc**
ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ

Call Raju
Tel: 773-973-0200
Fax: 773-973-0557
2542 W Devon Ave. Chicago IL 60659

To Advertise with Punjab Times Call: 847-359-0746, Fax: 847-705-9388

**Gas Stations For Sale or Lease**
in Oshkosh, WI
ਗੈਸ ਸਟੇਸ਼ਨ ਵਿਕਾਊ ਹਨ
ਤਿੰਨ ਨੇਮ-ਬਰਾਂਡ ਗੈਸ ਸਟੇਸ਼ਨ ਵਿਸਕਾਨਸਿਨ ਦੇ ਓਸ਼ਕੋਸ਼ ਇਲਾਕੇ ਵਿਚ ਸੇਲ ਜਾਂ ਲੀਜ਼ ਲਈ ਉਪਲਬਧ ਹਨ।
ਚਾਹਵਾਨ ਸੱਜਣ ਸੰਪਰਕ ਕਰਨ
ਸੈਮ, ਫੋਨ: 920-427-9376
44-47

**ਗੁਰਪਤਵੰਤ ਸਿੰਘ ਪੰਨੂੰ**
ਅਟਾਰਨੀ ਐਟ ਲਾਅ

ਕੀ ਤੁਸੀਂ ਡੀਪੋਰਟ ਹੋ ਰਹੇ ਹੋ?
ਜਾਂ ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ?
ਗੁਰਪਤਵੰਤ ਸਿੰਘ ਪੰਨੂੰ ਅਟਾਰਨੀ ਐਟ ਲਾਅ
ਤੁਹਾਡੀ ਸੇਵਾ ਵਿਚ ਹਾਜ਼ਰ ਅਟਾਰਨੀ ਪੰਨੂੰ
ਇੰਮੀਗ੍ਰੇਸ਼ਨ ਅਤੇ ਡੀਪੋਰਟੇਸ਼ਨ ਡਿਫੈਂਸ
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ (10 ਸਾਲਾ ਰਿਹਾਇਸ਼ੀ ਕੇਸ)
- ਡੀਪੋਰਟੇਸ਼ਨ ਦੇ ਕੇਸ ਖੋਲ੍ਹਣ ਲਈ ਮੋਸ਼ਨ

ਮੁਫਤ ਕਾਨੂੰਨੀ ਸਲਾਹ ਲਈ ਸੰਪਰਕ ਕਰੋ
NEW YORK
T 718.672.8000
75-20 Astoria Blvd, Suite 170
Jackson Heights, New York 11370
* Admitted in the State of New York only
CALIFORNIA
T 510.796.9000
39180 Liberty Street, Suite 118
Freemont. CA 94538

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**
**National Truck Driving School**
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਨਵੰਬਰ 84: ਅਮਨੈਸਟੀ ਵੱਲੋਂ ਕੇਸ ਮੁੜ ਖੁਲ੍ਹਵਾਉਣ ਲਈ ਮੁਹਿੰਮ ਆਨਲਾਈਨ

**ਨਵੀਂ ਦਿੱਲੀ:** ਐਮਨੈਸਟੀ ਇੰਟਰਨੈਸ਼ਨਲ ਨੇ 1984 ਦੇ ਸਿੱਖ ਕਤਲੇਆਮ ਦੇ ਮੁਲਜ਼ਮਾਂ ਨੂੰ ਸਜ਼ਾਵਾਂ ਦਿਵਾਉਣ ਲਈ ਆਨਲਾਈਨ ਮੁਹਿੰਮ ਆਰੰਭੀ ਹੋਈ ਹੈ ਤੇ ਵੱਡੀ ਪੱਧਰ ਉੱਤੇ ਲੋਕ ਇਸ ਮੁਹਿੰਮ ਵਿਚ ਹਿੱਸਾ ਲੈ ਰਹੇ ਹਨ।

ਜ਼ਿਕਰਯੋਗ ਹੈ ਕਿ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ, ਕਾਨਪੁਰ, ਬੋਕਾਰੋ ਤੇ ਲਖਨਊ ਆਦਿ ਸ਼ਹਿਰਾਂ ਵਿਚ ਵੱਡੇ ਪੱਧਰ 'ਤੇ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ ਤੇ ਕੋਈ 3000 ਤੋਂ ਵੱਧ ਸਿੱਖ ਕੋਹ-ਕੋਹ ਕੇ ਮਾਰੇ ਗਏ ਸਨ ਪਰ ਅੱਜ ਇਸ ਕਤਲੇਆਮ ਦੇ 30 ਸਾਲ ਵਾਪਰਨ ਤੋਂ ਬਾਅਦ ਵੀ ਦੋਸ਼ੀਆਂ ਨੂੰ ਸਜ਼ਾਵਾਂ




ਨਹੀਂ ਦਿੱਤੀਆਂ ਗਈਆਂ ਤੇ ਕਤਲੇਆਮ ਪੀੜਤ ਇਨਸਫ਼ ਲਈ ਧੱਕੇ ਖਾ ਰਹੇ ਹਨ। ਐਮਨੈਸਟੀ ਇੰਟਰਨੈਸ਼ਨਲ ਇੰਡੀਆ ਦੇ ਪ੍ਰੋਗਰਾਮ ਡਾਇਰੈਕਟਰ ਸਾਲੇਸ਼ ਰਾਏ ਨੇ ਦਿੱਲੀ ਵਿਚ ਕਿਹਾ ਕਿ ਇਸ ਸਾਲ ਦੇਸ਼ ਦੇ ਇਤਿਹਾਸ ਵਿਚ ਸ਼ਰਮਨਾਕ ਘਟਨਾ ਦੀ 30ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ।

ਇਹ ਕੌਮੀ ਅਪਮਾਨ ਹੈ ਕਿ 1984 ਵਿਚ ਹੋਏ ਸਿੱਖ ਕਤਲੇਆਮ ਦੇ ਪੀੜਤ ਨੂੰ ਇਨਸਾਫ਼ ਦੇਣ ਤੋਂ ਹੀ ਇਨਕਾਰ ਕਰ ਦਿੱਤਾ ਗਿਆ। ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਆਰੰਭੀ ਆਨਲਾਈਨ ਮੁਹਿੰਮ ਦੌਰਾਨ ਮੰਗ ਕੀਤੀ ਗਈ ਹੈ ਕਿ ਇਕ ਆਜ਼ਾਦ ਟੀਮ ਕਾਇਮ ਕੀਤੀ ਜਾਵੇ ਜੋ 1984 ਕਤਲੇਆਮ ਨਾਲ ਸਬੰਧਤ ਸਾਰੇ ਕੇਸਾਂ ਦੀ ਮੁੜ ਜਾਂਚ ਕਰੇ।

## ਬ੍ਰਿਟੇਨ ਵਿਚ ਕੁੜੀ ਨਾਲ ਛੇੜਖਾਨੀ ਕਰਨ ਵਾਲੇ ਭਾਰਤੀ ਨੂੰ ਸਜ਼ਾ

**ਲੰਡਨ:** ਭਾਰਤੀ ਮੂਲ ਦੇ ਟੈਕਸੀ ਡਰਾਈਵਰ ਨੂੰ ਬ੍ਰਿਟੇਨ ਦੀ ਇਕ ਕੁੜੀ ਨਾਲ ਸਰੀਰਕ ਤੌਰ 'ਤੇ ਛੇੜਖਾਨੀ ਕਰਨ ਦੇ ਦੋਸ਼ ਹੇਠ ਨੌਂ ਮਹੀਨਿਆਂ ਦੀ ਸਜ਼ਾ ਸੁਣਾਈ ਗਈ ਹੈ। ਨੌਟਿੰਘਮ ਕਰਾਊਨ ਕੋਰਟ ਨੇ ਦੋ ਬੱਚਿਆਂ ਦੇ ਪਿਤਾ ਧਨਰਾਜ ਸਿੰਘ (24) ਦੇ ਮਾਮਲੇ ਦੀ ਸੁਣਵਾਈ ਕੀਤੀ ਤੇ ਇਸ ਕਾਰੇ ਲਈ ਉਸ ਨੂੰ ਝਾੜਿਆ। ਧਨਰਾਜ ਭੰਗੜਾ ਕਲਾਕਾਰ ਤੇ ਗਾਇਕ ਹੈ ਤੇ ਉਸ ਨੇ ਮਿਊਜ਼ਿਕ ਵੀਡੀਓ ਤਿਆਰ ਕਰਨ ਲਈ ਮੁੰਬਈ ਆਉਣਾ ਸੀ।

## ਸਿੱਖਾਂ ਨੂੰ ਮੁਆਵਜ਼ੇ 'ਤੇ ਮੋਦੀ ਸਰਕਾਰ ਦਾ ਯੂ-ਟਰਨ

**ਨਵੀਂ ਦਿੱਲੀ:** 1984 ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਪੰਜ-ਪੰਜ ਲੱਖ ਰੁਪਏ ਮੁਆਵਜ਼ਾ ਦੇਣ ਤੋਂ ਮੋਦੀ ਸਰਕਾਰ ਸਾਫ ਮੁੱਕਰ ਗਈ ਹੈ। ਗ੍ਰਹਿ ਮੰਤਰਾਲੇ ਨੇ ਚੋਣ ਕਮਿਸ਼ਨ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਉਨ੍ਹਾਂ ਨੇ 1984 ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਪੰਜ-ਪੰਜ ਲੱਖ ਰੁਪਏ ਮੁਆਵਜ਼ਾ ਦੇਣ ਦਾ ਫੈਸਲਾ ਨਹੀਂ ਕੀਤਾ। ਪੱਤਰ ਵਿਚ ਇਹ ਗੱਲ ਵੀ ਸਾਫ਼ ਕੀਤੀ ਕਿ ਉਨ੍ਹਾਂ ਨੇ ਇਸ ਬਾਰੇ ਕੋਈ ਰਸਮੀ ਤੌਰ 'ਤੇ ਐਲਾਨ ਨਹੀਂ ਕੀਤਾ।

ਸਰਕਾਰ ਨੇ ਪੀੜਤਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੀ ਸਿਰਫ ਇੱਛਾ ਪ੍ਰਗਟਾਈ ਸੀ। ਸਰਕਾਰ ਨੇ ਇਹ ਯੂ-ਟਰਨ ਕਈ ਸੂਬਿਆਂ ਵਿਚ ਚੋਣ ਜ਼ਾਬਤਾ ਲੱਗੇ ਹੋਣ ਕਾਰਨ ਚੋਣ ਕਮਿਸ਼ਨ ਵੱਲੋਂ ਪਾਈ ਝਾੜ ਕਾਰਨ ਲਈ ਹੈ। ਗ੍ਰਹਿ ਵਿਭਾਗ ਦਾ ਕਹਿਣਾ ਹੈ ਕਿ ਨਰੇਂਦਰ ਮੋਦੀ ਸਰਕਾਰ ਨੂੰ ਪਿਛਲੇ ਤਿੰਨ ਮਹੀਨਿਆਂ ਵਿਚ ਵੱਖ-ਵੱਖ ਸਿੱਖ ਸੰਗਠਨਾਂ ਵੱਲੋਂ 1984 ਦੇ ਦੰਗਾ ਪੀੜਤਾਂ ਦੀਆਂ ਸਮੱਸਿਆਵਾਂ ਨਾਲ ਜੂਝਣ ਬਾਰੇ ਪਟੀਸ਼ਨਾਂ ਪ੍ਰਾਪਤ ਹੋਈਆਂ ਸਨ ਜਿਸ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਸੀ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਮੋਦੀ ਸਰਕਾਰ ਵੱਲੋਂ ਮੁਆਵਜ਼ੇ ਦੇ ਐਲਾਨ ਤੋਂ ਬਾਅਦ ਛੇਤੀ ਹੀ ਮੁੱਕਰ ਜਾਣਾ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਬਰਾਬਰ ਹੈ। ਮੋਦੀ ਸਰਕਾਰ ਨੂੰ ਐਲਾਨ ਕਰਨ ਤੋਂ ਪਹਿਲਾਂ ਚੋਣ ਜ਼ਾਬਤੇ ਦਾ ਧਿਆਨ ਰੱਖਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਕਾਹਲੀ-ਕਾਹਲੀ ਵਿਚ ਇਹ ਐਲਾਨ ਸਿਆਸੀ ਕਾਰਨਾਂ ਕਰ ਕੇ ਕੀਤਾ ਗਿਆ ਸੀ।

## ਰਾਜਸਥਾਨ ਵਿਚੋਂ ਪੋਸਤ ਦੀ ਸਪਲਾਈ ਫਿਰ ਸ਼ੁਰੂ

**ਬਠਿੰਡਾ:** ਪੰਜਾਬ ਦੇ ਅਮਲੀਆਂ ਨੂੰ ਮੁੜ ਪੋਸਤ ਦੀ ਸਪਲਾਈ ਮਿਲਣ ਲੱਗ ਪਈ ਹੈ। ਰਾਜਸਥਾਨ ਵਿਚ ਫਿਰ ਭੁੱਕੀ ਦੇ ਠੇਕੇ ਖੁੱਲ੍ਹ ਗਏ ਹਨ ਅਤੇ ਪੰਜਾਬ ਪੁਲੀਸ ਨੇ ਸੀਮਾ ਤੋਂ ਆਪਣੇ ਨਾਕੇ ਹਟਾ ਲਏ ਹਨ। ਪੰਜਾਬ ਸਰਕਾਰ ਵੱਲੋਂ ਜੂਨ ਤੋਂ ਵਿਖਾਈ ਸਖ਼ਤੀ ਵੀ ਹੁਣ ਨਰਮ ਪੈ ਗਈ ਹੈ। ਰਾਜਸਥਾਨ ਦੇ ਪੰਜਾਬ ਸੀਮਾ ਨਾਲ ਲੱਗਦੇ ਭੁੱਕੀ ਦੇ ਠੇਕੇ ਹੁਣ 24 ਘੰਟੇ ਖੁੱਲ੍ਹੇ ਰਹਿੰਦੇ ਹਨ। ਰਾਜਸਥਾਨ ਸਰਕਾਰ ਨੇ ਇੱਕ ਵਾਰ ਬਿਨਾਂ ਪਰਮਿਟ ਤੋਂ ਠੇਕਿਆਂ ਤੋਂ ਅਮਲੀਆਂ ਨੂੰ ਪੋਸਤ ਦੇਣਾ ਬੰਦ ਕਰ ਦਿੱਤਾ ਸੀ ਪਰ ਹੁਣ ਫਿਰ ਦੋ ਨੰਬਰ ਦੀ ਪੋਸਤ ਵਿਕਣ ਲੱਗੀ ਹੈ।

ਹਨੂੰਮਾਨਗੜ੍ਹ ਅਤੇ ਗੰਗਾਨਗਰ ਜ਼ਿਲ੍ਹਿਆਂ ਦੇ ਭੁੱਕੀ ਦੇ ਠੇਕਿਆਂ ਤੋਂ ਦੋ ਨੰਬਰ ਵਿਚ ਭੁੱਕੀ ਦੋ ਹਜ਼ਾਰ ਰੁਪਏ ਪ੍ਰਤੀ ਕਿਲੋ ਨਾਲ ਮਿਲ ਰਹੀ ਹੈ। ਜਦੋਂ ਕਿੱਲਤ ਸੀ ਤਾਂ ਇਹ ਭਾਅ ਚਾਰ ਹਜ਼ਾਰ ਰੁਪਏ ਤਕ ਚਲਾ ਗਿਆ ਸੀ ਤੇ ਭੁੱਕੀ ਦੇ ਠੇਕੇ ਸਿਰਫ਼ ਇੱਕ ਘੰਟੇ ਲਈ ਖੁੱਲ੍ਹਦੇ ਸਨ। ਅਬੋਹਰ-ਸੰਘਰੀਆਂ ਰੋਡ 'ਤੇ ਪਿੰਡ ਮਾਹਲਾ ਰਾਮਪੁਰਾ ਦਾ ਰਾਜਸਥਾਨੀ ਠੇਕਾ ਪੈਂਦਾ ਹੈ ਜਿੱਥੋਂ ਹੁਣ 24 ਘੰਟੇ ਪੋਸਤ ਦੀ ਸਪਲਾਈ ਹੈ। ਇਸ ਸੜਕ 'ਤੇ ਪੰਜਾਬ ਪੁਲੀਸ ਦੀ ਚੌਕੀ ਤਾਂ ਹੈ ਪਰ ਸਖ਼ਤੀ ਸਮੇਂ ਸੜਕ 'ਤੇ ਲਗਾਇਆ ਨਾਕਾ ਹਟਾ ਦਿੱਤਾ ਗਿਆ ਹੈ। ਬੱਸਾਂ ਦੀ ਤਲਾਸ਼ੀ ਵੀ ਹੋਣੋਂ ਹਟ ਗਈ ਹੈ।

ਰਾਜਸਥਾਨ ਦੇ ਪਿੰਡ ਰਾਤੂਵਾਲਾ ਦਾ ਭੁੱਕੀ ਦਾ ਠੇਕਾ ਪੰਜਾਬ ਦੀ ਸੀਮਾ ਦੇ ਨਾਲ ਹੈ। ਕਰੀਬ ਇੱਕ ਮਹੀਨੇ ਤੋਂ ਇਹ ਠੇਕਾ ਮੁੜ ਖੁੱਲ੍ਹ ਗਿਆ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਠੇਕੇ ਤੋਂ ਭੁੱਕੀ 800 ਰੁਪਏ ਪ੍ਰਤੀ ਕਿਲੋ ਮਿਲਦੀ ਸੀ ਤੇ ਕਿੱਲਤ ਦੇ ਦਿਨਾਂ ਵਿਚ ਭਾਅ ਚਾਰ ਹਜ਼ਾਰ ਰੁਪਏ ਨੂੰ ਟੱਪ ਗਿਆ ਸੀ। ਹੁਣ ਦੋ ਕਿਸਮਾਂ ਦੀ ਪੋਸਤ ਮੁੜ ਮਿਲਣ ਲੱਗੀ ਹੈ ਜਿਸਦਾ ਭਾਅ 2000 ਤੋਂ 2100 ਰੁਪਏ ਹੈ। ਹੁਣ ਰਾਜਸਥਾਨੀ ਠੇਕੇਦਾਰ ਠੇਕਿਆਂ 'ਤੇ ਭੀੜ ਨਹੀਂ ਲੱਗਣ ਦਿੰਦੇ ਅਤੇ ਠੇਕੇ ਦਿਨ-ਰਾਤ ਖੁੱਲ੍ਹੇ ਰੱਖਦੇ ਹਨ। ਸੰਘਰੀਆਂ ਮੰਡੀ ਅਤੇ ਪਿੰਡ ਢਾਬਾ ਦੇ ਪੋਸਤ ਦੇ ਠੇਕੇ ਵੀ ਮੁੜ ਚੱਲ ਪਏ ਹਨ।

ਬਠਿੰਡਾ ਪੁਲੀਸ ਵੱਲੋਂ ਪਹਿਲਾਂ ਡੱਬਵਾਲੀ-ਬਠਿੰਡਾ ਰੋਡ 'ਤੇ ਚੱਲਣ ਵਾਲੀ ਹਰ ਬੱਸ ਦੀ ਤਲਾਸ਼ੀ ਲਈ ਜਾਂਦੀ ਸੀ ਪਰ ਹੁਣ ਪੁਲੀਸ ਵੀ ਢਿੱਲੀ ਪੈ ਗਈ ਹੈ। ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਕੰਦੂਖੇੜਾ ਨੇੜੇ ਰਾਜਸਥਾਨੀ ਪਿੰਡ ਹਰੀਪੁਰਾ ਦਾ ਪੋਸਤ ਦਾ ਠੇਕਾ ਹੈ ਜਿੱਥੋਂ ਗੁਪਤ ਰਸਤਿਆਂ ਰਾਹੀਂ ਅਮਲੀ ਪੰਜਾਬ ਵਿਚ ਪੋਸਤ ਲਿਆ ਰਹੇ ਹਨ। ਲੋਕਾਂ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਵੱਲੋਂ ਪਹਿਲਾਂ ਜਦੋਂ ਸਖ਼ਤੀ ਕੀਤੀ ਗਈ ਸੀ, ਉਦੋਂ ਇਲਾਕੇ ਦੇ ਨਵੇਂ ਮੁੰਡੇ ਨਸ਼ਾ ਛੱਡ ਗਏ ਸਨ। ਹੁਣ ਹਰੀਪੁਰਾ ਠੇਕਾ ਮੁੜ ਖੁੱਲ੍ਹ ਗਿਆ ਹੈ ਜਿਸ ਕਰ ਕੇ ਪੰਜਾਬ ਤੋਂ ਅਮਲੀਆਂ ਦਾ ਆਉਣ-ਜਾਣ ਕਾਫ਼ੀ ਵਧ ਗਿਆ ਹੈ।

ਮੁਕਤਸਰ ਪੁਲੀਸ ਵੱਲੋਂ ਕੰਦੂਖੇੜਾ ਨੇੜੇ ਰਾਜਸਥਾਨ ਵੱਲੋਂ ਆਉਂਦੀ ਸੜਕ 'ਤੇ ਪੁਲੀਸ ਚੌਕੀ ਬਿਠਾਈ ਗਈ ਹੈ। ਅਮਲੀ ਮੁੱਖ ਸੜਕ ਦੀ ਥਾਂ ਗੁਪਤ ਰਾਹ ਚੁਣ ਲੈਂਦੇ ਹਨ। ਕਈ ਬੱਸਾਂ ਵੀ ਹਰੀਪੁਰਾ ਠੇਕੇ ਤੱਕ ਜਾਂਦੀਆਂ ਹਨ ਜਿਨ੍ਹਾਂ ਵਿਚ ਜ਼ਿਆਦਾ ਗਿਣਤੀ ਪੰਜਾਬ ਦੇ ਅਮਲੀਆਂ ਦੀ ਹੈ। ਰਾਜਸਥਾਨ ਸਰਕਾਰ ਵੱਲੋਂ ਪੋਸਤ ਦੀ ਕਾਸ਼ਤ ਘਟਾਈ ਜਾ ਰਹੀ ਹੈ ਅਤੇ ਕਿਸਾਨਾਂ ਨੂੰ ਪੋਸਤ ਦੀ ਬਿਜਾਂਦ ਕਰਨ ਦੇ ਲਾਇਸੈਂਸ ਦੇਣੇ ਵੀ ਘੱਟ ਕਰ ਦਿੱਤੇ ਗਏ ਹਨ।

ਰਾਜਸਥਾਨ ਸਰਕਾਰ ਆਪਣੇ ਸੂਬੇ ਨੂੰ ਨਸ਼ਾਮੁਕਤ ਬਣਾਉਣਾ ਚਾਹੁੰਦੀ ਹੈ ਪਰ ਪੋਸਤ ਦੇ ਠੇਕੇਦਾਰ ਬਿਨਾਂ ਕਿਸੇ ਡਰ ਤੋਂ ਸ਼ਰ੍ਹੇਆਮ ਠੇਕਿਆਂ ਤੋਂ ਦੋ ਨੰਬਰ ਵਿਚ ਪੋਸਤ ਵੇਚ ਰਹੇ ਹਨ। ਦੋ ਨੰਬਰ ਦਾ ਸਾਰਾ ਪੋਸਤ ਪੰਜਾਬ ਆਉਂਦਾ ਹੈ। ਬਠਿੰਡਾ-ਮੁਕਤਸਰ ਦੇ ਥਾਣਿਆਂ ਵਿਚ ਨਸ਼ਿਆਂ ਦੇ ਇੱਕਾ-ਦੁੱਕਾ ਕੇਸ ਤਾਂ ਦਰਜ ਹੋ ਰਹੇ ਹਨ ਪਰ ਹੁਣ ਪਹਿਲਾਂ ਵਾਲੀ ਸਖ਼ਤੀ ਨਹੀਂ ਰਹੀ ਹੈ।

## ਚਿੱਟ-ਫੰਡ ਘੁਟਾਲੇ ਵਿਚ ਐਮ.ਪੀ. ਪਾਰਟੀ 'ਚੋਂ ਮੁਅੱਤਲ

**ਭੁਵਨੇਸ਼ਵਰ (ਉੜੀਸਾ)**: ਸੀ.ਬੀ.ਆਈ. ਵੱਲੋਂ ਬਹੁ-ਕਰੋੜੀ ਚਿੱਟ ਫੰਡ ਘੁਟਾਲੇ ਵਿਚ ਗ੍ਰਿਫਤਾਰ ਸੰਸਦ ਮੈਂਬਰ ਰਾਮ ਚੰਦਰ ਹੰਸੜਾ ਤੇ ਸਾਬਕਾ ਵਿਧਾਇਕ ਸੁਬਰਨਾ ਨਾਇਕ ਨੂੰ ਬੀਜੂ ਜਨਤਾ ਦਲ ਵਿਚੋਂ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਫੈਸਲਾ ਦਲ ਦੇ ਪ੍ਰਧਾਨ ਤੇ ਸੂਬੇ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਕੀਤਾ। ਪਾਰਟੀ ਨੇ ਇਹ ਫੈਸਲਾ ਦੋਹਾਂ ਆਗੂਆਂ ਦੀ ਗ੍ਰਿਫਤਾਰੀ ਤੋਂ ਦੋ ਘੰਟੇ ਬਾਅਦ ਹੀ ਕਰ ਲਿਆ। ਇਸ ਕੇਸ ਵਿਚ ਭਾਜਪਾ ਦੇ ਸਾਬਕਾ ਵਿਧਾਇਕ ਹਿਤੇਸ਼ ਕੁਮਾਰ ਬਗਰਤੀ ਨੂੰ ਵੀ ਫੜਿਆ ਗਿਆ ਹੈ, ਪਰ ਉਸ ਖਿਲਾਫ ਕੋਈ ਕਾਰਵਾਈ ਨਹੀਂ ਹੋਈ ਹੈ। ਇਸੇ ਦੌਰਾਨ ਭਾਜਪਾ ਨੇ ਦਾਅਵਾ ਕੀਤਾ ਹੈ ਕਿ ਹਿਤੇਸ਼ ਹੁਣ ਪਾਰਟੀ ਦਾ ਮੈਂਬਰ ਨਹੀਂ ਹੈ। ਉਸ ਦੀ ਮੈਂਬਰਸ਼ਿਪ ਨਵਿਆਈ ਨਹੀਂ ਗਈ।

## ਭਾਰਤ ਦੇ ਇਕ ਤਿਹਾਈ ਔਰਤਾਂ ਤੇ ਬੱਚੇ ਕੁਪੋਸ਼ਣ ਦੇ ਸ਼ਿਕਾਰ

**ਨਵੀਂ ਦਿੱਲੀ:** ਦੇਸ਼ ਨੇ ਕੁਪੋਸ਼ਣ ਦਾ ਮੁਕਾਬਲਾ ਕਰਨ ਲਈ ਭਾਵੇਂ ਕਈ ਉਪਰਾਲੇ ਕੀਤੇ ਹਨ ਪਰ ਅਜੇ ਵੀ ਇਕ ਤਿਹਾਈ ਭਾਰਤੀ ਔਰਤਾਂ ਤੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਕੌਮਾਂਤਰੀ ਖੁਰਾਕ ਨੀਤੀ ਖੋਜ ਇੰਸਟੀਚਿਊਟ ਨੇ ਕੇਂਦਰ ਤੇ ਰਾਜ ਸਰਕਾਰਾਂ ਨੂੰ ਸੁਝਾਅ ਦਿੱਤਾ ਹੈ ਕਿ ਉਹ ਭੁੱਖਮਰੀ ਨਾਲ ਨਜਿੱਠਣ ਦੀਆਂ ਕੋਸ਼ਿਸ਼ਾਂ ਤੇਜ਼ ਕਰਨ ਤੇ ਕੁਪੋਸ਼ਣ ਦੇ ਕਾਰਨਾਂ 'ਤੇ ਕਾਬੂ ਪਾਇਆ ਜਾਵੇ। ਇੰਸਟੀਚਿਊਟ ਮੁਤਾਬਕ ਭੁੱਖਮਰੀ ਖ਼ਿਲਾਫ਼ ਭਾਰਤ ਦੇ ਯਤਨ ਰੰਗ ਲਿਆਏ ਹਨ ਤੇ ਕੁਪੋਸ਼ਣ ਦੇ ਅੰਕੜਿਆਂ ਵਿਚ ਗਿਰਾਵਟ ਆਈ ਹੈ।

## 84: ਚੁਫੇਰਿਓਂ ਲੱਗਿਆ ਹਾਅ ਦਾ ਨਾਅਰਾ

*(ਸਫਾ ਇਕ ਦੀ ਬਾਕੀ)*

ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਦੀ ਗੱਲ ਆਖੀ। ਕਸ਼ਮੀਰ ਦੇ ਹੁਰੀਅਤ ਆਗੂ ਸਈਅਦ ਅਲੀ ਗਿਲਾਨੀ ਨੇ ਘੱਟ-ਗਿਣਤੀ ਕੌਮਾਂ ਨੂੰ ਇਕਮੁੱਠ ਹੋ ਕੇ, ਭਾਰਤ ਸਰਕਾਰ ਦੀਆਂ ਘੱਟ-ਗਿਣਤੀ ਵਿਰੋਧੀ ਚਾਲਾਂ ਨਾਲ ਲੜਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਨਵੰਬਰ 1984 ਦੀ ਸਿੱਖ ਕਤਲੇਆਮ, 2002 ਦੇ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਅਤੇ 2008 ਵਿਚ ਉੜੀਸਾ ਵਿਚ ਈਸਾਈਆਂ ਦੀ ਕਤਲੇਆਮ ਦੇ ਮਾਮਲੇ ਵਿਚ ਭਾਰਤੀ ਜਮਹੂਰੀਅਤ ਪੂਰੀ ਤਰ੍ਹਾਂ ਬੇਪਰਦ ਹੋ ਗਈ ਹੈ। ਉਨ੍ਹਾਂ ਘੱਟ-ਗਿਣਤੀਆਂ ਦੇ ਕਤਲੇਆਮਾਂ ਨੂੰ ਸਰਕਾਰਾਂ ਦਾ ਵਿਉਂਤਬੰਦ ਹਥਿਆਰ ਦੱਸਿਆ। ਨਾਗਾ ਪੀਪਲਜ਼ ਰਾਈਟਸ ਮੂਵਮੈਂਟ ਦੇ ਆਗੂ ਡਾ. ਵੇਨੂ ਨੇ ਕਾਂਗਰਸ ਤੇ ਭਾਜਪਾ ਨੂੰ ਘੱਟ-ਗਿਣਤੀ ਕੌਮਾਂ ਦੀ ਦੁਸ਼ਮਣ ਕਰਾਰ ਦਿੰਦਿਆਂ ਕਿਹਾ ਕਿ 2008 ਵਿਚ ਹਜ਼ਾਰਾਂ ਤਾਮਿਲਾਂ ਦਾ ਕਤਲੇਆਮ ਕੀਤਾ ਗਿਆ ਤੇ ਅੱਜ ਵੀ ਲੱਖਾਂ ਤਾਮਿਲਾਂ ਨੂੰ ਦਬਾਇਆ ਜਾ ਰਿਹਾ ਹੈ ਜਿਸ ਵਿਰੁੱਧ ਸਾਨੂੰ ਸਾਰਿਆਂ ਨੂੰ ਆਵਾਜ਼ ਬੁਲੰਦ ਕਰਨੀ ਹੋਵੇਗੀ। ਦਲ ਖ਼ਾਲਸਾ ਦੇ ਮੁਖੀ ਹਰਚਰਨਜੀਤ ਸਿੰਘ ਧਾਮੀ ਨੇ ਐਲਾਨ ਕੀਤਾ ਕਿ ਭਾਰਤ ਅੰਦਰ ਘੱਟ-ਗਿਣਤੀਆਂ ਦੇ ਹੋ ਰਹੇ ਘਾਣ ਦਾ ਪੱਕਾ ਹੱਲ ਸਿਰਫ਼ ਆਜ਼ਾਦੀ ਹੈ।

## ਕੈਪਟਨ ਵੱਲੋ ਪਿੰਡਾਂ 'ਚ ਆਰ.ਐਸ.ਐਸ. ਸ਼ਾਖਾਵਾਂ ਖੋਲ੍ਹਣ ਦਾ ਵਿਰੋਧ

**ਅੰਮ੍ਰਿਤਸਰ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਰ.ਐਸ.ਐਸ. ਵੱਲੋਂ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਸ਼ਾਖਾਵਾਂ ਖੋਲ੍ਹੇ ਜਾਣ ਵਿਰੁੱਧ ਚਿਤਾਵਨੀ ਦਿੰਦਿਆਂ ਕਿਹਾ ਕਿ ਆਰ.ਐਸ.ਐਸ. ਦਾ ਇਹ ਕਦਮ ਫ਼ਿਰਕੂ ਆਧਾਰ 'ਤੇ ਲੋਕਾਂ ਵਿਚ ਵੰਡ ਪਾ ਸਕਦਾ ਹੈ ਜੋ ਸੂਬੇ ਦੀ ਸ਼ਾਂਤੀ ਲਈ ਖਤਰਾ ਬਣ ਸਕਦੇ ਹਨ।



ਉਨ੍ਹਾਂ ਕਿਹਾ ਕਿ ਆਰ.ਐਸ.ਐਸ. ਦਾ ਇਹ ਕਦਮ ਪੰਜਾਬ ਦੀ ਸ਼ਾਂਤੀ ਲਈ ਖ਼ਤਰਾ ਬਣ ਸਕਦਾ ਹੈ ਤੇ ਸੂਬੇ ਵਿਚ ਫ਼ਿਰਕੂ ਵੰਡ ਦਾ ਕਾਰਨ ਬਣ ਸਕਦਾ ਹੈ। ਉਨ੍ਹਾਂ ਕਿਹਾ ਕਿ ਲੋਕ ਭਾਜਪਾ ਤੋਂ ਵੀ ਅਕਾਲੀਆਂ ਦੀ ਤਰ੍ਹਾਂ ਤੰਗ ਆ ਚੁੱਕੇ ਹਨ ਜਿਨ੍ਹਾਂ ਨੇ ਸਰਕਾਰ ਤੋਂ ਪੂਰਾ ਫ਼ਾਇਦਾ ਲਿਆ ਤੇ ਇਨ੍ਹਾਂ ਦੇ ਆਗੂਆਂ 'ਤੇ ਵੀ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਚੁੱਕੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਚੰਡੀਗੜ੍ਹ ਪੰਜਾਬ ਨੂੰ ਦੇਣ ਬਾਰੇ ਉਨ੍ਹਾਂ ਦੀ ਪਾਰਟੀ ਦਾ ਸਟੈਂਡ ਸਪਸ਼ਟ ਹੈ ਤੇ ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ।


**Punjab Times**

**Established in 2000**
**15th Year in Publication**

Published every Saturday by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**



**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# 1984 ਦਾ ਕਤਲੇਆਮ

## ਵਿੱਤੀ ਰਾਹਤ ਦੀ ਥਾਂ ਇਨਸਾਫ ਦੀ ਮੰਗ ਉਠੀ

**ਨਵੀਂ ਦਿੱਲੀ:** ਨਰੇਂਦਰ ਮੋਦੀ ਸਰਕਾਰ ਵੱਲੋਂ 1984 ਦੇ ਕਤਲੇਆਮ ਪੀੜਤਾਂ ਲਈ ਪੰਜ-ਪੰਜ ਲੱਖ ਰੁਪਏ ਦੇ ਮੁਆਵਜ਼ੇ ਦੇ ਐਲਾਨ ਦਾ ਵੱਖ-ਵੱਖ ਬੁੱਧੀਜੀਵੀਆਂ ਨੇ ਸਵਾਗਤ ਕੀਤਾ ਹੈ, ਪਰ ਨਾਲ ਹੀ ਉਨ੍ਹਾਂ ਇਹ ਵੀ ਦੁਹਰਾਇਆ ਹੈ ਕਿ ਮੁਆਵਜ਼ਾ ਮਿਲਣ ਨਾਲ ਦੋਸ਼ੀ ਸਜ਼ਾ ਤੋਂ ਮੁਕਤ ਨਹੀਂ ਹੋ ਸਕਦੇ। ਮੁਆਵਜ਼ੇ ਤੇ ਸਜ਼ਾ ਨੂੰ ਦੋ ਵੱਖ-ਵੱਖ ਮੁੱਦੇ ਕਰਾਰ ਦਿੰਦੇ ਇਨ੍ਹਾਂ ਵਿਦਵਾਨਾਂ ਦਾ ਮੰਨਣਾ ਹੈ ਕਿ ਮੁਆਵਜ਼ਾ ਜਾਨ, ਮਾਲ ਦੀ ਰੱਖਿਆ ਦੇ ਨਾਕਾਮ ਹੋਣ ਦੀ ਸੂਰਤ ਵਿਚ ਸਰਕਾਰ ਵੱਲੋਂ ਦਿੱਤੀ ਰਕਮ ਹੈ ਜਦਕਿ ਇਨਸਾਫ ਤੇ ਕਾਨੂੰਨ ਤੇ ਜਨਤਾ ਦਾ ਭਰੋਸਾ ਬਰਕਰਾਰ ਰੱਖਣ ਲਈ ਦੋਸ਼ੀਆਂ ਨੂੰ ਸਜ਼ਾ ਹੋਣੀ ਚਾਹੀਦੀ ਹੈ।

ਸਰਕਾਰ ਵੱਲੋਂ 30 ਸਾਲਾਂ ਬਾਅਦ ਮੁਆਵਜ਼ਾ ਮਿਲਣ ਤੋਂ ਬਾਅਦ ਹੁਣ ਸਭ ਨੂੰ ਸਰਕਾਰ ਦੇ ਅਗਲੇ ਕਦਮ ਦੋਸ਼ੀਆਂ ਨੂੰ ਸਜ਼ਾ ਦੇਣ ਦਾ ਇੰਤਜ਼ਾਰ ਹੈ। ਪੀੜਤਾਂ ਦੇ ਕੇਸ ਦੀ ਪੈਰਵੀ ਕਰ ਰਹੇ ਵਕੀਲ ਐਚ. ਐਸ. ਫੂਲਕਾ ਨੇ ਕਿਹਾ ਕਿ ਮੁਆਵਜ਼ਾ ਨਾਗਰਿਕਾਂ ਦੀ ਜਾਨ-ਮਾਲ ਦੀ ਰੱਖਿਆ ਕਰਨ ਤੋਂ ਨਾਕਾਮ ਰਹੀ ਸਰਕਾਰ ਵੱਲੋਂ ਦਿੱਤੀ ਰਾਹਤ ਰਕਮ ਹੈ ਤੇ ਪੀੜਤਾਂ ਨੂੰ ਇਹ ਇਮਦਾਦ ਮਿਲਣਾ ਇਕ ਸ਼ਲਾਘਾਯੋਗ ਕਦਮ ਹੈ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਤੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਨੇ ਸਰਕਾਰ ਦੇ ਇਸ ਐਲਾਨ ਨੂੰ ਉਸ ਦੀ ਸੰਵੇਦਨਸ਼ੀਲਤਾ ਦਾ ਪ੍ਰਤੀਕ ਕਰਾਰ ਦਿੰਦਿਆਂ ਕਿਹਾ ਕਿ ਇਹ ਮਾਮਲਾ ਕਾਫੀ ਚਿਰ ਤੋਂ ਲਟਕਿਆ ਹੋਇਆ ਸੀ, ਦੇਰ ਨਾਲ ਹੀ ਸਹੀ ਪਰ ਸਰਕਾਰ ਨੇ ਸਾਰਥਕ ਕਦਮ ਚੁੱਕਿਆ ਹੈ। ਉੱਘੇ ਪੱਤਰਕਾਰ ਤੇ ਸਿਆਸੀ ਟਿੱਪਣੀਕਾਰ ਕੁਲਦੀਪ ਨਈਅਰ ਦਾ ਮੰਨਣਾ ਹੈ ਕਿ ਇਸ ਮਾਮਲੇ ਵਿਚ ਇਨਸਾਫ਼ ਮਿਲਣ ਵਿਚ ਹੋਈ ਦੇਰ ਕਾਰਨ ਲੋਕਾਂ ਵਿਚ ਬਹੁਤ ਗਲਤ ਪੈਗਾਮ ਜਾ ਰਿਹਾ ਹੈ। ਮੁਆਵਜ਼ਾ ਤਾਂ ਮਾਲੀ ਇਮਦਾਦ ਦੇ ਇਕ ਹਿੱਸੇ ਵਜੋਂ ਬੜੀ ਦੇਰ ਨਾਲ ਆਇਆ ਹੈ ਪਰ ਹੁਣ ਦੋਸ਼ੀਆਂ ਨੂੰ ਸਜ਼ਾ ਦੇਣ ਦਾ ਵਕਤ ਆਉਣਾ ਚਾਹੀਦਾ ਹੈ। ਵਰਨਣਯੋਗ ਹੈ ਕਿ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਇਹ ਇਲਜ਼ਾਮ ਲਾਇਆ ਜਾਂਦਾ ਰਿਹਾ ਹੈ ਕਿ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦੇ ਮਾਮਲੇ ਵਿਚ ਸਰਕਾਰ ਢਿੱਲਾ-ਮੱਠਾ ਰਵੱਈਆ ਅਖਤਿਆਰ ਕਰ ਰਹੀ ਹੈ। ਕਾਂਗਰਸ ਨੇਤਾ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਜਿਨ੍ਹਾਂ ਦੇ ਨਾਂ ਮੁੱਖ ਦੋਸ਼ੀਆਂ ਵਜੋਂ ਲਏ ਜਾਂਦੇ ਹਨ, ਉਨ੍ਹਾਂ ਖਿਲਾਫ਼ ਚਲ ਰਹੀ ਸੀ.ਬੀ.ਆਈ. ਜਾਂਚ ਵੀ ਅਜੇ ਤੱਕ ਕਿਸੇ ਕੰਢੇ ਨਹੀਂ ਲੱਗੀ ਹੈ। ਸਰਕਾਰ 'ਤੇ ਕਈ ਸਬੰਧਤ ਕੇਸ ਵੀ ਦਬਾਉਣ ਜਾਂ ਬੰਦ ਕਰਨ ਦੇ ਇਲਜ਼ਾਮ ਲਗਦੇ ਰਹੇ ਹਨ।



### ਦੋਸ਼ੀਆਂ ਲਈ ਸਜ਼ਾਵਾਂ ਹੀ ਅਸਲ ਨਿਆਂ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਪੀੜਤਾਂ ਲਈ ਐਲਾਨੀ 5-5 ਲੱਖ ਰੁਪਏ ਦੀ ਆਰਥਿਕ ਮਦਦ ਨੂੰ ਯੋਗ ਉਪਰਾਲਾ ਦੱਸਦਿਆਂ ਕਿਹਾ ਕਿ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣਾ ਹੀ ਉਨ੍ਹਾਂ ਨਾਲ ਅਸਲ ਨਿਆਂ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ 30 ਵਰ੍ਹੇ ਕਤਲੇਆਮ ਦੇ ਪੀੜਤਾਂ ਦੀ ਕਿਸੇ ਨੇ ਸਾਰ ਨਹੀਂ ਲਈ ਪਰ ਮੋਦੀ ਸਰਕਾਰ ਨੇ ਪੰਜ ਲੱਖ ਰੁਪਏ ਦੀ ਆਰਥਿਕ ਮਦਦ ਦਾ ਜੋ ਐਲਾਨ ਕੀਤਾ ਹੈ, ਉਹ ਸ਼ਲਾਘਾਯੋਗ ਉਪਰਾਲਾ ਹੈ। ਸਿੱਖ ਕਤਲੇਆਮ ਦਾ ਜਿਹੜੇ ਦੋਸ਼ੀ ਸੱਤਾ ਦਾ ਸੁੱਖ ਭੋਗ ਚੁੱਕੇ ਹਨ, ਉਨ੍ਹਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਨਾ ਹੀ ਪੀੜਤਾਂ ਨਾਲ ਅਸਲ ਨਿਆਂ ਹੈ।

### ਕੌਮੀ ਏਕਤਾ ਵਿਚ ਖੰਜਰ ਸੀ '84 ਦਾ ਕਤਲੇਆਮ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 1984 ਦੇ ਸਿੱਖ ਕਤਲੇਆਮ ਨੂੰ ਦੇਸ਼ ਦੀ ਸਦੀਆਂ ਪੁਰਾਣੀ ਏਕਤਾ ਵਿਚ 'ਖੰਜਰ' ਘੋਪਣਾ ਕਰਾਰ ਦਿੱਤਾ ਹੈ। ਸਰਦਾਰ ਵੱਲਭ ਭਾਈ ਪਟੇਲ ਦੇ 139ਵੇਂ ਜਨਮ ਦਿਨ ਨੂੰ ਕੌਮੀ ਏਕਤਾ ਦਿਵਸ ਵਜੋਂ ਸਮਰਪਤ ਕਰਦਿਆਂ ਪ੍ਰਧਾਨ ਮੰਤਰੀ ਨੇ ਸਿੱਖ ਕਤਲੇਆਮ ਦਾ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ "ਸਾਡੇ ਆਪਣੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਹ ਹਮਲਾ ਕਿਸੇ ਇਕ ਭਾਈਚਾਰੇ 'ਤੇ ਨਹੀਂ ਸੀ ਸਗੋਂ ਇਹ ਭਾਰਤ ਦੀ ਸਦੀਆਂ ਪੁਰਾਣੀ ਏਕਤਾ 'ਚ 'ਖੰਜਰ' ਘੋਪਣ ਵਾਂਗ ਹੈ।



### ਦੋਸ਼ੀਆਂ ਨੂੰ ਤੈਅ ਸਮੇਂ ਵਿਚ ਮਿਲੇ ਸਜ਼ਾ: ਬਾਦਲ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਵੱਲੋਂ 1984 ਦੀ ਸਿੱਖ ਨਸਲਕੁਸ਼ੀ ਦੇ ਸ਼ਿਕਾਰ ਵਿਅਕਤੀਆਂ ਦੇ ਪਰਿਵਾਰਾਂ ਨੂੰ ਸਹਾਇਤਾ ਦੇਣ ਦਾ ਸਵਾਗਤ ਕੀਤਾ ਉਨ੍ਹਾਂ ਕੇਂਦਰ ਸਰਕਾਰ ਨੂੰ ਦੋਸ਼ੀਆਂ ਵਿਰੁੱਧ ਚੱਲ ਰਹੇ ਕੇਸਾਂ ਨੂੰ ਫਾਸਕ ਟਰੈਕ ਦੇ ਆਧਾਰ 'ਤੇ ਚਲਾਕੇ ਤੈਅ ਸਮੇਂ ਵਿਚ ਸਜ਼ਾਵਾਂ ਦਿਵਾਈਆਂ ਜਾਣ।



### ਕੇਂਦਰ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਏ: ਅਵਤਾਰ ਸਿੰਘ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਨਵੰਬਰ '84 ਦੇ ਸਿੱਖ ਕਤਲੇਆਮ ਪੀੜ੍ਹਤਾਂ ਨੂੰ 5-5 ਲੱਖ ਦਾ ਮੁਆਵਜ਼ਾ ਦੇਣ ਨਾਲ ਉਨ੍ਹਾਂ ਨੂੰ ਆਰਥਿਕ ਮਦਦ ਮਿਲੇਗੀ ਪਰ ਬੇਕਸੂਰੇ ਆਪਣਿਆਂ ਦੇ ਜਾਣ ਦਾ ਦਰਦ ਹਮੇਸ਼ਾ ਉਨ੍ਹਾਂ ਨੂੰ ਸਤਾਉਂਦਾ ਰਹੇਗਾ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਅੱਲ੍ਹੇ ਜ਼ਖ਼ਮ ਤਾਂ ਹੀ ਭਰ ਸਕਦੇ ਹਨ ਜੇਕਰ ਉਨ੍ਹਾਂ ਦੀ ਨਸਲਕੁਸ਼ੀ ਕਰਨ ਵਾਲੇ ਸਾਜਿਸ਼ਕਾਰੀ ਤੇ ਦੰਗਾਕਾਰੀਆਂ ਨੂੰ ਕਾਨੂੰਨ ਅਨੁਸਾਰ ਸਖ਼ਤ ਸਜਾਵਾਂ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਪਿਛਲੇ 30 ਸਾਲਾਂ ਤੋਂ ਦਿੱਲੀ ਤੇ ਵੱਖ-ਵੱਖ ਸੂਬਿਆਂ ਦੇ ਕਤਲੇਆਮ ਪੀੜ੍ਹਤ ਪਰਿਵਾਰ ਇਨਸਾਫ਼ ਦੀ ਆਸ ਲਾਈ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ ਪਰ ਅਜੇ ਤੱਕ ਕਿਸੇ ਸਰਕਾਰ ਕੋਲੋਂ ਵੀ ਇਨਸਾਫ਼ ਨਹੀਂ ਮਿਲਿਆ।

### ਸਿੱਖ ਜਥੇਬੰਦੀਆਂ ਨੇ ਰਾਸ਼ਟਰਪਤੀ ਓਬਾਮਾ ਤੋਂ ਮਦਦ ਮੰਗੀ

**ਵਾਸ਼ਿੰਗਟਨ:** ਅਮਰੀਕੀ-ਸਿੱਖਾਂ ਨੇ 1984 ਵਿਚ ਸਿਖ ਵਿਰੋਧੀ ਦੰਗਿਆਂ ਦੇ ਪੀੜਤਾਂ ਲਈ ਨਿਆਂ ਲੈਣ ਲਈ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਤੋਂ ਮਦਦ ਮੰਗੀ ਹੈ। ਅਮਰੀਕੀ ਰਾਸ਼ਟਰਪਤੀ ਨੂੰ ਇਥੇ ਇਕ ਪੱਤਰ ਵਿਚ ਕਈ ਸਿੱਖ ਜਥੇਬੰਦੀਆਂ ਨੇ ਆਖਿਆ ਕਿ ਜਿਨ੍ਹਾਂ ਅਪਰਾਧਾਂ ਲਈ ਸਿਰਫ 30 ਲੋਕਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਜਦੋਂ ਕਿ ਪੁਲਿਸ ਤੇ ਇਸਤਗਾਸਾਕਾਰਾਂ ਦੇ ਦੋਸ਼ੀ ਸਰਕਾਰੀ ਤੇ ਸਿਆਸੀ ਅਹਿਲਕਾਰਾਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜ੍ਹਾ ਕਰਨ ਵਿਚ ਨਾਕਾਮ ਰਹੇ ਹਨ।

ਪੱਤਰ ਵਿਚ ਲਿਖਿਆ ਗਿਆ ਹੈ ਕਿ ਭਾਰਤ ਵੱਲੋਂ ਕੌਮਾਂਤਰੀ ਨੀਤੀ ਵਿਚ ਨਿਭਾਈ ਜਾਣ ਵਾਲੀ ਅਹਿਮ ਭੂਮਿਕਾ ਦੇ ਪੇਸ਼ੇਨਜ਼ਰ, ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਭਾਰਤ ਨਾਲ ਤੁਹਾਡੇ ਰਾਬਤੇ ਤਹਿਤ ਤੁਸੀਂ 1984 ਦੇ ਗੁਨਾਹਗਾਰਾਂ ਨੂ ਮਿਲੀ ਛੋਟ ਦੇ ਮਸਲੇ ਨੂੰ ਮੁਖਾਤਬ ਕਰੋਗੇ। ਭਾਰਤ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦਾ ਸੰਭਾਵੀ ਮੈਂਬਰ ਹੋ ਸਕਦਾ ਹੈ।

## ਪੰਜਾਬ ਬੰਦ ਦੌਰਾਨ ਬਾਦਲ ਸਰਕਾਰ ਦੇ ਰਵੱਈਏ ਦੀ ਨਿਖੇਧੀ

**ਚੰਡੀਗੜ੍ਹ:** ਸਿੱਖ ਜਥੇਬੰਦੀਆਂ ਨੇ 1984 ਦੇ ਸਿੱਖ ਕਤਲੇਆਮ ਵਿਰੁੱਧ ਦਿੱਤੇ ਪੰਜਾਬ ਬੰਦ ਦੇ ਸੱਦੇ ਦੌਰਾਨ ਪੰਜਾਬ ਸਰਕਾਰ ਦੇ ਰਵੱਈਏ ਦੀ ਨਿਖੇਧੀ ਕੀਤੀ ਹੈ। '84 ਕਤਲੇਆਮ ਦੀ ਗਵਾਹ ਬੀਬੀ ਜਗਦੀਸ਼ ਕੌਰ ਨੇ ਅਕਾਲੀ ਸਰਕਾਰ ਤੇ ਸ਼੍ਰੋਮਣੀ ਕਮੇਟੀ ਨਾਲ ਗੁੱਸਾ ਜ਼ਾਹਿਰ ਕਰਦਿਆਂ ਕਿਹਾ ਕਿ ਜੋ ਲੋਕ ਸਾਨੂੰ ਸੰਕੇਤਕ ਰੋਸ ਪ੍ਰਗਟ ਕਰਨ ਤੋਂ ਰੋਕ ਰਹੇ ਹਨ, ਉਹ ਨਿਆਂ ਕਿੱਥੋਂ ਦਿਵਾ ਸਕਣਗੇ। ਪੁਲਿਸ ਵੱਲੋਂ ਨਜ਼ਰਬੰਦ ਕੀਤੇ ਫੈਡਰੇਸ਼ਨ ਆਗੂ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਸ਼ਾਂਤੀਪੂਰਨ ਬੰਦ ਨੂੰ ਸਾਬੋਤਾਜ ਕਰਨ ਵਿਚ ਸਰਕਾਰ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡੀ ਗਈ ਪਰ ਸਮੂਹ ਫਿਰਕਿਆਂ ਦੇ ਲੋਕਾਂ ਖਾਸਕਰ ਹਿੰਦੂ ਭਾਈਚਾਰੇ ਵੱਲੋਂ ਬੰਦ ਵਿਚ ਸਮਰਥਨ ਦੇਣ 'ਤੇ ਉਹ ਉਨ੍ਹਾਂ ਦੇ ਧੰਨਵਾਦੀ ਹਨ। ਪੰਜਾਬ ਬੰਦ ਵਿਚ ਸਿੱਧੀ ਹਮਾਇਤ ਦੇਣ ਵਾਲੇ ਯੂਨਾਈਟਿਡ ਸਿੱਖ ਮੂਵਮੈਂਟ ਦੇ ਭਾਈ ਮੋਹਕਮ ਸਿੰਘ ਤੇ ਫੈਡਰੇਸ਼ਨ ਦੇ ਪ੍ਰਧਾਨ ਮਨਜੀਤ ਸਿੰਘ ਭੋਮਾ ਰੂਪੋਸ਼ ਹੀ ਰਹੇ। ਸਿੱਖ ਜਥੇਬੰਦੀਆਂ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਤਹਿਤ ਵੱਡੀ ਗਿਣਤੀ ਸਿੱਖ ਆਗੂਆਂ ਤੇ ਕਾਰਕੁੰਨਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਜਦੋਂ ਉਹ ਸਵੇਰੇ ਰੇਲ ਤੇ ਬੱਸ ਆਵਾਜਾਈ ਰੋਕਣ ਦਾ ਯਤਨ ਕਰ ਰਹੇ ਸਨ। ਇਸ ਦੌਰਾਨ ਬੰਦ ਸ਼ਾਂਤਮਈ ਢੰਗ ਨਾਲ ਤਕਰੀਬਨ ਸਫ਼ਲ ਰਿਹਾ ਤੇ ਸਾਰਾ ਦਿਨ ਵਿੱਦਿਅਕ ਤੇ ਕਾਰੋਬਾਰੀ ਅਦਾਰੇ ਬੰਦ ਰਹੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦਾ ਮੁੱਖ ਦਫ਼ਤਰ ਤੇ ਉਸ ਨਾਲ ਸਬੰਧਤ ਹੋਰ ਅਦਾਰੇ ਵੀ ਬੰਦ ਰਹੇ। ਸਵੇਰ ਵੇਲੇ ਜਦੋਂ ਫੈਡਰੇਸ਼ਨ ਮਹਿਤਾ ਦੇ ਕਾਰਕੁਨ ਸ਼ਤਾਬਦੀ ਰੇਲਗੱਡੀ ਨੂੰ ਰੋਕਣ ਲਈ ਇਕ ਰੇਲ ਫਾਟਕ ਨੇੜੇ ਇਕੱਠੇ ਹੋਏ ਤਾਂ ਮੌਕੇ 'ਤੇ ਪੁਲਿਸ ਵੀ ਪੁੱਜ ਗਈ। ਪੁਲਿਸ ਨੇ ਇਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ।

## ਕਤਲੇਆਮ ਬਾਰੇ ਇਕ ਰਿਪੋਰਟ 'ਤੇ ਪੰਜਾਬ ਵਿਚ ਹਾਲੇ ਵੀ ਹੈ ਪਾਬੰਦੀ

**ਚੰਡੀਗੜ੍ਹ:** 1984 ਦੇ ਦਿੱਲੀ ਦੇ ਸਿੱਖ ਕਤਲੇਆਮ ਨੂੰ 30 ਸਾਲ ਹੋ ਚੁੱਕੇ ਹਨ ਤੇ ਇਨ੍ਹਾਂ ਬਾਰੇ ਪੀਪਲ'ਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ (ਪੀ.ਯੂ.ਡੀ.ਆਰ.) ਤੇ ਪੀਪਲ'ਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ.ਯੂ.ਸੀ.ਐਲ.) ਵੱਲੋਂ ਛਾਪੀ ਗਈ ਰਿਪੋਰਟ 'ਤੇ ਪੰਜਾਬ ਵਿਚ ਹਾਲੇ ਤੱਕ ਪਾਬੰਦੀ ਲੱਗੀ ਹੋਈ ਹੈ। ਦੰਗਿਆਂ ਦੇ ਕੁਝ ਦਿਨਾਂ ਮਗਰੋਂ ਰਜਨੀ ਕੋਠਾਰੀ ਤੇ ਗੋਬਿੰਦ ਮਖੋਟੀ ਵੱਲੋਂ ਲਿਖੀ ਇਹ ਰਿਪੋਰਟ ਅੰਗਰੇਜ਼ੀ ਤੇ ਪੰਜਾਬੀ ਵਿਚ ਛਾਪੀ ਗਈ। ਪੀਯੂਡੀਆਰ ਤੇ ਪੀਯੂਸੀਐਲ ਵੱਲੋਂ ਬਣਾਈਆਂ ਟੀਮਾਂ ਨੇ ਪ੍ਰਭਾਵਿਤ ਇਲਾਕਿਆਂ ਤੋਂ ਤੱਥ ਜੁਟਾ ਕੇ ਰਿਪੋਰਟ ਬਣਾਈ ਸੀ। ਇਸ ਰਿਪੋਰਟ 'ਤੇ ਫਰਵਰੀ 1985 ਵਿਚ ਪਾਬੰਦੀ ਲਗਾ ਦਿੱਤੀ ਗਈ। ਉਸ ਸਮੇਂ ਪੰਜਾਬ ਵਿਚ ਰਾਸ਼ਟਰਪਤੀ ਰਾਜ ਲੱਗਿਆ ਹੋਇਆ ਸੀ। ਉਦੋਂ ਡੈਮੋਕਰੈਟਿਕ ਰਾਈਟਸ ਸਭਾ ਦੇ ਜਨਰਲ ਸਕੱਤਰ ਤੇ ਸ਼ਹੀਦ ਭਗਤ ਸਿੰਘ ਦੇ ਨੇੜਲੇ ਰਿਸ਼ਤੇਦਾਰ ਪ੍ਰੋਫੈਸਰ ਜਗਮੋਹਨ ਸਿੰਘ ਨੇ 'ਦੋਸ਼ੀ ਕੌਣ ਹੈ' ਸਿਰਲੇਖ ਹੇਠ ਪੰਜਾਬੀ ਵਿਚ ਇਹ ਰਿਪੋਰਟ ਛਾਪੀ ਤੇ ਵੰਡੀ, ਰਿਪੋਰਟ ਵਿਚ ਦਿੱਲੀ ਦੇ ਸੁਲਤਾਨਪੁਰੀ, ਮੰਗੋਲਪੁਰੀ ਤੇ ਤ੍ਰਿਲੋਕਪੁਰੀ ਸਣੇ ਹੋਰ ਦੰਗਾ ਪ੍ਰਭਾਵਿਤ ਇਲਾਕਿਆਂ ਦੇ ਪੂਰੇ ਵੇਰਵੇ ਛਾਪੇ ਗਏ।

ਪ੍ਰੋਫੈਸਰ ਜਗਮੋਹਨ ਸਿੰਘ ਨੇ ਦੱਸਿਆ ਕਿ ਰਿਪੋਰਟ 'ਤੇ ਪਾਬੰਦੀ ਲੱਗਣ ਮਗਰੋਂ ਉਨ੍ਹਾਂ ਨੇ ਪੰਜਾਬ ਸਰਕਾਰ ਦੇ ਸਬੰਧਤ ਅਧਿਕਾਰੀਆਂ ਨੂੰ ਪਾਬੰਦੀ ਹਟਾਉਣ ਲਈ ਕਿਹਾ ਪਰ ਸਰਕਾਰ ਨੇ ਕੋਈ ਜੁਆਬ ਨਹੀਂ ਦਿੱਤਾ। ਰਿਪੋਰਟ ਵਿਚ ਉਨ੍ਹਾਂ ਕੁਝ ਕਾਂਗਰਸੀ ਨੇਤਾਵਾਂ ਦੇ ਚਿਹਰੇ ਬੇਨਕਾਬ ਕੀਤੇ ਗਏ ਹਨ, ਜਿਨ੍ਹਾਂ ਨੇ ਦੰਗੇ ਤੇ ਭੀੜ ਨੂੰ ਭੜਕਾਇਆ।

## ਨਿਆਂ ਦੇਣ ਦੇ ਮਾਮਲੇ ਵਿਚ ਭਾਰਤ ਦੋਸ਼ੀ ਕਰਾਰ

**ਨਵੀਂ ਦਿੱਲੀ:** ਮਾਨਵੀ ਹੱਕਾਂ ਦੀ ਪੈਰਵੀ ਕਰਦੇ ਇਕ ਕੌਮਾਂਤਰੀ ਗਰੁੱਪ ਨੇ ਕਿਹਾ ਹੈ ਕਿ ਭਾਰਤ 1984 ਦੇ ਸਿੱਖ ਕਤਲੇਆਮ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦੇਣ ਵਿਚ ਨਾਕਾਮਯਾਬ ਰਿਹਾ ਹੈ ਤੇ ਇਸ ਤੋਂ ਇਸ ਦੇ ਫਿਰਕੂ ਹਿੰਸਾ ਨਾਲ ਲੜਨ ਦੇ 'ਕਮਜ਼ੋਰ ਯਤਨਾਂ' ਦਾ ਮੁਜ਼ਾਹਰਾ ਹੁੰਦਾ ਹੈ। ਹਿਊਮਨ ਰਾਈਟਸ ਵਾਚ (ਐਚਆਰ ਡਬਲਿਊ) ਨੇ ਕਿਹਾ ਹੈ ਕਿ ਅਗਲੀਆਂ ਸਰਕਾਰਾਂ ਵੀ 1984 ਦੀਆਂ ਸਿੱਖ ਵਿਰੋਧੀ ਹੱਤਿਆਵਾਂ, ਹਿੰਸਾ ਤੇ ਹੋਰ ਵਧੀਕੀਆਂ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾਵਾਂ ਦੇਣ ਵਿਚ ਨਾਕਾਮਯਾਬ ਰਹੀਆਂ ਜਿਸ ਤੋਂ ਇਹ ਸਪਸ਼ਟ ਹੈ ਕਿ ਭਾਰਤ ਨੇ ਫਿਰਕੂ ਹਿੰਸਾ ਨਜਿੱਠਣ ਲਈ ਬਹੁਤੇ ਉਪਰਾਲੇ ਨਹੀਂ ਕੀਤੇ। ਸਰਕਾਰ ਵੱਲੋਂ ਨਿਯੁਕਤ 10 ਕਮਿਸ਼ਨ ਤੇ ਕਮੇਟੀਆਂ ਨੇ 1984 ਵਿਚ ਸਿੱਖਾਂ ਵਿਰੁੱਧ ਹੋਏ ਘਾਤਕ ਹਮਲਿਆਂ ਦੀ ਜਾਂਚ ਕੀਤੀ ਸੀ। ਆਜ਼ਾਦ ਸਿਵਲ ਸੁਸਾਇਟੀ ਵੱਲੋਂ ਕੀਤੀ ਗਈ ਜਾਂਚ ਵਿਚ ਪੁਲਿਸ ਤੇ ਕਾਂਗਰਸੀ ਪਾਰਟੀ ਦੇ ਆਗੂਆਂ ਦੀ ਮਿਲੀਭੁਗਤ ਸਾਹਮਣੇ ਆਈ ਸੀ। ਵਾਚ ਦੀ ਦੱਖਣੀ ਏਸ਼ੀਆ ਲਈ ਡਾਇਰੈਕਟਰ ਮੀਨਾਕਸ਼ੀ ਗਾਂਗੁਲੀ ਨੇ ਕਿਹਾ ਕਿ ਸਬੰਧਤ ਪ੍ਰਸ਼ਾਸਨ ਸਿੱਖਾਂ ਵਿਰੁੱਧ ਵਧੀਕੀਆਂ ਕਰਨ ਵਾਲਿਆਂ ਨੂੰ ਬਚਾਉਣ ਲਈ ਜਾਂਚ ਦੇ ਅਮਲ ਵਿਚ ਵਾਰ-ਵਾਰ ਅੜਿੱਕੇ ਡਾਹੁੰਦਾ ਰਿਹਾ ਜਿਸ ਨਾਲ ਭਾਰਤੀ ਨਿਆਂ ਪ੍ਰਣਾਲੀ ਵਿਚ ਬੇਭਰੋਸਗੀ ਬਹੁਤ ਗਹਿਰੀ ਹੋ ਗਈ ਹੈ।

## ਯੂ.ਐਨ.ਓ. ਤੋਂ ਜਾਂਚ ਕਮਿਸ਼ਨ ਬਣਾਉਣ ਦੀ ਮੰਗ

**ਅੰਮ੍ਰਿਤਸਰ:** ਸਿੱਖ ਜਥੇਬੰਦੀਆਂ ਵੱਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਦੀ ਮੰਗ ਬਾਰੇ ਯੂ.ਐਨ.ਓ. ਦੇ ਦਿੱਲੀ ਸਥਿਤ ਦਫਤਰ ਵਿਚ ਮੰਗ ਪੱਤਰ ਦਿੱਤਾ ਗਿਆ ਹੈ। ਮੰਗ ਪੱਤਰ ਦੇਣ ਵਾਲੇ ਵਫ਼ਦ ਵਿਚ ਵੱਖ-ਵੱਖ ਘੱਟ ਗਿਣਤੀ ਕੌਮਾਂ ਦੇ ਆਗੂ ਵੀ ਸ਼ਾਮਲ ਸਨ। ਇਹ ਮੰਗ ਪੱਤਰ ਯੂ.ਐਨ.ਓ. ਦੇ ਸੂਚਨਾ ਅਧਿਕਾਰੀ ਰਵੀ ਚੰਦਰਨ ਨੂੰ ਦਿੱਤਾ ਗਿਆ, ਜਿਸ ਵਿਚ ਕਤਲੇਆਮ ਦੀ ਜਾਂਚ ਲਈ ਕਮਿਸ਼ਨ ਬਨਾਉਣ ਦੀ ਮੰਗ ਕੀਤੀ ਗਈ।

ਮੰਗ ਪੱਤਰ ਦੇਣ ਵਾਲੇ ਵਫ਼ਦ ਵਿਚ ਦਲ ਖ਼ਾਲਸਾ ਦੇ ਕੰਵਰਪਾਲ ਸਿੰਘ, ਕਸ਼ਮੀਰੀ ਆਗੂ ਪ੍ਰੋ. ਐਸ.ਆਰ. ਗਿਲਾਨੀ, ਅਕਾਲੀ ਦਲ ਪੰਚ ਪ੍ਰਧਾਨੀ ਦੇ ਹਰਪਾਲ ਸਿੰਘ ਚੀਮਾ, ਤਾਮਿਲਨਾਡੂ ਤੋਂ ਨਾਮ ਤਾਮਿਲ ਕਚੀ ਪਾਰਟੀ ਦੇ ਆਗੂ ਸ੍ਰੀ ਮੀਮਾਨ ਆਦਿ ਸ਼ਾਮਲ ਸਨ। ਯਾਦ ਪੱਤਰ ਵਿਚ ਪੰਜਾਬ, ਕਸ਼ਮੀਰ, ਨਾਗਾਲੈਂਡ, ਤਾਮਿਲਨਾਡੂ ਲਈ ਸਵੈ-ਨਿਰਣੈ ਦੀ ਮੰਗ ਰੱਖੀ ਗਈ ਹੈ। ਯੂ.ਐਨ.ਓ. ਦੇ ਸਕੱਤਰ ਜਨਰਲ ਬਾਨ ਕੀ ਮੂਨ ਦੇ ਨਾਂ ਲਿਖੇ ਇਸ ਪੱਤਰ ਵਿਚ ਦਲ ਖ਼ਾਲਸਾ ਨੇ ਕਿਹਾ ਕਿ ਜਿਵੇਂ ਸੰਯੁਕਤ ਰਾਸ਼ਟਰ ਨੇ ਸ੍ਰੀਲੰਕਾ ਸਰਕਾਰ ਵੱਲੋਂ ਆਪਣੇ ਤਾਮਿਲ ਨਾਗਰਿਕਾਂ ਦੇ ਮਨੁੱਖੀ ਅਧਿਕਾਰਾਂ ਦੇ ਘਾਣ ਤੇ ਕਤਲੇਆਮ ਵਿਰੁੱਧ ਜਾਂਚ ਲਈ ਕੌਮਾਂਤਰੀ ਕਮਿਸ਼ਨ ਕਾਇਮ ਕੀਤਾ ਹੈ, ਉਸੇ ਤਰਜ਼ 'ਤੇ 1984 ਵਿਚ ਸਿੱਖਾਂ ਤੇ ਉਸ ਤੋਂ ਬਾਅਦ ਹੋਰ ਘੱਟ ਗਿਣਤੀ ਕੌਮਾਂ ਨਾਲ ਵਾਪਰੇ ਮਨੁੱਖੀ ਅਧਿਕਾਰਾਂ ਦੇ ਘਾਣ ਦੇ ਮਾਮਲਿਆਂ ਦੀ ਜਾਂਚ ਲਈ ਕੌਮਾਂਤਰੀ ਜਾਂਚ ਕਮਿਸ਼ਨ ਕਾਇਮ ਕਰਕੇ ਕਾਰਵਾਈ ਕੀਤੀ ਜਾਵੇ। ਵਫ਼ਦ ਵੱਲੋਂ ਦਿੱਤੇ ਗਏ ਮੈਮੋਰੰਡਮ ਵਿਚ ਕਿਹਾ ਗਿਆ ਕਿ ਭਾਰਤ ਵਿਚ ਵਸਦੇ ਘੱਟ ਗਿਣਤੀ ਭਾਈਚਾਰਿਆਂ 'ਤੇ ਵਾਰ ਵਾਰ ਹੋ ਰਹੇ ਘਾਣ ਨੂੰ ਰੋਕਣ ਲਈ ਜੱਦੋ-ਜਹਿਦ ਕਰ ਰਹੀਆਂ ਕੌਮਾਂ ਨੂੰ ਸਵੈ ਨਿਰਣੈ ਦਾ ਹੱਕ ਦਿੱਤਾ ਜਾਵੇ। 1984 ਦੇ ਕਤਲੇਆਮ ਤੇ ਪੰਜਾਬ ਵਿਚ ਇਕ ਦਹਾਕਾ ਹੋਏ ਸਰਕਾਰੀ ਕਤਲੇਆਮ, ਗੁਜਰਾਤ ਵਿਚ ਘੱਟ ਗਿਣਤੀ ਮੁਸਲਮਾਨਾਂ ਦਾ ਕਤਲੇਆਮ, ਉੜੀਸਾ ਵਿਚ ਈਸਾਈਆਂ ਦੇ ਕਤਲੇਆਮ ਬਾਰੇ ਜਾਣਕਾਰੀ ਦਿੱਤੀ।।ਇਸ ਤੋਂ ਪਹਿਲਾਂ ਹੱਕ ਤੇ ਇਨਸਾਫ ਰੈਲੀ ਨੂੰ ਸੰਬੋਧਨ ਕਰਦਿਆਂ ਕਸ਼ਮੀਰੀ ਆਗੂ ਪ੍ਰੋ. ਸਯਦ ਗਿਲਾਨੀ ਤੇ ਸ੍ਰੀ ਮੀਮਾਨ ਨੇ ਕਿਹਾ ਕਿ ਅੱਜ ਸਾਰੀਆਂ ਘੱਟ ਗਿਣਤੀ ਕੌਮਾਂ ਇਨਸਾਫ ਲਈ ਇਕੱਠੀਆਂ ਹੋਈਆਂ ਹਨ।



# ਬਾਦਲਾਂ ਪੱਲੇ ਨਮੋਸ਼ੀ ਪਾ ਰਹੇ ਨੇ ਮੋਦੀ ਸਰਕਾਰ ਦੇ ਫੈਸਲੇ

### ਭਾਈਵਾਲੀ ਕਰ ਕੇ ਨੁਕਤਾਚੀਨੀ ਦਾ ਹੱਕ ਵੀ ਗਵਾਇਆ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ ਸਰਕਾਰ ਆਉਣ ਪਿੱਛੋਂ ਅਕਾਲੀ ਦਲ ਬਾਦਲ ਨੂੰ ਇਕ ਤੋਂ ਬਾਅਦ ਇਕ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਲੋਕ ਸਭਾ ਚੋਣਾਂ ਵਿਚ ਕੇਂਦਰ ਵਿਚ ਭਾਈਵਾਲੀ ਵਾਲੀ ਸਰਕਾਰ ਆਉਣ 'ਤੇ ਪੰਜਾਬ ਦੇ ਭਾਗ ਖੁੱਲ੍ਹਣ ਦੀ ਗੱਲ ਆਖੀ ਸੀ ਪਰ ਨਰੇਂਦਰ ਮੋਦੀ ਸਰਕਾਰ ਨੇ ਅਜੇ ਤੱਕ ਸੂਬੇ ਨੂੰ ਕੋਈ ਰਾਹਤ ਦੇਣ ਦੀ ਥਾਂ ਪਿਛਲੀ ਯੂ.ਪੀ.ਏ. ਸਰਕਾਰ ਵਾਲੀ ਨੀਤੀ ਹੀ ਅਪਣਾਈ ਹੋਈ ਹੈ। ਕੇਂਦਰੀ ਵਿੱਤ ਮੰਤਰੀ ਵੱਲੋਂ ਪੰਜਾਬ ਨੂੰ ਵਿਸ਼ੇਸ਼ ਵਿੱਤੀ ਰਾਹਤ ਤੋਂ ਕੋਰਾ ਜਵਾਬ ਦੇਣ ਤੋਂ ਬਾਅਦ ਕਿਸਾਨਾਂ ਨੂੰ ਕਣਕ ਦੀ ਖ਼ਰੀਦ ਕੀਮਤ ਿ+ਵਚ 50 ਰੁਪਏ ਪ੍ਰਤੀ ਕੁਇੰਟਲ ਕੀਤੇ ਵਾਧੇ ਨੂੰ ਵੀ ਅਕਾਲੀ ਨਮੋਸ਼ੀ ਵਾਲਾ ਫੈਸਲਾ ਮੰਨ ਰਹੇ ਹਨ।

ਕੇਂਦਰ ਵਿਚ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਸਮੇਂ ਸ਼੍ਰੋਮਣੀ ਅਕਾਲੀ ਦਲ ਕਣਕ ਦੀ ਖ਼ਰੀਦ ਕੀਮਤ ਵਿਚ 50 ਰੁਪਏ ਪ੍ਰਤੀ ਕੁਇੰਟਲ ਕੀਤੇ ਜਾਂਦੇ ਵਾਧੇ ਨੂੰ ਕਿਸਾਨਾਂ ਨਾਲ ਕੋਝਾ ਮਖੌਲ ਗਰਦਾਨਦਾ ਸੀ ਪਰ ਹੁਣ ਆਪਣੀ ਭਾਈਵਾਲ ਸਰਕਾਰ ਵੱਲੋਂ ਵੀ ਸਿਰਫ 50 ਰੁਪਏ ਦਾ ਹੀ ਵਾਧਾ ਕੀਤੇ ਜਾਣ 'ਤੇ ਪਾਰਟੀ ਨੇ ਮਲਵੀਂ ਜੀਭ ਨਾਲ ਇਸ ਵਿਚ ਵਾਧੇ ਦੀ ਮੰਗ ਕੀਤੀ ਹੈ। ਇਸ ਤੋਂ ਪਹਿਲਾਂ ਜੂਨ ਮਹੀਨੇ ਝੋਨੇ ਦੇ ਖ਼ਰੀਦ ਭਾਅ ਵਿਚ ਮੋਦੀ ਸਰਕਾਰ ਵੱਲੋਂ ਸਿਰਫ 50 ਰੁਪਏ ਫੀ ਕੁਇੰਟਲ ਦਾ ਵਾਧਾ ਕੀਤੇ ਜਾਣ ਉੱਤੇ ਵੀ ਅਕਾਲੀ ਦਲ ਨੇ ਖ਼ਾਮੋਸ਼ੀ ਧਾਰ ਲਈ ਸੀ। ਅਕਾਲੀ ਦਲ ਦੇ ਇਸ ਰੁਖ਼ ਨੇ ਉਸ ਦੇ ਕਿਸਾਨ-ਪੱਖੀ ਹੋਣ ਦਾ ਭਰਮ ਤੋੜ ਦਿੱਤਾ ਹੈ।

ਪੰਜਾਬ ਕਾਂਗਰਸ ਨੇ ਮੋਦੀ ਸਰਕਾਰ ਵੱਲੋਂ ਕਣਕ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ 50 ਰੁਪਏ ਦਾ ਵਾਧਾ ਕੀਤੇ ਜਾਣ 'ਤੇ ਮੁੱਖ ਮੰਤਰੀ ਸ. ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਪ੍ਰਤੀਕ੍ਰਿਆਵਾਂ 'ਤੇ ਹੈਰਾਨੀ ਪ੍ਰਗਟਾਈ ਹੈ। ਕਾਂਗਰਸ ਦੇ ਸੀਨੀਅਰ ਆਗੂ ਸੁਖਪਾਲ ਸਿੰਘ ਖਹਿਰਾ ਨੇ ਦੋਵਾਂ ਬਾਦਾਲਾਂ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਕਾਂਗਰਸ ਸਰਕਾਰ ਵੱਲੋਂ ਫਸਲਾਂ ਦੇ ਭਾਅ ਵਿਚ ਕੀਤੇ ਜਾਣ ਵਾਲੇ ਵਾਧਿਆਂ ਨੂੰ ਬਿਨਾਂ ਸੋਚੇ ਸਮਝੇ ਰੱਦ ਕਰਦੇ ਆਏ ਹਨ ਤੇ ਕਈ ਤਰ੍ਹਾਂ ਦੇ ਵਿਸ਼ਲੇਸ਼ਣ ਲਾ ਕੇ ਕਾਂਗਰਸ ਸਰਕਾਰਾਂ ਨੂੰ ਭੰਡਦੇ ਰਹੇ ਹਨ ਪਰ ਹੁਣ ਉਹ ਮੋਦੀ ਸਰਕਾਰ ਅੱਗੇ ਆਪਣੀ ਬੇਵੱਸੀ ਵੀ ਜ਼ਾਹਰ ਨਹੀਂ ਕਰ ਰਹੇ।

ਉਨ੍ਹਾਂ ਕਿਹਾ ਜੇਕਰ ਬਾਦਲ ਸੱਚਮੁੱਚ ਹੀ ਕਿਸਾਨ ਹਿਤੈਸ਼ੀ ਹਨ ਤਾਂ ਉਹ 100 ਰੁਪਏ ਬੋਨਸ ਪੰਜਾਬ ਸਰਕਾਰ ਵੱਲੋਂ ਦੇਣ। ਸ੍ਰੀ ਖਹਿਰਾ ਨੇ ਦੋਵਾਂ ਬਾਦਲਾਂ ਵੱਲੋਂ ਦਿੱਤੇ ਗਏ ਕੁਝ ਜਨਤਕ ਬਿਆਨਾਂ ਦੇ ਹਵਾਲੇ ਦਿੰਦਿਆਂ ਦੱਸਿਆ ਕਿ ਅੱਠ ਅਕਤੂਬਰ 2011 ਨੂੰ ਯੂ.ਪੀ.ਏ ਸਰਕਾਰ ਵੱਲੋਂ 2012-13 ਲਈ ਕਣਕ ਦੇ 1350 ਰੁਪਏ ਫੀ ਕੁਇੰਟਲ ਐਮ.ਐਸ.ਪੀ ਨੂੰ ਨਕਾਰਦੇ ਹੋਏ ਸ. ਬਾਦਲ ਨੇ 2200 ਰੁਪਏ ਐਮ.ਐਸ.ਪੀ ਦੀ ਮੰਗ ਕੀਤੀ ਸੀ। ਇਸੇ ਤਰ੍ਹਾਂ ਹੀ 17 ਅਕਤੂਬਰ 2013 ਨੂੰ ਯੂ.ਪੀ.ਏ ਸਰਕਾਰ ਵੱਲੋਂ ਕਣਕ ਦੇ ਐਮ.ਐਸ.ਪੀ ਵਿਚ ਕੀਤੇ 50 ਰੁਪਏ ਦੇ ਵਾਧੇ ਨੂੰ ਮੁੜ ਨਕਾਰਦੇ ਹੋਏ ਸ. ਬਾਦਲ ਨੇ 1855 ਰੁਪਏ ਦੇ ਐਮ.ਐਸ.ਪੀ ਦੀ ਮੰਗ ਕੀਤੀ ਸੀ।

ਕੇਂਦਰ ਸਰਕਾਰ ਵੱਲੋਂ ਹਾੜ੍ਹੀ ਦੀਆਂ ਫ਼ਸਲਾਂ ਦੇ ਸਮਰਥਨ ਮੁੱਲ ਵਿਚ ਕੀਤਾ ਗਿਆ ਨਿਗੂਣਾ ਵਾਧਾ ਇਸ ਕਰਕੇ ਵੀ ਹੈਰਾਨੀਜਨਕ ਜਾਪ ਰਿਹਾ ਹੈ ਕਿਉਂਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ, ਸ਼੍ਰੋਮਣੀ ਅਕਾਲੀ ਦਲ ਤੇ ਸਰਕਾਰ ਵਿਚ ਸ਼ਾਮਲ ਹੋਰ ਪਾਰਟੀਆਂ ਨੇ ਕਿਸਾਨਾਂ ਦੀਆਂ ਵੋਟਾਂ ਬਟੋਰਨ ਲਈ ਆਪਣੇ ਚੋਣ ਮਨੋਰਥ ਪੱਤਰਾਂ ਵਿਚ ਖੇਤੀ ਜਿਣਸਾਂ ਦੇ ਭਾਅ ਉੱਘੇ ਖੇਤੀ ਮਾਹਿਰ ਡਾ. ਐਮ.ਐਸ. ਸਵਾਮੀਨਾਥਨ ਦੀਆਂ ਸਿਫ਼ਾਰਸ਼ਾਂ ਮੁਤਾਬਕ ਤੈਅ ਕਰਨ ਦਾ ਵਾਅਦਾ ਕੀਤਾ ਸੀ। ਡਾ. ਸਵਾਮੀਨਾਥਨ ਦੀਆਂ ਸਿਫ਼ਾਰਸ਼ਾਂ ਮੁਤਾਬਕ ਕਿਸੇ ਫ਼ਸਲ ਦੀ ਉਤਪਾਦਨ ਲਾਗਤ ਦਾ ਅਨੁਮਾਨ ਲਗਾਉਣ ਤੋਂ ਬਾਅਦ ਕਿਸਾਨ ਨੂੰ 50 ਫ਼ੀਸਦੀ ਮੁਨਾਫ਼ਾ ਜੋੜ ਕੇ ਉਸ ਦਾ ਸਮਰਥਨ ਮੁੱਲ ਤੈਅ ਕਰਨਾ ਚਾਹੀਦਾ ਹੈ। ਇਸ ਫਾਰਮੂਲੇ ਅਨੁਸਾਰ ਕਣਕ ਦੀ ਖ਼ਰੀਦ ਕੀਮਤ 2000 ਪ੍ਰਤੀ ਕੁਇੰਟਲ ਤੋਂ ਵੀ ਵੱਧ ਨਿਸ਼ਚਿਤ ਕੀਤੀ ਜਾਣੀ ਚਾਹੀਦੀ ਹੈ ਜਦੋਂਕਿ ਸਰਕਾਰ ਨੇ ਇਹ ਸਿਰਫ਼ 1450 ਰੁਪਏ ਪ੍ਰਤੀ ਕੁਇੰਟਲ ਐਲਾਨੀ ਹੈ।

ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਅਜਮੇਰ ਸਿੰਘ ਲੱਖੋਵਾਲ ਨੇ ਕੇਂਦਰ ਸਰਕਾਰ ਵੱਲੋਂ ਕਣਕ ਦੇ ਸਮਰਥਨ ਮੁੱਲ ਵਿਚ ਸਿਰਫ਼ 50 ਰੁਪਏ ਦਾ ਵਾਧਾ ਕਰਨ ਨੂੰ ਕਿਸਾਨਾਂ ਨਾਲ ਕੋਝਾ ਮਜ਼ਾਕ ਦੱਸਦਿਆਂ ਕਿਹਾ ਕਿ ਕੇਂਦਰ ਸਰਕਾਰ ਆਪਣੇ ਇਸ ਮਾਮੂਲੀ ਵਾਧੇ 'ਤੇ ਮੁੜ ਤੋਂ ਨਜ਼ਰਸਾਨੀ ਕਰਕੇ ਕਣਕ ਦਾ ਭਾਅ 2250 ਰੁਪਏ ਪ੍ਰਤੀ ਕੁਇੰਟਲ ਐਲਾਨੇ।

ਉਨ੍ਹਾਂ ਕਿਹਾ ਕਿ ਦੇਸ਼ ਦੇ ਕਿਸਾਨ ਮੁੱਢ ਤੋਂ ਹੀ ਕਣਕ ਸਮੇਤ ਹੋਰਨਾਂ ਜਿਣਸਾਂ ਦੇ ਭਾਅ ਡਾ. ਸਵਾਮੀਨਾਥਨ ਦੀ ਰਿਪੋਰਟ ਦੀਆਂ ਸਿਫਾਰਸ਼ਾਂ ਅਨੁਸਾਰ ਐਲਾਨਣ ਦੀ ਮੰਗ ਕਰਦੇ ਆ ਰਹੇ ਹਨ, ਪਰ ਐਨ.ਡੀ.ਏ. ਸਰਕਾਰ ਨੇ ਕਿਸਾਨਾਂ ਨੂੰ ਪੂਰੇ ਭਾਅ ਦੇਣ ਦੀ ਬਜਾਏ ਮਾਮੂਲੀ ਵਾਧਾ ਕੀਤਾ ਹੈ। ਜੇਕਰ ਕੇਂਦਰ ਸਰਕਾਰ ਨੇ ਆਪਣੇ ਮਾਮੂਲੀ ਵਾਧੇ 'ਤੇ ਮੁੜ ਗੌਰ ਨਾ ਕੀਤਾ ਤਾਂ ਕਿਸਾਨਾਂ ਨੂੰ ਸਰਕਾਰ ਦੇ ਇਸ ਫ਼ੈਸਲੇ ਦੇ ਵਿਰੋਧ ਵਿਚ ਕੋਈ ਸਖ਼ਤ ਕਦਮ ਚੁੱਕਣਾ ਪਵੇਗਾ।

# ਵਿਦੇਸ਼ ਉਡਾਰੀ ਵਾਲੇ ਅਫਸਰਾਂ ਦੇ ਹੱਕ 'ਚ ਹੀ ਭੁਗਤੇ ਵਿਭਾਗ

### ਵਿਜੀਲੈਂਸ ਨੂੰ ਜਾਣਕਾਰੀ ਦੇਣ ਤੋਂ ਘੇਸਲ ਵੱਟੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਜ਼ਿਆਦਾਤਰ ਵਿਭਾਗ ਵਿਦੇਸ਼ ਉਡਾਰੀ ਮਾਰਨ ਵਾਲੇ ਅਧਿਕਾਰੀਆਂ ਬਾਰੇ ਜਾਂਚ ਦੇ ਰਾਹ ਵਿਚ ਰੋੜਾ ਬਣੇ ਹੋਏ ਹਨ। ਵਿਜੀਲੈਂਸ ਬਿਊਰੋ ਨੇ ਤਕਰੀਬਨ ਦੋ ਦਰਜਨ ਵਿਭਾਗਾਂ ਨੂੰ, ਛੁੱਟੀ ਲੈ ਕੇ ਵਿਦੇਸ਼ ਗਏ ਕਰਮਚਾਰੀਆਂ ਬਾਰੇ ਸੂਚਨਾ ਦੇਣ ਵਿਚ ਹੋਰ ਦੇਰੀ ਨਾ ਕਰਨ ਦੀ ਤਾੜਨਾ ਵੀ ਕੀਤੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਕਰੀਬਨ ਦੋ ਮਹੀਨੇ ਪਹਿਲਾਂ ਇਮੀਗਰੇਸ਼ਨ ਹਾਸਲ ਕਰਨ ਵਾਲੇ ਅਫ਼ਸਰਾਂ ਤੇ ਮੁਲਾਜ਼ਮਾਂ ਬਾਰੇ ਜਾਂਚ ਦਾ ਕੰਮ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤਾ ਸੀ।

ਬਿਊਰੋ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਵਿਭਾਗਾਂ ਵੱਲੋਂ ਵਿਦੇਸ਼ ਗਏ ਕਰਮਚਾਰੀਆਂ ਬਾਰੇ ਜਾਣਕਾਰੀ ਮੁਹੱਈਆ ਨਾ ਕਰਾਏ ਜਾਣ ਕਾਰਨ ਜਾਂਚ ਮੁਕੰਮਲ ਨਹੀਂ ਹੋ ਸਕੀ। ਇਸ ਲਈ ਮੁੱਖ ਮੰਤਰੀ ਤੋਂ ਛੇ ਹਫ਼ਤਿਆਂ ਦਾ ਸਮਾਂ ਹੋਰ ਮੰਗਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜਾਂਚ ਦਸੰਬਰ ਤੱਕ ਸਿਰੇ ਚੜ੍ਹੇਗੀ।

ਵਿਜੀਲੈਂਸ ਨੂੰ ਭ੍ਰਿਸ਼ਟਾਚਾਰ ਦੇ ਕੁਝ ਕੇਸਾਂ ਵਿਚ ਅਫ਼ਸਰਾਂ ਵੱਲੋਂ ਰਿਸ਼ਵਤਖੋਰੀ ਦੇ ਪੈਸੇ ਨੂੰ ਵਿਦੇਸ਼ ਭੇਜਣ ਤੇ ਫਿਰ ਐਨ.ਆਰ.ਆਈ. ਖਾਤਿਆਂ ਰਾਹੀਂ ਭਾਰਤ ਮੰਗਵਾ ਕੇ ਇਕ ਨੰਬਰ ਦਾ ਬਣਾਉਣ ਦੇ ਤੱਥ ਹਾਸਲ ਹੋਏ ਸਨ। ਵਿਜੀਲੈਂਸ ਵੱਲੋਂ ਭਾਵੇਂ ਸਾਰੇ ਵਿਭਾਗਾਂ ਨੂੰ ਇਮੀਗਰੇਸ਼ਨ ਦੀ ਜਾਣਕਾਰੀ ਹਾਸਲ ਕਰਨ ਲਈ ਇਕ ਸਾਲ ਤੋਂ ਜੱਦੋਜਹਿਦ ਕੀਤੀ ਜਾ ਰਹੀ ਹੈ ਪਰ ਸਫ਼ਲਤਾ ਨਹੀਂ ਮਿਲੀ। ਮੁੱਖ ਮੰਤਰੀ ਦੇ ਹੁਕਮਾਂ ਤੋਂ ਬਾਅਦ ਵੀ ਵਿਭਾਗਾਂ ਨੇ ਜਾਣਕਾਰੀ ਮੁਹੱਈਆ ਨਹੀਂ ਕਰਾਈ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਪੰਜਾਬ ਪੁਲਿਸ ਦੇ ਬਹੁ ਗਿਣਤੀ ਮੁਲਾਜ਼ਮਾਂ ਤੇ ਅਫ਼ਸਰਾਂ ਵੱਲੋਂ ਇਮੀਗਰੇਸ਼ਨ ਹਾਸਲ ਕੀਤੇ ਜਾਣ ਦੇ ਤੱਥ ਮੌਜੂਦ ਹਨ ਪਰ ਪੁਲਿਸ ਵੱਲੋਂ ਵਿਜੀਲੈਂਸ ਨੂੰ ਸੂਚਨਾ ਨਹੀਂ ਦਿੱਤੀ ਜਾ ਰਹੀ। ਪੰਜਾਬ ਦੇ ਪ੍ਰਸੋਨਲ ਵਿਭਾਗ ਨੇ ਦੇਖਿਆ ਹੈ ਕਿ ਇਕ ਪੀ.ਸੀ.ਐਸ. ਅਧਿਕਾਰੀ ਸਮੇਤ ਕਈ ਅਫ਼ਸਰਾਂ ਵੱਲੋਂ ਛੇ ਮਹੀਨੇ ਤੋਂ ਵੀ ਜ਼ਿਆਦਾ ਸਮੇਂ ਦੀ ਵਿਦੇਸ਼ ਛੁੱਟੀ ਹਾਸਲ ਕੀਤੀ ਜਾ ਰਹੀ ਹੈ। ਇਹ ਤੱਥ ਸਾਹਮਣੇ ਆਉਣ ਤੋਂ ਬਾਅਦ ਸਾਰੇ ਅਫ਼ਸਰਾਂ ਨੂੰ ਪ੍ਰਣ ਪੱਤਰ ਦੇਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ।

ਪੰਜਾਬ ਵਿਚ ਕੁੱਲ 116 ਵਿਭਾਗ, ਬੋਰਡ ਤੇ ਨਿਗਮ ਹਨ। ਪ੍ਰਮੁੱਖ ਵਿਭਾਗਾਂ ਵੱਲੋਂ ਵਿਜੀਲੈਂਸ ਨੂੰ ਜਾਣਕਾਰੀ ਨਹੀਂ ਦਿੱਤੀ ਜਾ ਰਹੀ। ਇਨ੍ਹਾਂ ਵਿਚ ਗ੍ਰਹਿ, ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ, ਖੇਤੀਬਾੜੀ ਵਿਭਾਗ, ਸਿੱਖਿਆ ਤੇ ਸਿਹਤ ਵਿਭਾਗ ਆਦਿ ਸ਼ਾਮਲ ਹਨ। ਇਨ੍ਹਾਂ ਵਿਭਾਗਾਂ ਦੇ ਹੀ ਜ਼ਿਆਦਾਤਰ ਮੁਲਾਜ਼ਮਾਂ ਜਾਂ ਅਫ਼ਸਰਾਂ ਨੇ ਵਿਦੇਸ਼ਾਂ ਦੀ ਇਮੀਗਰੇਸ਼ਨ ਹਾਸਲ ਕੀਤੀ ਹੋਈ ਹੈ। ਸੂਚਨਾ ਦੇ ਅਧਿਕਾਰ ਤਹਿਤ ਹਾਸਲ ਜਾਣਕਾਰੀ ਮੁਤਾਬਕ ਤਕਰੀਬਨ ਦੋ ਹਜ਼ਾਰ ਅਫ਼ਸਰਾਂ ਨੇ ਵਿਦੇਸ਼ਾਂ ਦੀ ਇਮੀਗਰੇਸ਼ਨ ਹਾਸਲ ਕੀਤੀ ਹੋਈ ਹੈ।

ਕੇਂਦਰ ਤੇ ਸੂਬਾ ਸਰਕਾਰ ਦੇ ਨਿਯਮਾਂ ਮੁਤਾਬਕ ਕੋਈ ਵੀ ਕਰਮਚਾਰੀ ਜਾਂ ਅਫ਼ਸਰ ਅਜਿਹਾ ਨਹੀਂ ਕਰ ਸਕਦਾ। ਸੂਤਰਾਂ ਮੁਤਾਬਕ ਵਿਜੀਲੈਂਸ ਨੂੰ ਹੁਣ ਤੱਕ ਤਕਰੀਬਨ 300 ਕਰਮਚਾਰੀਆਂ ਜਾਂ ਅਫ਼ਸਰਾਂ ਦੀ ਜਾਣਕਾਰੀ ਦਿੱਤੀ ਗਈ ਹੈ। ਇਮੀਗਰੇਸ਼ਨ ਬਾਰੇ ਸੂਚਨਾ ਨਾ ਹੋਣ ਕਾਰਨ ਵਿਜੀਲੈਂਸ ਦੀ ਜਾਂਚ ਦਾ ਕੰਮ ਅੱਗੇ ਨਹੀਂ ਵਧ ਸਕਿਆ। ਬਿਊਰੋ ਦੇ ਸੂਤਰਾਂ ਦਾ ਕਹਿਣਾ ਹੈ ਕਿ ਇਮੀਗਰੇਸ਼ਨ ਬਾਰੇ ਸੂਚਨਾ ਹਾਸਲ ਹੋਣ ਤੋਂ ਬਾਅਦ ਹਰੇਕ ਵਿਭਾਗ ਦੇ ਮੁੱਖ ਵਿਜੀਲੈਂਸ ਅਫ਼ਸਰ ਦੀਆਂ ਸੇਵਾਵਾਂ ਲਈਆਂ ਜਾਣਗੀਆਂ।

# ਬਠਿੰਡਾ ਵਾਸੀਆਂ ਨੂੰ ਉਲਾਂਭੇ ਦੇਣ ਤੋਂ ਨਾ ਟਲੇ ਸੁਖਬੀਰ ਬਾਦਲ

**ਬਠਿੰਡਾ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪੂਰੇ ਸਾਢੇ ਪੰਜ ਮਹੀਨੇ ਮਗਰੋਂ ਬਠਿੰਡਾ ਸ਼ਹਿਰ ਦੇ ਲੋਕਾਂ ਨਾਲ ਵੋਟਾਂ ਦੇ ਮਾਮਲੇ ਉੱਤੇ ਨਾਰਾਜ਼ਗੀ ਜ਼ਾਹਰ ਕੀਤੀ। ਉਨ੍ਹਾਂ ਸ਼ਹਿਰੀ ਲੋਕਾਂ ਨੂੰ ਉਲਾਂਭੇ ਵੀ ਦਿੱਤੇ ਤੇ ਉਨ੍ਹਾਂ ਨਾਲ ਮੋਹ ਵੀ ਜਿਤਾਇਆ। ਲੋਕ ਸਭਾ ਚੋਣਾਂ ਵਿਚ ਹਰਸਿਮਰਤ ਕੌਰ ਬਾਦਲ ਨੂੰ ਬਠਿੰਡਾ ਸ਼ਹਿਰ ਵਿਚੋਂ 29 ਹਜ਼ਾਰ ਵੋਟ ਘੱਟ ਪਈ ਸੀ। ਉਦੋਂ ਤੋਂ ਬਾਦਲ ਪਰਿਵਾਰ ਸ਼ਹਿਰੀ ਲੋਕਾਂ ਨਾਲ ਅੰਦਰੋ-ਅੰਦਰੀਂ ਰੁਸੇਵੇਂ ਵਿਚ ਸੀ। ਬਾਦਲ ਪਰਿਵਾਰ ਨੇ ਸ਼ਹਿਰ ਵਿਚ



ਆਪਣੇ ਗੇੜੇ ਬਿਲਕੁਲ ਘਟਾ ਦਿੱਤੇ ਸਨ। ਲੋਕ ਸਭਾ ਚੋਣਾਂ ਮਗਰੋਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੀ ਸਿਰਫ਼ ਇਕ ਸਰਕਾਰੀ ਦੌਰੇ 'ਤੇ ਹੀ ਸ਼ਹਿਰ ਵਿਚ ਆਈ ਸੀ। ਸੁਖਬੀਰ ਸਿੰਘ ਬਾਦਲ ਨੇ ਇਥੇ ਰਿੰਗ ਰੋਡ ਫੇਜ਼ ਦੋ 'ਤੇ ਬਣੇ ਓਵਰ ਬਰਿੱਜ ਦਾ ਉਦਘਾਟਨ ਕਰਨ ਮਗਰੋਂ ਜਨਤਕ ਇਕੱਠ ਵਿਚ ਭਾਸ਼ਣ ਸ਼ੁਰੂ ਕਰਦੇ ਹੀ ਲੋਕਾਂ ਨੂੰ ਉਲਾਂਭਾ ਦਿੱਤਾ। ਉਨ੍ਹਾਂ ਆਖਿਆ 'ਬਠਿੰਡਾ ਵਾਲਿਓ, ਥੋਨੂੰ ਇਕ ਉਲਾਂਭਾ ਐ, ਅਸੀਂ ਰੱਜ ਕੇ ਪੰਜ ਸਾਲ ਬਠਿੰਡਾ ਦਾ ਵਿਕਾਸ ਕੀਤਾ, ਤੁਸੀਂ ਇਨਸਾਫ ਨਹੀਂ ਕੀਤਾ, ਖੁਸ਼ ਕਰਨ ਲਈ ਥੋਨੂੰ, ਹੋਰ ਕੀ ਕਰਨ ਦੀ ਲੋੜ ਐ।' ਉਨ੍ਹਾਂ ਦੱਸਿਆ ਕਿ ਉਹ ਸਰੂਪ ਸਿੰਗਲਾ ਨਾਲ ਵੀ ਚਰਚਾ ਕਰਦਾ ਰਿਹਾ ਹੈ ਕਿ ਵੋਟ ਏਨੀ ਕਿਉਂ ਘੱਟ ਗਈ, ਕੀ ਕਾਰਨ ਹੋ ਗਿਆ। ਸ. ਬਾਦਲ ਨੇ ਆਖ਼ਰ ਦਿਲ ਦੀ ਗੱਲ ਵੀ ਆਖ ਹੀ ਦਿੱਤੀ ਕਿ ਜਦੋਂ ਆਪਣੀ ਸਰਕਾਰ ਨਾ ਰਹੀ ਤਾਂ ਇਸ ਪਾਸੇ ਕਿਸੇ ਨੇ ਇਕ ਇੱਟ ਵੀ ਨਹੀਂ ਲਾਉਣੀ। ਹਾਲਾਂਕਿ ਉਹ ਪਿਛਲੇ ਭਾਸ਼ਣਾਂ ਵਿਚ 25 ਸਾਲ ਕਰਨ ਦੀ ਗੱਲ ਕਰਦੇ ਰਹੇ ਹਨ।

# ਖੇਤੀ ਸਬਸਿਡੀਆਂ ਜਾਰੀ ਰੱਖਣ ਦੀ ਪੈਰਵੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਕਾਮਨਵੈਲਥ ਪਾਰਲੀਮੈਂਟਰੀ ਐਸੋਸੀਏਸ਼ਨ (ਸੀ.ਪੀ.ਏ.) ਦੀ ਤਿੰਨ ਰੋਜ਼ਾ ਕਾਨਫਰੰਸ ਵਿਚ ਖੇਤੀਬਾੜੀ ਨੂੰ ਭਾਰਤ ਦੀ ਰੂਹ ਦੱਸਦੇ ਹੋਏ ਸਬਸਿਡੀਆਂ ਬਰਕਰਾਰ ਰੱਖਣ 'ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ ਰਾਸ਼ਟਰਮੰਡਲ ਦੇਸ਼ਾਂ ਦੇ ਮੈਂਬਰਾਂ ਦਾ ਵਰਕਿੰਗ ਗਰੁੱਪ ਕਾਇਮ ਕਰਕੇ ਇਸ ਦਾ ਹੈਡਕੁਆਰਟਰ ਪੰਜਾਬ ਵਿਚ ਬਣਾਉਣ ਦਾ ਪ੍ਰਸਤਾਵ ਪੇਸ਼ ਕੀਤਾ ਗਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੀ.ਪੀ.ਏ. ਦਾ ਸਥਾਈ ਹੈਡਕੁਆਰਟਰ ਪੰਜਾਬ ਵਿਚ ਬਣਾਉਣ ਲਈ ਲੋਕ ਸਭਾ ਸਪੀਕਰ ਤੋਂ ਸਹਿਯੋਗ ਦੀ ਮੰਗ ਕੀਤੀ।



ਇਸ ਵਰਕਸ਼ਾਪ ਵਿਚ ਭਾਰਤ, ਏਸ਼ੀਆ ਤੇ ਦੱਖਣ ਪੂਰਬ ਏਸ਼ੀਆ ਮੁਲਕਾਂ ਦੀਆਂ ਸੰਸਦੀ ਖੇਤੀਬਾੜੀ ਕਮੇਟੀਆਂ ਦੇ ਚੇਅਰਪਰਸਨ ਤੇ ਮੈਂਬਰ ਹਿੱਸਾ ਲਿਆ। ਇਸ ਮੌਕੇ ਲੋਕ ਸਭਾ ਦੀ ਸਪੀਕਰ ਸੁਮਿੱਤਰਾ ਮਹਾਜਨ ਨੇ ਆਪਣੇ ਉਦਘਾਟਨੀ ਭਾਸ਼ਣ ਵਿਚ ਕਿਹਾ ਕਿ ਸੰਸਦ ਪ੍ਰਣਾਲੀ ਵਿਚ ਅਜਿਹੀਆਂ ਕਮੇਟੀਆਂ ਬਣਾਉਣਾ ਸਮੇਂ ਦੀ ਲੋੜ ਹੈ। ਬੰਗਲਾਦੇਸ਼ ਦੀ ਸਪੀਕਰ ਤੇ ਸੀ.ਪੀ.ਏ. ਦੀ ਚੇਅਰਪਰਸਨ ਡਾ. ਸ਼ਿਰੀਨ ਸ਼ਰਮਿਨ ਚੌਧਰੀ ਨੇ ਕਿਹਾ ਕਿ ਖੇਤੀਬਾੜੀ ਸੈਕਟਰ ਦਾ ਵਿਕਾਸ ਇਕ ਮਹੱਤਵਪੂਰਨ ਵਿਸ਼ਾ ਹੈ। ਉਨ੍ਹਾਂ ਸੂਬਾਈ ਤੇ ਕੌਮੀ ਸਰਕਾਰਾਂ ਨੂੰ ਕਿਸਾਨਾਂ ਨੂੰ ਮੌਜੂਦਾ ਵਿਸ਼ਵ ਵਿਆਪੀ ਸੰਕਟ ਵਿਚੋਂ ਬਾਹਰ ਕੱਢਣ ਲਈ ਉਦਾਰਵਾਦੀ ਰਿਆਇਤਾਂ ਮੁਹੱਈਆ ਕਰਵਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਵੀ ਦੇਸ਼ ਦੀ 60 ਫ਼ੀਸਦੀ ਅਬਾਦੀ ਖੇਤੀ 'ਤੇ ਨਿਰਭਰ ਹੈ ਪਰ ਕੌਮੀ ਆਮਦਨ ਵਿਚ ਖੇਤੀਬਾੜੀ ਸੈਕਟਰ ਦਾ ਹਿੱਸਾ ਲਗਾਤਾਰ ਘਟਦਾ ਜਾ ਰਿਹਾ ਹੈ। ਕਈ ਵਰਗਾਂ ਦੇ ਵਿਰੋਧ ਦੇ ਬਾਵਜੂਦ ਪੰਜਾਬ ਸਰਕਾਰ ਕਿਸਾਨਾਂ ਨੂੰ ਖੇਤੀ ਲਈ ਮੁਫ਼ਤ ਬਿਜਲੀ ਮੁਹੱਈਆ ਕਰਵਾ ਰਹੀ ਹੈ। ਅਜਿਹੀਆਂ ਰਿਆਇਤਾਂ ਬੰਗਲਾਦੇਸ਼ ਸਰਕਾਰ ਵੀ ਦੇ ਰਹੀ ਹੈ।

ਇਸ ਮੌਕੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੰਸਦੀ ਖੇਤੀ ਕਮੇਟੀਆਂ ਕੀਟਨਾਸ਼ਕਾਂ ਤੇ ਨਦੀਨਨਾਸ਼ਕਾਂ ਦੀ ਬੇਲੋੜੀ ਵਰਤੋਂ ਨੂੰ ਰੋਕਣ ਲਈ ਕਦਮ ਚੁੱਕਣ। ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੇ ਕਿਹਾ ਕਿ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਜ਼ਰੂਰੀ ਉਪਰਾਲੇ ਕਰਨ ਦੀ ਲੋੜ ਹੈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਮਦਨ ਮੋਹਨ ਮਿੱਤਲ ਨੇ ਇਹ ਵਰਕਸ਼ਾਪ ਕਰਵਾਉਣ ਦੀ ਸ਼ਲਾਘਾ ਕੀਤੀ। ਪੰਜਾਬ ਵਿਧਾਨ ਸਭਾ ਦੇ ਸਪੀਕਰ ਡਾ. ਚਰਨਜੀਤ ਸਿੰਘ ਅਟਵਾਲ ਨੇ ਸਵਾਗਤੀ ਭਾਸ਼ਣ ਵਿਚ ਸੀ.ਪੀ.ਏ. ਦੀ ਇਸ ਪਹਿਲਕਦਮੀ ਨੂੰ ਅਹਿਮ ਕਾਰਜ ਦੱਸਦਿਆਂ ਕਿਹਾ ਕਿ ਖੇਤੀਬਾੜੀ ਸੱਭਿਅਤਾ ਦੀ ਬੁਨਿਆਦ ਹੁੰਦੀ ਹੈ।

# ਪਿਆਰਾ ਸਿੰਘ ਧਾਮੀ ਦਾ ਅਕਾਲ ਚਲਾਣਾ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਧਾਨ ਅਤੇ ਖਾਲਸਾ ਇੰਸ਼ੋਰੈਂਸ ਦੇ ਮਾਲਕ ਸ. ਹਰਜੋਤ ਸਿੰਘ ਖਾਲਸਾ ਦੇ ਸਹੁਰਾ ਅਤੇ ਪੰਜਾਬੀ ਰੇਡੀਓ ਯੂ ਐਸ ਏ ਦੇ ਮੈਨੇਜਿੰਗ ਡਾਇਰੈਕਟਰ ਬੀਬੀ ਬਲਵਿੰਦਰ ਕੌਰ ਖਾਲਸਾ ਦੇ ਪਿਤਾ ਸ. ਪਿਆਰਾ ਸਿੰਘ ਧਾਮੀ 31 ਅਕਤੂਬਰ ਨੂੰ ਅਕਾਲ ਚਲਾਣਾ ਕਰ ਗਏ। ਉਹ 85 ਸਾਲਾਂ ਦੇ ਸਨ ਅਤੇ ਪਿੰਡ ਧਾਮੀਆਂ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ ਤੋਂ ਸਨ। ਉਹ 1982 'ਚ ਪਰਿਵਾਰ ਸਮੇਤ ਉਤਰੀ ਅਮਰੀਕਾ ਆਏ ਸਨ। ਸ. ਪਿਆਰਾ ਸਿੰਘ ਧਾਮੀ ਆਪਣੇ ਪਿੱਛੇ ਬੇਟਾ ਰਵਿੰਦਰ ਸਿੰਘ ਧਾਮੀ ਤੇ ਤਿੰਨ ਧੀਆਂ- ਬਲਜਿੰਦਰ ਕੌਰ ਬਲ, ਬਲਵਿੰਦਰ ਕੌਰ ਖਾਲਸਾ ਤੇ ਕਮਲਜੀਤ ਕੌਰ ਦਿਉਲ ਅਤੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਤੇ ਪੜਪੋਤੇ ਛੱਡ ਗਏ ਹਨ।



ਸ. ਪਿਆਰਾ ਸਿੰਘ ਧਾਮੀ ਦਾ ਸੰਸਕਾਰ 8 ਨਵੰਬਰ, ਸਨਿਚਰਵਾਰ ਨੂੰ ਚੈਪਲ ਆਫ ਚਾਈਮਜ਼ (32992 ਮਿਸ਼ਨ ਬੁਲੇਵਾਰਡ) ਹੇਵਰਡ ਵਿਖੇ ਸਵੇਰੇ 9:30 ਤੋਂ 11:30 ਵਜੇ ਤੱਕ ਕੀਤਾ ਜਾਵੇਗਾ। ਵਿਛੜੀ ਆਤਮਾ ਦੀ ਯਾਦ ਵਿਚ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਉਸੇ ਦਿਨ ਬਾਅਦ ਦੁਪਹਿਰ 1:00 ਵਜੇ ਗੁਰਦੁਆਰਾ ਫਰੀਮਾਂਟ ਵਿਖੇ ਕੀਤੀ ਜਾਵੇਗੀ।

ਪਰਿਵਾਰ ਨਾਲ ਸੰਪਰਕ ਰਵਿੰਦਰ ਸਿੰਘ ਧਾਮੀ (408-904-9897) ਜਾਂ ਹਰਜੋਤ ਸਿੰਘ ਖਾਲਸਾ (408-218-1116) ਰਾਹੀਂ ਕੀਤਾ ਜਾ ਸਕਦਾ ਹੈ।

# ਪ੍ਰਤਾਪ ਬਾਜਵਾ ਦੀ ਕੁਰਸੀ ਨੂੰ ਚੁਫੇਰਿਓਂ ਘੇਰਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਅਜੇ ਵੀ ਆਪਣੇ ਅੰਦਰੂਨੀ ਕਲੇਸ਼ ਤੋਂ ਬਾਹਰ ਆਉਂਦੀ ਨਜ਼ਰ ਨਹੀਂ ਆ ਰਹੀ। ਵੱਡੀ ਗਿਣਤੀ ਕਾਂਗਰਸ ਵਰਕਰਾਂ ਨੇ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਅਹੁਦੇ ਤੋਂ ਲਾਂਭੇ ਕਰਨ ਲਈ ਮੁਹਿੰਮ ਛੇੜ ਦਿੱਤੀ ਹੈ। ਸ. ਬਾਜਵਾ ਨੂੰ ਹਾਲ ਵਿਚ ਲੁਧਿਆਣਾ ਵਿਚ ਆਪਣੇ ਹੀ ਪਾਰਟੀ ਵਰਕਰਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਫ਼ਿਰੋਜ਼ਪੁਰ ਜ਼ਿਲ੍ਹਾ ਕਾਂਗਰਸ ਤਹਿਤ ਪੈਂਦੇ ਜ਼ੀਰਾ, ਮੁਦਕੀ ਤੇ ਮਖੂ ਨਾਲ ਸਬੰਧਤ ਕਾਂਗਰਸ ਆਗੂਆਂ ਨੇ ਆਲ ਇੰਡੀਆ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਨੂੰ ਸ. ਬਾਜਵਾ ਖ਼ਿਲਾਫ਼ ਇਕ ਸਖ਼ਤ ਲਿਖਤੀ ਪੱਤਰ ਭੇਜ ਕੇ ਅਗਾਹ ਕੀਤਾ ਕਿ ਜੇਕਰ ਕਾਂਗਰਸ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਆਪਣੇ ਬਲਬੂਤੇ 'ਤੇ ਜਿੱਤਣਾ ਚਾਹੁੰਦੀ ਹੈ ਤਾਂ ਪ੍ਰਤਾਪ ਸਿੰਘ ਬਾਜਵਾ ਨੂੰ ਅਹੁਦੇ ਤੋਂ ਲਾਂਭੇ ਕੀਤਾ ਜਾਵੇ। ਕਈ ਕਾਂਗਰਸੀ ਆਗੂਆਂ ਨੇ ਆਪਣੇ ਦਸਖ਼ਤਾਂ ਹੇਠ ਸੋਨੀਆ ਗਾਂਧੀ ਨੂੰ ਲਿਖੇ ਪੱਤਰ ਵਿਚ ਦੋਸ਼ ਲਾਇਆ ਕਿ ਪ੍ਰਤਾਪ ਸਿੰਘ ਬਾਜਵਾ ਵੱਲੋਂ ਨਾਦਰਸ਼ਾਹੀ ਤਰੀਕੇ ਨਾਲ ਵਰਕਰਾਂ ਨੂੰ ਅਹੁਦਿਆਂ ਤੋਂ ਹਟਾਇਆ ਜਾ ਰਿਹਾ ਹੈ। ਪਾਰਟੀ ਦੇ ਨਿਯਮਾਂ ਦੇ ਉਲਟ ਚੱਲ ਕੇ ਚੋਣ ਪ੍ਰਕ੍ਰਿਆ ਰਾਹੀਂ ਚੁਣੇ ਆਗੂਆਂ 'ਤੇ ਸੂਬੇ ਅੰਦਰ ਕਾਰਜਕਾਰੀ ਪ੍ਰਧਾਨ ਥਾਪੇ ਜਾ ਰਹੇ ਹਨ। ਉਕਤ ਆਗੂਆਂ ਨੇ ਹਾਈਕਮਾਨ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਪੰਜਾਬ ਵਿਚ ਕਾਂਗਰਸ ਨੂੰ ਲੀਹਾਂ 'ਤੇ ਲਿਆਉਣ ਲਈ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨਗੀ ਅਹੁਦੇ 'ਤੇ ਕਿਸੇ ਯੋਗ ਆਗੂ ਨੂੰ ਲਗਾਇਆ ਜਾਵੇ, ਜੋ ਸਮੂਹ ਪਾਰਟੀ ਵਰਕਰਾਂ ਨੂੰ ਇਕਜੁਟ ਕਰ ਸਕੇ।

ਦੱਸਣਯੋਗ ਹੈ ਕਿ ਕੈਪਟਨ ਪਹਿਲਾਂ ਹੀ ਚੁਣੌਤੀ ਦਿੰਦੇ ਆ ਰਹੇ ਹਨ ਕਿ ਸ. ਬਾਜਵਾ ਨੂੰ ਕਿਸੇ ਵੀ ਬਲਾਕ ਪ੍ਰਧਾਨ ਨੂੰ ਹਟਾਉਣ ਜਾਂ ਨਿਯੁਕਤ ਕਰਨ ਦਾ ਕੋਈ ਸੰਵਿਧਾਨਕ ਅਧਿਕਾਰ ਨਹੀਂ ਹੈ। ਉਧਰ ਬਾਜਵਾ ਨੇ ਸਪੱਸ਼ਟ ਕੀਤਾ ਕਿ ਉਹ ਪੰਜਾਬ ਕਾਂਗਰਸ ਦੀਆਂ ਸਰਗਰਮੀਆਂ ਵਿਚ ਰੋੜਾ ਬਣ ਰਹੇ ਪਾਰਟੀ ਦੇ ਕੁਝ ਆਗੂਆਂ ਦੀਆਂ ਸਰਗਰਮੀਆਂ ਬਾਰੇ ਰੋਜ਼ਾਨਾ ਹਾਈਕਮਾਨ ਨੂੰ ਸੂਚਿਤ ਕਰਦੇ ਆ ਰਹੇ ਹਨ।

ਉਨ੍ਹਾਂ ਕਿਹਾ ਕਿ ਲੁਧਿਆਣਾ ਵਿਚ ਸਿਰਫ਼ ਇਕ ਦਰਜਨ ਵਿਅਕਤੀਆਂ ਵੱਲੋਂ ਕਿਸੇ ਦੇ ਇਸ਼ਾਰੇ ਉਤੇ ਉਨ੍ਹਾਂ ਵਿਰੁੱਧ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ ਜਦੋਂਕਿ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਸਮੁੱਚੀ ਲੀਡਰਸ਼ਿਪ ਪੂਰੀ ਤਰ੍ਹਾਂ ਇਕਜੁੱਟ ਹੈ। ਉਹ ਉਨ੍ਹਾਂ ਦੀਆਂ ਸਰਗਰਮੀਆਂ ਵਿਚ ਅੜਿੱਕੇ ਪਾਉਣ ਵਾਲੇ ਲੋਕਾਂ ਤੋਂ ਬੇਪ੍ਰਵਾਹ ਹੁੰਦੇ ਹੋਏ ਨਿਰੰਤਰ ਬਲਾਕ ਪੱਧਰ ਦੇ ਦੌਰੇ ਜਾਰੀ ਰੱਖਣਗੇ ਤੇ ਹਰੇਕ ਬੂਥ ਉੱਤੇ 11 ਮੈਂਬਰੀ ਕਾਂਗਰਸੀ ਵਰਕਰਾਂ ਦੀ ਟੀਮ ਕਾਇਮ ਕਰਨਗੇ। ਉਹ 15 ਦਸੰਬਰ ਤੱਕ ਪਾਰਟੀ ਦੇ ਢਾਈ ਲੱਖ ਵਲੰਟੀਅਰ ਕਾਇਮ ਕਰਕੇ ਅਕਾਲੀ ਦਲ-ਭਾਜਪਾ ਸਰਕਾਰ ਵਿਰੁੱਧ ਇਕਜੁੱਟਤਾ ਨਾਲ ਲੜਾਈ ਸ਼ੁਰੂ ਕਰ ਦੇਣਗੇ।

## ਆਮ ਵਰਕਰ ਵੀ ਸ਼ਿਕਾਇਤ ਲੈ ਕੇ ਪੁੱਜੇ ਸੋਨੀਆ ਦਰਬਾਰ



### ਹਾਈਕਮਾਨ ਢਾਹ ਲਾਉਣ ਵਾਲਿਆਂ ਤੋਂ ਜਾਣੂ: ਬਾਜਵਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਕਾਂਗਰਸ ਨੂੰ ਨੁਕਸਾਨ ਪਹੁੰਚਾਉਣ ਲਈ ਵੱਖ-ਵੱਖ ਤਰ੍ਹਾਂ ਦੇ ਹੀਲੇ ਵਰਤ ਰਹੇ ਨੇਤਾਵਾਂ ਦੀਆਂ ਸਰਗਰਮੀਆਂ ਦੀ ਪਲ-ਪਲ ਦੀ ਰਿਪੋਰਟ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਕੋਲ ਪੁੱਜ ਰਹੀ ਹੈ। ਹਾਈਕਮਾਨ ਪੰਜਾਬ ਕਾਂਗਰਸ ਦੀਆਂ ਸਰਗਰਮੀਆਂ ਅੱਗੇ ਵਾਰ-ਵਾਰ ਦੀਵਾਰ ਖੜ੍ਹੀ ਕਰਨ ਵਾਲਿਆਂ ਤੋਂ ਚੰਗੀ ਤਰ੍ਹਾਂ ਜਾਣੂ ਹੈ ਤੇ ਸਮਾਂ ਆਉਣ 'ਤੇ ਸਾਰਾ ਕੁਝ ਸਾਫ ਹੋ ਜਾਵੇਗਾ। ਪਿਛਲੇ ਕੁਝ ਦਿਨਾਂ ਤੋਂ ਉਨ੍ਹਾਂ ਵਿਰੁੱਧ ਕੂੜ ਪ੍ਰਚਾਰ ਕਰਦੇ ਆ ਰਹੇ ਲੁਧਿਆਣਾ ਜ਼ਿਲ੍ਹੇ ਦੇ ਚਾਰ ਬਲਾਕ ਪ੍ਰਧਾਨਾਂ ਪਲਵਿੰਦਰ ਸਿੰਘ ਤੱਗੜ, ਬਲਜਿੰਦਰ ਸਿੰਘ ਬੰਟੀ, ਸਤਵਿੰਦਰ ਸਿੰਘ ਜਵੱਦੀ ਤੇ ਵਿਨੋਦ ਨੂੰ ਦੋ-ਦੋ ਨੋਟਿਸ ਭੇਜਣ ਦੇ ਬਾਵਜੂਦ ਉਨ੍ਹਾਂ ਪਾਸੋਂ ਕੋਈ ਜਵਾਬ ਨਾ ਮਿਲਣ ਤੋਂ ਬਾਅਦ ਜਿਥੇ ਉਨ੍ਹਾਂ ਦੀ ਥਾਂ ਹੋਰ ਬਲਾਕ ਪ੍ਰਧਾਨ ਨਿਯੁਕਤ ਕਰ ਦਿੱਤੇ ਗਏ ਹਨ, ਉਥੇ ਹੀ ਇਨ੍ਹਾਂ ਚਾਰਾਂ ਨੂੰ ਪਾਰਟੀ ਵਿਚੋਂ ਮੁਅੱਤਲ ਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਿਹੜੇ ਪਾਰਟੀ ਆਗੂ ਬਿਨ੍ਹਾਂ ਵਜ੍ਹਾ ਪਾਰਟੀ ਨੂੰ ਨੁਕਸਾਨ ਪਹੁੰਚਾ ਰਹੇ ਹਨ, ਹਾਈ ਕਮਾਨ ਉਨ੍ਹਾਂ ਦੀ ਖਬਰ ਜ਼ਰੂਰ ਲਵੇਗੀ। ਲੀਡਰਸ਼ਿਪ ਦਾ ਫੈਸਲਾ ਜਦੋਂ ਹਾਈ ਕਮਾਨ ਕਰਦੀ ਹੈ ਤਾਂ ਅਜਿਹੇ ਵਿਦਰੋਹ ਨਾਲ ਵੀ ਉਹ ਚੰਗੀ ਤਰ੍ਹਾਂ ਨਜਿੱਠੇਗੀ।

## ਕੈਪਟਨ ਵੱਲੋਂ ਬਾਜਵਾ ਵਿਰੋਧੀਆਂ ਨੂੰ ਹੱਲਾਸ਼ੇਰੀ

ਕੈਪਟਨ ਅਮਰਿੰਦਰ ਸਿੰਘ ਨੇ ਸ. ਬਾਜਵਾ ਦੇ ਕੱਟੜ ਵਿਰੋਧੀ ਕਾਂਗਰਸੀ ਆਗੂ ਗੁਰਸਿਮਰਨ ਸਿੰਘ ਮੰਡ ਨੂੰ ਆਲ ਇੰਡੀਆ ਜੱਟ ਮਹਾਂਸਭਾ ਦੀ ਪੰਜਾਬ ਇਕਾਈ ਦਾ ਸਕੱਤਰ ਨਿਯੁਕਤ ਕੀਤਾ ਹੈ। ਸ. ਮੰਡ ਵੱਲੋਂ ਸਾਥੀਆਂ ਸਮੇਤ ਸ. ਬਾਜਵਾ ਦੀ ਲੁਧਿਆਣਾ ਫੇਰੀ ਦਾ ਤਕੜਾ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਸ. ਬਾਜਵਾ ਦੇ ਪੁਤਲੇ ਫੂਕਣ ਤੇ ਉਨ੍ਹਾਂ ਦੀ ਕਾਰ ਘੇਰ ਕੇ ਕਾਲੇ ਝੰਡੇ ਦਿਖਾਉਣ ਦੇ ਪ੍ਰੋਗਰਾਮ ਵਿਚ ਅਹਿਮ ਰੋਲ ਅਦਾ ਕੀਤਾ ਸੀ। ਕੈਪਟਨ ਦੀ ਸ਼ਰਨ ਵਿਚ ਪੁੱਜੇ ਬਾਜਵਾ ਵਿਰੋਧੀਆਂ ਨੇ ਦੱਸਿਆ ਕਿ ਸ. ਬਾਜਵਾ ਨੇ ਪਾਰਟੀ ਦੀ ਮਜ਼ਬੂਤੀ ਤੇ ਪਾਰਟੀ ਵਰਕਰਾਂ ਦੇ ਗਿਲਾ ਸ਼ਿਕਵੇ ਸੁਣਨ ਲਈ ਤਿੰਨ ਰੋਜ਼ਾ ਲੁਧਿਆਣਾ ਦੌਰਾ ਰੱਖਿਆ ਸੀ ਪਰ ਦੌਰੇ ਦੌਰਾਨ ਉਹ ਪਾਰਟੀ ਨੂੰ ਮਜ਼ਬੂਤ ਕਰਨ ਦੀ ਥਾਂ ਪਾਰਟੀ ਵਿਚ ਹੋਰ ਗੁੱਟਬਾਜ਼ੀ ਪੈਦਾ ਕਰ ਗਏ ਹਨ। ਕੈਪਟਨ ਅਮਰਿੰਦਰ ਸਿੰਘ ਨੇ ਆਗੂਆਂ ਦੀ ਗੱਲ ਹਾਈਕਮਾਨ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ।

# ਅਨਿਲ ਜੋਸ਼ੀ ਦੀ ਚੋਣ ਕਾਨੂੰਨੀ ਜਾਂਚ ਦੇ ਘੇਰੇ ਵਿਚ ਆਈ

**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਅਨਿਲ ਜੋਸ਼ੀ ਦੀ ਅੰਮ੍ਰਿਤਸਰ ਉੱਤਰੀ ਹਲਕੇ ਤੋਂ ਚੋਣ ਕਾਨੂੰਨੀ ਜਾਂਚ ਦੇ ਘੇਰੇ ਵਿਚ ਆ ਗਈ ਹੈ। ਇਕ ਵਕੀਲ ਵੱਲੋਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਮੰਤਰੀ ਖ਼ਿਲਾਫ਼ ਦੋਸ਼ ਲਾਏ ਗਏ ਹਨ ਕਿ ਉਨ੍ਹਾਂ ਨੇ 'ਚੋਣ ਬਾਰੇ ਕਈ ਧਾਂਦਲੀਆਂ' ਕੀਤੀਆਂ ਹਨ।

ਆਪਣੀ ਪਟੀਸ਼ਨ ਵਿਚ ਐਡਵੋਕੇਟ ਵਨੀਤ ਮਹਾਜਨ ਨੇ ਦੋਸ਼ ਲਾਇਆ ਕਿ ਜੋਸ਼ੀ ਨੇ ਆਪਣੇ ਨਾਮਜ਼ਦਗੀ ਕਾਗਜ਼ਾਂ ਵਿਚ ਦਾਅਵਾ ਕੀਤਾ ਹੈ ਕਿ ਚੋਣ ਸੂਚੀ ਵਿਚ ਵੋਟਰ ਵਜੋਂ ਉਨ੍ਹਾਂ ਦਾ ਨਾਂ ਸ਼ਾਮਲ ਹੈ ਪਰ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਜਾਂਚ ਤੋਂ ਬਾਅਦ ਇਹ ਦਾਅਵਾ ਝੂਠਾ ਤੇ ਗਲਤ ਪਾਇਆ ਗਿਆ ਹੈ।

ਵੋਟਰ ਸੂਚੀ ਵਿਚ ਜੋਸ਼ੀ ਤੇ ਉਸ ਦੇ ਪਰਿਵਾਰ ਦੇ ਨਾਂ ਵੱਖਰੀ ਲਿਖਾਈ ਵਿਚ ਲਿਖੇ ਹੋਏ ਹਨ। ਇਹ ਨਾਂ ਸੂਚੀ ਦੀ ਪ੍ਰਕਾਸ਼ਨਾ ਵੇਲੇ ਸ਼ਾਮਲ ਕੀਤੇ ਗਏ ਹਨ ਜੋ ਕਿ ਕਾਨੂੰਨੀ ਤੌਰ 'ਤੇ ਗ਼ਲਤ ਹੈ। ਪਟੀਸ਼ਨਰ ਨੇ ਇਹ ਵੀ ਕਿਹਾ ਹੈ ਕਿ ਜੋਸ਼ੀ ਦੀ ਭਾਜਪਾ ਉਮੀਦਵਾਰ ਵਜੋਂ ਚੋਣ ਵੋਟਰ ਹੋਣ ਦੇ ਝੂਠੇ ਤੇ ਗਲਤ ਦਾਅਵੇ ਦੇ ਆਧਾਰ 'ਤੇ ਹੋਈ ਸੀ। ਇਹ ਪਟੀਸ਼ਨ ਜਸਟਿਸ ਅਜੇ ਕੁਮਾਰ ਮਿੱਤਲ ਤੇ ਜਸਟਿਸ ਰਾਜ ਰਾਹੁਲ ਗਰਗ ਦੇ ਬੈਂਚ ਅੱਗੇ ਸੁਣਵਾਈ ਲਈ ਆਈ ਸੀ।

ਬੈਂਚ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 25 ਨਵੰਬਰ ਲਈ ਨਿਰਧਾਰਤ ਕੀਤੀ ਹੈ। ਐਡਵੋਕੇਟ ਮਹਾਜਨ ਨੇ ਹਾਈਕੋਰਟ ਪਾਸੋਂ ਅਨਿਲ ਜੋਸ਼ੀ ਨੂੰ ਪੰਜਾਬ ਵਿਧਾਨ ਸਭਾ ਦੇ ਮੈਂਬਰ ਵਜੋਂ ਅਯੋਗ ਐਲਾਨੇ ਜਾਣ ਦੇ ਨਾਲ ਨਾਲ ਅੰਮ੍ਰਿਤਸਰ ਉੱਤਰੀ ਹਲਕੇ ਦੀ ਸੀਟ ਨੂੰ ਖ਼ਾਲੀ ਐਲਾਨੇ ਜਾਣ ਬਾਰੇ ਵੀ ਬੇਨਤੀ ਕੀਤੀ ਹੈ।

# ਪੰਚਾਇਤਾਂ ਦੀ ਅੜੀ ਕਾਰਨ ਘਿਰੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਦੀਆਂ ਗਰਾਮ ਪੰਚਾਇਤਾਂ ਦੇ ਆਡਿਟ ਦਾ ਮਾਮਲਾ ਉਲਝਦਾ ਜਾ ਰਿਹਾ ਹੈ। ਸਰਕਾਰ ਵੱਲੋਂ ਇਹ ਆਡਿਟ ਵਿੱਤੀ ਪਾਰਦਰਸ਼ਤਾ ਲਈ ਕਰਵਾਉਣ ਦੀ ਗੱਲ ਆਖੀ ਜਾ ਰਹੀ ਹੈ ਪਰ ਪੰਚਾਇਤਾਂ ਦੇ ਵਿਆਪਕ ਵਿਰੋਧ ਪਿੱਛੋਂ ਸਰਕਾਰ ਲਈ ਕਸੂਤੀ ਸਥਿਤੀ ਬਣੀ ਗਈ ਹੈ। ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਨੇ ਆਡਿਟ ਤੋਂ ਪਿਛਾਂਹ ਹਟਣ ਦਾ ਮਾਮਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉੱਤੇ ਛੱਡ ਦਿੱਤਾ ਹੈ। ਵਿਭਾਗ ਦੇ ਸੂਤਰਾਂ ਦਾ ਦੱਸਣਾ ਹੈ ਕਿ ਪੰਚਾਇਤਾਂ ਦੇ ਵਿੱਤੀ ਆਡਿਟ ਉੱਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਸਰਕਾਰ ਦੇ ਫੈਸਲੇ ਮੁਤਾਬਕ ਗਰਾਮ ਪੰਚਾਇਤਾਂ ਨੂੰ ਦਿੱਤੀਆਂ ਗਰਾਂਟਾਂ ਦਾ ਆਡਿਟ ਦੀਵਾਲੀ ਤੋਂ ਤੁਰੰਤ ਬਾਅਦ ਸ਼ੁਰੂ ਹੋਣਾ ਸੀ ਪਰ ਪੰਚਾਇਤੀ ਨੁਮਾਇੰਦਿਆਂ ਦੇ ਵਿਰੋਧ ਕਾਰਨ ਨਾਮਜ਼ਦ ਚਾਰਟਡ ਅਕਾਊਂਟੈਂਟ ਆਡਿਟ ਦਾ ਕੰਮ ਸ਼ੁਰੂ ਨਹੀਂ ਕਰ ਸਕੇ।

ਮਹੱਤਵਪੂਰਨ ਤੱਥ ਇਹ ਹੈ ਕਿ ਸੂਬੇ ਦੀਆਂ 13 ਹਜ਼ਾਰ ਤੋਂ ਜ਼ਿਆਦਾ ਗਰਾਮ ਪੰਚਾਇਤਾਂ ਨੂੰ ਹਰ ਸਾਲ ਔਸਤਨ 650 ਕਰੋੜ ਰੁਪਏ ਦੀ ਗਰਾਂਟ, 300 ਕਰੋੜ ਰੁਪਏ ਦੇ ਮਨਰੇਗਾ ਫੰਡ ਤੇ ਜ਼ਮੀਨਾਂ ਦੇ ਠੇਕੇ ਤੋਂ 200 ਕਰੋੜ ਰੁਪਏ ਦੀ ਆਮਦਨ ਹੁੰਦੀ ਹੈ। ਇਸ ਤਰ੍ਹਾਂ ਨਾਲ ਪੰਚਾਇਤਾਂ ਵੱਲੋਂ ਇਕ ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਪੈਸੇ ਦਾ ਹਿਸਾਬ ਨਾ ਦੇਣ ਲਈ ਸੰਘਰਸ਼ ਵਿੱਢਿਆ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਗਰਾਮ ਪੰਚਾਇਤਾਂ ਦੀਆਂ ਗਰਾਂਟਾਂ ਦਾ ਕੰਮ ਚਾਰਟਡ ਅਕਾਊਂਟੈਂਟਸ ਨੂੰ ਦੇਣ ਦੇ ਮਾਮਲੇ ਦਾ ਵਿਰੋਧ ਬੜਾ ਹੀ ਰੋਚਕ ਹੈ। ਪੰਚਾਇਤੀ ਨੁਮਾਇੰਦਿਆ ਵੱਲੋਂ ਤਾਂ ਆਡਿਟ ਦਾ ਵਿਰੋਧ ਕੀਤਾ ਹੀ ਜਾਂਦਾ ਹੈ ਸਗੋਂ ਵਿਭਾਗ ਦੇ ਅਧਿਕਾਰੀ ਤੇ ਕਰਮਚਾਰੀਆਂ ਵੱਲੋਂ ਵੀ ਅੰਦਰਖਾਤੇ ਇਸ ਆਡਿਟ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਸੂਚਨਾ ਅਧਿਕਾਰ ਕਾਨੂੰਨ ਤਹਿਤ ਇਹ ਤੱਥ ਜੱਗ ਜ਼ਾਹਿਰ ਹੋ ਚੁੱਕੇ ਹਨ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਚੋਣਾਂ ਤੋਂ ਐਨ ਪਹਿਲਾਂ ਮੁਕਤਸਰ ਜ਼ਿਲ੍ਹੇ ਦੀਆਂ ਪੰਚਾਇਤਾਂ ਨੂੰ ਆਪਣੇ ਅਖ਼ਤਿਆਰੀ ਕੋਟੇ ਵਿਚੋਂ 47 ਕਰੋੜ ਰੁਪਏ ਦੀਆਂ ਗਰਾਂਟਾਂ ਦਿੱਤੀਆਂ ਗਈਆਂ ਸਨ। ਇਸੇ ਤਰ੍ਹਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਪਣੇ ਅਖ਼ਤਿਆਰੀ ਕੋਟੇ ਵਿਚੋਂ ਮੁਕਤਸਰ, ਬਠਿੰਡਾ ਤੇ ਮਾਨਸਾ ਆਦਿ ਜ਼ਿਲ੍ਹਿਆਂ ਨੂੰ ਦਿਲ ਖੋਲ੍ਹ ਕੇ ਗਰਾਂਟਾਂ ਦਿੱਤੀਆਂ ਜਾਂਦੀਆਂ ਹਨ। ਮਨਰੇਗਾ ਦੇ ਫੰਡਾਂ ਵਿਚ ਬਹੁ ਕਰੋੜੀ ਘਪਲਾ ਸਾਬਕਾ ਪੰਚਾਇਤ ਮੰਤਰੀ ਸੁਰਜੀਤ ਸਿੰਘ ਰੱਖੜਾ ਦੇ ਵਿਧਾਨ ਸਭਾ ਹਲਕੇ ਵਿਚ ਸਾਹਮਣੇ ਆ ਚੁੱਕਾ ਹੈ। ਅੰਮ੍ਰਿਤਸਰ ਜ਼ਿਲ੍ਹੇ ਦੀਆਂ ਪੰਚਾਇਤਾਂ ਨੂੰ ਦਿੱਤੇ ਸਰਹੱਦੀ ਖੇਤਰ ਵਿਕਾਸ ਫੰਡ ਦੇ ਬਹੁ ਕਰੋੜੀ ਘਪਲੇ ਵਿਚ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦਾ ਪੀ.ਏ. ਫਸ ਚੁੱਕਾ ਹੈ। ਸੰਸਦ ਮੈਂਬਰਾਂ ਦੇ ਕੋਟੇ ਦਾ ਫੰਡ ਵੀ ਪੰਚਾਇਤਾਂ ਰਾਹੀਂ ਵਰਤਿਆ ਜਾਂਦਾ ਹੈ। ਗਰਾਮ ਪੰਚਾਇਤਾਂ ਨੂੰ ਮਿਲਦੀਆਂ ਗਰਾਂਟਾਂ ਤੇ ਆਮਦਨ ਦਾ ਮੁੱਦਾ ਬੜਾ ਹੀ ਦਿਲਚਸਪ ਹੈ। ਪੰਚਾਇਤਾਂ ਦੇ ਵਿੱਤੀ ਆਡਿਟ ਦੇ ਕੀਤੇ ਜਾ ਰਹੇ ਵਿਰੋਧ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਪੰਚਾਇਤੀ ਨੁਮਾਇੰਦੇ ਪਿੰਡ ਵਾਸੀਆਂ ਤੇ ਸਰਕਾਰ ਨੂੰ ਗਰਾਂਟਾਂ ਦਾ ਹਿਸਾਬ ਨਹੀਂ ਦੇਣਾ ਚਾਹੁੰਦੇ।

# ਨਸ਼ਿਆਂ ਦੀ ਡਾਢੀ ਮਾਰ ਤੋਂ ਅੱਕੇ ਪਿੰਡਾਂ ਵਾਲੇ ਹੁਣ ਖੁਦ ਉਠਣ ਲੱਗੇ

**ਬਠਿੰਡਾ:** ਪੰਜਾਬ ਵਿਚ ਪਿੰਡਾਂ ਦੇ ਲੋਕਾਂ ਨੇ ਹੁਣ ਆਪਣੇ ਪੱਧਰ 'ਤੇ ਨਸ਼ਿਆਂ ਖ਼ਿਲਾਫ਼ ਵਿਆਪਕ ਲਾਮਬੰਦੀ ਸ਼ੁਰੂ ਕਰ ਦਿੱਤੀ ਹੈ। ਵੱਡੀ ਗਿਣਤੀ ਪੰਚਾਇਤਾਂ ਨੇ ਪੰਜਾਬ ਸਰਕਾਰ ਨੂੰ ਮਤੇ ਪਾਸ ਕਰਕੇ ਅਗਲੇ ਮਾਲੀ ਵਰ੍ਹੇ ਦੌਰਾਨ ਪਿੰਡਾਂ ਵਿਚ ਸ਼ਰਾਬ ਦੇ ਠੇਕੇ ਨਾ ਖੋਲ੍ਹਣ ਦੀ ਮੰਗ ਕੀਤੀ ਹੈ। ਇਹ ਪੰਚਾਇਤਾਂ ਆਪੋ ਆਪਣੇ ਪਿੰਡ ਨੂੰ ਨਸ਼ਾ

### 106 ਪਿੰਡਾਂ ਵੱਲੋਂ ਸ਼ਰਾਬ ਦੇ ਠੇਕਿਆਂ ਵਿਰੁਧ ਮਤਾ

ਮੁਕਤ ਰੱਖਣਾ ਚਾਹੁੰਦੀਆਂ ਹਨ। ਇਸ ਮੁਹਿੰਮ ਵਿਚ ਤਕਰੀਬਨ 106 ਪਿੰਡਾਂ ਦੇ ਲੋਕ ਸ਼ਾਮਲ ਹੋਏ ਹਨ ਜਿਨ੍ਹਾਂ ਨੇ ਨਸ਼ਾ ਮੁਕਤ ਪਿੰਡ ਬਣਾਉਣ ਦਾ ਪ੍ਰਣ ਲਿਆ ਹੈ।

ਮੁੱਖ ਮੰਤਰੀ ਪੰਜਾਬ ਦੇ ਜੱਦੀ ਹਲਕੇ ਲੰਬੀ ਵਿਚੋਂ ਕਾਫ਼ੀ ਸਮੇਂ ਬਾਅਦ ਪਹਿਲੀ ਦਫ਼ਾ ਪਿੰਡ ਚੰਨੂੰ ਦੀ ਪੰਚਾਇਤ ਨੇ ਪਿੰਡ ਵਿਚ ਸ਼ਰਾਬ ਦਾ ਠੇਕਾ ਨਾ ਖੋਲ੍ਹਣ ਲਈ ਮਤਾ ਪਾਸ ਕੀਤਾ ਹੈ। ਮਿਲੀ ਜਾਣਕਾਰੀ ਮੁਤਾਬਕ ਮਾਲੀ ਵਰ੍ਹੇ 2015 16 ਵਿਚ ਸ਼ਰਾਬ ਦੇ ਠੇਕੇ ਨਾ ਖੁਲ੍ਹਵਾਉਣ ਦੀਆਂ ਇੱਛੁਕ ਪੰਚਾਇਤਾਂ ਵੱਲੋਂ 30 ਸਤੰਬਰ 2014 ਤੱਕ ਪੰਚਾਇਤੀ ਮਤੇ ਪਾਸ ਕੀਤੇ ਜਾਣ ਦਾ ਸਮਾਂ ਸੀ। ਕਰ ਤੇ ਆਬਕਾਰੀ ਮਹਿਕਮੇ ਕੋਲ ਹੁਣ ਤੱਕ 106 ਪੰਚਾਇਤਾਂ ਦੇ ਮਤੇ ਪੁੱਜੇ ਹਨ ਜਿਨ੍ਹਾਂ ਨੇ ਅਗਲੇ ਮਾਲੀ ਵਰ੍ਹੇ ਦੌਰਾਨ ਸ਼ਰਾਬ ਦੇ ਠੇਕੇ ਨਾ ਖੋਲ੍ਹੇ ਜਾਣ ਦੀ ਅਪੀਲ ਕੀਤੀ ਹੈ।

ਸੰਗਰੂਰ ਜ਼ਿਲ੍ਹਾ ਪਹਿਲੇ ਨੰਬਰ ਉੱਤੇ ਹੈ ਜਿਥੋਂ ਦੀਆਂ 50 ਪੰਚਾਇਤਾਂ ਨੇ ਠੇਕਿਆਂ ਖ਼ਿਲਾਫ਼ ਮਤੇ ਪਾਸ ਕੀਤੇ ਹਨ। ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 40 (1) ਤਹਿਤ ਕੋਈ ਵੀ ਪੰਚਾਇਤ ਆਪਣੇ ਪਿੰਡ ਵਿਚ ਸ਼ਰਾਬ ਦਾ ਠੇਕਾ ਨਾ ਖੋਲ੍ਹੇ ਜਾਣ ਦਾ ਫੈਸਲਾ ਲੈ ਸਕਦੀ ਹੈ। ਪੰਚਾਇਤੀ ਮਤੇ ਮਗਰੋਂ ਸਰਕਾਰ ਵੱਲੋਂ ਆਬਕਾਰੀ ਤੇ ਪੁਲਿਸ ਵਿਭਾਗ ਤੋਂ ਪਿੰਡ ਦੀ ਰਿਪੋਰਟ ਲਈ ਜਾਂਦੀ ਹੈ। ਪੰਚਾਇਤੀ ਮਤਾ ਦੋ ਤਿਹਾਈ ਬਹੁਮਤ ਨਾਲ ਪਾਸ ਹੋਣਾ ਲਾਜ਼ਮੀ ਹੈ ਤੇ ਪਿੰਡ ਵਿਚ ਪਿਛਲੇ ਦੋ ਸਾਲਾਂ ਦੌਰਾਨ ਕੋਈ ਆਬਕਾਰੀ ਜੁਰਮ ਨਹੀਂ ਹੋਣਾ ਚਾਹੀਦਾ ਹੈ।

ਐਤਕੀਂ ਅੰਮ੍ਰਿਤਸਰ ਜ਼ਿਲ੍ਹੇ ਦੀਆਂ ਨੌਂ ਪੰਚਾਇਤਾਂ, ਪਟਿਆਲਾ ਦੀਆਂ ਅੱਠ ਪੰਚਾਇਤਾਂ, ਬਰਨਾਲਾ ਦੀਆਂ ਸੱਤ, ਨਵਾਂ ਸ਼ਹਿਰ ਦੀਆਂ ਪੰਜ, ਮੋਗਾ ਦੀਆਂ ਦੋ, ਫਾਜ਼ਿਲਕਾ ਦੀਆਂ ਦੋ, ਫਿਰੋਜ਼ਪੁਰ ਦੀਆਂ ਪੰਜ, ਮਾਨਸਾ ਦੀ ਇਕ, ਰੋਪੜ ਦੀਆਂ ਚਾਰ, ਲੁਧਿਆਣਾ ਦੀਆਂ ਦੋ, ਗੁਰਦਾਸਪੁਰ ਦੀਆਂ ਦੋ, ਹੁਸ਼ਿਆਰਪੁਰ ਦੀਆਂ ਪੰਜ ਤੇ ਬਠਿੰਡਾ ਦੀ ਇਕ ਪੰਚਾਇਤ ਨੇ ਠੇਕਿਆਂ ਖ਼ਿਲਾਫ਼ ਮਤਾ ਪਾਸ ਕੀਤਾ ਹੈ।

ਹਲਕਾ ਲੰਬੀ ਦੇ ਪਿੰਡ ਚੰਨੂੰ ਦੇ ਸਰਪੰਚ ਖੁਸ਼ਵਿੰਦਰ ਸਿੰਘ ਦਾ ਕਹਿਣਾ ਸੀ ਕਿ ਸ਼ਰਾਬ ਦਾ ਠੇਕਾ ਪਿੰਡ ਦੇ ਵਿਚਾਲੇ ਹੈ ਤੇ ਲੋਕਾਂ ਨੇ ਪਹਿਲਾਂ ਪਿੰਡੋਂ ਬਾਹਰ ਠੇਕਾ ਕੱਢਣ ਲਈ ਆਖਿਆ ਸੀ। ਹੁਣ ਪਿੰਡ ਦੇ ਸਮੂਹ ਲੋਕਾਂ ਨੇ ਪਿੰਡ ਨੂੰ ਸ਼ਰਾਬ ਮੁਕਤ ਕਰਨ ਦਾ ਫੈਸਲਾ ਕਰ ਲਿਆ ਹੈ। ਵੇਰਵਿਆਂ ਮੁਤਾਬਕ ਪਿਛਲੇ ਵਰ੍ਹੇ ਪੰਜਾਬ ਭਰ ਵਿਚੋਂ 128 ਪੰਚਾਇਤਾਂ ਨੇ ਠੇਕਿਆਂ ਖ਼ਿਲਾਫ਼ ਮਤੇ ਪਾਸ ਕੀਤੇ ਸਨ ਪਰ ਸਿਰਫ਼ 22 ਪਿੰਡਾਂ ਵਿਚ ਠੇਕੇ ਬੰਦ ਕੀਤੇ ਗਏ ਸਨ।

ਸੱਤ ਪੰਚਾਇਤਾਂ ਦੇ ਮਤੇ ਰੱਦ ਕਰ ਦਿੱਤੇ ਗਏ ਸਨ ਤੇ ਬਾਕੀ ਠੇਕੇ ਪਿੰਡਾਂ ਚੋਂ ਬਾਹਰ ਕੱਢ ਦਿੱਤੇ ਸਨ। ਸਾਲ 2012 13 ਵਿਚ 127 ਪੰਚਾਇਤਾਂ ਨੇ ਮਤੇ ਪਾਏ ਤੇ ਸਿਰਫ਼ 32 ਠੇਕੇ ਬੰਦ ਕੀਤੇ ਸਨ। ਸਾਲ 2011 12 ਵਿਚ 89 ਪੰਚਾਇਤਾਂ ਨੇ ਮਤੇ ਪਾਸ ਕੀਤੇ ਤੇ ਸਿਰਫ਼ 32 ਠੇਕੇ ਬੰਦ ਹੋਏ ਸਨ। ਐਤਕੀਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਬੁਰਜ ਮਾਨਸਾ ਦੀ ਪੰਚਾਇਤ ਨੇ ਠੇਕੇ ਖ਼ਿਲਾਫ਼ ਮਤਾ ਪਾਸ ਕੀਤਾ ਹੈ।

ਪਿਛਲੇ ਵਰ੍ਹੇ ਪਿੰਡ ਭੋਖੜਾ, ਬਹਿਮਣ ਦੀਵਾਨਾ ਤੇ ਲਹਿਰਾ ਧੂਰਕੋਟ ਦੀ ਪੰਚਾਇਤ ਨੇ ਵੀ




ਠੇਕਿਆਂ ਖ਼ਿਲਾਫ਼ ਮਤੇ ਪਾਸ ਕੀਤੇ ਸਨ। ਉਸ ਤੋਂ ਪਹਿਲਾਂ ਪਿੰਡ ਕੋਟੜਾ ਕੌੜਿਆਂ ਵਾਲਾ ਤੇ ਪਿੰਡ ਨੰਦਗੜ੍ਹ ਕੋਟੜਾ ਦੀ ਪੰਚਾਇਤ ਵੀ ਅਜਿਹੇ ਮਤੇ ਪਾਸ ਕਰ ਚੁੱਕੀ ਹੈ।

ਸਾਇੰਟੇਫਿਕ ਅਵੇਅਰਨੈਸ ਐਂਡ ਸੋਸ਼ਲ ਵੈਲਫੇਅਰ ਫੋਰਮ ਪੰਜਾਬ ਦੇ ਪ੍ਰਧਾਨ ਡਾ. ਅਮਰਜੀਤ ਸਿੰਘ ਮਾਨ ਦਾ ਕਹਿਣਾ ਸੀ ਕਿ ਆਬਕਾਰੀ ਮਹਿਕਮੇ ਵੱਲੋਂ ਮਾਮੂਲੀ ਨੁਕਤੇ 'ਤੇ ਹੀ ਪੰਚਾਇਤੀ ਮਤੇ ਰੱਦ ਕਰ ਦਿੱਤੇ ਜਾਂਦੇ ਹਨ ਜਿਸ ਕਰਕੇ ਉਹ ਐਤਕੀਂ ਮਤੇ ਇਕੱਠੇ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਉਹ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਨਗੇ। ਉਨ੍ਹਾਂ ਆਖਿਆ ਕਿ ਹਾਲੇ ਪੰਚਾਇਤਾਂ ਵਿਚ ਜਾਗਰੂਕਤਾ ਦੀ ਵੀ ਕਮੀ ਹੈ।

ਪੰਚਾਇਤ ਯੂਨੀਅਨ ਪੰਜਾਬ ਦੇ ਪ੍ਰਧਾਨ ਹਰਦੇਵ ਸਿੰਘ ਸ਼ਿਆਲੂ ਦਾ ਕਹਿਣਾ ਸੀ ਕਿ ਪੰਚਾਇਤਾਂ ਤਾਂ ਸ਼ਰਾਬ ਮੁਕਤ ਪਿੰਡ ਰੱਖਣਾ ਚਾਹੁੰਦੀਆਂ ਹਨ ਪਰ ਸਰਕਾਰ ਸੁਣਦੀ ਹੀ ਨਹੀਂ ਹੈ ਜਿਸ ਕਰਕੇ ਪੰਚਾਇਤਾਂ ਦਾ ਮਨੋਬਲ ਡਿੱਗ ਪੈਂਦਾ ਹੈ। ਉਨ੍ਹਾਂ ਆਖਿਆ ਕਿ ਸਰਕਾਰ ਦੀ ਤਰਜੀਹ ਠੇਕਿਆਂ ਦੀ ਕਮਾਈ ਹੈ ਤੇ ਨਸ਼ਾ ਮੁਕਤੀ ਤਾਂ ਸਿਰਫ਼ ਦਿਖਾਵਾ ਹੈ। ਚੇਤੇ ਰਹੇ, ਸਰਕਾਰ ਹਰ ਵਰ੍ਹੇ ਫਰਵਰੀ ਮਹੀਨੇ ਵਿਚ ਇਨ੍ਹਾਂ ਪੰਚਾਇਤੀ ਮਤਿਆਂ ਦਾ ਨਿਪਟਾਰਾ ਕਰਦੀ ਹੈ ਤੇ ਪੰਚਾਇਤਾਂ ਨੂੰ ਮੁੱਖ ਦਫਤਰ ਵਿਚ ਸੱਦਿਆ ਜਾਂਦਾ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 8 ਨਵੰਬਰ 2014*

## ਹਿੰਸਾ ਦੀ ਸਿਆਸਤ ਬਨਾਮ ਸਿਆਸਤ ਦੀ ਹਿੰਸਾ

ਵਾਹਗਾ ਸਰਹੱਦ ਉਤੇ ਪਾਕਿਸਤਾਨ ਵਾਲੇ ਪਾਸੇ ਹੋਏ ਆਤਮਘਾਤੀ ਧਮਾਕੇ ਨੇ ਇਕੱਲੇ ਪਾਕਿਸਤਾਨ ਨੂੰ ਹੀ ਨਹੀਂ, ਬਲਕਿ ਸਮੁੱਚੇ ਸੰਸਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਘਟਨਾ ਨੇ ਪਲ ਝਪਕਦਿਆਂ ਹੀ ਧਰਤੀ ਲਹੂ-ਲੁਹਾਣ ਕਰ ਦਿੱਤੀ। ਇਹ ਧਮਾਕਾ ਕਰਨ ਵਾਲਿਆਂ ਨੇ ਆਖਰਕਾਰ ਕਿਸ ਖਿਲਾਫ ਦੁਸ਼ਮਣੀ ਕੱਢੀ ਹੈ? ਇਸ ਦਰਅਸਲ ਮਨੁੱਖਤਾ ਖਿਲਾਫ ਦੁਸ਼ਮਣੀ ਹੈ। ਅਗਾਂਹ ਇਹ ਵੀ ਇਤਫਾਕ ਹੀ ਹੈ ਕਿ ਜੰਮੂ-ਕਸ਼ਮੀਰ ਵਿਚ ਫੌਜ ਨੇ ਗੋਲੀਆਂ ਮਾਰ ਕੇ ਦੋ ਕਸ਼ਮੀਰੀ ਨੌਜਵਾਨਾਂ ਨੂੰ ਮਾਰ-ਮੁਕਾਇਆ। ਫੌਜ ਦੀ ਇਸ ਕਾਰਵਾਈ ਵਿਚ ਦੋ ਨੌਜਵਾਨ ਸਖਤ ਫੱਟੜ ਵੀ ਹੋਏ ਹਨ। ਕਸ਼ਮੀਰ ਦੀਆਂ ਸਾਫ ਹਵਾਵਾਂ ਵਿਚ ਲਗਾਤਾਰ ਦੋ-ਢਾਈ ਦਹਾਕਿਆਂ ਤੋਂ ਬਾਰੂਦ ਘੁਲ ਰਿਹਾ ਹੈ। ਕਸ਼ਮੀਰ ਦੇ ਸੈਂਕੜੇ ਨਹੀਂ, ਹਜ਼ਾਰਾਂ ਨੌਜਵਾਨ ਮਾਰੇ ਜਾ ਚੁੱਕੇ ਹਨ ਅਤੇ ਹਜ਼ਾਰਾਂ ਹੀ ਲਾਪਤਾ ਹਨ। ਕਸ਼ਮੀਰ ਦਾ ਇਹ ਦਰਦ ਪੰਜਾਬੀ ਮਨੁੱਖ ਬਹੁਤ ਚੰਗੀ ਤਰ੍ਹਾਂ ਸਮਝ ਚੁੱਕਾ ਹੈ ਜੋ ਅਜਿਹੇ ਘੱਲੂਘਾਰਿਆਂ ਵਿਚੋਂ ਲੰਘ ਚੁੱਕਿਆ ਹੈ। ਇਹ ਦਰਦ ਨਵੰਬਰ 1984 ਦੇ ਮਸਲੇ ਨਾਲ ਵੀ ਉਨਾ ਹੀ ਜੁੜਿਆ ਹੋਇਆ ਹੈ ਜਿਸ ਲਈ ਤਿੰਨ ਦਹਾਕਿਆਂ ਬਾਅਦ ਵੀ ਇਨਸਾਫ ਦੀ ਉਡੀਕ ਹੋ ਰਹੀ ਹੈ। ਉਂਜ ਐਤਕੀ ਤਸੱਲੀ ਵਾਲੀ ਗੱਲ ਇਹ ਹੋਈ ਹੈ ਕਿ ਨਵੰਬਰ 1984 ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਵੱਡੇ ਪੱਧਰ ਉਤੇ ਲਾਮਬੰਦੀ ਹੋਈ ਹੈ। ਇਸ ਦਰਦਨਾਕ ਕਾਂਡ ਬਾਰੇ ਜਿੰਨੀਆਂ ਰਿਪੋਰਟਾਂ ਸਾਹਮਣੇ ਆਈਆ ਸਨ, ਉਹ ਫਿਰ ਤੋਂ ਫਰੋਲੀਆਂ ਜਾ ਰਹੀਆਂ ਹਨ। ਇਨ੍ਹਾਂ ਹੀ ਰਿਪੋਰਟਾਂ ਵਿਚ ਦੋਸ਼ੀ ਲੀਡਰਾਂ ਅਤੇ ਪੁਲਿਸ ਮੁਲਾਜ਼ਮਾਂ ਦੀਆਂ ਸੂਚੀਆਂ ਨਸ਼ਰ ਹੋਈਆਂ ਪਈਆਂ ਹਨ। ਹੁਣ ਸ਼ਾਇਦ ਇਹ ਪਰਤਾਂ ਫਰੋਲੀਆਂ ਜਾ ਸਕਣ ਕਿ ਸਰਕਾਰਾਂ ਨੇ ਲੀਡਰਾਂ ਅਤੇ ਪੁਲਿਸ ਦੀ ਪੁਸ਼ਤਪਨਾਹੀ ਲਈ ਕੀ-ਕੀ ਪਾਪੜ ਵੇਲੇ ਅਤੇ ਕਿਉਂ ਵੇਲੇ। ਐਤਕੀਂ ਇਹ ਨੁਕਤਾ ਵੀ ਜ਼ੋਰ-ਸ਼ੋਰ ਨਾਲ ਉਠਿਆ ਕਿ ਇਸ ਮਸਲੇ 'ਤੇ ਹੁਣ ਤੱਕ ਸਿਆਸਤ ਬਹੁਤੀ ਕੀਤੀ ਗਈ ਹੈ। ਹੁਣ ਸਾਰੀ ਦੀ ਸਾਰੀ ਤਾਕਤ ਦੋਸ਼ੀਆਂ ਨੂੰ ਸਜ਼ਾ ਦਿਵਾਉਣ 'ਤੇ ਲਾਈ ਜਾਵੇ।

ਉਂਜ, ਉਦੋਂ ਸਿਤਮਜ਼ਰੀਫੀ ਇਹ ਹੋਈ ਸੀ ਕਿ ਸਰਹੱਦਾਂ ਉਤੇ ਮੁਲਕ ਦੀ ਰਾਖੀ ਕਰਨ ਵਾਲੀ ਫੌਜ ਨੇ ਸਿੱਖਾਂ ਦੀ ਰਾਖੀ ਲਈ ਕੁਝ ਨਹੀਂ ਸੀ ਕੀਤਾ; ਇਸ ਨੂੰ ਆਰਡਰ ਹੀ ਨਹੀਂ ਸਨ ਹੋਏ। ਹੁਣ ਉਹੀ ਫੌਜ ਬਿਨਾਂ ਕਿਸੇ ਆਰਡਰ ਉਤੇ ਉਤਰ-ਪੂਰਬੀ ਰਾਜਾਂ ਅਤੇ ਕਸ਼ਮੀਰ ਵਿਚ ਸਿਵਲੀਅਨਜ਼ ਦਾ ਘਾਣ ਕਰ ਰਹੀ ਹੈ। ਉਤਰ-ਪੂਰਬੀ ਰਾਜਾਂ ਵਿਚ ਇਸ ਸਰਕਾਰੀ ਦਹਿਸ਼ਤਪਸੰਦੀ ਖਿਲਾਫ ਮਨੀਪੁਰ ਦੀ ਕੁੜੀ ਇਰੋਮ ਸ਼ਰਮੀਲਾ 14 ਸਾਲਾਂ ਤੋਂ ਭੁੱਖ ਹੜਤਾਲ ਉਤੇ ਹੈ। ਉਸ ਦੀ ਇਕ ਹੀ ਮੰਗ ਹੈ ਕਿ ਫੌਜ ਨੂੰ ਵਿਸ਼ੇਸ਼ ਅਧਿਕਾਰ ਦੇਣ ਵਾਲਾ ਕਾਨੂੰਨ (ਅਫਸਪਾ) ਵਾਪਸ ਲਿਆ ਜਾਵੇ। ਸਰਕਾਰ ਨੇ ਇਹ ਕਾਨੂੰਨ ਵਾਪਸ ਤਾਂ ਕੀ ਲੈਣਾ ਸੀ, ਇਸ ਬਾਰੇ ਗੌਰ ਤੱਕ ਨਹੀਂ ਕੀਤਾ ਗਿਆ। ਉਲਟਾ ਇਰੋਮ ਸ਼ਰਮੀਲਾ ਖਿਲਾਫ ਖੁਦਕੁਸ਼ੀ ਦਾ ਯਤਨ ਕਰਨ ਦਾ ਕੇਸ ਦਰਜ ਕਰ ਲਿਆ ਗਿਆ। ਹੁਣ ਉਹ ਇਸ ਕੇਸ ਦੀਆਂ ਤਰੀਕਾਂ ਭੁਗਤਣ ਦਿੱਲੀ ਆਉਂਦੀ ਹੈ। ਪਿੱਛੇ ਜਿਹੇ ਉਸ ਨੂੰ ਆਜ਼ਾਦ ਕਰ ਦਿੱਤਾ ਗਿਆ ਸੀ, ਪਰ ਤੀਜੇ ਦਿਨ ਹੀ ਫਿਰ ਨਜ਼ਰਬੰਦ ਕਰ ਦਿੱਤਾ ਗਿਆ। ਇਹ ਹੈ ਉਹ ਮਨਮਰਜ਼ੀ ਜਿਸ ਉਤੇ ਸਵਾਲਾਂ ਦੀ ਝੜੀ ਲੱਗਣੀ ਚਾਹੀਦੀ ਹੈ।

ਕਸ਼ਮੀਰ ਵਿਚ ਫੌਜ ਦੀ ਇਸ ਡਾਢੀ ਕਾਰਵਾਈ ਦਾ ਉਂਜ ਇਸ ਵਾਰ ਪਹਿਲਾਂ ਨਾਲੋਂ ਵੱਖਰਾ ਅਤੇ ਵੱਧ ਅਸਰ ਹੋਇਆ ਹੈ। ਰੱਖਿਆ ਮੰਤਰੀ ਦਾ ਤੁਰੰਤ ਬਿਆਨ ਆਇਆ ਹੈ ਕਿ ਇਹ ਕੋਝੀ ਕਾਰਵਾਈ ਹੈ, ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਫੌਜ ਨੇ ਇਸ ਘਟਨਾ ਦੀ ਜਾਂਚ ਦੇ ਤੁਰੰਤ ਹੁਕਮ ਦੇ ਦਿੱਤੇ ਹਨ। ਇਸ ਦਾ ਇਕੋ-ਇਕ ਕਾਰਨ ਇਹ ਹੈ ਕਿ ਉਥੇ ਚੋਣਾਂ ਹੋ ਰਹੀਆਂ ਹਨ। ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨਹੀਂ ਚਾਹੁੰਦੀ ਕਿ ਅਜਿਹੀਆਂ ਘਟਨਾਵਾਂ ਕਰ ਕੇ ਉਸ ਦਾ ਕਸ਼ਮੀਰ ਵਿਚ ਕੋਈ ਸਿਆਸੀ ਨੁਕਸਾਨ ਹੋਵੇ। ਉਹ ਇਸ ਵਾਰ ਜੰਮੂ-ਕਸ਼ਮੀਰ ਵਿਚ ਹੀ ਆਪਣੀ ਸਰਕਾਰ ਬਣਾਉਣ ਲਈ ਪੱਬਾਂ ਭਾਰ ਹੋਈ ਪਈ ਹੈ। ਅਸਲ ਵਿਚ ਜੰਮੂ-ਕਸ਼ਮੀਰ ਵਿਚ ਰਾਜ ਕਰ ਰਹੀ ਨੈਸ਼ਨਲ ਕਾਨਫਰੰਸ ਦਾ ਮਾੜਾ ਹਾਲ ਹੈ। ਕਾਂਗਰਸ ਦਾ ਹਾਲ ਵੀ ਬਹੁਤਾ ਚੰਗਾ ਨਹੀਂ। ਪੀ.ਡੀ.ਪੀ. ਸੱਤਾ ਖਾਤਰ ਉਂਜ ਹੀ ਭਾਰਤੀ ਜਨਤਾ ਪਾਰਟੀ ਪ੍ਰਤੀ ਨਰਮ ਹੋਈ ਪਈ ਹੈ। ਇਸ ਸੂਰਤ ਵਿਚ ਭਾਰਤੀ ਜਨਤਾ ਪਾਰਟੀ ਆਪਣੇ ਲਈ ਮੌਕਾ ਤਾੜ ਰਹੀ ਹੈ। ਦੇਸ਼ ਦੇ ਹੋਰ ਰਾਜਾਂ ਵਿਚ ਵੀ ਇਸੇ ਤਰ੍ਹਾਂ ਦੇ ਹਾਲਾਤ ਵਿਚ ਭਾਰਤੀ ਜਨਤਾ ਪਾਰਟੀ ਆਪਣਾ ਸਿਆਸੀ ਆਧਾਰ ਫੈਲਾਉਣ ਵਿਚ ਕਾਮਯਾਬ ਹੋਈ ਹੈ ਅਤੇ ਉਹ ਇਹੀ ਤਜਰਬਾ ਜੰਮੂ-ਕਸ਼ਮੀਰ ਵਿਚ ਕਰਨਾ ਚਾਹੁੰਦੀ ਹੈ। ਇਸ ਦੇ ਨਾਲ ਹੀ ਅਜੇ ਮੋਦੀ ਲਹਿਰ ਦਾ ਤਾਅ ਵੀ ਮੱਠਾ ਨਹੀਂ ਪਿਆ ਹੈ। ਇਨ੍ਹਾਂ ਸਿਆਸੀ ਗਿਣਤੀਆਂ-ਮਿਣਤੀਆਂ ਵਿਚੋਂ ਹੀ ਇਸ ਪਾਰਟੀ ਨੇ ਫੌਜ ਦੀ ਇਸ ਕਾਰਵਾਈ ਬਾਰੇ ਤੁਰੰਤ ਐਕਸ਼ਨ ਲਿਆ ਹੈ। ਨਹੀਂ ਤਾਂ ਅਜਿਹੇ ਬਥੇਰੇ ਕੇਸ ਹਨ ਜਿਨ੍ਹਾਂ ਦਾ ਇਸ ਪਾਰਟੀ ਨੇ ਕਦੀ ਜ਼ਿਕਰ ਤੱਕ ਨਹੀਂ ਕੀਤਾ ਹੈ। ਪਿਛਲੇ ਢਾਈ ਦਹਾਕਿਆਂ ਦੌਰਾਨ ਕਸ਼ਮੀਰੀਆਂ ਨਾਲ ਕਿੰਨੀ ਵਧੀਕੀਆਂ ਹੋਈਆਂ, ਇਸ ਪਾਰਟੀ ਨੇ ਸਿਰਫ ਆਪਣੀ ਹੀ ਸਿਆਸਤ ਕੀਤੀ। ਇਸ ਦਾ ਸਭ ਤੋਂ ਵੱਡਾ ਸਬੂਤ ਕੇਂਦਰ ਵਿਚ ਸਰਕਾਰ ਬਣਨ ਤੋਂ ਬਾਅਦ ਇਸ ਦੇ ਜੰਮੂ-ਕਸ਼ਮੀਰ ਨਾਲ ਸਬੰਧਤ ਮੰਤਰੀ ਜਤੇਂਦਰ ਸਿੰਘ ਦੇ ਬਿਆਨ ਤੋਂ ਹੀ ਮਿਲ ਜਾਂਦਾ ਹੈ। ਉਸ ਨੇ ਸਭ ਤੋਂ ਪਹਿਲਾ ਬਿਆਨ ਕਸ਼ਮੀਰ ਬਾਰੇ ਹੀ ਦਿੱਤਾ ਸੀ ਅਤੇ ਕਸ਼ਮੀਰ ਨੂੰ ਵਿਸ਼ੇਸ਼ ਰਾਜ ਦਾ ਦਰਦ ਦਿੰਦੀ ਸੰਵਿਧਾਨ ਦੀ ਧਾਰਾ 370 ਬਾਰੇ ਵਿਵਾਦ ਛਿੜ ਗਿਆ ਸੀ। ਇਹ ਉਹ ਹਾਲਾਤ ਹਨ ਜਿਨ੍ਹਾਂ ਕਰ ਕੇ ਭਾਰਤੀ ਜਨਤਾ ਪਾਰਟੀ, ਕਸ਼ਮੀਰ ਬਾਰੇ ਐਲਾਨ-ਦਰ-ਐਲਾਨ ਕਰ ਰਹੀ ਹੈ। ਅਸਲ ਵਿਚ ਚੋਣਾਂ ਕਰ ਕੇ ਪਾਰਟੀ ਦਾ ਸਾਰਾ ਧਿਆਨ ਇਸ ਪਾਸੇ ਹੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਰਾਜ ਵਿਚ ਜਾ ਕੇ ਦੀਵਾਲੀ ਮਨਾਉਣਾ ਇਸੇ ਕੜੀ ਦਾ ਹੀ ਹਿੱਸਾ ਸੀ। ਇਸ ਲਈ ਇਸ ਰਾਜ ਦੇ ਚੋਣ ਨਤੀਜਿਆਂ ਨੇ ਰਾਜ ਅਤੇ ਦੇਸ਼ ਦੀ ਸਮੁੱਚੀ ਸਿਆਸਤ ਉਤੇ ਅਸਰ-ਅੰਦਾਜ਼ ਹੋਣਾ ਹੈ। ਉਸ ਵੇਲੇ ਸ਼ਾਇਦ ਹਿੰਸਾ ਦੀ ਪਰਿਭਾਸ਼ਾ ਨੂੰ ਵੀ ਹੋਰ ਰੰਗ ਵਿਚ ਰੰਗ ਕੇ ਪੇਸ਼ ਕੀਤਾ ਜਾਵੇਗਾ ਅਤੇ ਇਹ ਹਿੰਸਾ ਬਾਰੂਦ ਵਾਲੀ ਹਿੰਸਾ ਤੋਂ ਘੱਟ ਨਹੀਂ ਹੋਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਾਇਆ ਹੋਈ ਨਾਗਣੀ !*

ਪਿਛੇ ਆਪਣੇ ਦੌੜ ਲਵਾਈ ਰੱਖੇ, ਬੰਦਾ ਮੁੱਕਦਾ, ਮਾਇਆ ਨਾ ਹਾਰਦੀ ਏ।
ਏਨੂੰ 'ਪਾਉਣ' ਲਈ ਸਾਰਾ ਜਹਾਨ ਤਰਸੇ, ਪਸ਼ੂਆਂ ਵਾਂਗ ਲੋਕਾਈ ਨੂੰ ਚਾਰਦੀ ਏ।
ਬਣਦੇ ਕੰਮ 'ਚ ਰੋੜਾ ਅਟਕਾ ਸਕਦੀ, ਵਿਗੜੇ ਕਾਜ ਵੀ ਇਹੋ ਸੰਵਾਰਦੀ ਏ।
ਸਿਰ ਨੂੰ ਚੜ੍ਹੇ ਬੁਖਾਰ ਵਾਂਗ ਜਿਸ ਦੇ, ਉਸ ਦੇ ਮਨੋਂ ਭਲਿਆਈ ਵਿਸਾਰਦੀ ਏ।
ਲੋੜੋਂ ਵੱਧ ਖਜ਼ਾਨੇ ਇਹ ਭਰੇ ਜਿੱਥੇ, ਉਥੇ ਰੱਜ ਕੇ ਝੱਲ ਵੀ ਖਲਾਰਦੀ ਏ।
ਕਦੇ ਮਾਣ ਵਧਾਉਂਦੀ ਏ 'ਮਾਲਕਾਂ' ਦਾ, ਬਣ ਕੇ ਨਾਗਣੀ ਡੰਗ ਵੀ ਮਾਰਦੀ ਏ !

# ਕਾਲਾ ਧਨ ਤੇ ਭਾਰਤੀ ਹੁਕਮਰਾਨ

***ਆਪਣੇ ਸੌੜੇ ਸਿਆਸੀ ਮੁਫਾਦ ਲਈ ਕਾਲੇ ਧਨ ਦਾ ਹੋ-ਹੱਲਾ ਮਚਾਉਣ ਵਾਲੀਆਂ ਹਾਕਮ ਪਾਰਟੀਆਂ ਦੀ ਇਨ੍ਹਾਂ ਮੁਜਰਮਾਂ ਦੇ ਨਾਂ ਨਸ਼ਰ ਨਾ ਕਰਨ ਬਾਰੇ ਸਹਿਮਤੀ ਹੈ। ਵਜ੍ਹਾ ਇਹ ਹੈ ਕਿ ਇਸ ਨਾਲ ਇਨ੍ਹਾਂ ਦੇ ਆਪਣੇ ਪਾਜ ਖੁੱਲ੍ਹਣ ਦਾ ਖ਼ਤਰਾ ਹੈ। ਇਸੇ ਲਈ ਸੱਤਾਧਾਰੀ ਅਤੇ ਵਿਰੋਧੀ ਧਿਰ ਵਿਚ ਹੋਣ ਵਕਤ ਇਨ੍ਹਾਂ ਦੀ ਬੋਲੀ ਤੇ ਮਖੌਟੇ ਵੱਖ-ਵੱਖ ਹੁੰਦੇ ਹਨ। ਇਹ ਇੰਜ ਪੇਸ਼ ਕਰਦੀਆਂ ਆ ਰਹੀਆਂ ਹਨ ਜਿਵੇਂ ਕਾਲਾ-ਧਨ ਜਮ੍ਹਾਂ ਕਰਨ ਵਾਲੇ ਹਾਕਮ ਜਮਾਤੀ ਕੋੜਮੇ ਤੋਂ ਕੋਈ ਵੱਖਰਾ ਗਰੋਹ ਹੋਣ; ਜਿਨ੍ਹਾਂ ਬਾਰੇ ਵਿਸ਼ੇਸ਼ ਪੜਤਾਲੀਆ ਟੀਮਾਂ ਬਣਾ ਕੇ ਡੂੰਘੀ ਪੁਣ-ਛਾਣ ਕਰਾਉਣੀ ਪਵੇ। ਸੱਚਾਈ ਇਹ ਹੈ ਕਿ ਕਾਲਾ ਧਨ ਜਮ੍ਹਾਂ ਕਰਨ ਵਾਲੇ, ਹਾਕਮ ਜਮਾਤੀ ਪਾਰਟੀਆਂ ਨੂੰ ਚੋਣ ਫੰਡਾਂ ਅਤੇ ਸੁਪਰ-ਵੱਢੀਆਂ ਦੇ ਗੱਫੇ ਦੇਣ ਵਾਲੇ ਕਾਰਪੋਰੇਟ ਘਰਾਣੇ ਤੇ ਵੱਡੇ ਕਾਰੋਬਾਰੀ ਹੀ ਹਨ।***

ਕਾਲੇ ਧਨ ਦੇ ਸਵਾਲ ਬਾਰੇ ਭਗਵੇਂ ਬ੍ਰਿਗੇਡ ਦਾ ਦੋਗਲਾ ਕਿਰਦਾਰ ਕੋਈ ਅਣਹੋਣੀ ਗੱਲ ਨਹੀਂ; ਕਿਉਂਕਿ ਇਹ ਇਸ ਮੁਲਕ ਦੇ ਮੁੱਖਧਾਰਾ ਸੱਤਾਧਾਰੀ ਲਾਣੇ ਦੀ ਮੂਲ ਖ਼ਸਲਤ ਹੈ। ਜਦੋਂ ਭਾਜਪਾਈ ਆਗੂ ਸੱਤਾ ਦੇ ਗਲਿਆਰਿਆਂ ਵਿਚ ਵਿਰੋਧੀ ਧਿਰ ਦੀਆਂ ਕੁਰਸੀਆਂ 'ਤੇ ਬੈਠੇ ਸਨ, ਉਦੋਂ ਉਹ ਆਪਣੀ ਸਿਆਸੀ ਰਕੀਬ ਕਾਂਗਰਸ ਨੂੰ ਘੇਰਨ ਲਈ ਜਿਨ੍ਹਾਂ ਮੁੱਖ ਮੁੱਦਿਆਂ ਦਾ ਇਸਤੇਮਾਲ ਕਰਦੇ ਸਨ, ਉਨ੍ਹਾਂ ਵਿਚ ਕਾਲਾ ਧਨ ਵੀ ਸੀ। ਆਪਣੇ ਜਿਸ ਸੰਗੀ, ਮਸ਼ਹੂਰ ਵਕੀਲ ਰਾਮ ਜੇਠਮਲਾਨੀ ਦੀ ਇਸ ਮਾਮਲੇ ਨੂੰ ਅਦਾਲਤ ਵਿਚ ਲਿਜਾ ਕੇ ਕਾਂਗਰਸ ਦੀ ਖਿਚਾਈ ਕਰਾਉਣ ਲਈ ਉਹ ਪਿੱਠ ਥਾਪੜਦੇ ਸਨ, ਅੱਜ ਕਾਲਾ ਧਨ ਕੁਬੇਰਾਂ ਦੇ ਨਾਂ ਨਸ਼ਰ ਕਰਨ ਲਈ ਉਸੇ ਜੇਠਮਲਾਨੀ ਨੂੰ ਮੋਦੀ ਹਕੂਮਤ ਨਾਲ ਸੁਪਰੀਮ ਕੋਰਟ ਵਿਚ ਕਾਨੂੰਨੀ ਲੜਾਈ ਲੜਨੀ ਪੈ ਰਹੀ ਹੈ।

1990ਵਿਆਂ ਵਿਚ ਕਾਲਾ ਧਨ ਕੁਲ ਘਰੇਲੂ ਉਪਜ ਦਾ 40 ਫ਼ੀਸਦੀ ਹੋਣ ਦਾ ਅੰਦਾਜ਼ਾ ਸੀ ਜੋ 2005-06 ਵਿਚ 50 ਫ਼ੀਸਦੀ ਹੋ ਗਿਆ ਦੱਸਿਆ ਜਾਂਦਾ ਹੈ। ਇਸ ਸਾਲ ਜੂਨ ਮਹੀਨੇ ਕਾਰਪੋਰੇਟ ਸਰਮਾਏਦਾਰੀ ਦੀ ਆਪਣੀ ਸੰਸਥਾ 'ਐਸੋਚੈਮ' ਦੇ ਅੰਦਾਜ਼ੇ ਅਨੁਸਾਰ ਵਿਦੇਸ਼ਾਂ ਵਿਚ ਕਾਲਾ ਧਨ 1.9 ਟ੍ਰਿਲੀਅਨ ਡਾਲਰ, ਭਾਵ 120 ਲੱਖ ਕਰੋੜ ਰੁਪਏ ਹੈ। ਚੋਣਾਂ ਦੌਰਾਨ ਮੋਦੀ ਨੇ ਕਿਹਾ ਸੀ ਕਿ ਵਿਦੇਸ਼ਾਂ ਵਿਚ 25 ਲੱਖ ਕਰੋੜ ਰੁਪਏ ਕਾਲਾ ਧਨ ਹੈ। ਪਹਿਲੀਆਂ ਹਕੂਮਤਾਂ ਵਾਂਗ ਮੋਦੀ ਵਜ਼ਾਰਤ ਵੀ ਸੱਤਾਤੰਤਰ ਨਾਲ ਮਿਲ ਕੇ ਇਹ ਬੇਮਿਸਾਲ ਧੋਖਾਧੋੜੀ ਕਰਨ ਵਾਲੇ ਕਾਲਾ ਧਨ-ਕੁਬੇਰਾਂ ਦੇ ਨਾਂਵਾਂ ਦੀ ਸੂਚੀ ਨਸ਼ਰ ਕਰਨ ਲਈ ਤਿਆਰ ਨਹੀਂ ਸੀ। ਹੁਣ ਸੁਪਰੀਮ ਕੋਰਟ ਦੇ ਦਬਾਅ ਪਾਉਣ 'ਤੇ ਇਸ ਨੂੰ 627 ਨਾਂਵਾਂ ਦੀ ਸੂਚੀ ਅਦਾਲਤ ਦੇ ਸਪੁਰਦ ਕਰਨੀ ਪਈ ਹੈ।

ਰਾਜੀਵ ਗਾਂਧੀ ਦੇ ਸੱਤਾਧਾਰੀ ਹੋਣ ਸਮੇਂ ਤੋਂ ਉਠਿਆ ਇਹ ਮੁੱਦਾ ਵੱਖ-ਵੱਖ ਸਮਿਆਂ 'ਚ ਬਣੀਆਂ ਹਕੂਮਤਾਂ ਨੇ ਕਿਸੇ ਤਣ-ਪੱਤਣ ਲੱਗਣ ਹੀ ਨਹੀਂ ਦਿੱਤਾ। ਸਵਾ ਪੰਜ ਮਹੀਨੇ ਪਹਿਲਾਂ ਸੱਤਾਧਾਰੀ ਹੋਏ ਭਗਵੇਂ ਬ੍ਰਿਗੇਡ ਨੂੰ ਮਜਬੂਰੀ ਵੱਸ ਵਿਸ਼ੇਸ਼ ਪੜਤਾਲੀਆ ਟੀਮ ਬਣਾਉਣੀ ਪਈ; ਕਿਉਂਕਿ ਇਹ ਖ਼ੁਦ ਭਾਜਪਾ ਦਾ ਰਾਮ ਜੇਠਮਲਾਨੀ ਸੀ ਜਿਸ ਨੇ ਮਾਰਚ 2009 ਵਿਚ ਲੋਕ ਹਿੱਤ ਪਟੀਸ਼ਨ ਦਾਇਰ ਕਰ ਕੇ ਸੁਪਰੀਮ ਕੋਰਟ ਤੋਂ ਮੰਗ ਕੀਤੀ ਸੀ ਕਿ ਅਦਾਲਤ ਦਖਲ ਦੇ ਕੇ 'ਇਮਾਨਦਾਰ' ਮਨਮੋਹਨ ਸਿੰਘ ਦੀ ਹਕੂਮਤ ਨੂੰ ਇਸ ਸਬੰਧ ਵਿਚ ਢੁਕਵੇਂ ਕਦਮ ਚੁੱਕਣ ਦਾ ਹੁਕਮ ਦੇਵੇ। ਇਸੇ ਆਧਾਰ 'ਤੇ ਸੁਪਰੀਮ ਕੋਰਟ ਨੇ ਜੁਲਾਈ 2011 ਨੂੰ ਹੁਕਮ ਜਾਰੀ ਕਰ ਕੇ ਵਿਸ਼ੇਸ਼ ਪੜਤਾਲੀਆ ਟੀਮ ਬਣਾਉਣ ਲਈ ਕਿਹਾ ਸੀ। ਇਸ ਅਦਾਲਤੀ ਹੁਕਮ ਦੀ ਤਾਲੀਮ ਨੂੰ ਟਾਲਣ ਲਈ ਭ੍ਰਿਸ਼ਟਾਚਾਰ 'ਚ ਗਲ-ਗਲ ਡੁੱਬੀ ਕਾਂਗਰਸੀ ਹਕੂਮਤ ਨੇ ਬਹੁਤ ਹੱਥ-ਪੈਰ ਮਾਰੇ, ਅਤੇ ਸੁਪਰੀਮ ਕੋਰਟ ਵਿਚ ਇਸ ਹੁਕਮ ਉਪਰ ਦੁਬਾਰਾ ਨਜ਼ਰਸਾਨੀ ਕਰਨ ਦੀ ਦਰਖ਼ਾਸਤ ਵੀ ਦਿੱਤੀ। ਅਦਾਲਤ ਵਲੋਂ ਇਸ ਦਰਖ਼ਾਸਤ ਨੂੰ ਰੱਦ ਕਰ ਦੇਣਾ ਇਸ ਭ੍ਰਿਸ਼ਟ ਜੁੰਡਲੀ ਲਈ ਵੱਡੀ ਸੱਟ ਜ਼ਰੂਰ ਸੀ, ਪਰ ਇਹ ਅਦਾਲਤੀ ਅਮਲ ਇਸ ਦਾ ਸਬੂਤ ਵੀ ਸੀ ਕਿ ਮੁਲਕ ਦੇ ਹਿੱਤਾਂ ਦੇ ਅਜਿਹੇ ਬੇਹੱਦ ਅਹਿਮ ਮਾਮਲਿਆਂ ਨੂੰ ਲੈ ਕੇ ਹੁਕਮਰਾਨ ਲਾਣਾ ਕਾਨੂੰਨੀ ਲੁਕਣਮੀਟੀ ਖੇਡਣ ਦੇ ਕਿਸ ਕਦਰ ਸਮਰੱਥ ਹੈ।

ਓੜਕ ਮੋਦੀ ਹਕੂਮਤ ਨੂੰ ਅਜਿਹੀ ਟੀਮ ਬਣਾਉਣੀ ਪੈ ਗਈ, ਪਰ ਇਸ ਟੀਮ ਨੇ ਜਰਮਨੀ, ਫਰਾਂਸ ਅਤੇ ਸਵਿਟਜ਼ਰਲੈਂਡ ਤੋਂ ਜੋ ਜਾਣਕਾਰੀ ਜੁਟਾਈ, ਮੋਦੀ ਹਕੂਮਤ ਪੰਜ ਮਹੀਨੇ ਬਾਅਦ ਵੀ ਉਨ੍ਹਾਂ 'ਇਮਾਨਦਾਰ ਕਰ ਦਾਤਿਆਂ' ਨੂੰ ਦੱਸਣ ਲਈ ਤਿਆਰ ਨਹੀਂ ਜਿਨ੍ਹਾਂ ਨੂੰ ਸੱਤਾਧਾਰੀ ਹੋਣ 'ਤੇ ਕਾਲੇ ਧਨ ਦਾ ਪ੍ਰਤੀ ਨਾਗਰਿਕ ਤਿੰਨ-ਤਿੰਨ ਲੱਖ ਰੁਪਏ 'ਤੋਹਫ਼ਾ' ਦੇਣ ਦੇ ਇਹ ਵਾਅਦੇ ਕਰਦੀ ਰਹੀ ਹੈ। ਕਾਲੇ ਧਨ ਵਾਲੇ ਇਨ੍ਹਾਂ ਕਾਰਪੋਰੇਟ ਕਾਰੋਬਾਰੀਆਂ, ਸਨਅਤਕਾਰਾਂ ਅਤੇ ਕਾਰਪੋਰੇਟ ਆਕਾਵਾਂ ਵਲੋਂ 'ਅਬ ਕੀ ਵਾਰ, ਮੋਦੀ ਸਰਕਾਰ' ਮੁਹਿੰਮ ਉਪਰ ਪ੍ਰਿੰਟ ਤੇ ਵਿਜ਼ੂਅਲ ਮੀਡੀਆ ਵਿਚ ਪਾਣੀ ਵਾਂਗ ਵਹਾਏ ਦਹਿ ਹਜ਼ਾਰਾਂ ਕਰੋੜ ਰੁਪਏ ਦੀ ਬਦੌਲਤ ਹੀ ਤਾਂ ਇਹ ਸੱਤਾਧਾਰੀ ਹੋਈ ਹੈ!

ਇਸ ਸਾਲ ਦੇ ਸ਼ੁਰੂ ਵਿਚ 12 ਫਰਵਰੀ ਨੂੰ ਖ਼ੁਦ ਨਰੇਂਦਰ ਮੋਦੀ ਨੇ 'ਚਾਏ ਪੇ ਚਰਚਾ' ਵਿਚ ਹਿੱਕ ਥਾਪੜ ਕੇ ਕਿਹਾ ਸੀ ਕਿ ਉਹ ਕਾਲਾ ਧਨ ਮੋੜ ਲਿਆਉਣ ਲਈ ਪੂਰੀ ਤਰ੍ਹਾਂ ਵਚਨਬਧ ਹੈ। ਹੁਣ ਵੀ ਉਹ ਇਹੀ ਮੁਹਾਰਨੀ ਰੱਟ ਰਿਹਾ ਹੈ। ਉਸ ਨੇ ਕਿਹਾ ਸੀ ਕਿ ਉਹ ਇਸ ਮਨੋਰਥ ਨਾਲ ਉਚੇਚੀ ਟਾਸਕ ਫੋਰਸ ਵੀ ਬਣਾਏਗਾ, ਲੋੜ ਪੈਣ 'ਤੇ ਕਾਨੂੰਨ ਵਿਚ ਸੋਧ ਕਰਨ ਤੋਂ ਵੀ ਨਹੀਂ ਝਿਜਕੇਗਾ ਅਤੇ ਇਸ ਧਨ ਦਾ 5 ਤੋਂ 10 ਫ਼ੀਸਦੀ ਹਿੱਸਾ ਇਮਾਨਦਾਰ ਕਰ ਦਾਤਿਆਂ ਨੂੰ 'ਤੋਹਫ਼ੇ' ਵਜੋਂ ਤਕਸੀਮ ਕਰ ਦਿੱਤਾ ਜਾਵੇਗਾ। ਉਦੋਂ ਮੋਦੀ ਨੇ ਫਰਮਾਇਆ ਸੀ ਕਿ ਕਾਲਾ ਧਨ "ਕੌਮ ਵਿਰੋਧੀ ਕਾਰਵਾਈ ਹੈ। ਇਸ ਕਾਲੇ ਧਨ ਨੂੰ ਵਾਪਸ ਲਿਆਉਣ ਲਈ ਸਿਆਸੀ ਇੱਛਾ ਸ਼ਕਤੀ ਦਰਕਾਰ ਹੈ। ਦਿੱਲੀ ਵਿਚ ਹਕੂਮਤ ਬਣਾ ਕੇ, ਅਸੀਂ ਭਾਰਤੀ ਨਾਗਰਿਕਾਂ ਵਲੋਂ ਵਿਦੇਸ਼ਾਂ ਵਿਚ ਜਮ੍ਹਾਂ ਕਰਾਈ ਪਾਈ-ਪਾਈ ਵਾਪਸ ਲਿਆਵਾਂਗੇ। ਮੈਂ ਇਸ ਪ੍ਰਤੀ ਵਚਨਬਧ ਹਾਂ, ਕਿਉਂਕਿ ਇਹ ਧਨ ਭਾਰਤ ਦੇ ਗ਼ਰੀਬ ਲੋਕਾਂ ਦਾ ਹੈ ਅਤੇ ਕਿਸੇ ਨੂੰ ਵੀ ਇਸ ਤਰ੍ਹਾਂ ਦੀ ਕੌਮ ਵਿਰੋਧੀ ਕਾਰਵਾਈ ਕਰਨ ਦਾ ਹੱਕ ਨਹੀਂ ਹੈ।"

ਅਰੁਣ ਜੇਤਲੀ ਵੀ ਉਨ੍ਹਾਂ ਸ਼ਖ਼ਸਾਂ ਵਿਚੋਂ ਹੈ ਜੋ ਮੀਡੀਆ ਕੈਮਰਿਆਂ ਅੱਗੇ ਅਤੇ ਰਾਜ ਸਭਾ ਦੇ ਅੰਦਰ ਯੂ.ਪੀ.ਏ. ਹਕੂਮਤ ਤੋਂ ਕਾਲੇ ਧਨ ਕੁਬੇਰਾਂ ਦੇ ਨਾਂ ਨਸ਼ਰ ਕਰਨ ਦੀ ਮੰਗ ਕਿੱਲ੍ਹ-ਕਿੱਲ੍ਹ ਕੇ ਕਰਦੇ ਰਹੇ ਹਨ। ਵਿੱਤ ਮੰਤਰੀ ਬਣਦੇ ਸਾਰ 25 ਜੁਲਾਈ ਨੂੰ ਲੋਕ ਸਭਾ ਵਿਚ ਇਹ ਐਲਾਨ ਕਰਨ ਵਾਲਾ ਇਹੋ ਅਰੁਣ ਜੇਤਲੀ ਸੀ: "ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਹਕੂਮਤ, ਭਾਰਤੀਆਂ ਵਲੋਂ ਮਹਿਫੂਜ਼ ਵਿਦੇਸ਼ੀ ਅੱਡਿਆਂ 'ਤੇ ਲੁਕੋਈ ਨਾਜਾਇਜ਼ ਕਮਾਈ ਮੋੜ ਲਿਆਉਣ ਲਈ ਫੁਰਤੀ ਨਾਲ ਕੰਮ ਕਰ ਰਹੀ ਹੈ। ਮੈਂ ਤੁਹਾਨੂੰ ਯਕੀਨ ਦਿਵਾ ਸਕਦਾ ਹਾਂ ਕਿ ਤੁਹਾਨੂੰ ਲੰਮਾ ਵਕਤ ਇੰਤਜ਼ਾਰ ਨਹੀਂ ਕਰਨੀ ਪਵੇਗੀ।...ਜੇ ਵਿਸ਼ੇਸ਼ ਪੜਤਾਲੀਆ ਟੀਮ ਕਦਮ ਚੁੱਕਣਾ ਚਾਹੁੰਦੀ ਹੈ ਤਾਂ ਹਕੂਮਤ ਪੂਰਾ ਸਹਿਯੋਗ ਦੇਵੇਗੀ। ਸਾਨੂੰ ਜਿਹੜੀ ਵੀ ਜਾਣਕਾਰੀ ਹਾਸਲ ਹੋ ਰਹੀ ਹੈ, ਅਸੀਂ ਉਵੇਂ ਦੀ ਉਵੇਂ ਸੁਪਰੀਮ ਕੋਰਟ ਨੂੰ ਦੇ ਰਹੇ ਹਾਂ।" ਉਹੀ ਜੇਤਲੀ ਹੁਣ ਕਹਿ ਰਿਹਾ ਹੈ ਕਿ ਜਾਣਕਾਰੀ ਦਾ ਖ਼ੁਲਾਸਾ ਨਹੀਂ ਕੀਤਾ ਜਾ ਸਕਦਾ, ਦੂਜੇ ਮੁਲਕਾਂ ਨਾਲ ਭੇਤ ਨਸ਼ਰ ਨਾ ਕਰਨ ਦੇ ਇਕਰਾਰਨਾਮਿਆਂ ਦੇ ਪਾਬੰਦ ਹੋਣ ਕਾਰਨ ਹਕੂਮਤ ਲਈ ਇਸ ਦਾ ਇਸਤੇਮਾਲ ਮਹਿਜ਼ ਟੈਕਸ ਨਾਲ ਜੁੜੇ ਮਨੋਰਥਾਂ ਲਈ ਹੀ ਕਰਨਾ ਸੰਭਵ ਹੈ। ਉਹ ਵੀ ਭਵਿੱਖ ਵਿਚ ਕਦੇ ਅਦਾਲਤ ਅੰਦਰ ਇਨ੍ਹਾਂ ਮਾਮਲਿਆਂ 'ਚ ਫ਼ਰਦ-ਜੁਰਮ ਦਾਖ਼ਲ ਹੋਣ ਤੋਂ ਪਿੱਛੋਂ!

ਲਿਹਾਜ਼ਾ ਇਹ ਹੈਰਤਅੰਗੇਜ਼ ਨਹੀਂ ਹੈ ਕਿ ਆਪਣੇ ਸੌੜੇ ਸਿਆਸੀ ਮੁਫਾਦ ਲਈ ਕਾਲੇ ਧਨ ਦਾ ਹੋ-ਹੱਲਾ ਮਚਾਉਣ ਵਾਲੀਆਂ ਹਾਕਮ ਜਮਾਤੀ ਪਾਰਟੀਆਂ ਦੀ ਇਨ੍ਹਾਂ ਮੁਜਰਮਾਂ ਦੇ ਨਾਂ ਨਸ਼ਰ ਨਾ ਕਰਨ ਬਾਰੇ ਆਮ ਸਹਿਮਤੀ ਹੈ। ਵਜ੍ਹਾ ਇਹ ਹੈ ਕਿ ਇਸ ਨਾਲ ਇਨ੍ਹਾਂ ਦੇ ਆਪਣੇ ਪਾਜ ਖੁੱਲ੍ਹ ਜਾਣ ਦਾ ਖ਼ਤਰਾ ਹੈ। ਇਸੇ ਲਈ ਸੱਤਾਧਾਰੀ ਹੋਣ ਅਤੇ ਵਿਰੋਧੀ ਧਿਰ ਵਿਚ ਹੋਣ ਵਕਤ ਇਨ੍ਹਾਂ ਦੀ ਬੋਲੀ ਤੇ ਮਖੌਟੇ ਵੱਖੋ-ਵੱਖਰੇ ਹੁੰਦੇ ਹਨ। ਇਹ ਪਾਰਟੀਆਂ ਇੰਜ ਪੇਸ਼ ਕਰਦੀਆਂ ਆ ਰਹੀਆਂ ਹਨ ਜਿਵੇਂ ਕਾਲਾ-ਧਨ ਜਮ੍ਹਾਂ ਕਰਨ ਵਾਲੇ ਹਾਕਮ ਜਮਾਤੀ ਕੋੜਮੇ ਤੋਂ ਕੋਈ ਵੱਖਰਾ ਗਰੋਹ ਹੋਣ; ਜਿਨ੍ਹਾਂ ਬਾਰੇ ਵਿਸ਼ੇਸ਼ ਪੜਤਾਲੀਆ ਟੀਮਾਂ ਬਣਾ ਕੇ ਡੂੰਘੀ ਪੁਣ-ਛਾਣ ਕਰਾਉਣੀ ਪਵੇ, ਜਦਕਿ ਸੱਚਾਈ ਇਹ ਹੈ ਕਿ ਕਾਲਾ ਧਨ ਜਮ੍ਹਾਂ ਕਰਨ ਵਾਲੇ ਹਾਕਮ ਜਮਾਤੀ ਪਾਰਟੀਆਂ ਨੂੰ ਚੋਣ ਫੰਡਾਂ ਅਤੇ ਸੁਪਰ-ਵੱਢੀਆਂ ਦੇ ਗੱਫੇ ਦੇਣ ਵਾਲੇ ਕਾਰਪੋਰੇਟ ਘਰਾਣੇ ਤੇ ਵੱਡੇ ਕਾਰੋਬਾਰੀ ਹੀ ਹਨ ਅਤੇ ਅਜਿਹਾ ਕਰਨ/ਕਰਵਾਉਣ ਵਾਲਿਆਂ ਵਿਚ ਇਨ੍ਹਾਂ ਪਾਰਟੀਆਂ ਦੇ ਆਗੂ ਖ਼ੁਦ ਵੀ ਸ਼ਾਮਲ ਹਨ, ਜਿਵੇਂ ਪ੍ਰਨੀਤ ਕੌਰ ਦਾ ਨਾਂ ਸਾਹਮਣੇ ਆਇਆ ਹੈ।

ਸੰਭਵ ਹੈ ਕਿ ਕਾਰਪੋਰੇਟ ਮੀਡੀਆ ਦੀ ਚਗਲ ਚਰਚਾ ਦੇ ਚੁੰਧਿਆਏ ਜ਼ਿਆਦਾਤਰ ਆਵਾਮ ਨੂੰ ਮੋਦੀ ਹਕੂਮਤ ਤੋਂ ਕਾਲਾ ਧਨ ਵਾਪਸ ਕਰਾ ਲੈਣ ਦੀ ਉਮੀਦ ਹੋਵੇ, ਪਰ ਜਿਹੜੇ ਜਾਗਰੂਕ ਹਿੱਸੇ ਇਸ ਮੁਲਕ ਦੀਆਂ ਹਾਕਮ ਜਮਾਤੀ ਪਾਰਟੀਆਂ ਦੀ ਲਟਕਾਊ ਨੀਤੀ ਅਤੇ ਇਸ ਅਦਾਲਤੀ ਪ੍ਰਬੰਧ ਦੀ ਸਾਢੇ ਛੇ ਦਹਾਕਿਆਂ ਦੀ ਘਿਨਾਉਣੀ ਕਾਰਗੁਜ਼ਾਰੀ ਜਾਣਦੇ ਹਨ, ਉਨ੍ਹਾਂ ਨੂੰ ਇਸ ਬਾਬਤ ਕੋਈ ਭੁਲੇਖਾ ਨਹੀਂ ਹੈ। ਉਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਇਸ ਨੀਤੀ ਪਿੱਛੇ ਸਥਾਪਤੀ ਦੀ ਸੋਚੀ-ਸਮਝੀ ਬਦਨੀਅਤ ਕੰਮ ਕਰ ਰਹੀ ਹੈ। ਉਹ ਇਹ ਕਿ ਇਸ ਲੰਮੀ ਕਾਨੂੰਨੀ ਮੋਹਲਤ ਦੌਰਾਨ ਲਾਕਾਨੂੰਨੀ ਕਰਨ ਵਾਲੇ ਆਪਣੀਆਂ ਲਾਕਾਨੂੰਨੀ ਜਾਇਦਾਦਾਂ ਨੂੰ ਸਮੇਟ ਕੇ ਮੁਤਬਾਦਲ ਟਿਕਾਣਿਆਂ 'ਚ ਮਹਿਫੂਜ਼ ਬਣਾ ਲੈਣ। 1947 ਦੇ ਸੱਤਾ ਤਬਾਦਲੇ ਤੋਂ ਪਿੱਛੋਂ ਜ਼ਰਈ ਸੁਧਾਰਾਂ ਦੇ ਦਾਅਵਿਆਂ ਦੀ ਕਾਰਗੁਜ਼ਾਰੀ ਅਤੇ ਜ਼ਮੀਨ ਹੱਦਬੰਦੀ ਕਾਨੂੰਨ ਲਾਗੂ ਕੀਤੇ ਜਾਣ ਦਾ ਹਸ਼ਰ ਇਸ ਦੀ ਆਹਲਾ ਮਿਸਾਲ ਹੈ।

ਕਾਂਗਰਸ ਹਕੂਮਤ ਨੇ ਮਈ 2012 ਵਾਲੇ ਆਪਣੇ ਕਾਲਾ ਧਨ: ਵ੍ਹਾਈਟ ਪੇਪਰ ਵਿਚ ਖ਼ੁਦ ਹੀ ਜ਼ਿਕਰ ਕੀਤਾ ਸੀ ਕਿ ਲਾਭਕਾਰੀ ਟੈਕਸ ਕਾਰਜ ਖੇਤਰਾਂ ਅੰਦਰ ਬਦੇਸ਼ੀ ਸਿੱਧੇ ਪੂੰਜੀ ਨਿਵੇਸ਼ ਜ਼ਰੀਏ, ਗਲੋਬਲ ਡਿਪਾਜ਼ਿਟਰੀ ਰਸੀਦਾਂ ਜ਼ਰੀਏ ਹਿੰਦੁਸਤਾਨੀ ਕੰਪਨੀਆਂ ਵਲੋਂ ਫੰਡ ਜੁਟਾ ਲੈਣ ਅਤੇ ਹਿੱਸੇਦਾਰੀ ਵਾਲੇ ਨੋਟਾਂ ਜ਼ਰੀਏ ਇੱਥੋਂ ਦੀਆਂ ਸ਼ੇਅਰ ਮੰਡੀਆਂ ਵਿਚ ਪੂੰਜੀ ਨਿਵੇਸ਼ ਕਰਨ ਆਦਿ ਸ਼ਕਲਾਂ 'ਚ ਅਜਿਹੇ ਸਰਮਾਏ ਦੀ ਉਨ੍ਹਾਂ ਹੀ ਹੱਥਾਂ ਵਿਚ 'ਵਾਪਸੀ' ਕਿੰਨੀ ਸੁਖਾਲੀ ਹੈ।

ਕਾਰਪੋਰੇਟ ਤੇ ਵੱਡੇ ਕਾਰੋਬਾਰੀਆਂ ਦੇ ਬੈਂਕ ਖਾਤੇ ਵਿਦੇਸ਼ਾਂ ਵਿਚ ਮਹਿਫੂਜ਼ ਕੀਤੀਆਂ ਕਾਰਪੋਰੇਟ ਜਾਇਦਾਦਾਂ ਦਾ ਮਹਿਜ਼ ਹਿੱਸਾ ਮਾਤਰ ਹਨ। ਕਾਰਪੋਰੇਟ ਘਰਾਣੇ ਦੇਸ਼-ਵਿਦੇਸ਼ ਵਿਚਲੇ ਇਨ੍ਹਾਂ ਬੈਂਕ ਖਾਤਿਆਂ ਸਮੇਤ ਹਰ ਤਰ੍ਹਾਂ ਦੇ ਵਿਤੀ ਲੈਣ-ਦੇਣ ਦੇ ਇੰਤਜ਼ਾਮ ਚਲਾਉਣ ਲਈ 'ਪੋਰਟਫੋਲੀਓ ਮੈਨੇਜਰ' ਉਚੇਚੇ ਤੌਰ ਉਤੇ ਰੱਖਦੇ ਹਨ। ਆਮਦਨ ਕਰ ਮਹਿਕਮਾ ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਸੱਤਾਧਾਰੀਆਂ ਦੇ ਇਸ਼ਾਰਿਆਂ 'ਤੇ ਕੰਮ ਕਰਨ ਦੇ ਪਾਬੰਦ ਹਨ। ਆਮਦਨ ਕਰ ਦੀ ਵਿਵਸਥਾ ਨੂੰ ਬੇਅਸਰ ਬਣਾਉਂਦੇ ਹੋਏ ਵਿਦੇਸ਼ਾਂ ਤੋਂ ਥੋਕ ਪੈਸਾ ਲਿਆਉਣ ਦੇ ਮਾਰੀਸ਼ਸ਼ ਤੇ ਸਿੰਗਾਪੁਰ ਵਰਗੇ ਰੂਟਾਂ ਨੂੰ ਅਜਿਹੀ ਧੋਖਾਧੜੀ ਕਰਨ ਦੀ ਖੁੱਲ੍ਹ ਇਨ੍ਹਾਂ ਹਕੂਮਤਾਂ ਨੇ ਖੁਦ ਦਿੱਤੀ ਹੋਈ ਹੈ। ਇਸ ਸੂਰਤ ਵਿਚ ਅਦਾਲਤੀ 'ਦਖ਼ਲਅੰਦਾਜ਼ੀ' ਕਿੰਨੀ ਕੁ ਸਹਾਈ ਹੋਵੇਗੀ ਅਤੇ ਕਿਹੋ ਜਿਹੀ ਕਾਨੂੰਨੀ ਕਾਰਵਾਈ ਹੋਵੇਗੀ।

ਹਾਲ ਹੀ ਵਿਚ ਸਵਿਟਜ਼ਰਲੈਂਡ ਦੇ ਵੱਡੇ ਬੈਂਕਾਂ ਦੇ ਹਵਾਲੇ ਨਾਲ ਇਹ ਖ਼ੁਲਾਸਾ ਹੋਇਆ ਹੈ ਕਿ ਉਨ੍ਹਾਂ ਨੇ ਆਪਣੇ 'ਗਾਹਕਾਂ' ਨੂੰ ਦਸੰਬਰ ਤਕ ਉਥੋਂ ਆਪਣਾ ਕਾਲਾ ਧਨ ਇਸ ਤਰੀਕੇ ਨਾਲ ਸਮੇਟ ਲੈਣ ਲਈ ਕਿਹਾ ਹੈ ਕਿ 'ਛਾਣ-ਬੀਣ' ਹੋਣ ਦੀ ਸੂਰਤ ਵਿਚ ਬੈਂਕਾਂ ਤੇ ਉਨ੍ਹਾਂ ਦੇ ਗਾਹਕਾਂ ਦੋਵਾਂ ਲਈ ਕੋਈ ਪ੍ਰੇਸ਼ਾਨੀ ਨਾ ਆਵੇ। ਸਵਿਟਜ਼ਰਲੈਂਡ ਦੀਆਂ ਬੈਂਕਾਂ ਅਤੇ ਮੋਦੀ ਹਕੂਮਤ ਕਿਸੇ ਵਲੋਂ ਵੀ ਇਨ੍ਹਾਂ ਖ਼ਬਰਾਂ ਨੂੰ ਰੱਦ ਨਾ ਕੀਤੇ ਜਾਣ ਤੋਂ ਇਨ੍ਹਾਂ ਖ਼ਬਰਾਂ ਦੀ ਭਰੋਸੇਯੋਗਤਾ ਵਿਵਾਦਰਹਿਤ ਹੈ। ਲਿਹਾਜ਼ਾ ਮੋਦੀ ਹਕੂਮਤ ਵੀ ਕਾਲਾ ਧਨ ਵਾਪਸ ਨਹੀਂ ਲਿਆਵੇਗੀ। ਬਸ ਅਦਾਲਤੀ ਅਮਲ ਚੱਲਦਾ ਰਹੇਗਾ।

ਦਰਅਸਲ ਕਾਲੇ ਧਨ ਦਾ ਵਰਤਾਰਾ ਬਾਕੀ ਆਰਥਿਕ ਵਿਤੀ ਪ੍ਰਬੰਧ ਤੋਂ ਟੁੱਟਿਆ ਹੋਇਆ ਨਹੀਂ ਹੈ। ਖੁੱਲ੍ਹੀ ਮੰਡੀ ਦਾ ਆਰਥਿਕ ਮਾਡਲ ਇਸ ਧੋਖਾਧੜੀ ਨੂੰ ਹੋਰ ਜ਼ਰਬਾਂ ਦੇਣ ਵਾਲਾ ਸਰੋਤ ਹੈ। ਇਸ ਦੇ ਆਪਣੇ ਬੇਮਿਸਾਲ ਘੁਟਾਲੇ ਸਾਹਮਣੇ ਆਏ ਹਨ। ਲਿਹਾਜ਼ਾ ਕਾਲੇ ਧਨ ਤੋਂ ਵੀ ਵੱਧ ਜ਼ਰੂਰੀ ਹੈ, ਉਨ੍ਹਾਂ ਸਰੋਤਾਂ ਨੂੰ ਬੰਦ ਕਰਨਾ ਜੋ ਕਾਲੇ ਧਨ ਦੀ ਖਾਣ ਹਨ। ਅਜਿਹਾ ਕਾਰਪੋਰੇਟ ਹਿਤੈਸ਼ੀ ਹੁਕਮਰਾਨ ਕਦੇ ਵੀ ਨਹੀਂ ਕਰਨਗੇ।

**ਬੂਟਾ ਸਿੰਘ**
ਫੋਨ: 91-94634-74342

# ਨਵੰਬਰ 1984: ਨਿਆਂ ਦੀ ਲੰਮੀ ਉਡੀਕ

***ਕਤਲੇਆਮ ਦੇ ਤੀਹ ਸਾਲਾਂ ਬਾਅਦ ਵੀ ਇਹ ਕਿਉਂ ਅਹਿਮ ਹੈ? ਪੀੜਤ ਧਿਰ ਨੂੰ ਨਿਆਂ ਦੇਣ ਹਿੱਤ ਦੋਸ਼ੀ ਨੂੰ ਸਜ਼ਾ ਦਿੱਤੀ ਜਾਂਦੀ ਹੈ ਅਤੇ ਭਵਿੱਖ ਵਿਚ ਵੀ ਇਹ ਅਪਰਾਧਾਂ ਨੂੰ ਠੱਲ੍ਹ ਪਾਉਣ ਵਿਚ ਸਹਾਈ ਹੁੰਦੀ ਹੈ। ਇਸ ਨਾਲ ਸੁਨੇਹਾ ਜਾਂਦਾ ਹੈ ਕਿ ਇਸ ਵੱਡੇ ਜਮਹੂਰੀ ਮੁਲਕ ਵਿਚ ਕੋਈ ਵੀ ਕਾਨੂੰਨ ਤੋਂ ਉਪਰ ਨਹੀਂ ਹੈ; ਪਰ ਇਹ ਮੁੱਦਾ ਸਾਡੀਆਂ ਸਰਕਾਰਾਂ ਦਾ ਏਜੰਡਾ ਨਹੀਂ ਹੈ।***

ਜਨਵਰੀ 1985 ਵਿਚ ਇੱਕ ਪ੍ਰਸਿੱਧ ਮੈਗਜ਼ੀਨ ਨੂੰ ਦਿੱਤੀ ਇੰਟਰਵਿਊ ਵਿਚ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕਿਹਾ, "ਜਾਂਚ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ। ਇਹ ਸਿਰਫ਼ ਸੁੰਨੀਆਂ ਖੱਡਾਂ ਵਿਚ ਹੱਥ ਦੇਣ ਵਾਲੀ ਗੱਲ ਹੋਵੇਗੀ।" ਉਹ ਭਾਰਤ ਦੀ ਰਾਜਧਾਨੀ ਦਿੱਲੀ ਵਿਚ 3,000 ਅਤੇ ਪੂਰੇ ਮੁਲਕ ਵਿਚ 7,000 ਸਿੱਖਾਂ ਦੇ ਨਵੰਬਰ 1984 ਵਿਚ ਹੋਏ ਕਤਲੇਆਮ ਸਬੰਧੀ ਜਾਂਚ ਦੀ ਮੰਗ ਉਤੇ ਟਿੱਪਣੀ ਕਰ ਰਹੇ ਸਨ।

ਰਾਜੀਵ ਗਾਂਧੀ ਲਈ ਇਹ ਮੁੱਦਾ ਮੌਤ ਦੇ ਤਾਂਡਵ ਤੋਂ ਮਹਿਜ਼ ਦੋ ਮਹੀਨੇ ਮਗਰੋਂ ਖ਼ਤਮ ਹੋ ਗਿਆ ਸੀ ਜੋ ਦਿੱਲੀ ਦੀਆਂ ਸੜਕਾਂ ਉਤੇ ਦਿਨ-ਦਿਹਾੜੇ ਹੋਇਆ ਸੀ। ਪਹਿਲੀ ਤੋਂ ਤਿੰਨ ਨਵੰਬਰ ਦੀ ਦੁਪਹਿਰ ਦੇ 48 ਘੰਟਿਆਂ ਦੌਰਾਨ ਹਰ ਮਿੰਟ ਵਿਚ ਇੱਕ ਸਿੱਖ ਮਾਰਿਆ ਗਿਆ। ਇਨ੍ਹਾਂ 2,880 ਮਿੰਟਾਂ ਦੌਰਾਨ ਇਕੱਲੀ ਦਿੱਲੀ ਵਿਚ 2,733 (ਸਰਕਾਰੀ ਅੰਕੜੇ) ਸਿੱਖ ਮਾਰੇ ਗਏ। ਜਨਵਰੀ 1985 ਤਕ



**ਐਚ.ਐਸ. ਫੂਲਕਾ**

ਮਾਰੇ ਗਏ ਸਿੱਖਾਂ ਦੀ ਸਹੀ ਗਿਣਤੀ ਪਤਾ ਨਹੀਂ ਲੱਗ ਸਕੀ। ਗ੍ਰਿਹ ਮੰਤਰੀ ਨੇ ਸੰਸਦ ਵਿਚ ਬਿਆਨ ਦਿੱਤਾ ਸੀ ਕਿ ਪੂਰੇ ਭਾਰਤ ਵਿਚ 600 ਸਿੱਖ ਮਾਰੇ ਗਏ ਸਨ। ਇਸ ਬਿਆਨ ਦੇ ਪ੍ਰਤੀਕਰਮ ਵਜੋਂ ਉਸ ਵੇਲੇ ਵਿਰੋਧੀ ਧਿਰ ਦੇ ਆਗੂ ਅਟਲ ਬਿਹਾਰੀ ਵਾਜਪਾਈ ਨੇ ਇਕੱਲੀ ਦਿੱਲੀ ਵਿਚ ਕਤਲ ਕੀਤੇ ਗਏ 2,700 ਸਿੱਖਾਂ ਦੀ ਸੂਚੀ ਜਾਰੀ ਕੀਤੀ ਸੀ। ਪੰਜਾਹ ਹਜ਼ਾਰ ਤੋਂ ਵੀ ਵਧੇਰੇ ਲੋਕ ਰਾਹਤ ਕੈਂਪਾਂ ਵਿਚ ਦਿਨ ਕਟੀ ਕਰ ਰਹੇ ਸਨ।

ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਹੋਏ ਸਿਆਸੀ ਸਮਝੌਤੇ ਤਹਿਤ ਰਾਜੀਵ ਗਾਂਧੀ ਆਖ਼ਰਕਾਰ ਜਾਂਚ ਕਮਿਸ਼ਨ ਬਣਾਉਣ ਲਈ ਰਾਜ਼ੀ ਹੋ ਗਏ। ਕਿਸੇ ਵੀ ਜਮਹੂਰੀ ਸਰਕਾਰ ਲਈ ਸਬੰਧਤ ਮੁਲਕ ਦਾ ਕਾਨੂੰਨ ਪਹਿਲ ਦੇ ਆਧਾਰ 'ਤੇ ਲਾਗੂ ਕਰਵਾਉਣਾ ਲਾਜ਼ਮੀ ਹੁੰਦਾ ਹੈ, ਪਰ ਰਾਜੀਵ ਗਾਂਧੀ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਜਾਂਚ ਕਮਿਸ਼ਨ ਬਿਠਾਉਣਾ ਸਿਆਸੀ ਪੈਂਤੜਾ ਸੀ।

ਕਿਸੇ ਵੀ ਤਰ੍ਹਾਂ ਦੇ ਕਤਲੇਆਮ ਦੀ ਜਾਂਚ ਸਬੰਧੀ ਕੁਝ ਨਿਯਮ ਹੁੰਦੇ ਹਨ। ਇਨ੍ਹਾਂ ਵਿਚ ਇਹ ਵੇਖਣਾ ਹੁੰਦਾ ਹੈ ਕਿ ਕਤਲੇਆਮ ਕਿਵੇਂ ਹੋਇਆ, ਇਸ ਵਿਚ ਕਿਸ ਨੇ ਹਿੱਸਾ ਲਿਆ ਅਤੇ ਕਿਸ ਖਿਲਾਫ ਮੁਕੱਦਮਾ ਚਲਾਇਆ ਜਾਵੇ, ਕਾਨੂੰਨ ਲਾਗੂ ਕਰਵਾਉਣ ਵਾਲੀਆਂ ਸੰਸਥਾਵਾਂ ਦੀ ਭੂਮਿਕਾ ਕੀ ਸੀ ਅਤੇ ਉਨ੍ਹਾਂ ਖਿਲਾਫ ਕੀ ਕਾਰਵਾਈ ਕੀਤੀ ਜਾਵੇ; ਪਰ ਸੁਪਰੀਮ ਕੋਰਟ ਦੇ ਜੱਜ ਜੇ. ਰੰਗਾਨਾਥ ਮਿਸ਼ਰਾ ਕਮਿਸ਼ਨ ਦੀ ਅਗਵਾਈ ਵਾਲੇ ਮਿਸ਼ਰਾ ਜਾਂਚ ਕਮਿਸ਼ਨ ਲਈ ਅਜਿਹੇ ਨਿਯਮ ਤੈਅ ਨਹੀਂ ਕੀਤੇ ਗਏ। ਲਾਚਾਰ ਨਾਗਰਿਕਾਂ ਦੀ ਮੌਤ ਸਬੰਧੀ ਕਿਸੇ ਨੂੰ ਜਵਾਬਦੇਹ ਠਹਿਰਾਉਣ ਸਬੰਧੀ ਕੋਈ ਚਾਰਾਜੋਈ ਨਹੀਂ ਕੀਤੀ ਗਈ। ਇਸ ਦੇ ਉਲਟ ਮਿਸ਼ਰਾ ਕਮਿਸ਼ਨ ਨੇ ਸਿਰਫ਼ ਇਨ੍ਹਾਂ ਦੋਸ਼ਾਂ ਦੀ ਜਾਂਚ ਹੀ ਕੀਤੀ ਕਿ ਹਿੰਸਾ ਸੰਗਠਿਤ ਸੀ ਜਾਂ ਨਹੀਂ।

ਅਕਾਲੀ ਦਲ ਦੇ ਆਗੂਆਂ ਨੂੰ ਨਿਯਮ ਬਦਲਵਾਉਣ ਲਈ ਕੀਤੀਆਂ ਗਈਆਂ ਬੇਨਤੀਆਂ ਵੀ ਕਿਸੇ ਕੰਮ ਨਹੀਂ ਆਈਆਂ ਅਤੇ ਕਮਿਸ਼ਨ ਨੇ ਆਪਣੇ ਮਿੱਥੇ ਨੁਕਸਦਾਰ ਉਦੇਸ਼ਾਂ ਤਹਿਤ ਹੀ ਜਾਂਚ ਸ਼ੁਰੂ ਕੀਤੀ। ਮਨੁੱਖੀ ਅਧਿਕਾਰ ਸੰਗਠਨਾਂ ਕੋਲ ਇਸ ਕਾਰਵਾਈ ਵਿਚ ਸ਼ਾਮਲ ਹੋਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਸੀ। ਇਸ ਮੰਤਵ ਲਈ ਮਨੁੱਖੀ ਅਧਿਕਾਰ ਸੰਗਠਨਾਂ ਦੀ ਸਾਂਝੀ 'ਸਿਟੀਜ਼ਨ ਜਸਟਿਸ ਕਮੇਟੀ' ਬਣਾਈ ਗਈ। ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਐਸ.ਐਮ. ਸੀਕਰੀ ਇਸ ਦੇ ਪ੍ਰਧਾਨ ਅਤੇ ਮੈਂ ਇਸ ਦਾ ਸਕੱਤਰ ਸਾਂ। ਮਿਸ਼ਰਾ ਕਮਿਸ਼ਨ ਨੇ ਜੁਲਾਈ 1985 ਵਿਚ ਕਾਰਵਾਈ ਅਰੰਭੀ ਅਤੇ ਅਗਸਤ 1986 ਵਿਚ ਆਪਣੀ ਰਿਪੋਰਟ ਜਮ੍ਹਾਂ ਕਰਵਾ ਦਿੱਤੀ। ਇਹ ਰਿਪੋਰਟ ਫਰਵਰੀ 1987 ਵਿਚ ਸੰਸਦ ਵਿਚ ਪੇਸ਼ ਕੀਤੀ ਗਈ। ਰਿਪੋਰਟ ਵਿਚ ਮਿਸ਼ਰਾ ਨੇ ਕਿਹਾ ਕਿ ਕਿਸੇ ਵਿਅਕਤੀ ਦੀ ਸ਼ਨਾਖ਼ਤ ਕਰਨਾ, ਉਸ ਦੇ ਜਾਂਚ ਨਿਯਮਾਂ ਵਿਚ ਸ਼ਾਮਲ ਨਹੀਂ ਹੈ। ਇੱਕ ਸਾਲ ਤੋਂ ਵੀ ਵਧੇਰੇ ਸਮਾਂ ਜਾਂਚ ਕਰਨ ਮਗਰੋਂ ਉਸ ਨੇ ਇਸ ਕੰਮ ਲਈ ਤਿੰਨ ਹੋਰ ਕਮੇਟੀਆਂ ਬਣਾਉਣ ਦੀ ਸਿਫ਼ਾਰਸ਼ ਕੀਤੀ।

ਪਹਿਲਾਂ ਪੁਲਿਸ ਕਮਿਸ਼ਨਰ ਨੇ ਕਤਲੇਆਮ ਸਮੇਂ ਪੁਲਿਸ ਦੀ ਭੂਮਿਕਾ ਦੀ ਜਾਂਚ ਲਈ ਵਧੀਕ ਪੁਲਿਸ ਕਮਿਸ਼ਨਰ ਵੇਦ ਮਰਵਾਹ ਦੀ ਡਿਊਟੀ ਲਗਾ ਦਿੱਤੀ ਸੀ। ਵਿਡੰਬਨਾ ਇਹ ਹੈ ਕਿ ਪੁਲਿਸ ਕਮਿਸ਼ਨਰ ਅਤੇ ਸੀਨੀਅਰ ਵਧੀਕ ਕਮਿਸ਼ਨਰਾਂ ਦੀ ਮਿਲੀਭੁਗਤ ਦੀ ਜਾਂਚ ਉਨ੍ਹਾਂ ਤੋਂ ਜੂਨੀਅਰ ਅਧਿਕਾਰੀ ਨੂੰ ਸੌਂਪੀ ਗਈ। ਫਿਰ ਵੀ ਮਰਵਾਹ ਨੇ ਜਾਂਚ ਕੀਤੀ। ਪੱਤਰਕਾਰ ਰਾਹੁਲ ਬੇਦੀ ਨੇ ਨਵੰਬਰ 1984 ਦੇ ਤੀਜੇ ਹਫਤੇ ਦਿੱਲੀ ਹਾਈਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ ਕਿ ਪੁਲਿਸ ਦੇ ਦੋ ਸਭ ਤੋਂ ਸੀਨੀਅਰ ਵਧੀਕ ਕਮਿਸ਼ਨਰਾਂ ਅਤੇ ਇੱਕ ਡਿਪਟੀ ਕਮਿਸ਼ਨਰ ਨੇ ਤ੍ਰਿਲੋਕਪੁਰੀ ਵਿਖੇ ਹੋਏ ਕਤਲੇਆਮ ਦੀ ਉਸ ਵੱਲੋਂ ਦਿੱਤੀ ਸੂਚਨਾ ਨੂੰ ਕਿਵੇਂ ਅਣਗੌਲਿਆਂ ਕਰ ਦਿੱਤਾ ਸੀ ਜਿਸ ਦੇ ਸਿੱਟੇ ਵਜੋਂ ਉਥੇ 400 ਸਿੱਖ ਮਾਰੇ ਗਏ। ਸਰਕਾਰ ਨੇ ਹਾਈਕੋਰਟ ਵਿਚ ਆਪਣਾ ਪੱਖ ਰੱਖਦਿਆਂ ਕਿਹਾ ਕਿ ਵੇਦ ਮਰਵਾਹ ਵੱਲੋਂ ਜਾਂਚ ਕੀਤੀ ਜਾ ਰਹੀ ਹੈ, ਇਸ ਲਈ ਹਾਈਕੋਰਟ ਨੂੰ ਇਸ ਪਟੀਸ਼ਨ 'ਤੇ ਗ਼ੌਰ ਨਹੀਂ ਕਰਨਾ ਚਾਹੀਦਾ। ਅਫ਼ਸੋਸ ਦੀ ਗੱਲ ਹੈ ਕਿ ਸਰਕਾਰ ਦੇ ਯਕੀਨ ਦਿਵਾਉਣ 'ਤੇ ਹਾਈਕੋਰਟ ਨੇ ਪਟੀਸ਼ਨ ਰੱਦ ਕਰ ਦਿੱਤੀ। ਵੇਦ ਮਰਵਾਹ ਨੇ ਅਕਤੂਬਰ 1985 ਵਿਚ ਜਾਂਚ ਮੁਕੰਮਲ ਕਰ ਲਈ ਸੀ, ਪਰ ਸ਼ਾਇਦ ਉਸ ਨੂੰ ਰਿਪੋਰਟ ਜਮ੍ਹਾਂ ਨਾ ਕਰਵਾਉਣ ਦੀ ਹਦਾਇਤ ਦਿੱਤੀ ਗਈ ਸੀ।

ਮਿਸ਼ਰਾ ਨੇ ਆਪਣੀ ਰਿਪੋਰਟ ਵਿਚ ਦੋਸ਼ੀਆਂ ਦੀ ਪਛਾਣ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਜਦੋਂਕਿ ਕਸੂਰਵਾਰ ਅਧਿਕਾਰੀਆਂ ਨੂੰ ਪਛਾਣਨ ਵਾਲੇ ਮਰਵਾਹ ਨੂੰ ਕੰਮ ਬੰਦ ਕਰਨ ਲਈ ਕਿਹਾ ਗਿਆ। ਕਾਨਪੁਰ ਵਿਚ ਸਵਾ ਸੌ ਸਿੱਖਾਂ ਦੇ ਹੋਏ ਕਤਲਾਂ ਲਈ ਮਿਸ਼ਰਾ ਨੇ ਤਤਕਾਲੀ ਜ਼ਿਲ੍ਹਾ ਮੈਜਿਸਟਰੇਟ ਬ੍ਰਿਜੇਂਦਰ ਯਾਦਵ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਇੱਕ ਫ਼ੌਜੀ ਅਧਿਕਾਰੀ ਕੈਪਟਨ ਬ੍ਰੈਥ ਨੇ ਮਿਸ਼ਰਾ ਕਮਿਸ਼ਨ ਨੂੰ ਸੌਂਪੀ ਰਿਪੋਰਟ ਵਿਚ ਲਿਖਿਆ ਸੀ ਕਿ ਯਾਦਵ ਨੇ ਫ਼ੌਜ ਨੂੰ ਕਤਲ, ਲੁੱਟ-ਮਾਰ ਅਤੇ ਅੱਗਜ਼ਨੀ ਦੀਆਂ ਘਟਨਾਵਾਂ ਵਿਚ ਸ਼ਾਮਲ ਭੀੜ ਖਿਲਾਫ ਕਾਰਵਾਈ ਕਰਨ ਤੋਂ ਰੋਕਿਆ ਸੀ। ਮਿਸ਼ਰਾ ਕਮਿਸ਼ਨ ਨੇ ਯਾਦਵ ਖਿਲਾਫ ਕਾਰਵਾਈ ਦੀ ਸਿਫ਼ਾਰਸ਼ ਕੀਤੀ ਸੀ, ਪਰ ਯਾਦਵ ਨੂੰ ਤਿੰਨ ਵਾਰ ਤਰੱਕੀ ਮਿਲੀ ਅਤੇ ਉਹ ਪ੍ਰਮੁੱਖ ਸਕੱਤਰ ਦੇ ਬਰਾਬਰ ਦੇ ਅਹੁਦੇ ਤੋਂ ਸੇਵਾਮੁਕਤ ਹੋਇਆ।

ਜਸਟਿਸ ਰੰਗਾਨਾਥ ਮਿਸ਼ਰਾ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਬਣੇ ਅਤੇ ਸੇਵਾਮੁਕਤੀ ਮਗਰੋਂ ਕਾਂਗਰਸ ਵੱਲੋਂ ਉਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਬਣਾਇਆ ਗਿਆ। ਅਸੀਂ ਕਤਲ ਕੀਤੇ ਗਏ 3,878 ਦੀ ਸੂਚੀ ਜਮ੍ਹਾਂ ਕਰਵਾਈ, ਪਰ ਫ਼ਰਵਰੀ 1987 ਤਕ ਮਿਸ਼ਰਾ ਕਮਿਸ਼ਨ ਨੂੰ ਇਹ ਗਿਣਤੀ ਪਤਾ ਨਹੀਂ ਸੀ ਲੱਗ ਸਕੀ। ਇਸ ਲਈ ਉਸ ਨੇ ਹੋਰ ਕਮੇਟੀ ਬਣਾਉਣ ਦੀ ਸਿਫ਼ਾਰਸ਼ ਕੀਤੀ। ਇਸ ਤਹਿਤ ਬਣਾਈ ਆਹੂਜਾ ਕਮੇਟੀ ਨੇ ਅਗਸਤ 1987 ਵਿਚ ਪੇਸ਼ ਕੀਤੀ ਰਿਪੋਰਟ 'ਚ ਇਕੱਲੀ ਦਿੱਲੀ ਵਿਚ ਮਾਰੇ ਗਏ ਸਿੱਖਾਂ ਦੀ ਗਿਣਤੀ 2,733 ਦੱਸੀ। ਦੁਨੀਆਂ ਦੇ ਸਭ ਤੋਂ ਵੱਡੇ ਜਮਹੂਰੀ ਮੁਲਕ ਨੂੰ ਮਹਿਜ਼ ਦੋ ਦਿਨਾਂ ਵਿਚ ਕਤਲ ਕੀਤੇ ਗਏ ਲੋਕਾਂ ਦੀ ਗਿਣਤੀ ਦੱਸਣ ਵਿਚ ਹੀ ਤਿੰਨ ਸਾਲ ਲੱਗ ਗਏ।



*ਦਿੱਲੀ ਵਿਚ ਰੋਸ ਵਿਖਾਵੇ ਵਿਚ ਪੁੱਜਿਆ ਇਕ ਬਜ਼ੁਰਗ।*

ਪੁਲਿਸ ਦੀ ਭੂਮਿਕਾ ਦੀ ਜਾਂਚ ਕਰਨ ਲਈ ਮਿਸ਼ਰਾ ਕਮਿਸ਼ਨ ਦੀ ਸਿਫ਼ਾਰਸ਼ ਮੁਤਾਬਕ ਕਪੂਰ ਮਿੱਤਲ ਕਮੇਟੀ ਬਣਾਈ ਗਈ। 1990 ਵਿਚ ਇਸ ਕਮੇਟੀ ਨੇ 72 ਪੁਲਿਸ ਅਧਿਕਾਰੀਆਂ ਦੀ ਸ਼ਨਾਖ਼ਤ ਕੀਤੀ ਅਤੇ 30 ਅਧਿਕਾਰੀਆਂ ਨੂੰ ਬਿਨਾਂ ਕਿਸੇ ਜਾਂਚ ਤੋਂ ਮੁਅੱਤਲ ਕਰਨ ਦੀ ਸਿਫ਼ਾਰਸ਼ ਕੀਤੀ। ਇਨ੍ਹਾਂ ਵਿਚੋਂ ਕੋਈ ਵੀ ਅਧਿਕਾਰੀ ਮੁਅੱਤਲ ਨਹੀਂ ਕੀਤਾ ਗਿਆ ਅਤੇ ਨਾ ਹੀ ਕਿਸੇ ਨੂੰ ਸਜ਼ਾ ਹੋਈ। ਇਸ ਕਮੇਟੀ ਵੱਲੋਂ ਕੀਤੀ ਜਾਂਚ ਵਿਚ ਰਾਹੁਲ ਬੇਦੀ ਵੱਲੋਂ ਲਾਏ ਗਏ ਦੋਸ਼ ਸਹੀ ਪਾਏ ਗਏ ਅਤੇ ਇਸ ਨੇ ਸੇਵਾ ਦਾਸ ਤੇ ਨਿਖਿਲ ਕੁਮਾਰ ਖਿਲਾਫ ਕਾਰਵਾਈ ਦੀ ਸਿਫ਼ਾਰਸ਼ ਕੀਤੀ ਸੀ। ਕਾਰਵਾਈ ਤਾਂ ਦੂਰ ਦੀ ਗੱਲ ਸਗੋਂ ਉਨ੍ਹਾਂ ਨੂੰ ਤਿੰਨ-ਤਿੰਨ ਵਾਰ ਤਰੱਕੀ ਮਿਲੀ।

ਹੋਰ ਕਮੇਟੀਆਂ ਨੇ ਕੇਸ ਦਰਜ ਕਰਨ ਸਬੰਧੀ ਸਿਫ਼ਾਰਸ਼ਾਂ ਕਰਨੀਆਂ ਸਨ। ਇਸ ਕੰਮ ਲਈ ਇੱਕ ਤੋਂ ਬਾਅਦ ਇੱਕ, ਤਿੰਨ ਕਮੇਟੀਆਂ ਜੈਨ ਬੈਨਰਜੀ ਕਮੇਟੀ, ਪੋਟੀ ਰੋਸ਼ਾ ਕਮੇਟੀ ਅਤੇ ਜੈਨ ਅਗਰਵਾਲ ਕਮੇਟੀ ਬਣੀਆਂ। ਇਨ੍ਹਾਂ ਕਮੇਟੀਆਂ ਨੇ ਕੇਸ ਦਰਜ ਕਰਨ ਦੀਆਂ ਸਿਫ਼ਾਰਸ਼ਾਂ ਕੀਤੀਆਂ ਪਰ ਇਨ੍ਹਾਂ ਵੱਲੋਂ ਪੇਸ਼ ਕੀਤੀਆਂ ਰਿਪੋਰਟਾਂ ਪੂਰੀ ਤਰ੍ਹਾਂ ਲਾਗੂ ਨਹੀਂ ਕੀਤੀਆਂ ਗਈਆਂ।

ਪੀੜਤਾਂ ਦੇ ਮੁੜ ਵਸੇਬੇ ਲਈ ਤਜਵੀਜ਼ਾਂ ਤਿਆਰ ਕਰਨ ਹਿੱਤ ਢਿੱਲੋਂ ਕਮੇਟੀ ਕਾਇਮ ਕੀਤੀ ਗਈ। ਇਸ ਨੇ ਸਿਫ਼ਾਰਸ਼ ਕੀਤੀ ਕਿ ਦੰਗਾ ਪੀੜਤ ਵਪਾਰੀਆਂ ਨੂੰ ਮੁਆਵਜ਼ਾ ਦਿੱਤਾ ਜਾਵੇ ਜਿਨ੍ਹਾਂ ਨੂੰ ਆਪਣੇ ਕਾਰੋਬਾਰੀ ਸਥਾਨਾਂ ਦਾ ਬੀਮਾ ਕਰਵਾਉਣ ਦੇ ਬਾਵਜੂਦ ਬੀਮਾ ਕੰਪਨੀਆਂ ਨੇ ਬੀਮਾ ਰਾਸ਼ੀ ਇਸ ਤਕਨੀਕੀ ਆਧਾਰ 'ਤੇ ਨਹੀਂ ਦਿੱਤੀ ਸੀ ਕਿ ਦੰਗਿਆਂ ਕਾਰਨ ਹੋਇਆ ਨੁਕਸਾਨ ਬੀਮਾ ਨਿਯਮਾਂ ਵਿਚ ਸ਼ਾਮਲ ਨਹੀਂ ਹੁੰਦਾ। ਸਰਕਾਰ ਨੇ ਕਮੇਟੀ ਦੀ ਸਿਫ਼ਾਰਸ਼ ਮਨਜ਼ੂਰ ਨਹੀਂ ਕੀਤੀ ਅਤੇ ਬੀਮਾ ਕਰਵਾਉਣ ਦੇ ਬਾਵਜੂਦ ਅਜਿਹੇ ਸਾਰੇ ਕਲੇਮ ਰੱਦ ਕਰ ਦਿੱਤੇ ਗਏ।

ਮਦਨ ਲਾਲ ਖੁਰਾਣਾ ਦੀ ਅਗਵਾਈ ਵਾਲੀ ਸਰਕਾਰ ਨੇ ਦਸੰਬਰ 1993 ਵਿਚ ਜਾਂਚ ਲਈ ਨੌਵੀਂ ਕਮੇਟੀ ਭਾਵ ਨਰੂਲਾ ਕਮੇਟੀ ਕਾਇਮ ਕੀਤੀ। ਇਸ ਕਮੇਟੀ ਨੇ ਐਚ.ਕੇ.ਐਲ. ਭਗਤ, ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਖਿਲਾਫ ਕੇਸ ਦਾਇਰ ਕਰਨ ਦੀ ਸਿਫ਼ਾਰਸ਼ ਕੀਤੀ। ਇਹ ਸਿਫ਼ਾਰਸ਼ਾਂ ਪੂਰੀ ਤਰ੍ਹਾਂ ਲਾਗੂ ਨਹੀਂ ਕੀਤੀਆਂ ਗਈਆਂ।

ਦਸਵਾਂ ਨਾਨਾਵਤੀ ਕਮਿਸ਼ਨ ਜਨਵਰੀ 2000 ਵਿਚ ਬਣਾਇਆ ਗਿਆ। ਇਸ ਨੇ ਆਪਣੀ ਰਿਪੋਰਟ ਫ਼ਰਵਰੀ 2005 ਵਿਚ ਦਾਖ਼ਲ ਕੀਤੀ। ਇਸ ਦੀ ਸਿਫ਼ਾਰਸ਼ 'ਤੇ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਖਿਲਾਫ ਕੇਸ ਦਰਜ ਕੀਤੇ ਗਏ ਅਤੇ ਪ੍ਰਧਾਨ ਮੰਤਰੀ ਫ਼ੰਡ ਵਿਚੋਂ 717 ਕਰੋੜ ਰੁਪਏ ਮੁਆਵਜ਼ੇ ਵਜੋਂ ਦੇਣ ਦਾ ਐਲਾਨ ਹੋਇਆ। ਪ੍ਰਧਾਨ ਮੰਤਰੀ ਫ਼ੰਡ ਦੀ ਇੱਕ ਮਦ ਪੀੜਤਾਂ ਦੇ ਬੱਚਿਆਂ ਨੂੰ ਰੁਜ਼ਗਾਰ ਦੇਣ ਸਬੰਧੀ ਸੀ, ਜੋ ਹਾਲੇ ਲਾਗੂ ਨਹੀਂ ਕੀਤੀ ਗਈ ਅਤੇ ਐਲਾਨੀ ਗਈ ਰਕਮ ਵਿਚੋਂ 200 ਕਰੋੜ ਰੁਪਏ ਹਾਲੇ ਵੰਡਣੇ ਬਾਕੀ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਇਸ ਵਿਚੋਂ 166 ਕਰੋੜ ਰੁਪਏ ਜਾਰੀ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਤਹਿਤ ਪੀੜਤਾਂ ਨੂੰ ਪੰਜ-ਪੰਜ ਲੱਖ ਰੁਪਏ ਮੁਆਵਜ਼ੇ ਵਜੋਂ ਦੇਣ ਦੀ ਗੱਲ ਆਖੀ ਗਈ ਹੈ। ਕਾਨੂੰਨ ਤਹਿਤ ਪੀੜਤ ਧਿਰ ਨੂੰ ਨਿਆਂ ਦੇਣ ਲਈ ਮੁਆਵਜ਼ਾ ਅਤੇ ਦੋਸ਼ੀਆਂ ਨੂੰ ਸਜ਼ਾ- ਦੋਵੇਂ ਲਾਜ਼ਮੀ ਹਨ। ਇਸ ਲਈ ਸਿਰਫ਼ ਮੁਆਵਜ਼ਾ ਹੀ ਨਹੀਂ, ਸਗੋਂ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਵੀ ਦਿੱਤੀਆਂ ਜਾਣ। ਫ਼ਰਵਰੀ 2014 ਵਿਚ ਕੇਜਰੀਵਾਲ ਸਰਕਾਰ ਨੇ ਪੁਲਿਸ ਵੱਲੋਂ 'ਸਬੂਤ ਨਾ ਮਿਲਣ ਕਰ ਕੇ' ਬੰਦ ਕੀਤੇ ਗਏ ਕੇਸ ਮੁੜ ਖੋਲ੍ਹਣ ਅਤੇ ਤਫ਼ਤੀਸ਼ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਸੀ। ਕੇਜਰੀਵਾਲ ਦੇ ਅਸਤੀਫ਼ੇ ਮਗਰੋਂ ਯੂ.ਪੀ.ਏ. ਸਰਕਾਰ ਨੇ ਇਸ 'ਤੇ ਰੋਕ ਲਾ ਦਿੱਤੀ ਅਤੇ ਹਾਲੇ ਐਨ.ਡੀ.ਏ. ਸਰਕਾਰ ਨੇ ਵੀ ਇਹ ਰੋਕ ਖ਼ਤਮ ਨਹੀਂ ਕੀਤੀ।

ਕਤਲੇਆਮ ਦੇ ਤੀਹ ਸਾਲਾਂ ਬਾਅਦ ਵੀ ਇਹ ਕਿਉਂ ਅਹਿਮ ਹੈ? ਪੀੜਤ ਧਿਰ ਨੂੰ ਨਿਆਂ ਦੇਣ ਹਿੱਤ ਦੋਸ਼ੀ ਨੂੰ ਸਜ਼ਾ ਦਿੱਤੀ ਜਾਂਦੀ ਹੈ ਅਤੇ ਭਵਿੱਖ ਵਿਚ ਵੀ ਇਹ ਅਪਰਾਧਾਂ ਨੂੰ ਠੱਲ੍ਹ ਪਾਉਣ ਵਿਚ ਸਹਾਈ ਹੁੰਦੀ ਹੈ। ਇਸ ਨਾਲ ਸੁਨੇਹਾ ਜਾਂਦਾ ਹੈ ਕਿ ਇਸ ਵੱਡੇ ਜਮਹੂਰੀ ਮੁਲਕ ਵਿਚ ਕੋਈ ਵੀ ਕਾਨੂੰਨ ਤੋਂ ਉਪਰ ਨਹੀਂ ਹੈ; ਪਰ ਇਹ ਮੁੱਦਾ ਸਾਡੀਆਂ ਸਰਕਾਰਾਂ ਦਾ ਏਜੰਡਾ ਨਹੀਂ ਹੈ। ਰਾਜੀਵ ਗਾਂਧੀ ਦੀ ਕਾਂਗਰਸ ਸਰਕਾਰ ਲਈ ਇਹ ਜਨਵਰੀ 1985 ਵਿਚ ਖ਼ਤਮ ਹੋ ਚੁੱਕਿਆ ਸੀ ਅਤੇ ਹੁਣ ਅਕਾਲੀ-ਭਾਜਪਾ ਸਰਕਾਰ ਲਈ ਪਿਛਲੇ ਪੰਜ ਮਹੀਨਿਆਂ ਤੋਂ ਖ਼ਤਮ ਹੋ ਚੁੱਕਾ ਹੈ। ਉਨ੍ਹਾਂ ਨੇ ਦੋਸ਼ੀਆਂ ਨੂੰ ਸਜ਼ਾ ਅਤੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਕੋਈ ਕਦਮ ਨਹੀਂ ਚੁੱਕਿਆ। ਵੇਲਾ ਖੁੰਝਣ ਦੀ ਗੱਲ ਇਸ ਮਾਮਲੇ ਵਿਚ ਨਹੀਂ ਕਰਨੀ ਚਾਹੀਦੀ। ਅਸੀਂ ਲੜਾਂਗੇ, ਕਿਉਂਕਿ ਮੌਤ ਬੇਗੁਨਾਹ ਨਾਗਰਿਕਾਂ ਦੀ ਹੋਈ ਹੈ, ਕਾਨੂੰਨ ਦੀ ਨਹੀਂ।

## ਜਾਂਚ-ਦਰ-ਜਾਂਚ !

ਨਵੰਬਰ 1984 ਦੇ ਸਿੱਖ ਕਤਲੇਆਮ ਦੀ ਜਾਂਚ ਲਈ ਵੱਖ-ਵੱਖ ਸਮੇਂ ਕੇਂਦਰ ਸਰਕਾਰ ਨੇ 11 ਕਮੇਟੀਆਂ/ਕਮਿਸ਼ਨ ਬਣਾਏ। ਇਨ੍ਹਾਂ ਬਾਰੇ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ:

**ਵੇਦ ਮਰਵਾਹ ਕਮਿਸ਼ਨ:** ਪਹਿਲੀ, ਦੋ ਤੇ ਤਿੰਨ ਨਵੰਬਰ 1984 ਅਤੇ ਅਗਲੇ ਦਿਨਾਂ 'ਚ ਦਿੱਲੀ ਅੰਦਰ ਹੋਏ ਸਿੱਖਾਂ ਦੇ ਕਤਲੇਆਮ ਦੀ ਜਾਂਚ ਲਈ ਨਵੰਬਰ 1984 'ਚ ਦਿੱਲੀ ਪੁਲਿਸ ਦੇ ਵਧੀਕ ਕਮਿਸ਼ਨਰ ਵੇਦ ਮਰਵਾਹ ਦੀ ਅਗਵਾਈ ਹੇਠ ਕਮਿਸ਼ਨ ਬਣਾਇਆ ਗਿਆ ਜਿਸ ਦਾ ਕੰਮ ਦੰਗਿਆਂ ਦੌਰਾਨ ਦਿੱਲੀ ਪੁਲਿਸ ਦੀ ਭੂਮਿਕਾ ਬਾਰੇ ਤੱਥ ਇਕੱਠੇ ਕਰਨੇ ਸਨ। ਮਾਰਵਾਹ ਨੇ 1984 ਦੌਰਾਨ ਆਪਣੀ ਜਾਂਚ ਕਰੀਬ-ਕਰੀਬ ਪੂਰੀ ਕਰ ਹੀ ਲਈ ਸੀ ਪਰ ਉਨ੍ਹਾਂ ਨੂੰ ਤਤਕਾਲੀ ਕੇਂਦਰ ਸਰਕਾਰ ਵੱਲੋਂ ਹੁਕਮ ਹੋਏ ਕਿ ਉਹ ਅੱਗੇ ਜਾਂਚ ਨਾ ਕਰਨ, ਕਿਉਂਕਿ ਸਰਕਾਰ ਨੇ ਨਵਾਂ ਮਿਸ਼ਰਾ ਕਮਿਸ਼ਨ ਬਣਾ ਕੇ ਜਾਂਚ ਸ਼ੁਰੂ ਕਰ ਦਿੱਤੀ ਸੀ।

**ਮਿਸ਼ਰਾ ਕਮਿਸ਼ਨ:** ਮਈ 1985 ਨੂੰ ਜਸਟਿਸ ਰੰਗਨਾਥ ਮਿਸ਼ਰ ਦੀ ਅਗਵਾਈ ਵਿਚ ਬਣੇ ਕਮਿਸ਼ਨ ਨੇ ਅਗਸਤ 1986 ਨੂੰ ਜਾਂਚ ਰਿਪੋਰਟ ਪੇਸ਼ ਕੀਤੀ ਜਿਸ ਨੂੰ ਫਰਵਰੀ 1987 ਨੂੰ ਜਨਤਕ ਕੀਤਾ ਗਿਆ ਸੀ।

**ਕਪੂਰ-ਮਿੱਤਲ ਕਮੇਟੀ:** ਮਿਸ਼ਰਾ ਕਮਿਸ਼ਨ ਦੀ ਸਿਫ਼ਾਰਿਸ਼ 'ਤੇ ਫਰਵਰੀ 1987 ਨੂੰ ਕਪੂਰ-ਮਿੱਤਲ ਕਮੇਟੀ ਬਣਾਈ ਗਈ ਜਿਸ ਦਾ ਬਹੁਤਾ ਕੰਮ ਦਿੱਲੀ ਪੁਲਿਸ ਦੀ ਕਤਲੇਆਮ ਦੌਰਾਨ ਭੂਮਿਕਾ ਬਾਰੇ ਸੀ ਜੋ ਬਹੁਤਾ ਕਰ ਕੇ ਸਭ ਤੋਂ ਪਹਿਲਾਂ ਬਣੇ ਹੋਏ ਵੇਦ ਮਰਵਾਹ ਕਮਿਸ਼ਨ ਨੇ 1985 'ਚ ਕਰ ਦਿੱਤਾ ਸੀ। ਜਸਟਿਸ ਦਲੀਪ ਕਪੂਰ ਤੇ ਸ੍ਰੀਮਤੀ ਕੁਸਮ ਮਿੱਤਲ ਜੋ ਕਿਊ.ਪੀ. ਦੀ ਸਾਬਕਾ ਸਕੱਤਰ ਦੀ ਅਗਵਾਈ ਹੇਠ ਇਸ ਕਮੇਟੀ ਨੇ 1990 ਨੂੰ ਆਪਣੀ ਰਿਪੋਰਟ ਦਿੱਤੀ ਜਿਸ 'ਚ 72 ਪੁਲਿਸ ਅਧਿਕਾਰੀਆਂ ਦੀ ਕਤਲੇਆਮ ਦੌਰਾਨ ਅਣਗਿਹਲੀ ਜਾਂ ਸ਼ੱਕੀ ਭੂਮਿਕਾ 'ਤੇ ਉਂਗਲੀ ਧਰੀ ਅਤੇ ਇਨ੍ਹਾਂ ਪੁਲਿਸ ਵਾਲਿਆਂ ਵਿਚੋਂ 30 ਨੂੰ ਬਰਖ਼ਾਸਤ ਕਰਨ ਦੀ ਸਿਫ਼ਾਰਿਸ਼ ਕੀਤੀ।

**ਜੈਨ-ਬੈਨਰਜੀ ਕਮੇਟੀ:** ਇਹ ਕਮੇਟੀ ਮਿਸ਼ਰਾ ਕਮਿਸ਼ਨ ਦੀ ਸਿਫ਼ਾਰਿਸ਼ 'ਤੇ ਬਣੀ ਜਿਸ ਦੀ ਅਗਵਾਈ ਜਸਟਿਸ ਐਮ.ਐਲ. ਜੈਨ ਤੇ ਸਾਬਕਾ ਜੱਜ ਏ.ਕੇ. ਬੈਨਰਜੀ ਨੇ ਕੀਤੀ। ਕਮੇਟੀ ਨੇ ਕਾਂਗਰਸੀ ਆਗੂ ਸੱਜਣ ਕੁਮਾਰ ਖਿਲਾਫ ਸਬੂਤਾਂ ਨੂੰ ਦੇਖਦੇ ਹੋਏ ਮਾਮਲਾ ਦਰਜ ਕਰਨ ਲਈ ਅਗਸਤ 1987 ਨੂੰ ਸਿਫ਼ਾਰਿਸ਼ ਕੀਤੀ।

**ਪੋਤੀਰੋਸ਼ਾ ਕਮੇਟੀ:** ਮਾਰਚ 1990 ਵਿਚ ਬਣੀ ਇਸ ਕਮੇਟੀ ਨੇ ਵੀ ਸੱਜਣ ਕੁਮਾਰ ਵਿਰੁਧ ਮਾਮਲਾ ਦਰਜ ਕਰਨ ਦੀ ਸਿਫ਼ਾਰਿਸ਼ ਕੀਤੀ।

ਜੈਨ-ਅਗਰਵਾਲ ਕਮੇਟੀ: ਦਸੰਬਰ 1990 ਨੂੰ ਬਣਾਈ ਗਈ ਇਸ ਕਮੇਟੀ ਦੀ ਅਗਵਾਈ ਦਿੱਲੀ ਹਾਈਕੋਰਟ ਦੇ ਸੇਵਾ ਮੁਕਤ ਜੱਜ ਜੇ.ਡੀ. ਜੈਨ ਤੇ ਉਤਰ ਪ੍ਰਦੇਸ਼ ਦੇ ਸਾਬਕਾ ਡੀ.ਜੀ.ਪੀ. ਡੀ.ਕੇ. ਅਗਰਵਾਲ ਨੇ ਕੀਤੀ ਅਤੇ 1993 ਤਕ ਜਾਂਚ ਹੋਈ।

**ਆਹੂਜਾ ਕਮੇਟੀ:** ਮਿਸ਼ਰਾ ਕਮਿਸ਼ਨ ਵੱਲੋਂ ਸੁਝਾਈਆਂ ਗਈਆਂ ਕਮੇਟੀਆਂ ਵਿਚੋਂ ਇਹ ਤੀਜੀ ਕਮੇਟੀ ਸੀ ਜਿਸ ਨੇ ਦਿੱਲੀ ਅੰਦਰ ਹੋਏ ਕਤਲੇਆਮ ਦੀ ਗਿਣਤੀ 2733 ਤੈਅ ਕੀਤੀ।

**ਢਿੱਲੋਂ ਕਮੇਟੀ:** ਗੁਰਦਿਆਲ ਸਿੰਘ ਢਿੱਲੋਂ ਦੀ ਅਗਵਾਈ ਵਾਲੀ ਇਸ ਕਮੇਟੀ ਨੇ ਨੁਕਸਾਨੀਆਂ ਗਈਆਂ ਸਨਅਤਾਂ ਤੇ ਕਾਰੋਬਾਰਾਂ ਨੂੰ ਬੀਮਾ/ਮੁਆਵਜ਼ਾ ਦੇਣ ਦੀ ਸਿਫ਼ਾਰਿਸ਼ ਬੀਮਾ ਕੰਪਨੀਆਂ ਲਈ ਕੀਤੀ।

**ਨਰੂਲਾ ਕਮੇਟੀ:** ਦਸੰਬਰ 1993 ਨੂੰ ਤਤਕਾਲੀ ਮਦਨ ਲਾਲ ਖੁਰਾਣਾ ਸਰਕਾਰ ਨੇ ਇਹ ਕਮੇਟੀ ਬਣਾਈ ਜਿਸ ਨੇ ਜਨਵਰੀ 1994 ਨੂੰ ਦਿੱਤੀ ਆਪਣੀ ਰਿਪੋਰਟ 'ਚ ਕਾਂਗਰਸੀ ਆਗੂਆਂ ਸੱਜਣ ਕੁਮਾਰ, ਐਚ.ਕੇ.ਐਲ. ਭਗਤ ਤੇ ਜਗਦੀਸ਼ ਟਾਈਟਲਰ ਖਿਲਾਫ ਮੁਕਦਮਾ ਦਰਜ ਕਰਨ ਦੀ ਸਿਫ਼ਾਰਿਸ਼ ਕੀਤੀ।


**ਨਾਨਾਵਤੀ ਕਮਿਸ਼ਨ:** ਸੁਪਰੀਮ ਕੋਰਟ ਦੇ ਸਾਬਕਾ ਜੱਜ ਜੀ.ਟੀ. ਨਾਨਾਵਤੀ ਦੀ ਅਗਵਾਈ ਹੇਠ ਬਣੇ ਕਮਿਸ਼ਨ ਨੇ ਨਵੰਬਰ 84 ਦੇ ਪੀੜਤਾਂ ਨੂੰ ਮੁਆਵਜ਼ਾ ਦੇਣ ਸਮੇਤ ਨਵੇਂ ਸਿਰਿਓਂ ਕੇਸ ਖੋਲ੍ਹਣ ਦੀਆਂ ਸਿਫ਼ਾਰਿਸ਼ਾਂ ਕੀਤੀਆਂ ਜਿਨ੍ਹਾਂ ਦੇ ਆਧਾਰ 'ਤੇ ਡਾ. ਮਨਮੋਹਨ ਸਿੰਘ ਸਰਕਾਰ ਨੇ ਸੀ. ਬੀ. ਆਈ. ਨੂੰ ਜਾਂਚ ਸੌਂਪੀ। ਨਾਨਾਵਤੀ ਕਮਿਸ਼ਨ ਦੀ ਰਿਪੋਰਟ ਆਉਣ ਪਿੱਛੋਂ ਸੱਜਣ ਕੁਮਾਰ ਤੇ ਹੋਰਾਂ ਨੂੰ ਮੁੜ ਅਦਾਲਤਾਂ 'ਚ ਆਉਣਾ ਪਿਆ।

**ਵਿਸ਼ੇਸ਼ ਜਾਂਚ ਟੀਮ:** ਕਤਲੇਆਮ ਦੀ ਜਾਂਚ ਲਈ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਨੇ ਐਸ.ਆਈ.ਟੀ. ਬਣਾਉਣ ਦਾ ਫ਼ੈਸਲਾ ਕੀਤਾ ਸੀ ਪਰ ਅਜੇ ਤਕ ਇਸ ਦਾ ਨੋਟੀਫਿਕੇਸ਼ਨ ਨਹੀਂ ਹੋਇਆ।

ਇਨ੍ਹਾਂ ਸਰਕਾਰੀ ਜਾਂਚ ਕਮਿਸ਼ਨਾਂ ਅਤੇ ਕਮੇਟੀਆਂ ਤੋਂ ਇਲਾਵਾ ਪੀਪਲਜ਼ ਯੂਨੀਅਨ ਫਾਰ ਡੈਮੋਕਰੈਟਿਕ ਰਾਈਟਸ ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਵੱਲੋਂ ਦੰਗਿਆਂ ਤੋਂ ਤੁਰੰਤ ਬਾਅਦ ਇੱਕ ਵਿਸਥਾਰਤ ਰਿਪੋਰਟ 'ਦੋਸ਼ੀ ਕੌਣ ਹਨ?' ਵੀ ਪ੍ਰਕਾਸ਼ਤ ਕੀਤੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ 'ਸਿੱਖ ਕਤਲੇਆਮ' ਨਾਂ ਦੀ ਰਿਪੋਰਟ ਜਾਰੀ ਕੀਤੀ ਗਈ ਸੀ। ਦਿੱਲੀ ਦੇ ਪ੍ਰਮੁੱਖ ਬੁੱਧੀਜੀਵੀਆਂ, ਵਕੀਲਾਂ, ਪੱਤਰਕਾਰਾਂ, ਵਿਦਵਾਨ ਅਤੇ ਇਨਸਾਫ਼ ਪਸੰਦ ਵਿਅਕਤੀਆਂ ਵੱਲੋਂ ਵੀ ਸਿਟੀਜ਼ਨ ਕਮਿਸ਼ਨ ਬਣਾ ਕੇ ਰਿਪੋਰਟ ਜਾਰੀ ਕੀਤੀ ਗਈ ਸੀ। ਸਰਕਾਰ ਨੇ ਇਹ ਸਾਰੀਆਂ ਰਿਪੋਰਟਾਂ ਦੀਆਂ ਸਿਫ਼ਾਰਿਸ਼ਾਂ ਵੀ ਨਜ਼ਰਅੰਦਾਜ਼ ਕਰ ਦਿੱਤੀਆਂ।

# ਫੱਕਰ, ਫੁਕਰੇ ਤੇ ਫੁਕਰੀਆਂ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਲਿਖਿਆ ਹੋਇਆ ਕੋਈ ਸ਼ਬਦ ਪੜ੍ਹਨ ਵੇਲੇ ਜੇ ਨਾਲ ਲੱਗੀਆਂ ਹੋਈਆਂ ਲਗਾਂ-ਮਾਤਰਾਂ ਵੱਲ ਬੇਧਿਆਨ ਹੋ ਜਾਏ, ਤਦ ਅਰਥ ਦਾ ਅਨਰਥ ਹੋ ਜਾਣਾ ਪੱਕਾ ਹੀ ਹੁੰਦਾ ਹੈ। ਉਰਦੂ ਦਾ ਸ਼ਿਅਰ ਹੈ,

ਹਮ ਦੁਆ ਲਿਖਤੇ ਰਹੇ
ਵੁਹ ਦਗਾ ਪੜ੍ਹਤੇ ਰਹੇ
ਏਕ ਨੁਕਤੇ ਨੇ ਹਮੇ ਮਹਿਰਮ ਸੇ
ਮੁਜਰਿਮ ਕਰ ਦੀਆ।

ਅਣਗਹਿਲੀ ਨਾਲ ਪੜ੍ਹਨ ਵਾਲੇ ਨੇ 'ਦੁਆ' ਨੂੰ 'ਦਗਾ' ਅਤੇ 'ਮਹਿਰਮ' ਨੂੰ 'ਮੁਜਰਿਮ' ਬਣਾ ਦਿੱਤਾ; ਜਦ ਕਿ ਦੁਆ ਅਤੇ ਮਹਿਰਮ ਦੇ ਮੁਕਾਬਲੇ ਦਗਾ ਅਤੇ ਮੁਜਰਿਮ ਦੇ ਅਰਥਾਂ ਵਿਚ ਜ਼ਮੀਨ ਆਸਮਾਨ ਦਾ ਫਰਕ ਹੈ। ਇੰਜ ਹੀ ਇਸ ਲਿਖਤ ਦੇ ਸਿਰਲੇਖ ਦੇ ਪਹਿਲੇ ਦੋ ਸ਼ਬਦ ਫੱਕਰ ਅਤੇ ਫੁਕਰੇ, ਇਕੋ ਜਿਹੇ ਅੱਖਰਾਂ ਨਾਲ ਲਿਖੇ ਹੋਏ ਹਨ, ਪਰ ਦੂਜੇ ਸ਼ਬਦ ਵਿਚ 'ਔਂਕੜ' ਅਤੇ ਰਾਰੇ ਨੂੰ ਲੱਗੀ 'ਲਾਂਵ' ਨੇ ਦੋਹਾਂ ਦੇ ਅਰਥਾਂ ਵਿਚ ਫਰਕ ਪਾ ਦਿੱਤਾ। ਫੱਕਰ ਹੋਣਾ ਸ਼ਾਹੀ ਨਿਆਮਤ ਹੈ, ਪਰ ਫੁਕਰਾ ਹੋਣਾ ਕਮੀਨਗੀ ਦੀ ਨਿਸ਼ਾਨੀ। ਦੁਨਿਆਵੀ ਝਮੇਲਿਆਂ, ਚਿੰਤਾਵਾਂ ਅਤੇ ਝੋਰਿਆਂ ਤੋਂ ਬੇਪ੍ਰਵਾਹ ਹੋ ਕੇ, ਮਸਤ-ਚਾਲ ਜ਼ਿੰਦਗੀ ਗੁਜ਼ਾਰਨ ਦਾ ਨਾਮ ਹੀ ਫੱਕਰਪੁਣਾ ਹੈ। ਇਹੋ ਜਿਹੀ ਬੇਫਿਕਰੀ ਦੀ ਸੋਭਾ ਕਰਦਿਆਂ ਸ਼ਾਇਰ ਨੇ ਕਿਹਾ ਹੋਇਐ- ਹੋਸ਼ਾਂ ਨਾਲੋਂ ਮਸਤੀ ਚੰਗੀ, ਜਿਹੜੀ ਰੱਖਦੀ ਸਦਾ ਟਿਕਾਣੇ। ਇਸ ਦੇ ਉਲਟ ਫੁਕਰਿਆਂ ਕੋਲੋਂ ਹਰ ਕੋਈ ਦੂਰ-ਦੂਰ ਰਹਿਣ ਦੀ ਕੋਸ਼ਿਸ਼ ਕਰਦਾ ਹੈ। ਇਸ ਦੇ ਬਾਵਜੂਦ ਹੈਰਾਨੀ ਦੀ ਗੱਲ ਹੈ ਕਿ ਫੱਕਰਾਂ ਦੀ ਬਨਿਸਬਤ ਫੁਕਰਿਆਂ ਦੀ ਗਿਣਤੀ ਹਮੇਸ਼ਾ ਵੱਧ ਹੀ ਰਹੀ ਹੈ। ਇਹ ਤਨਾਸਬ ਦਿਨੋ-ਦਿਨ ਵਧ ਰਿਹਾ ਹੈ। ਗੁਰੂ ਨਾਨਕ ਨੇ ਵੀ ਸੰਸਾਰ 'ਚ ਫੁਕਰਿਆਂ ਦੀ ਹੀ ਬਹੁ-ਗਿਣਤੀ ਦੱਸੀ ਹੈ,

ਹੈਨਿ ਵਿਰਲੇ ਨਾਹੀ ਘਣੇ
ਫੈਲ ਫਕੜੁ ਸੰਸਾਰੁ॥

ਮਨੁੱਖੀ ਸੁਭਾਅ ਵਿਚ ਪਾਈਆਂ ਜਾਂਦੀਆਂ ਇਨ੍ਹਾਂ ਦੋਹਾਂ ਫਿਤਰਤਾਂ ਦੀ ਕੋਈ ਹੋਰ ਗੱਲ ਸ਼ੁਰੂ ਕਰਨ ਤੋਂ ਪਹਿਲਾਂ, ਜ਼ਰਾ ਫੱਕਰ ਅਤੇ ਫੁਕਰੇ ਦੇ ਫਰਕ ਬਾਰੇ ਜਾਣ ਲਈਏ। ਮੇਰਾ ਖਿਆਲ ਹੈ ਕਿ ਪਹਿਲਾਂ ਆਪਾਂ ਘੱਟ-ਗਿਣਤੀ, ਭਾਵ ਫੱਕਰਾਂ ਦੇ ਵਿਹੜੇ 'ਚ ਝਾਤੀ ਮਾਰ ਲਈਏ।

ਧੱਕਾ ਸਟਾਰਟ ਗ੍ਰਹਿਸਥ ਗੱਡੀ ਚਲਾਉਂਦਿਆਂ ਘਰੇਲੂ ਖਿੱਚੋ-ਤਾਣ ਤੋਂ ਸਤਿਆ ਕੋਈ ਬੰਦਾ ਸੜਕ ਕੰਢੇ ਖੜ੍ਹਾ ਸੀ। ਡੂੰਘੀਆਂ ਸੋਚਾਂ ਵਿਚ ਡੁੱਬੇ ਹੋਏ ਨੇ ਸਾਹਮਣੇ ਦੇਖਿਆ ਕਿ ਮੈਲੇ ਜਿਹੇ ਕੱਪੜਿਆਂ ਵਾਲਾ ਕੋਈ ਰਮਤਾ, ਮਸਤ ਚਾਲ ਤੁਰਿਆ ਜਾ ਰਿਹਾ ਸੀ। ਸਿਰ ਦੇ ਖੁੱਲ੍ਹੇ ਵਾਲ। ਬੇਪ੍ਰਵਾਹੀ ਦੇ ਆਲਮ ਵਿਚ ਤੁਰੇ ਜਾ ਰਹੇ ਉਸ ਸਾਦ-ਮੁਰਾਦੇ ਜਿਹੇ ਬੰਦੇ ਵੱਲ ਦੇਖ ਕੇ ਗ੍ਰਹਿਸਥੀ ਸੋਚਣ ਲੱਗਾ- ਵਾਹ! ਕਿਆ ਆਜ਼ਾਦ ਜ਼ਿੰਦਗੀ ਹੈ... ਨਾ ਫਿਕਰ ਨਾ ਫਾਕਾ... ਨਾ ਕੋਲ ਕੋਈ ਗਠੜੀ ਝੋਲਾ... ਕੈਸੀ ਕਮਾਲ ਦੀ ਜ਼ਿੰਦਗੀ!

ਇਕ ਤਰਫ ਵਾਹੋ-ਦਾਹੀ ਤੁਰਿਆ ਜਾ ਰਿਹਾ ਉਹ ਰਮਤਾ, ਗ੍ਰਹਿਸਥੀ ਬੰਦੇ ਦੇ ਦੇਖਦਿਆਂ-ਦੇਖਦਿਆਂ, ਇਕ ਦਮ ਪਿਛਲ ਖੁਰੀਆਂ ਉਲਟ ਦਸ਼ਾ ਵੱਲ ਮੁੜ ਪਿਆ। ਪਹਿਲਾਂ ਵਾਲੀ ਰਫਤਾਰ ਉਸ ਨੇ ਪਿੱਛੇ ਵਲ ਫੜ ਲਈ। ਗ੍ਰਹਿਸਥੀ ਨੇ ਸ਼ੰਕਾ ਅਧੀਨ ਉਹਦੇ ਕੋਲ ਜਾ ਕੇ ਅਦਬ ਨਾਲ ਪੁੱਛਿਆ, "ਬਾਬਾ ਜੀ, ਆਪ ਇਕ ਪਾਸੇ ਨੂੰ ਤੁਰੇ ਜਾਂਦੇ, ਅਚਾਨਕ ਪਿੱਛੇ ਨੂੰ ਮੁੜ ਪਏ ਓ। ਤੁਹਾਡੀ ਕੋਈ ਚੀਜ਼-ਵਸਤ ਪਿੱਛੇ ਰਹਿ ਗਈ ਹੈ?"

ਗ੍ਰਹਿਸਥੀ ਦਾ ਸਵਾਲ ਸੁਣ ਕੇ ਉਚੀ-ਉਚੀ ਹੱਸਦਾ ਹੋਇਆ ਉਹ ਰਮਤਾ ਬੋਲਿਆ, "ਭਾਈ! ਇਸ ਪਾਸੇ ਤੁਰਦਿਆਂ, ਪਿਛਲੀ ਹਵਾ ਹੋਣ ਕਰ ਕੇ ਮੇਰੇ ਸਿਰ ਦੇ ਵਾਲ ਉੜ-ਉੜ ਕੇ ਅੱਖਾਂ 'ਚ ਪੈਣ ਲੱਗ ਪਏ ਸੀ... ਤੇ ਆਪਾਂ ਦੂਜੇ ਪਾਸੇ ਨੂੰ ਤੁਰ ਪਏ। ਉਧਰ ਕਿਹੜਾ ਮੇਰੀ ਭੂਆ ਉਡੀਕਦੀ ਐ ਮੈਨੂੰ।" ਚਾਰ-ਚੁਫੇਰਾ ਹੀ ਫੱਕਰਾਂ ਦਾ!... ਸਗਲੀ ਧਰਤੀ ਸਾਧ ਕੀ!!

ਇਸੇ ਤਰ੍ਹਾਂ ਦਾ ਇੱਕ ਫੱਕਰ ਸਤਾਰਵੀਂ ਸਦੀ ਦੇ ਅੱਧ ਵਿਚਕਾਰ ਇਰਾਨ ਦੇਸ਼ ਤੋਂ ਸਫ਼ਰ ਕਰਦਿਆਂ ਹਿੰਦੁਸਤਾਨ ਪਹੁੰਚਿਆ। ਸਰਮਦ ਨਾਂ ਦਾ ਇਹ ਰਮਤਾ ਫੱਕਰ ਹਮੇਸ਼ਾ ਅਲਫ ਨੰਗਾ ਰਹਿੰਦਾ ਸੀ। ਹਿੰਦੁਸਤਾਨੀ ਸ਼ਰੱਈ ਕਾਜ਼ੀਆਂ-ਮੌਲਾਣਿਆਂ ਨੇ ਸਮੇਂ ਦੇ ਹਾਕਮ ਔਰੰਗਜ਼ੇਬ ਪਾਸ ਸ਼ਿਕਾਇਤ ਕੀਤੀ ਕਿ ਸਰਮਦ ਨੰਗਾ ਰਹਿਣ ਦੇ ਨਾਲ ਕਲਮਾ ਵੀ ਅਧੂਰਾ ਪੜ੍ਹਦਾ ਹੈ ਜੋ ਇਸਲਾਮੀ ਸ਼ਰਾਅ ਦੀ ਸਿੱਧੀ ਉਲੰਘਣਾ ਹੈ। ਉਹ 'ਲਾ-ਇਲਾ ਇਲ-ਲਿਲਾਹ' ਹੀ ਕਹਿੰਦਾ, ਇਸ ਦੇ ਨਾਲ 'ਮੁਹੰਮਦ ਰਸੂਲ-ਲਿਲਾਹ' ਨਹੀਂ ਸੀ ਆਖਦਾ।

ਸਰਮਦ ਨੂੰ ਔਰੰਗਜ਼ੇਬ ਦੇ ਦਰਬਾਰ ਵਿਚ ਪੇਸ਼ ਹੋਣ ਦਾ ਹੁਕਮ ਹੋਇਆ। ਘੁੰਮਦਾ-ਘੁਮਾਉਂਦਾ ਉਹ ਨਗਨ ਹਾਲਤ ਵਿਚ ਹੀ ਬਾਦਸ਼ਾਹ ਸਾਹਮਣੇ ਜਾ ਗੱਜਿਆ। ਸ਼ਾਹੀ ਰਵਾਇਤ ਮੁਤਾਬਕ ਉਸ ਨੇ ਸ਼ਹਿਨਸ਼ਾਹ ਅੱਗੇ ਝੁਕ ਕੇ ਕੋਈ ਦੁਆ-ਸਲਾਮ ਨਾ ਕੀਤੀ। ਹੈਂਕੜਬਾਜ਼ ਬਾਦਸ਼ਾਹ ਨੇ ਅੱਗ ਬਗੂਲਾ ਹੁੰਦਿਆਂ ਸਰਮਦ ਨੂੰ ਪੁੱਛਿਆ, "ਗੁਸਤਾਖ ਫਕੀਰ, ਤੂੰ ਹਿੰਦੁਸਤਾਨ ਦੇ ਬਾਦਸ਼ਾਹ ਦੇ ਦਰਬਾਰ ਵਿਚ ਨਗਨ ਕਿਉਂ ਆਇਆਂ ਏਂ?"

"ਗੁਨਾਹਗਾਰਾਂ ਨੂੰ ਆਪਣੇ ਐਬ ਕੱਜਣ ਲਈ, ਖੁਦਾ ਨੇ ਲਿਬਾਸ ਬਖ਼ਸ਼ਿਆ ਹੈ। ਮੇਰੇ ਵਰਗੇ 'ਬੇ-ਐਬ' ਬੰਦੇ ਲਈ ਇਹ ਨਗਨਤਾ ਹੀ ਲਿਬਾਸ ਹੈ।... ਮੇਰੇ 'ਚ ਐਬ ਈ ਕੋਈ ਨਹੀਂ ਜਿਸ ਨੂੰ ਢਕਣ ਦੀ ਮੈਨੂੰ ਲੋੜ ਪਵੇ।" ਬੇ-ਪ੍ਰਵਾਹ ਸਰਮਦ ਨੇ ਜਵਾਬ ਦਿੱਤਾ।

"ਦਰਬਾਰ ਵਿਚ ਆਉਂਦਿਆਂ ਤੂੰ ਮੈਨੂੰ ਸਲਾਮ ਕਿਉਂ ਨਹੀਂ ਕੀਤੀ?" ਬਾਦਸ਼ਾਹ ਦੇ ਦੂਜੇ ਸਵਾਲ ਦੇ ਜਵਾਬ ਵਿਚ ਬੇਬਾਕ ਸਰਮਦ ਕਹਿੰਦਾ, "ਤੈਨੂੰ ਪਤਾ ਨਹੀਂ, ਮੈਂ ਵੀ ਬਾਦਸ਼ਾਹ ਹਾਂ!"

"ਜੇ ਤੂੰ ਬਾਦਸ਼ਾਹ ਏਂ, ਤਾਂ ਤੇਰੀਆਂ ਫੌਜਾਂ ਕਿੱਥੇ ਨੇ?"

"ਮੇਰੀ ਦੁਸ਼ਮਣੀ ਹੀ ਨਹੀਂ ਕਿਸੇ ਨਾਲ, ਮੈਨੂੰ ਕੀ ਲੋੜ ਹੈ ਫੌਜਾਂ ਦੀ!"

"ਤੇਰਾ ਸ਼ਾਹੀ ਖਜ਼ਾਨਾ ਕਿੱਥੇ ਹੈ ਫਿਰ?" ਬਾਦਸ਼ਾਹ ਨੇ ਅਗਲਾ ਸਵਾਲ ਕੀਤਾ।

"ਮੈਨੂੰ ਖ਼ਜ਼ਾਨਿਆਂ ਦੀ ਲੋੜ ਹੀ ਕੋਈ ਨਹੀਂ।" ਅਜਿਹੇ ਠੋਕਵੇਂ ਜਵਾਬ ਦਿੰਦਿਆਂ, ਕਹਿੰਦੇ ਇਸ ਮੌਕੇ ਜੋ ਉਸ ਨੇ ਔਰੰਗਜ਼ੇਬ ਨੂੰ ਲਲਕਾਰ ਕੇ ਆਖਿਆ,

ਔਰੰਗਜ਼ੇਬ!
ਤੂੰ ਸ਼ਹਿਨਸ਼ਾਹ- ਮੈਂ ਦਰ ਕਾ ਗਦਾ
ਹੈ ਰੂਹ ਏਕ, ਤਕਦੀਰੇਂ ਦੋ।
ਤੂੰ ਗੁਲੇ-ਚਮਨ, ਮੈਂ ਖਾਰੇ-ਦਸ਼ਤ
ਹੈ ਨੱਕਾਸ਼ ਏਕ, ਤਸਵੀਰੇਂ ਦੋ।
ਤੂੰ ਕਲਮ-ਬੰਦ, ਮੈਂ ਜ਼ੁਬਾਂ-ਬੰਦ,
ਹੈ ਬੰਦਸ਼ ਏਕ, ਜ਼ੰਜੀਰੇ ਦੋ।
ਤੂੰ ਮੈ-ਨ-ਚੂੰ, ਮੈਂ ਖੁਦ-ਨ-ਚੂੰ
ਹੈ ਨਸ਼ਾ ਏਕ, ਤਾਸੀਰੇਂ ਦੋ।
ਤੂੰ ਹਰਮੋਂ ਮੈਂ-ਮੈਂ ਜੰਗਲੋਂ ਮੇਂ
ਹੈ ਮਕਾਂ ਏਕ, ਤਾਮੀਰੇਂ ਦੋ।
ਤੂੰ ਮਾਲ-ਮਸਤ, ਮੈਂ ਹਾਲ-ਮਸਤ
ਹੈ ਤੀਰ ਏਕ, ਲਾਕੀਰੇਂ ਦੋ।
ਤੁਝੇ ਰਾਜ ਕੀ ਚਾਹ,
ਮੁਝੇ ਪਿਆਰ ਕੀ ਚਾਹ
ਹੈ ਖ੍ਵਾਹਿਸ਼ ਏਕ, ਤਦਬੀਰੇਂ ਦੋ।
ਤੂੰ ਦੁਨੀਆਂ-ਦਾਰ, ਮੈਂ ਦੀਨ-ਦਾਰ
ਹੈ ਮਸਤਿਕ ਏਕ, ਲਾਕੀਰੇਂ ਦੋ।
ਤੁਝੇ ਤਨ ਕੀ ਮੌਜ, ਮੁਝੇ ਮਨ ਕੀ ਮੌਜ,
ਹੈ ਮਿਆਨ ਏਕ, ਸ਼ਮਸ਼ੀਰੇਂ ਦੋ।
ਤੇਰੀ ਜੁਦਾ ਪਸੰਦ, ਮੇਰੀ ਜੁਦਾ ਪਸੰਦ
ਤੁਝੇ ਖੁਦੀ ਪਸੰਦ, ਮੁਝੇ ਖੁਦਾ ਪਸੰਦ!

ਸਰਮਦ ਦੇ ਕੜਾਕੇਦਾਰ ਜਵਾਬ ਸੁਣ ਕੇ, ਉਸ ਨੂੰ ਕਤਲ ਕਰ ਦੇਣ ਦਾ ਹੁਕਮ ਸੁਣਾ ਦਿੱਤਾ ਗਿਆ। ਤਵਾਰੀਖ ਅਨੁਸਾਰ ਕਤਲ ਹੋਣ ਤੋਂ ਪਹਿਲਾਂ ਇਸ ਫੱਕਰ ਨੇ ਜੱਲਾਦ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਆਖਿਆ ਸੀ, "ਦੁਨੀਆਂ ਦਾ ਰਾਜ-ਰੌਲਾ ਸੁਣ ਕੇ ਜਾਗਿਆ ਸਾਂ, ਜ਼ਿੰਦਗੀ ਦੀ ਨੀਂਦ ਹਾਲੇ ਹੋਰ ਬਾਕੀ ਹੈ। ਚਲੋ ਫਿਰ ਸੌਂ ਜਾਂਦਾ ਹਾਂ।"

ਦਿਲ ਤਾਂ ਨਹੀਂ ਕਰਦਾ ਕਿ ਇਹੋ ਜਿਹੇ ਅਣਖੀਲੇ ਫੱਕਰ ਦੀ ਦਾਸਤਾਂ ਬਿਆਨ ਕਰਨ ਤੋਂ ਬਾਅਦ, ਹੁਣ ਫੁਕਰਿਆਂ ਦੀਆਂ ਫੁਕਰੀਆਂ ਲਿਖ ਕੇ ਮਿੱਠੀਆਂ ਸੇਵੀਆਂ ਵਿਚ ਲੂਣ ਰਲਾਇਆ ਜਾਵੇ, ਪਰ ਸਿਰਲੇਖ ਦੀ ਮਜਬੂਰੀ ਕਾਰਨ ਇਹ ਰੰਗ ਦਿਖਾਉਣਾ ਵੀ ਜ਼ਰੂਰੀ ਹੈ। ਲਓ... ਪਹਿਲਾਂ ਇਕ ਫੁਕਰੇ ਦੀ ਗਾਥਾ ਪੜ੍ਹੋ...

ਕਿਸੇ ਪਿੰਡ ਦੀ ਖੁੰਢ ਚਰਚਾ ਵਾਲੀ ਢਾਣੀ ਵਿਚ ਬੈਠਾ ਕੋਈ ਬਾਰਾਂ ਪੱਤਣਾਂ ਦਾ ਪਾਣੀ ਪੀ ਚੁੱਕਿਆ ਫਿਰਤੂ ਬੰਦਾ ਆਪਣੀ ਹੱਡ-ਬੀਤੀ ਬੜੇ ਮਾਣ ਨਾਲ ਸੁਣਾ ਰਿਹਾ ਸੀ, "...ਲਓ ਜੀ, 'ਕੇਰਾਂ ਮੈਂ ਦੂਰ ਗਿਆ ਹੋਇਆ ਇਕ ਪਿੰਡ ਵਿਚੀਂ ਲੰਘਿਆ। ਰੋਹੀ ਦੀ ਰੁੱਤ ਹੋਣ ਕਰ ਕੇ ਮੈਨੂੰ ਥਿਆ ਲੱਗ ਗਈ...ਬਾਹਰ ਬੰਨ੍ਹੇ ਹੋਏ ਲਵੇਰੇ ਦੇਖ ਕੇ ਮੈਂ ਇਕ ਘਰੋਂ ਲੱਸੀ ਮੰਗੀ। ਅੰਦਰੋਂ ਨਿਕਲੀ ਮਾਈ ਮੈਨੂੰ ਲੱਸੀ ਦਾ ਛੰਨਾ ਭਰ ਕੇ ਫੜਾ ਗਈ।...ਛੰਨਾ ਦੇਖ ਕੇ ਮੇਰਾ ਦਿਲ ਬੇਈਮਾਨ ਹੋ ਗਿਆ। ਵਿਹੜੇ ਵਿਚ ਤੁਰੀ ਫਿਰਦੀ ਮਾਈ ਤੋਂ ਅੱਖ ਬਚਾ ਕੇ ਮੈਂ ਛੰਨਾ ਕੱਛ 'ਚ ਲੁਕੋਇਆ ਤੇ ਗਲੀਓ ਗਲੀ ਤੁਰ ਪਿਆ।

ਪਲ ਕੁ ਮਗਰੋਂ ਬੁੜ੍ਹੀ ਵੀ ਰੌਲਾ ਪਾਉਂਦੀ ਭੱਜੀ ਆਵੇ, 'ਵੇ ਭਾਈ! ਮੇਰਾ ਛੰਨਾ ਤਾਂ ਮੋੜ ਜਾ!'...ਮੈਂ ਬੜੇ ਰੋਅਬ ਨਾਲ ਜਵਾਬ ਦਿੱਤਾ ਕਿ ਤੇਰਾ ਛੰਨਾ ਤਾਂ ਮੈਂ ਉਥੇ ਹੀ ਰੱਖ ਆਇਆ ਸਾਂ। ਰੌਲਾ-ਰੱਪਾ ਸੁਣ ਕੇ ਗਲੀ ਦੀਆਂ ਆਂਢਣਾਂ-ਗੁਆਂਢਣਾਂ ਵੀ 'ਕੱਠੀਆਂ ਹੋ ਗਈਆਂ। ਗੁੱਸੇ 'ਚ ਲੋਹੇ ਲਾਖੀ ਹੋਈ ਬੁਢੜੀ ਲੱਗ ਪਈ ਮੇਰੀ ਤਲਾਸ਼ੀ ਲੈਣ। ਲਓ ਜੀ, ਹਫੜਾ-ਦਫੜੀ ਵਿਚ ਛੰਨਾ ਮੇਰੀ ਕੱਛ ਵਿਚੋਂ ਥੱਲੇ ਜਾ ਡਿੱਗਾ। ਛੰਨਾ ਦੇਖਦਿਆਂ ਸਾਰ ਮਾਈ ਹੋ ਗਈ ਸ਼ਰਮਿੰਦੀ!...ਪਾਣੀਓਂ ਪਤਲੀ!!...ਛਿੱਥੀ ਪਈ ਸ਼ਰਮ ਦੀ ਮਾਰੀ ਬੁੜ-ਬੁੜ ਕਰਦੀ ਆਪਣੇ ਘਰ ਨੂੰ ਤੁਰ ਗਈ।"

ਆਪਣੀ 'ਬਹਾਦਰੀ' ਸੁਣਾਉਣ ਵਾਲੇ ਇਸ 'ਸਰਟੀਫਾਈਡ ਫੁਕਰੇ' ਤੋਂ ਬਾਅਦ ਵਾਰੀ ਆ ਗਈ 'ਫੁਕਰੀਆਂ' ਦੀ। ਬਹੁਤ ਸਾਰੇ ਸ਼ਬਦ ਐਸੇ ਹੁੰਦੇ ਨੇ, ਜਿਨ੍ਹਾਂ ਦੇ ਇਕ ਨਹੀਂ ਸਗੋਂ ਕਈ-ਕਈ ਅਰਥ ਬਣਦੇ ਨੇ। ਜਿਵੇਂ ਗ੍ਰੰਥਕਾਰਾਂ ਨੇ 'ਸਾਰੰਗ' ਸ਼ਬਦ ਦੇ ਤਕਰੀਬਨ ਸੱਠ ਅਰਥ ਦੱਸੇ ਹਨ; ਇੰਜ 'ਫੁਕਰਾ' ਸ਼ਬਦ ਦਾ ਇਸਤਰੀ ਲਿੰਗ ਵੀ ਫੁਕਰੀ ਬਣਦਾ ਹੈ। ਫੁਕਰੀ ਦਾ ਬਹੁ-ਵਚਨ ਫੁਕਰੀਆਂ ਕਿਹਾ ਜਾਵੇਗਾ। ਕਿਸੇ ਫੁਕਰੇ ਵੱਲੋਂ ਮਾਰੀਆਂ ਗਈਆਂ ਯੱਭਲੀਆਂ ਨੂੰ ਵੀ ਫੁਕਰੀਆਂ ਕਿਹਾ ਜਾਂਦਾ ਹੈ। ਜਿਵੇਂ ਲੇਖ ਦੇ ਮੁੱਢ ਵਿਚ ਦੱਸਿਆ ਹੀ ਜਾ ਚੁੱਕਾ ਹੈ ਕਿ ਫੱਕਰ ਟਾਵੇਂ-ਟਾਵੇਂ ਹੀ ਹੁੰਦੇ ਹਨ, ਪਰ ਫੁਕਰਿਆਂ ਅਤੇ ਫੁਕਰੀਆਂ ਦੀ ਗਿਣਤੀ ਬੇਹਿਸਾਬੀ ਹੈ। ਫੁਕਰੀਆਂ ਦੀ ਵੰਨਗੀ ਦਿਖਾਉਣੀ ਸ਼ੁਰੂ ਕੀਤੀ ਤਾਂ ਲੇਖ ਬੇਲੋੜਾ ਲੰਮਾ ਹੋ ਜਾਵੇਗਾ। ਸਾਡੇ ਸਮਿਆਂ ਦਾ ਇਹ ਵੀ ਇਕ ਦੁਖਦਾਈ ਪਹਿਲੂ ਹੈ ਕਿ ਫੱਕਰ ਹੋਣ ਦਾ ਦਾਅਵਾ ਭਾਰੀ ਗਿਣਤੀ ਵਿਚ ਫੁਕਰਿਆਂ ਵੱਲੋਂ ਹੀ ਕੀਤਾ ਜਾ ਰਿਹਾ ਹੈ।

ਇਸ਼ਤਿਹਾਰਬਾਜ਼ੀ ਦੇ ਡੌਰੂ ਰਾਹੀਂ ਲੋਹੇ ਨੂੰ ਪਿੱਤਲ ਅਤੇ ਪਿੱਤਲ ਨੂੰ ਸੋਨਾ ਬਣਾ ਦੇਣ ਦੀ ਸਮਰੱਥਾ ਵਾਲੇ ਇਸ ਡਰਾਮੇਬਾਜ਼ ਯੁੱਗ ਵਿਚ ਫੁਕਰਿਆਂ ਦੀ ਪੂਰੀ ਚੜ੍ਹਾਈ ਹੈ ਜੋ ਪੂਰੀ ਬੇ-ਹਯਾਈ ਵਾਲੀ ਉਚੀ ਸੁਰ ਵਿਚ ਫੁਕਰੀਆਂ ਮਾਰ-ਮਾਰ ਕੇ ਹਰ ਖੇਤਰ ਵਿਚ ਛਾਏ ਹੋਏ ਨੇ। ਕਿਆ ਧਾਰਮਕ, ਕਿਆ ਸਮਾਜਕ ਅਤੇ ਕਿਆ ਰਾਜਨੀਤਕ ਪਿੜ- ਸਭ ਥਾਂ ਫੁਕਰਿਆਂ ਦੀ ਬਹੁ-ਸੰਮਤੀ ਹੈ। ਕਿਸੇ ਪਿਆਸੇ ਨੂੰ ਪਾਣੀ ਦਾ ਘੁੱਟ ਵੀ ਨਾ ਪਿਆਉਣ ਵਾਲੇ 'ਦਾਨੀ' ਜਾਂ 'ਸਮਾਜ ਸੇਵਕ' ਸਦਾਉਂਦੇ ਹਨ। ਦੁਨੀਆਂ ਭਰ ਦੀ ਐਸ਼ੋ-ਇਸ਼ਰਤ ਹੰਢਾਉਂਦਿਆਂ ਰੰਗ-ਰਲੀਆਂ ਮਾਨਣ ਵਾਲੇ ਧਾਰਮਕ ਰਹਿਬਰ ਬਣੇ ਬੈਠੇ ਨੇ। ਦੇਸ਼, ਧਰਮ ਜਾਂ ਕੌਮ ਨੂੰ ਵੇਚ-ਵੱਟ ਕੇ ਖਾਣ ਵਾਲੇ ਧੋਖੇਬਾਜ਼ਾਂ ਨੂੰ 'ਫਖਰੇ-ਕੌਮ' ਦੇ ਸਨਮਾਨ ਮਿਲਦੇ ਨੇ।

ਉਕਤ ਤਿੰਨਾਂ ਖੇਤਰਾਂ ਵਿਚ ਉਸੇ ਦੀ ਬਾਲਾਦਸਤੀ ਕਾਇਮ ਹੋ ਸਕਦੀ ਹੈ ਜੋ ਮਹਾਂ-ਢੀਠ ਹੋ ਕੇ ਪੂਰੀ ਨਿਪੁੰਨਤਾ ਨਾਲ ਨਵੀਆਂ ਤੋਂ ਨਵੀਆਂ ਫੁਕਰੀਆਂ ਮਾਰੇ। ਸਾਰਾ ਜਹਾਨ ਉਨ੍ਹਾਂ ਨੂੰ ਭਾਵੇਂ ਫੁਕਰੇ ਕਹੇ, ਪਰ ਉਹ ਫੁਕਰੀਆਂ ਮਾਰਨੀਆਂ ਨਾ ਛੱਡਣ।

# ਨਵੇਂ ਗਦਰ ਦਾ ਹੋਕਾ ਦੇ ਗਿਆ ਮੇਲਾ ਗਦਰੀ ਬਾਬਿਆਂ ਦਾ



**ਜਲੰਧਰ:** ਗ਼ਦਰੀ ਬਾਬਿਆਂ ਦਾ ਮੇਲਾ ਯਾਦਗਾਰੀ ਹੋ ਨਿੱਬੜਿਆ। ਤਿੰਨ ਦਿਨਾਂ ਮੇਲੇ ਦੌਰਾਨ ਦਿਲ ਨੂੰ ਛੂਹਣ ਵਾਲੀਆਂ ਪੇਸ਼ਕਾਰੀਆਂ ਨੇ ਹਰ ਸਰੋਤੇ ਦੀ ਅੱਖ ਨਮ ਕਰ ਦਿੱਤੀ। 150 ਤੋਂ ਵੱਧ ਕਲਾਕਾਰਾਂ ਨੇ ਜਿਥੇ 100 ਵਰ੍ਹੇ ਪਹਿਲਾਂ ਦੇ ਗ਼ਦਰੀ ਇਤਿਹਾਸ ਦੇ ਦੀਦਾਰ ਕਰਵਾਏ ਉਥੇ ਭੁੱਖਮਰੀ, ਕਰਜ਼ੇ, ਬਿਮਾਰੀਆਂ, ਜਾਤ-ਪਾਤ ਵਿਤਕਰੇਬਾਜ਼ੀ, ਬੇਰੁਜ਼ਗਾਰੀ, ਆਤਮ-ਹੱਤਿਆ ਵਰਗੀਆਂ ਸਮੱਸਿਆਵਾਂ ਨੂੰ ਕਲਾ ਰੂਪ ਰਾਹੀਂ ਪੇਸ਼ ਕੀਤਾ। ਕਰਜ਼ੇ, ਭੁੱਖਮਰੀ ਦੇ ਮਾਰੇ ਲੋਕਾਂ ਦਾ ਵਿਦੇਸ਼ ਜਾਣਾ, ਵਿਦੇਸ਼ ਵਿਚ ਧੱਕੇ, ਨਸਲੀ ਵਿਤਕਰੇ, ਕਾਮਾਗਾਟਾਮਾਰੂ ਨੂੰ ਵੈਨਕੂਵਰ ਦੇ ਪਾਣੀਆਂ ਵਿਚ ਦੋ ਮਹੀਨੇ ਰੋਕਣਾ, ਮੁਸਾਫ਼ਿਰਾਂ ਉਪਰ ਜਬਰ, ਵਾਪਸੀ ਮੌਕੇ ਬਜਬਜ ਘਾਟ 'ਤੇ ਖ਼ੂਨੀ ਸਾਕਾ, ਮੁਸਾਫ਼ਿਰਾਂ ਦੇ ਪਰਿਵਾਰਾਂ ਦੀ ਹਾਲਤ, 100 ਵਰ੍ਹੇ ਪਿਛੋਂ ਅੱਜ ਫੇਰ ਲੋਕਾਂ ਦੀ ਉਸ ਤੋਂ ਵੀ ਵੱਧ ਮੰਦਹਾਲੀ, ਪ੍ਰਦੇਸਾਂ ਵਿਚ ਰੁਲਦੀ ਜੁਆਨੀ, ਗੰਦੇ ਸੱਭਿਆਚਾਰ ਤੇ ਰਵਾਇਤੀ ਮੇਲਿਆਂ ਬਾਰੇ ਜਾਗਰੂਕ ਕਰਦੇ ਝੰਡੇ ਦੇ ਗੀਤ ਨੇ ਪ੍ਰੇਰਨਾਮਈ ਤੇ ਜੋਸ਼ੀਲੇ ਅੰਦਾਜ਼ ਵਿਚ ਲੋਕਾਂ ਨੂੰ ਨਵੇਂ ਗ਼ਦਰ, ਨਵੀਂ ਆਜ਼ਾਦੀ, ਨਵੀਂ ਕ੍ਰਾਂਤੀ ਦਾ ਹੋਕਾ ਦਿੱਤਾ।

ਪੂਰੇ ਜਲੌਅ ਨਾਲ ਗ਼ਦਰੀ ਮੇਲੇ ਦੀਆਂ ਸਿਖਰਾਂ ਸਮੇਂ ਸਾਰੀ ਰਾਤ ਦੇਸ਼ ਭਗਤ ਹਾਲ ਵਿਚ ਗ਼ਦਰੀ ਗੂੰਜਾਂ ਦੀ ਗੂੰਜ ਪੈਂਦੀ ਰਹੀ। ਮੇਲੇ ਵਿਚ ਬੌਧਿਕ ਵਿਚਾਰ-ਚਰਚਾ ਦੀ ਇਹ ਨਿਵੇਕਲੀ ਵੰਨਗੀ ਸਮੇਂ ਗ਼ਦਰੀ ਬਾਬਾ ਜਵਾਲਾ ਸਿੰਘ ਆਡੀਟੋਰੀਅਮ ਨੱਕੋ-ਨੱਕ ਭਰਿਆ ਹੋਇਆ ਸੀ। ਡਾ. ਕਮਲ ਨੈਣ ਨੇ ਇਨ੍ਹਾਂ ਨੀਤੀਆਂ ਦੇ ਲੋਕ-ਉਜਾੜੇ ਦੇ ਅਨੇਕਾਂ ਪੱਖਾਂ ਨੂੰ ਉਘਾੜਿਆ ਤੇ ਰੁਜ਼ਗਾਰ ਖੋਹਦੀਆਂ ਇਨ੍ਹਾਂ ਨੀਤੀਆਂ ਨੂੰ ਠੱਲ੍ਹ ਪਾਉਣ ਲਈ ਬੁੱਧੀਜੀਵੀਆਂ ਨੂੰ ਆਪਣੀ ਭੂਮਿਕਾ ਅਦਾ ਕਰਨ 'ਤੇ ਜ਼ੋਰ ਦਿੱਤਾ। ਜਾਣੇ ਪਛਾਣੇ ਨਾਟਕਕਾਰ ਡਾ. ਸਵਰਾਜਬੀਰ ਦੀ ਰਚਨਾ ਤੇ ਸਿਰਮੌਰ ਨਿਰਦੇਸ਼ਕ ਕੇਵਲ ਧਾਲੀਵਾਲ ਵੱਲੋਂ ਨਿਰਦੇਸ਼ਤ ਨਾਟਕ 'ਪੁਲਸਿਰਾਤ, 1947 ਵਿਚ ਮੁਲਕ ਦੀ ਹਿਰਦੇਵੇਦਕ ਵੰਡ, 1984 ਦੇ ਖ਼ੂਨੀ ਸਾਕੇ, ਨਿਹੱਕੀਆਂ ਜੰਗਾਂ, ਫ਼ਿਰਕੂ ਫਾਸੀ ਹੱਲਿਆਂ ਵਿਚ ਸਾੜੀ, ਲੁੱਟੀ-ਪੁੱਟੀ ਜਾਣ ਵਾਲੀ ਔਰਤ ਦੀ ਕਾਲਜੇ ਰੁੱਗ ਭਰਦੀ ਦਾਸਤਾਨ ਦੇਖ ਕੇ ਹਰ ਦਰਸ਼ਕ ਦੀ ਅੱਖ ਵਿਚ ਅੱਗ ਦੇ ਹੰਝੂ ਸਵਾਲੀਆ ਚਿੰਨ੍ਹ ਬਣ-ਬਣ ਧਰਤੀ 'ਤੇ ਡਿੱਗੇ। ਅਮੋਲਕ ਸਿੰਘ ਦੀ ਕਲਮ ਤੋਂ ਲਿਖਿਆ ਸੰਗੀਤ ਨਾਟ 'ਸ਼ਹੀਦੀ ਖੂਹ ਦੀ ਆਵਾਜ਼' ਚੇਤਨਾ ਕਲਾ ਕੇਂਦਰ ਬਰਨਾਲਾ ਦੀ ਟੀਮ ਨੇ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ ਵਿਚ ਅਜਿਹੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਪੇਸ਼ ਕੀਤਾ ਕਿ 1857 ਦੇ ਬਾਗ਼ੀ ਫੌਜੀਆਂ ਦੀ ਕਹਾਣੀ ਪੇਸ਼ ਕਰਨ ਤੇ ਧਰਮ ਦੇ ਅਜੋਕੇ ਠੇਕੇਦਾਰਾਂ ਦੀ ਫ਼ਿਰਕੂ ਸੋਚ ਨੂੰ ਲੰਗਾਰ ਕਰਨ ਵਿਚ ਸਫ਼ਲ ਰਿਹਾ। ਇਸ ਦੌਰਾਨ ਪ੍ਰਸਿੱਧ ਨਾਟਕ ਨਾਟਕ 'ਮਾਂ' ਖੇਡਿਆ ਗਿਆ, ਜਿਹੜਾ ਇਕ ਮਾਂ ਦੇ ਵਿਚਾਰਾਂ ਵਿਚ ਆਈ ਕ੍ਰਾਂਤੀਕਾਰੀ ਤਬਦੀਲੀ ਦਾ ਚਿੰਨ੍ਹ ਹੈ, ਜੋ ਆਪਣੇ ਪੁੱਤ ਪਵੇਲ ਤੇ ਸਾਥੀਆਂ ਦੀ ਸੰਗਰਾਮੀ ਜੀਵਨੀ ਵਿਚੋਂ ਇਨਕਲਾਬ ਦੀ ਮਸ਼ਾਲ ਉਠਾਉਣ ਦਾ ਅਹਿਦ ਕਰਦੀ ਹੈ। ਮੰਗਤ ਰਾਮ ਪਾਸਲਾ, ਜਗਰੂਪ ਤੇ ਮੀਤ ਪ੍ਰਧਾਨ ਅਜਮੇਰ ਸਿੰਘ ਨੇ ਵਿਚਾਰ ਪੇਸ਼ ਕਰਦਿਆਂ ਜ਼ੋਰ ਦਿੱਤਾ ਕਿ ਅਜੋਕੇ ਸਮੇਂ ਦੀਆਂ ਲੋਕ-ਸਮੱਸਿਆਵਾਂ ਦੀ ਨਬਜ਼ ਫੜ ਕੇ, ਸਮਾਜ ਨੂੰ ਚਿੰਬੜੀ ਮਰਜ਼ ਦਾ ਇਲਾਜ ਕਰਨਾ ਹੀ ਕਾਮਾਗਾਟਾ ਮਾਰੂ ਦੀ 100ਵੀਂ ਵਰ੍ਹੇ ਗੰਢ ਦੀ ਸਫ਼ਲਤਾ ਦਾ ਪ੍ਰਮਾਣ ਹੈ।

ਡਾ. ਸਾਹਿਬ ਸਿੰਘ ਦੀ ਰਚਨਾ ਉਨ੍ਹਾਂ ਦੀ ਹੀ ਨਿਰਦੇਸ਼ਨਾ ਵਿਚ 'ਆ ਗਲਵੱਕੜੀ ਪਾ ਸੱਜਣਾ' ਨੇ ਕਿਰਤੀਆਂ, ਕਿਸਾਨਾਂ, ਬੁੱਧੀਜੀਵੀਆਂ ਤੇ ਘਰਾਂ ਦੀਆਂ ਮਜਬੂਰੀਆਂ ਮਾਰੇ ਮਜਬੂਰੀਵੱਸ ਪੁਲਿਸ ਵਿਚ ਭਰਤੀ ਹੋਏ ਮੁਲਾਜ਼ਮਾਂ ਅੰਦਰ ਉੱਠ ਰਹੀ ਆਪੋ ਵਿਚ ਗਲਵੱਕੜੀ ਪਾ ਕੇ ਨਵੀਂ ਗ਼ਦਰੀ ਕਵਿਤਾ ਲਿਖਣ ਦੀ ਤਾਂਘ ਦਾ ਬਾਖ਼ੂਬੀ ਚਿਤਰਣ ਕੀਤਾ। ਨੱਕੋ-ਨੱਕ ਭਰੇ ਸ਼ਹੀਦ ਭਗਤ ਸਿੰਘ ਸਟੇਡੀਅਮ ਨੇ ਦੋਵੇਂ ਹੱਥ ਖੜ੍ਹੇ ਕਰਕੇ ਮਤਿਆਂ ਨੂੰ ਪ੍ਰਵਾਨਗੀ ਦਿੱਤੀ। ਮਤਿਆਂ ਵਿਚ ਮੰਗ ਕੀਤੀ ਗਈ ਕਿ ਅਜਨਾਲੇ ਦੇ ਸ਼ਹੀਦੀ ਖੂਹ 'ਤੇ ਯਾਦਗਾਰ ਬਣਾਈ ਜਾਵੇ, ਸ਼ਹੀਦਾਂ ਦੀ ਸੂਚੀ ਹਾਸਲ ਕੀਤੀ ਜਾਵੇ, ਸ਼ਹੀਦੀ ਯਾਦਗਾਰ ਨੂੰ ਜਾਂਦਾ ਰਾਹ ਚੌੜਾ ਕੀਤਾ ਜਾਵੇ, ਅਸਥੀਆਂ ਦੀ ਸਨਮਾਨਯੋਗ ਢੰਗ ਨਾਲ ਸਾਂਭ-ਸੰਭਾਲ ਕੀਤੀ ਜਾਏ। ਦੂਜੇ ਮਤੇ ਵਿਚ ਮੰਗ ਕੀਤੀ ਗਈ ਕਿ ਕਾਮਾਗਾਟਾਮਾਰੂ ਸਾਕੇ ਦੇ ਮਹਾਂ ਨਾਇਕ ਤੇ ਗ਼ਦਰ ਪਾਰਟੀ ਦੀ ਨਾਮਵਰ ਹਸਤੀ ਬਾਬਾ ਗੁਰਮੁੱਖ ਸਿੰਘ ਲਲਤੋਂ ਦੇ ਬੁੱਤ ਦੀ ਤਿੰਨ ਵਾਰ ਭੰਨ-ਤੋੜ ਕਰਕੇ ਬੇਅਦਬੀ ਕਰਨ ਵਾਲੇ ਸਮਾਜ-ਵਿਰੋਧੀ ਤੱਤਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ। ਤੀਜੇ ਮਤੇ ਵਿਚ ਕਿਹਾ ਗਿਆ ਕਿ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਫ਼ਿਰੋਜ਼ਪੁਰ ਸ਼ਹਿਰ ਦੀ ਜਿਸ ਇਮਾਰਤ ਵਿਚ ਮੀਟਿੰਗਾਂ ਕਰਿਆ ਕਰਦੇ ਸਨ, ਦੀ ਸ਼ਨਾਖ਼ਤ ਹੋ ਗਈ ਹੈ, ਉਸ ਥਾਂ ਨੂੰ ਤੁਰੰਤ ਯਾਦਗਾਰ ਬਣਾਇਆ ਜਾਵੇ।


ਸ਼ਹੀਦ ਭਗਤ ਸਿੰਘ ਸਟੇਡੀਅਮ ਵਿਚ ਹੋਏ ਸਮਾਗਮ ਮੌਕੇ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਨੇ ਕਿਹਾ ਕਿ ਗ਼ਦਰੀ ਇਤਿਹਾਸ ਦੀਆਂ ਪੈੜਾਂ ਅਮਿੱਟ ਹਨ। ਅਜੋਕੇ ਸਮੇਂ ਅੰਦਰ ਉਨ੍ਹਾਂ ਦੀ ਕਰਨੀ ਸਾਡਾ ਰਾਹ ਦਸੇਰਾ ਹੈ। ਦਰਜਨ ਤੋਂ ਵੱਧ ਕਾਮਾਗਾਟਾਮਾਰੂ ਸਾਕੇ ਦੇ ਪਰਿਵਾਰਾਂ, ਵਾਰਸਾਂ, ਨਗਰਾਂ ਦਾ ਗ਼ਦਰੀ ਮੇਲੇ ਵਿਚ ਸਨਮਾਨ ਕੀਤਾ ਗਿਆ, ਜਿਨ੍ਹਾਂ ਵਿਚ ਬਾਬਾ ਗੁਰਦਿੱਤ ਸਿੰਘ ਸਰਹਾਲੀ, ਕੋਟ ਦਾਤਾ, ਦਦੇਹਰ ਸਾਹਿਬ, ਛੱਜਲਵੱਢੀ, ਲਲਤੋਂ, ਮੂਮ, ਅੱਚਰਵਾਲ, ਰਾਏਪੁਰ ਡੱਬਾ, ਖੁਰਦਪੁਰ, ਢੱਡਾ, ਕੋਟ ਫਤੂਹੀ ਤੇ ਰੰਧਾਵਾ ਮਸੰਦਾਂ ਦੇ ਕਾਮਾਗਾਟਾਮਾਰੂ ਦੇ ਸ਼ਹੀਦਾਂ/ਮੁਸਾਫ਼ਰਾਂ ਦੇ ਪਰਿਵਾਰਾਂ, ਉਨ੍ਹਾਂ ਦੇ ਵਾਰਸਾਂ, ਯਾਦਗਾਰ ਕਮੇਟੀਆਂ, ਸਰਪੰਚਾਂ ਦਾ ਨਿੱਘਾ ਸਨਮਾਨ ਕੀਤਾ ਗਿਆ।

## ਸਾਹਿਤ ਪ੍ਰੇਮੀਆਂ ਨੇ ਵਿਖਾਇਆ ਉਤਸ਼ਾਹ

ਗ਼ਦਰੀ ਬਾਬਿਆਂ ਦੇ ਤਿੰਨ ਰੋਜ਼ਾ ਮੇਲੇ ਵਿਚ 92 ਬੁੱਕ ਸਟਾਲਾਂ ਲੱਗੀਆਂ, ਜਿਨ੍ਹਾਂ ਨੇ 12 ਲੱਖ ਦੀਆਂ ਪੁਸਤਕਾਂ ਵੇਚੀਆਂ। ਪੰਜਾਬ ਤੋਂ ਬਾਹਰੋਂ ਦਾਨਿਸ਼ ਪਬਲੀਕੇਸ਼ਨ ਦਿੱਲੀ, ਸੇਤੂ ਪ੍ਰਕਾਸ਼ਨ ਦਿੱਲੀ, ਇਕਲੱਵਿਆ ਜੰਮੂ, ਆਕਾਰ ਪ੍ਰਕਾਸ਼ਨ ਪੰਚਕੂਲਾ, ਮਾਰਕਸਿਸਟ ਪ੍ਰਕਾਸ਼ਨ ਵਿਜੈਵਾੜਾ ਤੋਂ ਇਲਾਵਾ ਦੇਸ਼ ਭਗਤ ਪ੍ਰਕਾਸ਼ਨ ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਦੇਸ਼ ਭਗਤ ਪ੍ਰਕਾਸ਼ਨ ਵੱਲੋਂ ਦੋ ਨਵੀਆਂ ਪੁਸਤਕਾਂ ਗ਼ਦਰੀ ਬਾਬਾ ਜਵਾਲਾ ਸਿੰਘ ਜੀਵਨ ਤੇ ਲਿਖਤਾਂ (ਚਰੰਜੀ ਲਾਲ ਕੰਗਣੀਵਾਲ), ਝੰਡੇ ਦੇ ਗੀਤ (ਅਮੋਲਕ ਸਿੰਘ) ਦੀਆਂ ਪੁਸਤਕਾਂ ਦੇ ਨਵੇਂ ਟਾਈਟਲ ਵੀ ਰਿਲੀਜ਼ ਕੀਤੇ ਗਏ। 23 ਵਰ੍ਹਿਆਂ ਦੀ ਭਰ ਜਵਾਨੀ ਵਿਚ ਪੁੱਜਿਆ ਮੇਲਾ ਗ਼ਦਰੀ ਬਾਬਿਆਂ ਦਾ ਵੇਖਣ ਲਈ ਮਾਲਵਾ, ਦੁਆਬਾ ਤੇ ਮਾਝਾ ਤਿੰਨਾਂ ਖੇਤਰਾਂ ਵਿਚੋਂ ਖੱਬੇ-ਪੱਖੀ ਸੋਚ ਨਾਲ ਜੁੜੇ ਲੋਕ ਵੱਡੀ ਗਿਣਤੀ ਵਿਚ ਪੁੱਜੇ। ਵਿਲੱਖਣ ਗੱਲ ਇਹ ਸੀ ਕਿ ਮੇਲੇ ਵਿਚ ਔਰਤਾਂ ਤੇ ਬੱਚਿਆਂ ਦੀ ਸ਼ਿਰਕਤ ਵੀ ਘੱਟ ਨਹੀਂ ਸੀ। ਮਾਨਸਾ ਤੋਂ ਆਏ ਇਨਕਲਾਬੀ ਲਹਿਰ ਨਾਲ ਜੁੜੇ ਰਹੇ ਵਰਕਰਾਂ ਦਾ ਕਹਿਣਾ ਸੀ ਕਿ ਉਹ ਤਾਂ ਸਾਰਾ ਸਾਲ ਇਸ ਮੇਲੇ ਨੂੰ ਇੰਝ ਉਡੀਕਦੇ ਹਨ ਜਿਵੇਂ ਮਲਵਈ ਵਿਸਾਖੀ ਦੇ ਮੇਲੇ ਜਾਣ ਲਈ ਪੱਬਾਂ ਭਾਰ ਹੋਏ ਰਹਿੰਦੇ ਹਨ।

# ਇਮਾਮ ਦਾ ਬਿਆਨ ਅਤੇ ਫਿਰਕੂ-ਸਿਆਸਤ

## ਸਿਆਸਤ ਦਾ ਪਿੜ



**ਜਤਿੰਦਰ ਪਨੂੰ**
ਫੋਨ: 91-98140-68455


***ਭਾਰਤ ਦੀ ਰਾਜਧਾਨੀ ਦਿੱਲੀ ਵਿਚ ਰਾਜਸੀ ਸੱਤਾ ਦੇ ਪ੍ਰਤੀਕ ਲਾਲ ਕਿਲ੍ਹੇ ਦੇ ਸਾਹਮਣੇ ਦੀ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਅਬਦੁੱਲਾ ਬੁਖਾਰੀ ਨੇ ਇਸ ਹਫਤੇ ਇੱਕ ਵਿਵਾਦ ਖੜਾ ਕਰ ਲਿਆ ਹੈ। ਉਸ ਵੱਲੋਂ ਆਪਣੇ ਪੁੱਤਰ ਨੂੰ ਨਾਇਬ ਇਮਾਮ ਬਣਾਉਣ ਦੀ ਰਸਮ ਵੇਲੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਸੱਦਾ ਦਿੱਤੇ ਜਾਣਾ ਇਸ ਵਿਵਾਦ ਦਾ ਕਾਰਨ ਬਣਿਆ ਹੈ। ਮੁਗਲ ਰਾਜ ਦੌਰਾਨ ਉਸਾਰੀ ਗਈ ਜਾਮਾ ਮਸਜਿਦ ਲਈ ਸ਼ਾਹ ਜਹਾਨ ਨੇ ਬੁਖਾਰਾ ਦੇ ਸੁਲਤਾਨ ਨੂੰ ਬੇਨਤੀ ਕਰ ਕੇ ਇੱਕ ਇਮਾਮ ਉਥੋਂ ਮੰਗਵਾਇਆ ਤੇ ਲਿਖ ਦਿੱਤਾ ਸੀ ਕਿ ਇਸ ਘਰਾਣੇ ਦਾ ਵੱਡਾ ਪੁੱਤਰ ਹੀ ਪੀੜ੍ਹੀਓ-ਪੀੜ੍ਹੀ ਇਮਾਮ ਬਣੇਗਾ ਤੇ ਬਾਦਸ਼ਾਹਾਂ ਦੀ ਤਾਜਪੋਸ਼ੀ ਕਰਿਆ ਕਰੇਗਾ।***

ਇੱਕ ਵਿਦੇਸ਼ੀ ਦੌਰੇ ਦੌਰਾਨ ਪਿਛਲੇ ਦਿਨੀਂ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਕਿਹਾ ਕਿ ਭਾਰਤੀ ਮੁਸਲਮਾਨ ਕੱਟੜਪੰਥੀ ਨਹੀਂ, ਉਹ ਫਿਰਕੂ ਵੀ ਨਹੀਂ ਅਤੇ ਦੁਨੀਆ ਦੇਖੇਗੀ ਕਿ ਅਲ ਕਾਇਦਾ ਨੂੰ ਭਾਰਤੀ ਮੁਸਲਮਾਨ ਠੁਕਰਾ ਦੇਵੇਗਾ, ਭਾਰਤ ਦੇ ਕਈ ਲੋਕਾਂ ਨੂੰ ਚੰਗਾ ਲੱਗਾ ਸੀ। ਪ੍ਰਧਾਨ ਮੰਤਰੀ ਦਾ ਇਹ ਬਿਆਨ ਚੰਗਾ ਸਮਝਣ ਵਾਲਿਆਂ ਵਿਚ ਕਈ ਲੋਕ ਉਹ ਵੀ ਸਨ, ਜਿਹੜੇ ਗੁਜਰਾਤ ਦੇ ਦੰਗਿਆਂ ਦੇ ਦਿਨਾਂ ਤੋਂ ਨਰਿੰਦਰ ਮੋਦੀ ਬਾਰੇ ਆਪਣੀ ਬਣ ਚੁੱਕੀ ਧਾਰਨਾ ਉਤੇ ਖੜੇ ਹੋਏ ਹਨ। ਉਨ੍ਹਾਂ ਦਾ ਖਿਆਲ ਸੀ ਕਿ ਚਲੋ ਏਸੇ ਬਹਾਨੇ ਸਹੀ, ਦੇਸ਼ ਦੀ ਕਮਾਨ ਜਿਹੜੇ ਵਿਅਕਤੀ ਦੇ ਹੱਥਾਂ ਵਿਚ ਆ ਚੁੱਕੀ ਹੈ, ਉਸ ਦੀ ਸੋਚ ਵਿਚ ਜੇ ਕੁਝ ਸੁਖਾਵਾਂ ਮੋੜ ਆਉਂਦਾ ਹੈ ਤਾਂ ਮਾੜੀ ਗੱਲ ਨਹੀਂ। ਉਂਜ ਇਹ ਗੱਲ ਪ੍ਰਧਾਨ ਮੰਤਰੀ ਦੇ ਕਹੇ ਤੋਂ ਬਗੈਰ ਵੀ ਲੋਕ ਜਾਣਦੇ ਹਨ ਕਿ ਇਸ ਦੇਸ਼ ਦੇ ਮੁਸਲਮਾਨਾਂ ਦੀ ਬਹੁ-ਗਿਣਤੀ ਆਮ ਕਰ ਕੇ ਫਿਰਕੂ ਤੇ ਕੱਟੜਪੰਥੀ ਨਹੀਂ, ਪਰ ਇਹ ਗੱਲ ਫਿਰ ਆਪਣੀ ਥਾਂ ਕਾਇਮ ਹੈ ਕਿ ਮੁਸਲਿਮ ਸਮਾਜ ਵਿਚ ਕਾਫੀ ਸਾਰੇ ਤੱਤ ਫਿਰਕੂ ਵੀ ਮੌਜੂਦ ਹਨ। ਅਸੀਂ ਬੜੀ ਵਾਰੀ ਇਹ ਗੱਲ ਕਹੀ ਜਾਂਦੀ ਸੁਣਦੇ ਹਾਂ ਕਿ ਸਿੱਖ ਭਾਈਚਾਰਾ ਫਿਰਕੂ ਨਹੀਂ ਅਤੇ ਕੱਟੜਪੰਥੀ ਵੀ ਨਹੀਂ ਅਤੇ ਹਿੰਦੂ ਵੀ ਏਦਾਂ ਦੇ ਨਹੀਂ, ਪਰ ਇਹ ਗੱਲ ਫਿਰ ਆਪਣੀ ਥਾਂ ਸੱਚੀ ਹੈ ਕਿ ਸਿੱਖਾਂ ਤੇ ਹਿੰਦੂਆਂ ਵਿਚ ਵੀ ਕਈ ਲੋਕ ਸਿਖਰਾਂ ਦੇ ਜਨੂੰਨੀ ਹਨ, ਜਿਹੜੇ ਦੂਸਰੇ ਲੋਕਾਂ ਦੇ ਖਿਲਾਫ ਕੁਝ ਵੀ ਕਹਿਣ ਅਤੇ, ਜੇ ਮੌਕਾ ਮਿਲੇ ਤਾਂ, ਕਰਨ ਨੂੰ ਤਿਆਰ ਹਨ। ਉਹ ਲੋਕ ਚੰਗੇ ਨਹੀਂ, ਪਰ ਉਨ੍ਹਾਂ ਮਾੜੇ ਤੱਤਾਂ ਦਾ ਜ਼ਿਕਰ ਕਰਨ ਵੇਲੇ ਜਿਨ੍ਹਾਂ ਦੀ ਜ਼ਬਾਨ 'ਆਪਣੇ' ਬੰਦਿਆਂ ਦਾ ਫਿਰਕੂਪੁਣਾ ਲੁਕਾਉਣ ਤੇ ਦੂਸਰਿਆਂ ਦਾ ਉਛਾਲਣ ਨੂੰ ਤਿਆਰ ਰਹਿੰਦੀ ਹੈ, ਭਾਰਤ ਦੇ ਭਵਿੱਖ ਲਈ ਉਹ ਵੀ ਇੱਕ ਤਰ੍ਹਾਂ ਕੰਡੇ ਬੀਜ ਕੇ ਮੁਸ਼ਕਲਾਂ ਹੀ ਪੈਦਾ ਕਰ ਰਹੇ ਹਨ।

ਭਾਰਤ ਦੀ ਰਾਜਧਾਨੀ ਦਿੱਲੀ ਵਿਚ ਰਾਜਸੀ ਸੱਤਾ ਦੇ ਪ੍ਰਤੀਕ ਲਾਲ ਕਿਲ੍ਹੇ ਦੇ ਸਾਹਮਣੇ ਦੀ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਅਬਦੁੱਲਾ ਬੁਖਾਰੀ ਨੇ ਇਸ ਹਫਤੇ ਇੱਕ ਵਿਵਾਦ ਖੜਾ ਕਰ ਲਿਆ ਹੈ। ਉਸ ਵੱਲੋਂ ਆਪਣੇ ਪੁੱਤਰ ਨੂੰ ਨਾਇਬ ਇਮਾਮ ਬਣਾਉਣ ਦੀ ਰਸਮ ਵੇਲੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਸੱਦਾ ਦਿੱਤੇ ਜਾਣਾ ਇਸ ਵਿਵਾਦ ਦਾ ਕਾਰਨ ਬਣਿਆ ਹੈ। ਮੁਗਲ ਰਾਜ ਦੌਰਾਨ ਉਸਾਰੀ ਗਈ ਜਾਮਾ ਮਸਜਿਦ ਲਈ ਸ਼ਾਹ ਜਹਾਨ ਨੇ ਬੁਖਾਰਾ ਦੇ ਸੁਲਤਾਨ ਨੂੰ ਬੇਨਤੀ ਕਰ ਕੇ ਇੱਕ ਇਮਾਮ ਉਥੋਂ ਮੰਗਵਾਇਆ ਤੇ ਲਿਖ ਦਿੱਤਾ ਸੀ ਕਿ ਇਸ ਘਰਾਣੇ ਦਾ ਵੱਡਾ ਪੁੱਤਰ ਹੀ ਪੀੜ੍ਹੀਓ-ਪੀੜ੍ਹੀ ਇਮਾਮ ਬਣੇਗਾ ਤੇ ਬਾਦਸ਼ਾਹਾਂ ਦੀ ਤਾਜਪੋਸ਼ੀ ਕਰਿਆ ਕਰੇਗਾ। ਹੁਣ ਕੁਝ ਲੋਕ ਇਹ ਕਹਿੰਦੇ ਹਨ ਕਿ ਇਮਾਮਤ ਦੇ ਅਹੁਦੇ ਨੂੰ ਪਿਤਾ-ਪੁਰਖੀ ਰੱਖਣ ਬਾਰੇ ਸ਼ਾਹ ਜਹਾਨ ਨੇ ਨਹੀਂ ਲਿਖਿਆ, ਪਰ ਇਸ ਵੇਲੇ ਇਹ ਮੁੱਦਾ ਨਹੀਂ, ਸਗੋਂ ਇਹ ਹੈ ਕਿ ਮੌਜੂਦਾ ਇਮਾਮ ਨੇ ਆਪਣੇ ਪੁੱਤਰ ਨੂੰ ਨਾਇਬ ਇਮਾਮ ਬਣਾਉਣ ਦੀ ਰਸਮ ਮੌਕੇ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨੂੰ ਸੱਦਿਆ ਨਹੀਂ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਸੱਦ ਲਿਆ ਹੈ। ਇਹ ਸੱਦਾ ਇੱਕ ਵੱਡੇ ਵਿਵਾਦ ਦਾ ਵਿਸ਼ਾ ਬਣ ਗਿਆ ਤੇ ਹੁਣ ਇਸ ਨੂੰ ਲੈ ਕੇ ਚਾਂਦਮਾਰੀ ਕੀਤੀ ਜਾ ਰਹੀ ਹੈ।

ਸਮਾਗਮ ਇਮਾਮ ਦਾ ਹੈ ਅਤੇ ਇਹ ਉਸ ਦੀ ਮਰਜ਼ੀ ਹੈ ਕਿ ਕਿਸੇ ਨੂੰ ਵੀ ਸੱਦਾ ਭੇਜ ਦੇਵੇ। ਉਸ ਨੇ ਸੋਨੀਆ ਗਾਂਧੀ ਸਮੇਤ ਕਈ ਵੱਡੇ ਰਾਜਸੀ ਆਗੂ ਸੱਦੇ ਹੋਏ ਹਨ, ਜਿਨ੍ਹਾਂ ਵਿਚ ਭਾਜਪਾ ਦੇ ਇੱਕ ਮੁਸਲਮਾਨ ਅਤੇ ਤਿੰਨ ਹਿੰਦੂ ਆਗੂ ਵੀ ਹਨ। ਜੇ ਸਿਰਫ ਸੱਦਾ ਭੇਜਣ ਵਿਚ ਮਰਜ਼ੀ ਦੀ ਗੱਲ ਹੁੰਦੀ ਤਾਂ ਕੋਈ ਇਤਰਾਜ਼ ਨਹੀਂ ਸੀ ਕੀਤਾ ਜਾਣਾ, ਪਰ ਉਸ ਵੱਲੋਂ ਮੋਦੀ ਬਾਰੇ ਜਿਹੜੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਤੇ ਨਵਾਜ਼ ਸ਼ਰੀਫ ਨੂੰ ਜਿਵੇਂ ਆਪਣਾ ਮਿੱਤਰ ਕਿਹਾ ਗਿਆ, ਇਸ ਨਾਲ ਵਿਵਾਦ ਪੈਦਾ ਹੋਇਆ ਹੈ। ਉਂਜ ਇਮਾਮ ਨੇ ਬੀਬੀ ਨਜਮਾ ਹੈਪਤੁੱਲਾ ਨੂੰ ਸੱਦਣ ਦੀ ਲੋੜ ਵੀ ਨਹੀਂ ਸਮਝੀ, ਜਿਸ ਨੇ ਕਦੀ ਰਾਜੀਵ ਗਾਂਧੀ ਦੇ ਰਾਜ ਸਮੇਂ ਮੁਸਲਮਾਨਾਂ ਨੂੰ ਖੁਸ਼ ਕਰਨ ਤੇ ਕਾਂਗਰਸ ਨੂੰ ਵੋਟਾਂ ਪੁਆਉਣ ਲਈ ਸ਼ਾਹ ਬਾਨੋ ਕੇਸ ਵਿਚ ਸੁਪਰੀਮ ਕੋਰਟ ਦਾ ਹੁਕਮ ਪਲਟਣ ਦੀ ਸਰਗਰਮੀ ਕੀਤੀ ਸੀ। ਸ਼ਾਇਦ ਨਜਮਾ ਦਾ ਮੋਦੀ ਸਰਕਾਰ ਦੀ ਵਜ਼ੀਰ ਬਣਨਾ ਵੀ ਇਮਾਮ ਬੁਖਾਰੀ ਨੂੰ ਚੰਗਾ ਨਾ ਲੱਗਾ ਹੋਵੇਗਾ।

ਇਮਾਮ ਬੁਖਾਰੀ ਨੂੰ ਜਿਵੇਂ ਕਈ ਗੱਲਾਂ ਠੀਕ ਨਹੀਂ ਲੱਗਦੀਆਂ ਹੋਣਗੀਆਂ, ਉਵੇਂ ਹੀ ਸਾਨੂੰ ਵੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਸੱਦਾ ਦੇਣਾ ਜਚਦਾ ਨਹੀਂ। ਨਰਿੰਦਰ ਮੋਦੀ ਨਾਲ ਵਿਰੋਧ ਹੋਣ ਤਾਂ ਪ੍ਰਗਟਾਵੇ ਦੇ ਕਈ ਢੰਗ ਭਾਰਤ ਵਿਚ ਵਰਤੇ ਜਾ ਸਕਦੇ ਹਨ, ਪਰ ਇਹ ਢੰਗ ਸਾਊ ਨਹੀਂ। ਇਮਾਮ ਦੇ ਚੇਲੇ ਕਹਿ ਰਹੇ ਹਨ ਕਿ ਨਵਾਜ਼ ਸ਼ਰੀਫ ਨੂੰ ਇੱਕ ਇਸਲਾਮੀ ਦੇਸ਼ ਦਾ ਪ੍ਰਧਾਨ ਮੰਤਰੀ ਹੋਣ ਕਰ ਕੇ ਸੱਦਿਆ ਹੈ। ਜੇ ਇਹ ਗੱਲ ਹੈ ਤਾਂ ਬੰਗਲਾ ਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹੁਸੀਨਾ ਤੋਂ ਲੈ ਕੇ ਸਾਊਦੀ ਅਰਬ ਦੇ ਬਾਦਸ਼ਾਹ ਤੱਕ ਨੂੰ ਸੱਦੇ ਜਾਣੇ ਚਾਹੀਦੇ ਸਨ। ਇਥੇ ਸਿਰਫ ਨਵਾਜ਼ ਸ਼ਰੀਫ ਵਾਸਤੇ ਫਰਾਖਦਿਲੀ ਵਿਖਾਈ ਗਈ ਹੈ, ਜਿਹੜੀ ਕਈਆਂ ਨੂੰ ਚੁਭੀ ਹੈ। ਸਮਾਗਮਾਂ ਦੇ ਸੱਦੇ ਵਿਦੇਸ਼ ਨੂੰ ਭੇਜਣ ਵੇਲੇ ਮਿੱਤਰ ਤੇ ਦੋਸਤ ਦਾ ਖਿਆਲ ਸਿਰਫ ਨਿੱਜੀ ਪੱਧਰ ਉਤੇ ਨਹੀਂ, ਸਮੁੱਚੇ ਸਮਾਜ ਤੇ ਭਾਈਚਾਰੇ ਦੇ ਪੱਧਰ ਉਤੇ ਵੀ ਵਿਚਾਰਨ ਦੀ ਲੋੜ ਹੁੰਦੀ ਹੈ। ਪਾਕਿਸਤਾਨ ਸਧਾਰਨ ਇਸਲਾਮੀ ਦੇਸ਼ ਨਹੀਂ, ਸੰਸਾਰ ਭਰ ਵਿਚ ਫੈਲੀ ਹੋਈ ਦਹਿਸ਼ਤਗਰਦੀ ਦਾ ਕੇਂਦਰੀ ਧੁਰਾ ਹੈ ਤੇ ਦਹਿਸ਼ਤਗਰਦਾਂ ਦੀ ਪਨੀਰੀ ਵੀ ਉਥੋਂ ਦੀ ਫੌਜ ਤੇ ਸਰਕਾਰ ਦੀ ਸਰਪ੍ਰਸਤੀ ਹੇਠ ਤਿਆਰ ਕੀਤੀ ਜਾਂਦੀ ਹੈ। ਇਨ੍ਹਾਂ ਹਾਲਤਾਂ ਵਿਚ ਇਹ ਸੱਦਾ ਦੇਣਾ ਜਾਇਜ਼ ਨਹੀਂ ਜਾਪਦਾ।



*ਇਮਾਮ ਅਬਦੁੱਲਾ ਬੁਖਾਰੀ*

ਏਡੇ ਵਿਵਾਦ ਦਾ ਕਾਰਨ ਬਣਨ ਵਾਲਾ ਇਹ ਸੱਦਾ ਦੇਣ ਤੋਂ ਪਹਿਲਾਂ ਇਮਾਮ ਬੁਖਾਰੀ ਸਾਹਿਬ ਨੂੰ ਆਜ਼ਾਦੀ ਦੇ ਬਾਅਦ ਉਸ ਵਕਤ ਦੇ ਸਭ ਤੋਂ ਵੱਡੇ ਮੁਸਲਿਮ ਆਗੂ ਮੌਲਾਨਾ ਅਬਦੁਲ ਕਲਾਮ ਆਜ਼ਾਦ ਦੀ ਇਸੇ ਜਾਮਾ ਮਸਜਿਦ ਵਿਚ ਕੀਤੀ ਤਕਰੀਰ ਇੱਕ ਵਾਰ ਪੜ੍ਹ ਲੈਣੀ ਚਾਹੀਦੀ ਸੀ। ਮੌਲਾਨਾ ਆਜ਼ਾਦ ਉਥੇ ਆਪ ਨਹੀਂ ਸਨ ਗਏ, ਉਨ੍ਹਾਂ ਨੂੰ ਉਚੇਚਾ ਉਥੇ ਆਉਣ ਦਾ ਸੱਦਾ ਦਿੱਤਾ ਗਿਆ ਸੀ ਤੇ ਜਦੋਂ ਉਹ ਬੋਲੇ ਸਨ ਤਾਂ ਖਰੀਆਂ-ਕੌੜੀਆਂ ਗੱਲਾਂ ਕਹੀਆਂ ਸਨ। ਉਨ੍ਹਾਂ ਨੇ ਚੇਤੇ ਕਰਵਾਇਆ ਸੀ ਕਿ ਏਸੇ ਜਾਮਾ ਮਸਜਿਦ ਵਿਚ ਜਦੋਂ ਉਹ ਇਹ ਕਹਿੰਦੇ ਸਨ ਕਿ ਇਸਲਾਮ ਦੇ ਨਾਂ ਉਪਰ ਵੱਖਰਾ ਦੇਸ਼ ਬਣਾਉਣਾ ਗਲਤ ਹੈ ਤਾਂ ਉਨ੍ਹਾਂ ਦੀ ਗੱਲ ਕਿਸੇ ਨੇ ਸੁਣੀ ਨਹੀਂ ਸੀ, ਪਰ ਆਜ਼ਾਦੀ ਦੇ ਬਾਅਦ ਹੁਣ ਉਹ ਗੱਲਾਂ ਚੇਤੇ ਆ ਰਹੀਆਂ ਹਨ। ਮੌਲਾਨਾ ਨੇ ਕਿਹਾ ਸੀ ਕਿ ਤੁਹਾਨੂੰ ਮੁਸਲਮਾਨਾਂ ਨੂੰ ਇਹ ਚੇਤਾ ਭੁੱਲ ਗਿਆ ਕਿ ਜਮਨਾ ਨਦੀ ਦੇ ਕਿਨਾਰੇ ਆ ਕੇ ਤੁਹਾਡੇ ਵਡੇਰਿਆਂ ਨੇ ਵੁਜ਼ੂ ਕੀਤਾ ਸੀ ਤੇ ਤੁਹਾਡੇ ਵੱਡਿਆਂ ਦੀਆਂ ਕਬਰਾਂ ਵੀ ਭਾਰਤ ਵਿਚ ਹਨ, ਜਿਸ ਨੂੰ ਛੱਡ ਕੇ ਜਾਣ ਦੇ ਨਾਹਰੇ ਲੱਗਦੇ ਸਨ। ਉਦੋਂ ਮੌਲਾਨਾ ਸਾਹਿਬ ਨੇ ਜਿਹੜਾ ਧਰਮ ਨਿਰਪੱਖਤਾ ਦਾ ਸੰਦੇਸ਼ ਦਿੱਤਾ ਸੀ, ਦਿੱਲੀ ਦੇ ਮੁਸਲਮਾਨਾਂ ਨੇ ਉਸ ਨੂੰ ਤਸਲੀਮ ਕੀਤਾ ਸੀ। ਮੌਜੂਦਾ ਇਮਾਮ ਨੇ ਭੁਲਾ ਦਿੱਤਾ ਹੈ। ਉਹ ਜਿਹੜੇ ਨਵਾਜ਼ ਸ਼ਰੀਫ ਸਾਹਿਬ ਨੂੰ ਸੱਦਾ ਦੇ ਰਹੇ ਹਨ, ਉਹ ਜਦੋਂ ਦਿੱਲੀ ਆਵੇਗਾ, ਫਿਰ ਕਸ਼ਮੀਰ ਦਾ ਘਰਾਟ-ਰਾਗ ਛੇੜ ਕੇ ਭਾਰਤ ਦੀ ਰਾਜਧਾਨੀ ਵਿਚ ਬੈਠਾ ਭਾਰਤ ਦੀ ਭੰਡੀ ਕਰੇਗਾ ਤੇ ਕਈ ਨਵੇਂ ਪੁਆੜੇ ਪਾ ਕੇ ਤੁਰ ਜਾਵੇਗਾ। ਇਸ ਮਗਰੋਂ ਜਿਹੜੇ ਕੁਝ ਵਿਵਾਦ ਪੈਦਾ ਹੋਣੇ ਹਨ, ਉਹ ਨਵਾਜ਼ ਸ਼ਰੀਫ ਨੂੰ ਨਹੀਂ, ਭਾਰਤ ਦੇ ਹਿੰਦੂ, ਸਿੱਖ, ਮੁਸਲਮਾਨ ਤੇ ਇਸਾਈ ਸਾਰੇ ਵਰਗਾਂ ਦੇ ਲੋਕਾਂ ਨੂੰ ਹੰਢਾਉਣੇ ਪੈਣੇ ਹਨ। ਇਮਾਮ ਬੁਖਾਰੀ ਨੇ ਇਹ ਪੱਖ ਸੋਚਿਆ ਹੀ ਨਹੀਂ।

ਤਸਵੀਰ ਦਾ ਦੂਸਰਾ ਪਾਸਾ ਇਹ ਹੈ ਕਿ ਜਿਹੜੇ ਰਾਜਸੀ ਵਿਰੋਧ ਵਾਲਿਆਂ ਨੂੰ ਇਸ ਸੱਦੇ ਤੋਂ ਦੁੱਖ ਪਹੁੰਚਿਆ ਹੈ, ਉਹ ਇਹ ਕਹਿੰਦੇ ਹਨ ਕਿ ਸਾਡੀਆਂ ਭਾਵਨਾਵਾਂ ਨੂੰ ਸੱਟ ਵੱਜੀ ਹੈ। ਅਸੀਂ ਉਨ੍ਹਾਂ ਦੀਆਂ ਭਾਵਨਾਵਾਂ ਦੀ ਗੱਲ ਕੱਟਦੇ ਨਹੀਂ, ਪੂਰਾ ਸਤਿਕਾਰ ਕਰਦੇ ਹਾਂ, ਪਰ ਜੇ ਉਨ੍ਹਾਂ ਨੂੰ ਇਮਾਮ ਦੀ ਇਹ ਹਰਕਤ ਚੁਭਦੀ ਹੈ ਤਾਂ ਜਦੋਂ ਉਹ ਆਪ ਕਈ ਕਿਸਮ ਦੇ ਬੋਲ-ਕੁਬੋਲ ਬੋਲਦੇ ਹਨ, ਉਦੋਂ ਵੀ ਕਿਸੇ ਦੀਆਂ ਭਾਵਨਾਵਾਂ ਨੂੰ ਸੱਟ ਵੱਜਣ ਦਾ ਚੇਤਾ ਰੱਖਣਾ ਚਾਹੀਦਾ ਹੈ।

ਇਮਾਮ ਬੁਖਾਰੀ ਵੱਲੋਂ ਨਵਾਜ਼ ਸ਼ਰੀਫ ਨੂੰ ਇਹੋ ਜਿਹਾ ਸੱਦਾ ਦੇਣ ਉਤੇ ਭਾਜਪਾ ਦੇ ਪਾਰਲੀਮੈਂਟ ਮੈਂਬਰ ਯੋਗੀ ਅਦਿੱਤਿਆ ਨਾਥ ਨੇ ਭੜਕ ਕੇ ਕਹਿ ਦਿੱਤਾ ਹੈ ਕਿ ਬੁਖਾਰੀ ਨੂੰ ਪਾਕਿਸਤਾਨ ਭੇਜ ਦੇਣਾ ਚਾਹੀਦਾ ਹੈ। ਕੁਝ ਲੋਕ ਹੁਣ ਇਹ ਕਹਿਣਗੇ ਕਿ ਯੋਗੀ ਨੇ ਇਮਾਮ ਦੇ ਸੱਦੇ ਤੋਂ ਖਿਝ ਕੇ ਕਹਿ ਦਿੱਤਾ ਹੋਵੇਗਾ, ਪਰ ਇਹ ਗੱਲ ਨਹੀਂ। ਪਾਰਲੀਮੈਂਟ ਵਿਚ ਉਦੋਂ ਵੀ ਯੋਗੀ ਇਹੋ ਜਿਹੀਆਂ ਭੜਕਾਊ ਗੱਲਾਂ ਕਰਦਾ ਰਿਹਾ ਹੈ, ਜਦੋਂ ਏਦਾਂ ਦਾ ਮੁੱਦਾ ਹੀ ਨਹੀਂ ਸੀ। ਲੋਕ ਸਭਾ ਚੋਣਾਂ ਵਿਚ ਇੱਕ ਭਾਜਪਾ ਉਮੀਦਵਾਰ ਨੇ ਬਿਹਾਰ ਵਿਚ ਇਹ ਕਹਿ ਦਿੱਤਾ ਕਿ ਨਰਿੰਦਰ ਮੋਦੀ ਜਦੋਂ ਜਿੱਤ ਗਿਆ ਤਾਂ ਉਸ ਦੇ ਵਿਰੋਧੀਆਂ ਨੂੰ ਪਾਕਿਸਤਾਨ ਭੇਜ ਦਿੱਤਾ ਜਾਵੇਗਾ। ਜਦੋਂ ਉਹ ਇਹੋ ਜਿਹੀ ਭੱਦੀ ਭਾਸ਼ਾ ਵਰਤਦੇ ਹਨ, ਉਦੋਂ ਵੀ ਕੁਝ ਦੂਸਰੇ ਲੋਕਾਂ ਦੀਆਂ ਭਾਵਨਾਵਾਂ ਜ਼ਖਮੀ ਹੁੰਦੀਆਂ ਹਨ। ਇਹ ਖਿਆਲ ਉਨ੍ਹਾਂ ਨੂੰ ਵੀ ਹੋਣਾ ਚਾਹੀਦਾ ਹੈ। ਭਾਰਤ ਵਿਚ ਆਪਣੀ ਪੀੜ੍ਹੀ ਹੇਠ ਸੋਟਾ ਕੋਈ ਨਹੀਂ ਮਾਰਦਾ, ਸਭ ਦੂਸਰਿਆਂ ਦੇ ਨੁਕਸ ਨੌਲਦੇ ਹਨ।

ਹਾਲਾਤ ਕਿੰਨੇ ਵੀ ਖਿਚਾਅ ਭਰੇ ਹੋਣ, ਮਾਨਸਿਕ ਤੋਲ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਇਸ ਸਬੰਧ ਵਿਚ ਅਸੀਂ ਨਾ ਨਰਿੰਦਰ ਮੋਦੀ ਦੇ ਮਨ-ਪਸੰਦ ਆਗੂ ਸਰਦਾਰ ਵੱਲਭ ਭਾਈ ਪਟੇਲ ਦਾ ਚੇਤਾ ਕਰਾਉਣ ਦੀ ਲੋੜ ਸਮਝਦੇ ਹਾਂ, ਨਾ ਪੰਡਿਤ ਜਵਾਹਰ ਲਾਲ ਨਹਿਰੂ ਜਾਂ ਇੰਦਰਾ ਗਾਂਧੀ ਦਾ, ਜਿਹੜੇ ਭਾਜਪਾ ਲੀਡਰਾਂ ਨੂੰ ਪਸੰਦ ਨਹੀਂ ਆਉਣਗੇ। ਪੰਡਿਤ ਨਹਿਰੂ ਤੋਂ ਬਾਅਦ ਥੋੜ੍ਹੇ ਸਮੇਂ ਲਈ ਦੇਸ਼ ਦੀ ਵਾਗ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਸੰਭਾਲੀ ਸੀ, ਉਸ ਬਾਰੇ ਕੋਈ ਕਿੰਤੂ ਨਹੀਂ ਕਰੇਗਾ। ਪਾਕਿਸਤਾਨ ਨਾਲ ਇੱਕ ਵੱਡੀ ਜੰਗ ਉਸ ਦੇ ਵਕਤ ਲੱਗੀ ਸੀ ਤੇ ਉਸ ਜੰਗ ਤੋਂ ਪਹਿਲਾਂ ਦੇ ਹਾਲਾਤ ਦਾ ਵੇਰਵਾ ਦਿੰਦਿਆਂ ਬੀ ਬੀ ਸੀ ਲੰਡਨ ਨੇ ਇਹ ਰਿਪੋਰਟ ਪੇਸ਼ ਕਰ ਦਿੱਤੀ ਸੀ ਕਿ 'ਹਿੰਦੂ ਮਾਨਸਿਕਤਾ ਦਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਇੱਕ ਇਸਲਾਮੀ ਦੇਸ਼ ਪਾਕਿਸਤਾਨ ਨਾਲ ਜੰਗ ਲੜਨ ਲਈ ਤਿਆਰ ਹੋ ਰਿਹਾ ਹੈ।' ਕੁਝ ਦਿਨ ਬਾਅਦ ਦਿੱਲੀ ਵਿਚ ਇੱਕ ਵੱਡੀ ਰੈਲੀ ਕਰ ਕੇ ਉਸ ਦੇ ਮੰਚ ਤੋਂ ਲਾਲ ਬਹਾਦਰ ਸ਼ਾਸਤਰੀ ਨੇ ਕਿਹਾ ਸੀ ਕਿ 'ਮੈਂ ਇੱਕ ਹਿੰਦੂ ਹਾਂ, ਇਸ ਰੈਲੀ ਦੀ ਪ੍ਰਧਾਨਗੀ ਕਰ ਰਹੇ ਮੀਰ ਮੁਸ਼ਤਾਕ ਇੱਕ ਮੁਸਲਮਾਨ ਹਨ ਤੇ ਹੁਣੇ ਜਿਸ ਫਰੈਂਕ ਐਨਥੋਨੀ ਨੇ ਭਾਸ਼ਣ ਕੀਤਾ ਹੈ, ਉਹ ਈਸਾਈ ਭਾਈਚਾਰੇ ਤੋਂ ਹਨ। ਸਾਡੇ ਨਾਲ ਸਿੱਖ ਤੇ ਪਾਰਸੀ ਵੀ ਬੈਠੇ ਹਨ। ਸਾਡੇ ਸਾਰਿਆਂ ਦੀ ਸਾਂਝ ਦੀ ਤੰਦ ਹੀ ਇਹ ਹੈ ਕਿ ਅਸੀਂ ਹਿੰਦੂ, ਮੁਸਲਿਮ, ਈਸਾਈ, ਸਿੱਖ, ਪਾਰਸੀ ਤੇ ਸਾਰੇ ਹੋਰ ਧਰਮਾਂ ਦੇ ਲੋਕ ਭਾਰਤੀ ਹਾਂ। ਸਾਡੇ ਕੋਲ ਮੰਦਰ ਅਤੇ ਮਸਜਿਦਾਂ ਹਨ, ਗੁਰਦੁਆਰੇ ਅਤੇ ਚਰਚ ਹਨ, ਪਰ ਅਸੀਂ ਇਨ੍ਹਾਂ ਸਭ ਨੂੰ ਰਾਜਨੀਤੀ ਵਾਸਤੇ ਵਰਤਣ ਦਾ ਕੰਮ ਨਹੀਂ ਕਰਦੇ। ਭਾਰਤ ਤੇ ਪਾਕਿਸਤਾਨ ਦਾ ਇਹੋ ਫਰਕ ਹੈ। ਪਾਕਿਸਤਾਨ ਆਪਣੇ ਇਸਲਾਮੀ ਦੇਸ਼ ਹੋਣ ਦਾ ਐਲਾਨ ਕਰਦਾ ਹੈ ਤੇ ਧਰਮ ਨੂੰ ਰਾਜਨੀਤਕ ਮੁੱਦੇ ਦੇ ਤੌਰ ਉਤੇ ਵਰਤਦਾ ਹੈ, ਸਾਨੂੰ ਭਾਰਤੀ ਲੋਕਾਂ ਨੂੰ ਇਹ ਆਜ਼ਾਦੀ ਹੈ ਕਿ ਅਸੀਂ ਆਪਣੀ ਮਰਜ਼ੀ ਦਾ ਧਰਮ ਚੁਣ ਸਕਦੇ ਹਾਂ ਤੇ ਉਸ ਦੀ ਪੂਜਾ ਕਰ ਸਕਦੇ ਹਾਂ। ਜਿੱਥੋਂ ਰਾਜਨੀਤੀ ਦੀ ਹੱਦ ਸ਼ੁਰੂ ਹੁੰਦੀ ਹੈ, ਉਥੇ ਜਾ ਕੇ ਸਾਡੇ ਵਿਚੋਂ ਹਰ ਕੋਈ ਦੂਸਰਿਆਂ ਦੇ ਨਾਲ ਭਾਰਤੀ ਹੁੰਦਾ ਹੈ, ਸਿਰਫ ਭਾਰਤੀ।'

ਆਪਣੇ ਪੁੱਤਰ ਨੂੰ ਪਿਤਾ-ਪੁਰਖੀ ਕਲਗੀ ਲਾਉਣ ਵਾਸਤੇ ਰੱਖੀ ਰਸਮ ਵਿਚ ਆਉਣ ਦਾ ਸੱਦਾ ਨਵਾਜ਼ ਸ਼ਰੀਫ ਨੂੰ ਦੇ ਕੇ ਇਮਾਮ ਅਬਦੁੱਲਾ ਬੁਖਾਰੀ ਨੇ ਚੰਗਾ ਨਹੀਂ ਕੀਤਾ, ਪਰ ਜਿਹੜੇ ਲੋਕ ਇਮਾਮ ਦੇ ਇਸ ਸੱਦੇ ਤੋਂ ਖਿਝ ਕੇ ਹੁਣ ਹੱਦਾਂ ਲੰਘ ਰਹੇ ਹਨ, ਉਹ ਵੀ ਸਾਊ ਵਿਹਾਰ ਨਹੀਂ ਕਰ ਰਹੇ। ਕੁਝ ਵਿਹਲਾ ਵਕਤ ਕੱਢ ਕੇ ਉਨ੍ਹਾਂ ਨੂੰ ਵੀ, ਹੋਰ ਕੁਝ ਨਾ ਸਹੀ, ਲਾਲ ਬਹਾਦਰ ਸ਼ਾਸਤਰੀ ਦਾ ਇਹ ਬਿਆਨ ਪੜ੍ਹ ਲੈਣਾ ਚਾਹੀਦਾ ਹੈ। ਅਕਲ ਪੱਖੋਂ ਲਾਹੇਵੰਦਾ ਰਹੇਗਾ। ਇਸ ਦੇਸ਼ ਨੂੰ ਇਕੱਠੇ ਰੱਖਣਾ ਹੈ ਤਾਂ ਇੱਕ ਕਿਲ੍ਹੇ ਅੰਦਰ ਆਪੋ ਵਿਚ ਚੁਣੌਤੀ ਦੇਣ ਵਾਲੀਆਂ ਕਿਲ੍ਹੇਬੰਦੀਆਂ ਬੰਦ ਕਰਨੀਆਂ ਹੋਣਗੀਆਂ। ਪੈਮਾਨਾ ਕੋਈ ਵੀ ਹੋਵੇ, ਲਾਗੂ ਸਾਰਿਆਂ ਉਤੇ ਬਰਾਬਰ ਹੋਣਾ ਚਾਹੀਦਾ ਹੈ।

## ਨਿਠਾਰੀ ਕਾਂਡ: ਕੋਲੀ ਦੀ ਫਾਂਸੀ 'ਤੇ ਰੋਕ

**ਅਲਾਹਾਬਾਦ:** ਅਲਾਹਾਬਾਦ ਹਾਈਕੋਰਟ ਨੇ ਨਿਠਾਰੀ ਕਾਂਡ ਦੇ ਦੋਸ਼ੀ ਸੁਰਿੰਦਰ ਕੋਲੀ ਦੀ ਫਾਂਸੀ ਉਪਰ 25 ਨਵੰਬਰ ਤੱਕ ਰੋਕ ਲਾ ਦਿੱਤੀ ਹੈ। ਅਦਾਲਤ ਨੇ ਕੇਂਦਰ ਤੇ ਉੱਤਰ ਪ੍ਰਦੇਸ਼ ਸਰਕਾਰਾਂ ਨੂੰ ਨੋਟਿਸ ਜਾਰੀ ਕਰਦਿਆਂ 21 ਨਵੰਬਰ ਤੱਕ ਜਵਾਬ ਦੇਣ ਲਈ ਕਿਹਾ ਹੈ ਤੇ ਅਗਲੀ ਸੁਣਵਾਈ 25 ਨਵੰਬਰ 'ਤੇ ਪਾ ਦਿੱਤੀ ਹੈ। ਅਦਾਲਤ ਨੇ ਲੋਕਤੰਤਰ ਹੱਕਾਂ ਬਾਰੇ ਇਕ ਸਮਾਜਿਕ ਸੰਗਠਨ ਪੀਪਲਜ਼ ਯੂਨੀਅਨ ਵੱਲੋਂ ਦਾਇਰ ਜਨ ਹਿੱਤ ਪਟੀਸ਼ਨ 'ਤੇ ਇਹ ਨੋਟਿਸ ਜਾਰੀ ਕੀਤੇ ਹਨ।

40 ਟਰੱਕ ਰਿਪੇਅਰ-ਓਕਲਹੋਮਾ

ਮਕੈਨਿਕਾਂ ਅਤੇ ਹੈਲਪਰ ਦੀ ਜ਼ਰੂਰਤ ਹੈ

ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਅਤੇ ਹੈਲਪਰ ਦੀ ਜ਼ਰੂਰਤ ਹੈ



ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ: 832-512-7172

Desi Bazar

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

J FRESH VEGETABLES EVERY THURSDAY
J FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਤੂੰਬੀ ਬਾਰੇ ਚਰਚਾ: ਬੀਬਾ ਮੰਦੜੇ ਬੋਲ ਨਾ ਬੋਲ!

**ਪ੍ਰਤੀਕਰਮ-ਦਰ-ਪ੍ਰਤੀਕਰਮ**

*ਚਿਰ ਪਹਿਲਾਂ 'ਪੰਜਾਬ ਟਾਈਮਜ਼' ਦੇ ਅੰਕ 33 (16 ਅਗਸਤ) ਵਿਚ ਕੁਲਦੀਪ ਤੱਖਰ ਦਾ ਲੇਖ 'ਤੂੰਬੀ, ਸੁਰ ਤੇ ਸੰਗੀਤ' ਛਾਪਿਆ ਗਿਆ ਸੀ। ਇਸ ਬਾਰੇ ਸਭ ਤੋਂ ਪਹਿਲੀ ਲਿਖਤੀ ਟਿੱਪਣੀ ਸਾਡੇ ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਦੀ ਆਈ ਸੀ। ਉਨ੍ਹਾਂ ਗੁਰਮਤਿ ਦੀ ਕੁਝ ਵਿਆਖਿਆ ਕਰਦਿਆਂ ਇਸ ਲੇਖ ਦੇ ਹੱਕ ਵਿਚ ਹਾਂ ਵਿਚ ਹਾਂ ਮਿਲਾਈ ਸੀ। ਫਿਰ ਕੁਝ ਮੁਖਾਲਿਫ ਵਿਚਾਰ ਵੀ ਆਏ ਜਿਹੜੇ ਬਾਕਾਇਦਾ ਪਰਚੇ ਵਿਚ ਛਾਪੇ ਗਏ। ਆਪਣੇ ਇਸ ਲੇਖ ਵਿਚ ਕੁਲਦੀਪ ਤੱਖਰ ਨੇ ਤੂੰਬੀ ਅਤੇ ਸੁਰ ਵਿਚਕਾਰ ਕੋਈ ਸਬੰਧ ਨਾ ਹੋਣ ਬਾਰੇ ਗੱਲ ਕੀਤੀ ਸੀ ਅਤੇ ਅੱਜ ਕੱਲ੍ਹ ਦੇ ਬੇਸੁਰੇ ਗਾਇਕਾਂ ਦੀ ਚੜ੍ਹਤ ਦਾ ਤੋੜਾ ਇਸ 'ਤੂੰਬੀ ਮਾਰਕਾ ਪਹੁੰਚ' ਉਤੇ ਝਾੜਿਆ ਸੀ। ਉਨ੍ਹਾਂ ਦਾ ਤਰਕ ਸੀ ਕਿ ਜਿਸ ਤਰ੍ਹਾਂ ਤੂੰਬੀ ਨੂੰ ਸਿੱਖਣ-ਸਿਖਾਉਣ ਦੀ ਕਦੀ ਲੋੜ ਨਹੀਂ ਪੈਂਦੀ, ਇਸੇ ਤਰ੍ਹਾਂ ਬੇਸੁਰੇ ਗਾਇਕ ਬਿਨਾਂ ਕੁਝ ਸਿੱਖਿਆਂ ਸੰਗੀਤ ਦੀਆਂ ਸਟੇਜਾਂ ਹਿਲਾ ਰਹੇ ਹਨ। ਅਦਾਰੇ ਨੇ ਇਸ ਪ੍ਰਸੰਗ ਨੂੰ ਉਭਾਰਨ ਖਾਤਰ ਹੀ ਇਹ ਲੇਖ ਛਾਪਣ ਦਾ ਫੈਸਲਾ ਕੀਤਾ ਸੀ। ਇਸ ਲੇਖ ਵਿਚ ਲਾਲ ਚੰਦ ਯਮਲਾ ਜੱਟ ਦਾ ਵੀ ਚੋਖਾ ਜ਼ਿਕਰ ਸੀ, ਪਰ ਲੇਖ ਦਾ ਨੁਕਤਾ ਬੇਸੁਰੇ ਸੰਗੀਤ ਤੋਂ ਛੁਟਕਾਰੇ ਦਾ ਹੀ ਸੀ। ਉਂਜ, ਬਹਿਸ ਦਾ ਰੁਖ ਇਸ ਪਾਸੇ ਘੱਟ ਹੀ ਵਗਿਆ ਹੈ। ਇਸ ਸਿਲਸਿਲੇ ਵਿਚ ਹੁਣ ਸਾਨੂੰ ਦੋ ਹੋਰ ਟਿੱਪਣੀਆਂ ਹਾਸਲ ਹੋਈਆਂ ਹਨ ਜਿਹੜੀਆਂ ਕੁਝ ਕੁ ਸੰਖੇਪ ਕਰ ਕੇ ਛਾਪੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਇਸ ਮਸਲੇ 'ਤੇ ਇਹ ਬਹਿਸ ਇਥੇ ਹੀ ਬੰਦ ਕੀਤੀ ਜਾ ਰਹੀ ਹੈ। -ਸੰਪਾਦਕ*

ਮੇਰਾ ਭਰਾਵਾਂ ਵਰਗਾ ਇਕ ਰਿਸ਼ਤੇਦਾਰ ਅਕਸਰ ਆਪਣੇ ਕਿਸੇ ਜਾਣਕਾਰ ਪੰਚ ਦੀ ਗੱਲ ਕਰ ਕੇ ਹਸਾਉਂਦਾ ਹੈ ਕਿ ਜਦੋਂ ਕਦੀ ਵੀ ਪੰਚਾਇਤ ਦੀ ਮੀਟਿੰਗ ਹੁੰਦੀ, ਉਹ ਸ਼ੁਰੂ ਵਿਚ ਹੀ ਬੋਲਦਾ, "ਆਪਾਂ ਗੱਲ ਸੱਚੀ ਕਰਨੀ ਐ, ਭਾਵੇਂ ਕਿਸੇ ਨੂੰ ਚੰਗੀ ਲੱਗੇ ਜਾਂ ਮਾੜੀ।" ਪਰ ਇਸ ਤੋਂ ਬਾਅਦ

**ਸੰਪੂਰਨ ਸਿੰਘ, ਹਿਊਸਟਨ**
ਫੋਨ: 281-635-7466

ਪੰਚਾਇਤ ਦੀ ਪੂਰੀ ਮੀਟਿੰਗ ਦੌਰਾਨ ਉਹ ਕੁਝ ਵੀ ਨਾ ਬੋਲਦਾ। ਦਿਲਚਸਪ ਗੱਲ ਇਹ ਕਿ ਉਹ ਪੰਚ, ਹਰ ਵਾਰੀ ਚੋਣ ਜਿੱਤ ਜਾਂਦਾ। ਉਸ ਬੰਦੇ ਨੂੰ ਹਰ ਚੋਣ ਵਿਚ ਲੋਕਾਂ ਵੱਲੋਂ ਮਿਲੇ ਹਾਂ-ਪੱਖੀ ਫਤਵੇ ਤੋਂ ਇਕ ਗੱਲ ਤਾਂ ਸਪਸ਼ਟ ਹੋ ਜਾਂਦੀ ਹੈ ਕਿ ਮਾੜਾ ਬੋਲਣ ਵਾਲੇ ਨਾਲੋਂ ਕੁਝ ਵੀ ਨਾ ਬੋਲਣ ਵਾਲਾ ਬਿਹਤਰ ਹੈ, ਤੇ ਲੋਕਾਂ ਅੰਦਰ ਕਿਸੇ ਹੱਦ ਤੱਕ ਪ੍ਰਵਾਨਤ ਵੀ ਹੈ।

ਅਮਰੀਕਾ ਦਾ ਇਕ ਰਾਸ਼ਟਰਪਤੀ ਹੋਇਆ ਹੈ ਜੌਹਨ ਕੈਲਵਿਨ ਕੂਲਿਜ (1923-29)। ਉਸ ਬਾਰੇ ਇਕ ਗੱਲ ਬੜੀ ਮਸ਼ਹੂਰ ਸੀ ਕਿ ਉਹ ਬਹੁਤ ਘੱਟ ਬੋਲਦਾ ਹੈ। ਉਸ ਦੀ ਮੌਤ ਤੋਂ ਕੁਝ ਸਮਾਂ ਪਹਿਲਾਂ ਉਸ ਦੇ ਕਿਸੇ ਕਰੀਬੀ ਦੋਸਤ ਨੇ ਸਵਾਲ ਕੀਤਾ, "ਤੂੰ ਆਪਣੀ ਪ੍ਰਧਾਨਗੀ ਦੌਰਾਨ ਇੰਨਾ ਘੱਟ ਬੋਲਿਆ ਹੈ, ਇਸ ਦਾ ਰਾਜ਼ ਕੀ ਹੈ?" ਰਾਸ਼ਟਰਪਤੀ ਦਾ ਜਵਾਬ ਸੀ, "ਜੋ ਕੁਝ ਮੈਂ ਨਹੀਂ ਬੋਲਿਆ, ਉਸ ਦਾ ਮੈਨੂੰ ਕਦੀ ਪਛਤਾਵਾ ਨਹੀਂ ਹੋਇਆ। ਮੈਨੂੰ ਜਦ ਵੀ ਕਦੀ ਕਿਤੇ ਪਛਤਾਵੇ ਵਰਗੀ ਹਾਲਤ ਦਾ ਸਾਹਮਣਾ ਕਰਨਾ ਪਿਆ, ਉਹ ਮੇਰੇ ਕਿਸੇ ਨਾ ਕਿਸੇ ਬੋਲ ਉਪਰ ਆਧਾਰਤ ਸੀ।"

ਦਰਵੇਸ਼ ਵਿਦਵਾਨ ਸ਼ੇਖ ਸਾਅਦੀ ਦਾ ਕਥਨ ਹੈ ਕਿ ਕੋਈ ਅਭਾਗਾ ਬੰਦਾ ਜਿਸ ਦੀ ਜ਼ੁਬਾਨ ਕੱਟੀ ਹੋਈ ਹੈ, ਉਸ ਆਦਮੀ ਤੋਂ ਬਿਹਤਰ ਹੈ ਜਿਸ ਦੀ ਜ਼ੁਬਾਨ ਆਪਣੇ ਵੱਸ ਵਿਚ ਨਹੀਂ।

ਇਹ ਸਤਰਾਂ ਦਾ ਇਹ ਅਰਥ ਕਤਈ ਨਹੀਂ ਕਿ ਨਾ ਬੋਲਣਾ ਹੀ ਚੰਗਾ ਹੈ। ਬੋਲਣ ਬਿਨਾਂ ਤਾਂ ਕੋਈ ਗੱਲ ਅੱਗੇ ਤੁਰਦੀ ਹੀ ਨਹੀਂ। ਗੁਰਬਾਣੀ ਦੀ ਤੁਕ 'ਬੋਲਿ ਸੁਧਰਮੀੜਿਆ ਮੋਨਿ ਕਤ ਧਾਰੀ ਰਾਮ' ਇਹੀ ਪ੍ਰੇਰਨਾ ਦਿੰਦੀ ਹੈ ਕਿ ਜਿੰਨਾ ਗੁਨਾਹ ਬਿਨਾਂ ਵਜ੍ਹਾ ਦੇ ਬੋਲਣਾ ਹੈ, ਉਤਨਾ ਹੀ ਗੁਨਾਹ ਹੈ ਜਦੋਂ ਤੁਸੀਂ ਕਿਸੇ ਅਧਰਮ, ਕੁਰੀਤੀ ਜਾਂ ਕਿਸੇ ਬੁਰਾਈ ਦੇ ਪਸਾਰੇ ਦੀ ਰੋਕ ਲਈ ਵੀ ਆਪਣੀ ਆਵਾਜ਼ ਨਹੀਂ ਉਠਾਉਂਦੇ। ਇਹ ਜੋ ਵੀ ਉਦਾਹਰਨਾਂ ਮੈਂ ਬੋਲਣ ਜਾਂ ਨਾ ਬੋਲਣ ਸਬੰਧੀ ਬਣਦੀ ਜ਼ਿੰਮੇਵਾਰੀ ਨੂੰ ਨਾ ਨਿਭਾਉਣ ਉਪਰ ਕਹੀਆਂ ਹਨ, ਉਹ ਉਤਨੀਆਂ ਹੀ ਕਿਸੇ ਲੇਖਕ ਦੀ ਲਿਖਤ ਸਬੰਧੀ ਵੀ ਹਨ। ਬੋਲੇ ਗਏ ਬੋਲਾਂ ਨਾਲੋਂ ਕਿਤੇ ਵੱਧ ਪ੍ਰਮਾਣਿਕਤਾ ਲਿਖੇ ਹੋਏ ਅੱਖਰਾਂ ਦੀ ਹੁੰਦੀ ਹੈ। ਸੋ, ਲੇਖਕ ਦੀ ਆਪਣੇ ਲਿਖਣ ਧਰਮ ਪ੍ਰਤੀ ਜ਼ਿੰਮੇਵਾਰੀ, ਬੋਲਣ ਵਾਲੇ ਦੇ ਬੋਲਾਂ ਪ੍ਰਤੀ ਜ਼ਿੰਮੇਵਾਰੀ ਨਾਲੋਂ ਵੀ ਵੱਧ ਹੈ।

ਮੇਰੇ ਇਕ ਸਨੇਹੀ ਵੀਰ ਨੇ ਫੋਨ ਉਪਰ ਮੇਰੇ ਨਾ ਗੱਲ ਕਰਦਿਆਂ 'ਪੰਜਾਬ ਟਾਈਮਜ਼' ਵਿਚ ਕੁਝ ਸਮਾਂ ਪਹਿਲਾਂ ਛਪੇ ਲੇਖ 'ਤੂੰਬੀ, ਸੁਰ ਤੇ ਸੰਗੀਤ' ਬਾਰੇ ਬੜੀ ਵੇਦਨਾ ਨਾਲ ਇਕ ਗੱਲ ਕਹੀ ਕਿ ਪਤਾ ਨਹੀਂ ਕਿਉਂ, ਕਈ ਵਾਰ ਸਾਡੇ ਸਿਆਣੇ ਲੇਖਕਾਂ ਨੂੰ ਵੀ ਕੀ ਹੋ ਜਾਂਦਾ ਹੈ ਕਿ ਉਹ ਆਪਣਾ ਲਿਖਣ ਧਰਮ ਵੀ ਭੁੱਲ ਜਾਂਦੇ ਹਨ। ਯਮਲੇ ਵਰਗੇ ਦਰਵੇਸ਼ ਕਲਾਕਾਰ ਬਾਰੇ ਵੀ ਬੇਤੁਕਾ ਲਿਖਣ ਤੋਂ ਗੁਰੇਜ਼ ਨਹੀਂ ਕੀਤਾ। ਆਪਣੇ ਇਸ ਸਨੇਹੀ ਵੀਰ ਦੀ ਪ੍ਰੇਰਨਾ ਸਦਕਾ ਹੀ ਮੈਂ ਇਹ ਸਤਰਾਂ ਲਿਖ ਰਿਹਾ ਹਾਂ। 'ਤੂੰਬੀ, ਸੁਰ ਤੇ ਸੰਗੀਤ' ਲੇਖ ਪੜ੍ਹਨ ਉਪਰੰਤ ਮੈਨੂੰ ਦੁੱਖ ਨਾਲੋਂ ਵੱਧ ਹੈਰਾਨੀ ਹੋਈ ਕਿ ਲੇਖਕ ਦੀ ਲੇਖਣੀ ਸਿਰਫ ਤੇ ਸਿਰਫ ਬੁਰਾਈ ਕਰਨ ਦੇ ਦ੍ਰਿਸ਼ਟੀਕੋਣ ਉਪਰ ਹੀ ਆਧਾਰਤ ਹੈ, ਕਿਸੇ ਤੱਥ ਦੀ ਪ੍ਰਮਾਣਿਕਤਾ ਉਪਰ ਨਹੀਂ।

ਪੁਰਾਤਨ ਸਮੇਂ ਤੋਂ ਜੋ ਪ੍ਰਮਾਣਿਤ ਤੇ ਪ੍ਰਚਲਿਤ ਸੰਗੀਤਕ ਸਾਜ਼ ਹਨ, ਉਨ੍ਹਾਂ ਦੀ ਗਿਣਤੀ 14 ਹੈ। ਤਬਲਾ, ਢੋਲ ਤੇ ਬਾਂਸਰੀ ਉਨ੍ਹਾਂ ਸਾਜ਼ਾਂ ਦਾ ਹਿੱਸਾ ਹਨ। ਹਾਰਮੋਨੀਅਮ ਦਾ ਜ਼ਿਕਰ ਨਹੀਂ ਆਉਂਦਾ। ਇਹ ਸਾਜ਼ 1840-42 ਅੰਦਰ ਪੈਰਿਸ (ਫਰਾਂਸ) ਦੇ ਅਲੈਗਜ਼ਾਂਦਰ ਡੀਬੇਨ ਦੀ ਕਾਢ ਸੀ ਤੇ 10-15 ਸਾਲ ਬਾਅਦ ਭਾਰਤ ਅੰਦਰ ਇਸ ਦੀ ਆਮਦ ਦਾ ਜ਼ਿਕਰ ਹੈ। ਇਹ ਸਾਰੇ ਸਾਜ਼ ਜੋ ਵਿਸ਼ਵ ਭਰ ਅੰਦਰ ਥੋੜ੍ਹੇ-ਬਹੁਤੇ ਤਕਨੀਕੀ ਫਰਕਾਂ 'ਤੇ ਆਧਾਰਤ ਵਜਾਏ ਤੇ ਸੁਣੇ ਜਾਂਦੇ ਹਨ, ਤੋਂ ਇਲਾਵਾ ਬਹੁਤ ਸਾਰੇ ਅਜਿਹੇ ਸਾਜ਼ ਵੀ ਹਨ, ਜਿਨ੍ਹਾਂ ਦਾ ਆਧਾਰ ਇਲਾਕਾਈ ਬੋਲੀਆਂ, ਖਿੱਤੇ ਜਾਂ ਕਬੀਲੇ ਹਨ; ਜਿਵੇਂ ਚਿਮਟਾ ਮੁਸਲਮਾਨ ਗਾਇਕਾਂ/ਫਕੀਰਾਂ ਜਾਂ ਸਿੱਖ ਧਾਰਮਿਕ ਸਥਾਨਾਂ ਉਪਰ ਬਹੁਤ ਪ੍ਰਚਲਿਤ ਹੈ। ਇਸੇ ਹੀ ਤਰ੍ਹਾਂ ਇਕ ਸਮਾਂ ਸੀ ਜਦੋਂ ਪੰਜਾਬ ਦੀ ਗਾਇਕੀ ਉਪਰ ਤੂੰਬੀ ਦਾ ਪੂਰਾ ਬੋਲ-ਬਾਲਾ ਸੀ। ਲੇਖਕ ਦੇ ਆਪਣੇ ਕਹਿਣ ਮੁਤਾਬਕ ਵੀ, ਕਿ ਜਦ ਉਸ ਨੇ ਜਲੰਧਰ ਰੇਡੀਓ ਸਟੇਸ਼ਨ ਅੰਦਰ ਸੰਚਾਲਕ ਲੇਖਕ ਐਸ.ਐਸ. ਮੀਸ਼ਾ ਨਾਲ ਤੂੰਬੀ ਬੰਦ ਕਰਨ ਜਾਂ ਕਰਾਉਣ ਦੀ ਗੱਲ ਕਹੀ, ਤਾਂ ਉਸ ਦਾ ਵੀ ਕਹਿਣਾ ਸੀ ਕਿ ਪੰਜਾਬੀ ਸੰਗੀਤ ਵਿਚੋਂ ਤੂੰਬੀ ਨੂੰ ਮਨਫੀ ਕਰ ਕੇ ਬਾਕੀ ਬਚਦਾ ਕੀ ਹੈ?

ਮੈਂ ਸਮਝਦਾ ਹਾਂ ਕਿ ਗੱਲ ਤੂੰਬੀ ਸਾਜ਼ ਦੇ ਮਾੜੇ ਚੰਗੇ ਹੋਣ ਦੀ ਇੰਨੀ ਨਹੀਂ, ਜਿੰਨੀ ਕਿਸੇ ਅੰਦਰੂਨੀ ਈਰਖਾ ਦੇ ਬਾਹਰ ਕੱਢਣ ਦੇ ਵਸੀਲੇ ਉਪਰ ਹੈ। ਤੱਖਰ ਸਾਹਿਬ ਦੀ ਲੇਖਣੀ ਤਾਂ ਇਉਂ ਜਾਪਦਾ ਹੈ ਜਿਵੇਂ ਕਿਸੇ ਪੁਰਾਣੀ ਦੱਬੀ ਮਾਨਸਿਕ ਪੀੜਾ ਦਾ ਪ੍ਰਗਟਾਵਾ ਹੈ। ਕੁਝ ਲੋਕਾਂ ਵੱਲੋਂ ਇਸ ਲੇਖ ਦੇ ਵਿਰੋਧ ਵਿਚ ਪ੍ਰਗਟਾਏ ਵਿਚਾਰਾਂ ਦੇ ਜਵਾਬ ਵਿਚ 4 ਅਕਤੂਬਰ ਦੇ ਅੰਕ ਵਿਚ ਜਿਵੇਂ ਲੇਖਕ ਅੰਦਰਲੇ ਵੇਗ ਨੇ ਉਬਾਲਾ ਖਾਧਾ, ਉਹ ਲੇਖਕ ਦੀ ਮਾਨਸਿਕ ਹਾਲਤ ਦਾ ਪ੍ਰਤੱਖ ਪ੍ਰਗਟਾਵਾ ਹੈ। ਜਿੰਨਾ ਹੱਕ ਕਿਸੇ ਲੇਖਕ ਨੂੰ ਆਪਣੇ ਵਿਚਾਰ ਪ੍ਰਗਟਾਉਣ ਦਾ ਹੈ, ਉਤਨਾ ਹੀ ਫਰਜ਼ ਕਿਸੇ ਹੋਰ ਵੱਲੋਂ ਪ੍ਰਗਟਾਏ ਵਿਚਾਰਾਂ ਨੂੰ ਸਮਝਣ ਤੇ ਸਹਿਣ ਦਾ ਵੀ ਤਾਂ ਹੈ।

ਦੁਨੀਆਂ ਦੇ ਹਰ ਸਮਾਜ ਦੇ ਸਲੀਕੇ ਵਿਚ ਇਹ ਗੱਲ ਆਮ ਦੇਖੀ ਤੇ ਸੁਣੀ ਜਾਂਦੀ ਹੈ ਕਿ ਕਿਸੇ ਮਰੇ ਹੋਏ ਬੰਦੇ ਬਾਰੇ ਮਾੜਾ ਬੋਲਣ ਜਾਂ ਲਿਖਣ ਤੋਂ ਸੰਕੋਚ ਕੀਤਾ ਜਾਂਦਾ ਹੈ। ਪਰ ਉਸ ਵਿਚੋਂ ਉਸ ਦੀ ਜ਼ਿੰਦਗੀ ਦੇ ਮਾੜੇ ਪੱਖਾਂ ਨੂੰ ਜਾਣ-ਬੁੱਝ ਕੇ ਅਣਦੇਖੇ ਕਰਦੇ ਹੋਏ ਕੋਈ ਚੰਗੀ ਗੱਲ ਲੱਭਦਿਆਂ ਉਸ ਦਾ ਜ਼ਿਕਰ ਕਰਨਾ ਮੁਨਾਸਬ ਸਮਝਿਆ ਜਾਂਦਾ ਹੈ। ਤੱਖਰ ਸਾਹਿਬ ਨੇ ਤਾਂ ਆਪਣੀ ਲਿਖਤ ਵਿਚ ਉਸ ਸਲੀਕੇ ਨੂੰ ਵੀ ਚੇਤੇ ਨਹੀਂ ਰੱਖਿਆ।

ਮੈਂ ਇਹ ਜ਼ਰੂਰ ਕਹਿਣਾ ਚਾਹਾਂਗਾ ਕਿ ਜੇ ਕੁਦਰਤ ਨੇ ਕਿਸੇ ਨੂੰ ਲੇਖਣੀ ਦੀ ਦਾਤ ਬਖਸ਼ੀ ਹੈ ਤਾਂ ਉਸ ਨੂੰ ਲੇਖਣੀ ਦੀ ਮਰਯਾਦਾ ਦੀ ਉਲੰਘਣਾ ਤੋਂ ਸੰਕੋਚ ਕਰਨਾ ਚਾਹੀਦਾ ਹੈ। ਆਲੋਚਨਾ ਕਿਸੇ ਲੇਖਕ ਦੀ ਸੋਚ ਦੀ ਗੰਭੀਰਤਾ ਦਾ ਪ੍ਰਗਟਾਵਾ ਹੋਣੀ ਚਾਹੀਦੀ ਹੈ, ਨਾ ਕਿ ਉਸ ਦੀ ਜ਼ਾਤੀ ਨਾ-ਪਸੰਦਗੀ ਜਾਂ ਈਰਖਾ ਦਾ।

## ਤੱਖਰ ਦੇ ਤੂੰਬੀ ਲੇਖ ਦੀ ਗੂੰਜ

'ਪੰਜਾਬ ਟਾਈਮਜ਼' ਦੇ 4 ਅਕਤੂਬਰ ਵਾਲੇ ਅੰਕ ਵਿਚ ਕੁਲਦੀਪ ਤੱਖਰ ਦਾ ਪ੍ਰਤੀਕਰਮ 'ਤੂੰਬੀ ਵਾਲੇ ਲੇਖ ਦੀ ਗੂੰਜ' ਪੜ੍ਹਿਆ। ਇਸ ਤੋਂ ਪਹਿਲਾਂ ਸ੍ਰੀ ਤੱਖਰ ਦੇ ਲੇਖ ਬਾਰੇ ਮੇਰਾ ਪ੍ਰਤੀਕਰਮ 'ਤੂੰਬੀ, ਯਮਲਾ ਤੇ ਤੱਖਰ ਦਾ ਲੇਖ' ਅੰਕ ਨੰਬਰ 35 ਵਿਚ ਛਪਿਆ ਸੀ। ਸ੍ਰੀ ਤੱਖਰ ਆਪਣੇ ਇਸ ਲੇਖ ਰਾਹੀਂ ਮਸ਼ਹੂਰੀ ਚੰਗੀ ਖੱਟ ਗਏ ਹਨ। ਚਲੋ ਇਸ

**ਦਲਵਿੰਦਰ ਸਿੰਘ ਬੇਕਰਜ਼ਫੀਲਡ**
ਫੋਨ: 661-834-9770

ਨਾਲ ਕਿਸੇ ਨੂੰ ਈਰਖਾ ਜਾਂ ਇਤਰਾਜ਼ ਨਹੀਂ ਹੋਣਾ ਚਾਹੀਦਾ, ਇਹ ਤਾਂ ਉਨ੍ਹਾਂ ਦੀ ਆਪਣੀ ਮਿਹਨਤ ਤੇ ਹਿੰਮਤ ਦਾ ਫਲ ਹੈ; ਪਰ ਬੁਰੇ ਬੰਦੇ ਦੀ ਤਾਂ ਹਰ ਕੋਈ ਬੜੇ ਆਰਾਮ ਨਾਲ ਬਦਖੋਈ, ਨਿੰਦਾ ਤੇ ਭੰਡੀ ਕਰ ਜਾਂਦਾ ਹੈ, ਪਰ ਕਿਸੇ ਸ਼ੋਭਾ ਪ੍ਰਾਪਤ ਭਲੇ ਬੰਦੇ ਦੀ ਨਿੰਦਾ ਕਰਨਾ ਹਿੰਮਤ ਦਾ ਕੰਮ ਹੈ।

ਤੂੰਬੀ ਬਾਰੇ ਹੁਣ ਹੋਰ ਬਹਿਸ ਦੀ ਲੋੜ ਤਾਂ ਨਹੀਂ ਹੈ, ਪਰ ਉਨ੍ਹਾਂ ਆਪਣੀ ਟਿੱਪਣੀ ਵਿਚ ਮੇਰੇ ਬਾਰੇ ਵੀ ਥੋੜ੍ਹਾ ਜਿਹਾ ਜ਼ਿਕਰ ਕੀਤਾ ਹੈ। ਉਂਜ ਵੀ, ਸਾਫ ਪਤਾ ਲੱਗਦਾ ਹੈ ਕਿ ਪਹਿਲਾਂ ਉਨ੍ਹਾਂ ਨਿੰਦਰ ਘੁਗਿਆਣਵੀ ਉਤੇ ਹਮਲਾ ਕੀਤਾ, ਪ੍ਰਤੀਕਰਮ ਵਜੋਂ ਨਿੰਦਰ ਨੇ ਕਿਹੜਾ ਘੱਟ ਗੁਜ਼ਾਰਨੀ ਸੀ! ਮੇਰੀ ਜਾਚੇ ਚੰਗੇ ਲੇਖਕ, ਸਾਹਿਤਕਾਰ ਅਤੇ ਗਾਇਕ ਕਲਾਕਾਰ ਕਿਸੇ ਸਮਾਜ ਦਾ ਸ਼ੀਸ਼ਾ ਅਤੇ ਰਾਹ ਦਸੇਰਾ ਹੁੰਦੇ ਹਨ; ਇਨ੍ਹਾਂ ਨੂੰ ਨਫ਼ਰਤ ਤੇ ਬੇਦਲੀਲ ਨਿੰਦਾ ਤੋਂ ਬਚਣਾ ਚਾਹੀਦਾ ਹੈ।

ਸ੍ਰੀ ਤੱਖਰ ਨੇ ਆਪਣੇ ਲੇਖ ਦੁਆਰਾ ਮੈਨੂੰ ਲੱਗੀ ਠੇਸ ਦੇ ਇਲਾਜ ਬਾਰੇ ਜਾਣਨਾ ਚਾਹਿਆ ਹੈ। ਇਥੇ ਕਿਸੇ ਇਕ ਬੰਦੇ ਨੂੰ ਲੱਗੀ ਠੇਸ ਦਾ ਮੁੱਦਾ ਨਹੀਂ ਹੈ। ਨਾਲੇ ਜੇ ਸ੍ਰੀ ਤੱਖਰ ਨੂੰ ਅਜਿਹੀ ਠੇਸ ਬਾਰੇ ਜੇ ਮਾੜਾ-ਮੋਟਾ ਵੀ ਖਿਆਲ ਹੁੰਦਾ, ਤਾਂ ਉਹ ਪੂਰੇ ਜਗਤ ਵਿਚ ਵੱਸਦੇ ਪੰਜਾਬੀਆਂ, ਯਮਲੇ ਦੇ ਪ੍ਰਸ਼ੰਸਕਾਂ ਅਤੇ ਸੰਗੀਤ ਪ੍ਰੇਮੀਆਂ ਨੂੰ ਪਹੁੰਚੀ ਠੇਸ ਬਾਰੇ ਵਿਚਾਰ ਕਰਦੇ ਪਰ ਉਹ (ਸ੍ਰੀ ਤੱਖਰ) ਬੇਦਲੀਲ ਤੇ ਆਧਾਰਹੀਣ ਬਹਿਸ ਵਿਚ ਉਲਝ ਗਏ।

ਹੋ ਸਕਦਾ ਹੈ ਕਿ ਸ੍ਰੀ ਤੱਖਰ ਨੂੰ ਕਿਸੇ ਤੂੰਬੀ ਵਾਲੇ ਨਾਲ ਕੋਈ ਨਿੱਜੀ ਰੰਜਿਸ਼ ਹੋਵੇ ਅਤੇ ਤੂੰਬੀ ਵਿਚਾਰੀ ਨੂੰ ਖਾਹ-ਮਖਾਹ ਮਾਰ ਪੈ ਰਹੀ ਹੈ। ਭਾਈ ਲੋਕੋ!...ਤੂੰਬੀ ਕਦੋਂ ਆਂਹਦੀ ਏ ਕਿ ਮੇਰੇ ਨਾਲ ਤੁਸੀਂ ਕੁਤਰਾ ਕਰੋ, ਇਹ ਤਾਂ ਵਜਾਉਣ ਵਾਲੇ ਦੇ ਵੱਸ ਹੈ। ਤੂੰਬੀ ਵੀ ਬਾਕੀ ਸਾਰੇ ਸਾਜ਼ਾਂ ਵਾਂਗ ਸਾਜ਼ ਹੀ ਹੈ। ਸਾਰੇ ਸੰਗੀਤਕ ਸਾਜ਼ ਆਵਾਜ਼ ਪੈਦਾ ਕਰਦੇ ਹਨ। ਇਸ ਆਵਾਜ਼ ਦਾ ਸੁਰ-ਤਾਲ ਨਾਲ ਸੰਗੀਤ ਬਣਾਉਣਾ ਤਾਂ ਵਜੰਤਰੀ ਦੀ ਮੁਹਾਰਤ ਅਤੇ ਕਲਾ 'ਤੇ ਨਿਰਭਰ ਕਰਦਾ ਹੈ। ਸਾਜ਼ਾਂ ਦਾ ਭਲਾ ਕੀ ਕਸੂਰ ਹੈ? ਕਿੰਗ ਅਤੇ ਤੂੰਬੀ ਵਿਚ ਕੋਈ ਫ਼ਰਕ ਨਹੀਂ। ਦੋਵੇਂ ਤਾਰ ਅਤੇ ਕੱਦੂ ਵਾਲੇ ਸਾਜ਼ ਹਨ। ਦੋਹਾਂ ਨਾਲ ਭਾਵੇਂ ਤੁਸੀਂ ਕੁਤਰਾ ਕਰ ਲਓ, ਭਾਵੇਂ ਉਚੀ ਜਾਂ ਡੂੰਘੀ ਆਵਾਜ਼ ਵਿਚ ਧੀਮੀ ਗਤੀ ਨਾਲ ਵਜਾ ਲਵੋ। ਸਾਜ਼ਾਂ ਦੀ ਆਵਾਜ਼ ਤਾਂ ਕਲਾਕਾਰ ਦੇ ਹੱਥਾਂ ਨੇ ਬੰਨ੍ਹਣੀ ਹੁੰਦੀ ਹੈ। ਇਹੋ ਹੀ ਤਾਂ ਕਲਾ ਹੈ। ਗੀਤ ਸੰਗੀਤ ਦੀਆਂ ਵੀ ਕਈ ਵੰਨਗੀਆਂ ਹਨ। ਅਸੀਂ ਕਿਸੇ ਵੰਨਗੀ ਨੂੰ ਨਾ ਤਾਂ ਜੜ੍ਹੋਂ ਪੁੱਟਣ ਦਾ ਕੋਈ ਹੱਕ ਰੱਖਦੇ ਹਾਂ ਅਤੇ ਨਾ ਹੀ ਕਿਸੇ ਤੇ ਆਪਣੀ ਪਸੰਦ ਜਾਂ ਮਰਜ਼ੀ ਠੋਸ ਕਰਦੇ ਹਾਂ, ਕਿਉਂਕਿ ਹਰ ਤਰ੍ਹਾਂ ਦੇ ਸਰੋਤੇ ਹਨ। ਇਥੇ ਕੁਤਰਾ ਸੰਗੀਤ ਸੁਣਨ ਵਾਲੇ ਵੀ ਹਨ ਅਤੇ ਗਹਿਰ-ਗੰਭੀਰ ਪੱਕੇ ਰਾਗਾਂ ਵਾਲੇ ਵੀ ਹਨ। ਅਸੀਂ ਜ਼ਰਾ ਨੀਵਿਆਂ ਦਾ ਵੀ ਖਿਆਲ ਰੱਖੀਏ।

ਅਗਲੀ ਵਿਚਾਰ ਹੈ ਕਿ ਪਹਿਲਾਂ ਕਿੰਗ, ਤੂੰਬੀ ਜਾਂ ਤੂੰਬੇ ਨਾਲ ਪੀਰ, ਫ਼ਕੀਰ, ਸਾਧ, ਸੰਤ ਅਤੇ ਮੰਗਤੇ ਹੀ ਗਾਉਂਦੇ ਤੇ ਮੰਗਦੇ ਹੁੰਦੇ ਸਨ, ਪਰ ਯਮਲੇ ਨੇ ਤੂੰਬੀ ਦਾ ਮਾਣ ਵਧਾਇਆ। ਮੇਰੀ ਜਾਣਕਾਰੀ ਮੁਤਾਬਕ ਪਹਿਲਾਂ ਸਾਰੇ ਹੀ ਸਾਜ਼ ਪੀਰ, ਫਕੀਰ, ਸਾਧ, ਮੰਗਤੇ ਅਤੇ ਸਮਾਜ ਦੇ ਅਖੌਤੀ ਹੇਠਲੇ ਤਬਕੇ ਦੇ ਮਸਤ ਮਲੰਗ ਲੋਕ ਹੀ ਵਜਾਉਂਦੇ ਸਨ। ਇਹ ਬਗੈਰ ਕਿਸੇ ਲਾਲਚ/ਤਮ੍ਹਾਂ ਤੋਂ ਪੂਰੀ ਲਗਨ, ਭਗਤੀ ਭਾਵਨਾ ਅਤੇ ਸਮਰਪਣ ਨਾਲ ਗਾਉਂਦੇ ਸਨ, ਇਨ੍ਹਾਂ ਦੇ ਸਰੋਤੇ ਵੀ ਅਜਿਹੀ ਭਾਵਨਾ ਵਾਲੇ ਹੁੰਦੇ ਸਨ। ਸਮਾਂ ਬਦਲਿਆ, ਤਾਂ ਬਹੁਤ ਕੁਝ ਬਦਲ ਗਿਆ। ਜਿਹੜੇ ਅਖੌਤੀ ਨੀਵੀਆਂ ਜਾਤਾਂ ਵਾਲੇ ਲੋਕ ਨੱਚਣ ਗਾਉਣ ਦਾ ਕੰਮ ਕਰਦੇ ਸਨ, ਉਨ੍ਹਾਂ ਨੂੰ ਨੀਚ ਭਾਵਨਾ ਨਾਲ ਸਮਾਜ ਵਿਚ ਨਚਾਰ, ਕੰਜਰ ਅਤੇ ਕੰਜਰੀਆਂ ਵੀ ਕਿਹਾ ਜਾਂਦਾ ਸੀ। ਇਹ ਕਿੱਤਾ ਹੁਣ ਅਖੌਤੀ ਉਚ ਜਾਤੀਆਂ, ਸਵਰਨ ਜਾਤੀਆਂ ਨੇ ਸਾਂਭ ਲਿਆ ਹੈ। ਹੁਣ ਸ਼ਰਮ ਹਯਾ ਅਤੇ ਸੰਗ ਝਿਜਕ ਕਿਥੇ ਚਲੀ ਗਈ? ਹੁਣ ਇਹ ਸਵਰਨ ਜਾਤਾਂ ਵਾਲੇ ਅਮੀਰ ਲੋਕ ਕੰਜਰ-ਕੰਜਰੀਆਂ ਨਹੀਂ, ਫਿਲਮੀ ਹੀਰੋ-ਹੀਰੋਇਨਾਂ ਅਤੇ ਸਟਾਰ ਅਖਵਾਉਂਦੇ ਹਨ। ਇਹ ਅਮੀਰ ਤੇ ਉਚ ਜਾਤੀ ਦੇ ਲੋਕ ਇਸ ਕਿੱਤੇ ਨਾਲ ਧੱਕਾ ਕਰਦੇ ਹਨ। ਇਨ੍ਹਾਂ ਵਿਚੋਂ ਬਹੁਤਿਆਂ ਵਿਚ ਇਸ ਕਿੱਤੇ ਦੀ ਕੋਈ ਯੋਗਤਾ ਨਹੀਂ। ਅੱਜ ਵੀ ਜਿਹੜੇ ਵਿਚਾਰੇ ਅਖੌਤੀ ਨੀਵੀਆਂ ਜਾਤਾਂ ਵਾਲੇ ਹਨ, ਉਹ ਹੀ ਅਸਲੀ ਗਾਇਕ ਕਲਾਕਾਰ ਹਨ। ਬਾਕੀ ਤਾਂ ਐਵੇਂ ਹੋ-ਹੱਲਾ ਅਤੇ ਧੱਕੇਸ਼ਾਹੀ ਹੀ ਹੈ।

ਮੈਂ ਭਾਵੇਂ ਸੰਗੀਤ ਅਚਾਰੀਆ ਨਹੀਂ ਹਾਂ, ਪਰ ਯਮਲੇ ਬਾਰੇ ਇਹ ਗੱਲ ਦਾਅਵੇ ਨਾਲ ਆਖਾਂਗਾ ਕਿ ਉਨ੍ਹਾਂ ਨੇ ਗੁਰੂ ਨਾਨਕ ਦੇ ਸਿਧਾਂਤ ਅਤੇ ਸ਼ਖਸੀਅਤ ਨੂੰ ਜਿਸ ਭਗਤੀ ਭਾਵਨਾ, ਸ਼ਰਧਾ, ਦੀਵਾਨਗੀ ਅਤੇ ਵੈਰਾਗ ਨਾਲ ਤੂੰਬੀ ਉਪਰ ਗਾਇਆ ਹੈ, ਉਹ ਅਜੇ ਤੱਕ ਕੋਈ ਨਹੀਂ ਗਾ ਸਕਿਆ। ਉਸ ਵਿਚ ਇਕ ਖੂਬੀ ਇਹ ਸੀ ਕਿ ਉਹ ਪੇਂਡੂ ਜੱਟ ਵਾਲਾ ਸਸਤਾ ਜਿਹਾ ਲਿਬਾਸ ਪਹਿਨਦਾ ਸੀ, ਘਰ ਵੀ ਅਤੇ ਗਾਉਣ ਸਮੇਂ ਸਟੇਜ ਉਤੇ ਵੀ। ਨਾ ਸਟੇਜ 'ਤੇ ਬਹੁਤੀ ਫੂੰ-ਫਾਂ ਤੇ ਹੰਕਾਰ ਦਾ ਮੁਜ਼ਾਹਰਾ ਕਰਦਾ ਸੀ ਅਤੇ ਨਾ ਹੀ ਬਹੁਤ ਚਮਕੀਲੇ-ਭੜਕੀਲੇ ਤੇ ਕੀਮਤੀ ਕੱਪੜੇ ਪਾਉਂਦਾ ਸੀ। ਉਹਨੇ ਇਕ ਗਰੀਬ, ਨਿਮਾਣੇ ਅਤੇ ਅਨਪੜ੍ਹ ਪੇਂਡੂ ਮੁੰਡੇ ਨੂੰ ਸ਼ਗਿਰਦ ਬਣਾ ਕੇ ਮਾਲਾ-ਮਾਲ ਕਰ ਦਿੱਤਾ ਅਤੇ ਇਕ ਹੋਰ ਗਰੀਬ ਦੇ ਘਰ ਬਗੈਰ ਕੋਈ ਪੈਸਾ ਲਿਆਂ ਪ੍ਰੋਗਰਾਮ ਵੀ ਕੀਤਾ। ਮੈਂ ਹੋਰ ਵੀ ਕਈ ਵੱਡੇ-ਛੋਟੇ ਗਾਇਕਾਂ-ਲੇਖਕਾਂ ਨੂੰ ਮਿਲਿਆਂ ਹਾਂ, ਜ਼ਿਆਦਾਤਰ ਹੰਕਾਰੀ, ਸਵੈ-ਸ਼ੋਭਾ ਵਾਲੇ ਅਤੇ ਚਾਪਲੂਸ-ਕਲਚਰ ਦੀ ਪੈਦਾਇਸ਼ ਹਨ।

ਤੱਖਰ ਸਾਹਿਬ, ਤੁਸੀਂ ਲਿਖੋ...ਹੋਰ ਲਿਖੋ; ਲਿਖਣਾ ਬਹੁਤ ਔਖਾ ਕੰਮ ਹੈ ਅਤੇ ਚੰਗਾ ਲਿਖਣਾ ਤਾਂ ਹੋਰ ਵੀ ਔਖਾ ਹੈ। ਜਿਹੜੇ ਸਮਾਜ ਦਾ ਬੇੜਾ ਗਰਕ ਕਰਨ 'ਤੇ ਤੁਲੇ ਹੋਏ ਹਨ, ਉਨ੍ਹਾਂ ਬਾਰੇ ਲਿਖੋ।

# ਚੀਨੀ ਤੇ ਸਪੇਨੀ ਭਾਸ਼ਾਵਾਂ ਨੇ ਅੰਗਰੇਜ਼ੀ ਤੋਂ ਸਰਦਾਰੀ ਖੋਹੀ

**ਪਟਿਆਲਾ:** ਚੀਨੀ ਤੇ ਸਪੇਨੀ ਭਾਸ਼ਾਵਾਂ ਅੰਗਰੇਜ਼ੀ 'ਤੇ ਭਾਰੂ ਪੈਣ ਲੱਗੀਆਂ ਹਨ। ਹਿੰਦੀ ਸਮੇਤ ਭਾਰਤੀ ਭਾਸ਼ਾਵਾਂ ਦਾ ਹਾਲ ਵੀ ਮਾੜਾ ਹੀ ਹੈ। ਵਿਸ਼ਵ ਪੱਧਰ ਦੇ ਵਿਦਵਾਨਾਂ ਵੱਲੋਂ ਕੀਤੀਆਂ ਖੋਜਾਂ ਦੇ ਤੱਥ ਦੱਸਦੇ ਹਨ ਕਿ 2000 ਦੇ ਨੇੜੇ-ਤੇੜੇ ਇੰਟਰਨੈੱਟ ਉਤੇ 80 ਫੀਸਦੀ ਤੋਂ ਵੱਧ ਅੰਗਰੇਜ਼ੀ ਵਿਚ ਪ੍ਰਾਪਤ ਹੋਣ ਵਾਲੀ ਜਾਣਕਾਰੀ ਮਹਿਜ਼ 35 ਫ਼ੀਸਦੀ ਤੋਂ ਵੀ ਘੱਟ ਰਹਿ ਗਈ ਹੈ। ਮਾਈਕਰੋਸਾਫਟ ਕੰਪਨੀ ਮੁਤਾਬਕ ਭਾਰਤ ਦਾ 95 ਫ਼ੀਸਦੀ ਵਪਾਰ ਗੈਰ-ਅੰਗਰੇਜ਼ੀ ਭਾਸ਼ਾਵਾਂ ਰਾਹੀਂ ਹੁੰਦਾ ਹੈ। ਬਰਤਾਨੀਆ ਵੱਡੇ ਘਾਟੇ ਦੀ ਸਥਿਤੀ ਵਿਚ ਹੈ ਕਿਉਂਕਿ ਇੰਗਲੈਂਡ ਵਾਸੀਆਂ ਨੂੰ ਸਿਰਫ ਅੰਗਰੇਜ਼ੀ ਆਉਂਦੀ ਹੈ।

ਦੂਜੀਆਂ ਭਾਸ਼ਾਵਾਂ ਬਿਨਾਂ ਅਮਰੀਕੀ ਵਿਦਿਆਰਥੀ ਵਿਸ਼ਵ ਮੰਡੀ ਵਿਚ ਨੁਕਸਾਨ ਉਠਾ ਰਹੇ ਹਨ। ਇਸੇ ਤਰ੍ਹਾਂ ਅੰਗਰੇਜ਼ੀ ਤੇ ਸੂਚਨਾ ਤਕਨਾਲੋਜੀ ਵਿਚਲਾ ਨੇੜਲਾ ਰਿਸ਼ਤਾ ਵੀ ਥੋੜ੍ਹੇ ਚਿਰ ਲਈ ਸਥਾਪਤ ਰਹੇਗਾ। ਇਹ ਤੱਥ ਪੰਜਾਬੀ ਯੂਨੀਵਰਸਿਟੀ ਵਿਚ ਉੱਘੇ ਭਾਸ਼ਾ ਵਿਗਿਆਨੀ ਡਾ. ਜੋਗਾ ਸਿੰਘ ਦੀ ਖੋਜ ਵਿਚ ਸਾਹਮਣੇ ਆਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੂਰੀ ਦੁਨੀਆ ਦੇ ਵਿਕਸਤ ਦੇਸ਼ਾਂ ਦੇ ਤਕਰੀਬਨ ਸਾਰੇ ਸਕੂਲਾਂ ਵਿਚ ਮਾਤ ਭਾਸ਼ਾ ਤੋਂ ਇਲਾਵਾ ਹੋਰ ਭਾਸ਼ਾਵਾਂ ਦੀ ਸਿੱਖਿਆ ਦੇਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

90 ਫ਼ੀਸਦੀ ਗੈਰ-ਚੀਨੀ ਲੋਕਾਂ ਨੂੰ ਪੜ੍ਹਾਉਣ ਵਾਲੇ ਸਕੂਲ ਅਮਰੀਕਾ ਵਿਚ ਚੀਨੀ ਭਾਸ਼ਾ ਮਾਧਿਅਮ ਰਾਹੀਂ ਸਿੱਖਿਆ ਦੇਣ ਲਈ ਖੁੱਲ੍ਹ ਗਏ ਹਨ। ਵਿਸ਼ਵ ਅਰਥਚਾਰੇ ਵਿਚ ਚੀਨ ਦੇ ਵਧ ਰਹੇ ਪ੍ਰਭਾਵ ਨੂੰ ਕਬੂਲਦੇ ਹੋਏ, ਪਨਾਮਾ ਸਾਰੇ ਸਕੂਲਾਂ ਵਿਚ ਚੀਨੀ ਦੀ ਪੜ੍ਹਾਈ ਜ਼ਰੂਰੀ ਕਰਨ ਵੱਲ ਵਧ ਰਿਹਾ ਹੈ। ਅੰਗਰੇਜ਼ੀ ਪ੍ਰਧਾਨ ਮੁਲਕਾਂ ਜਿਵੇਂ ਕਿ ਅਮਰੀਕਾ ਵਿਚ 1990 ਵਿਚ ਤਿੰਨ ਕਰੋੜ 18 ਲੱਖ ਲੋਕਾਂ ਨੇ ਦਰਜ ਕਰਾਇਆ ਸੀ ਕਿ ਉਹ ਘਰ ਵਿਚ ਅੰਗਰੇਜ਼ੀ ਨਹੀਂ ਬੋਲਦੇ। 2000 ਦੀ ਜਨਗਣਨਾ ਵਿਚ ਇਹ ਗਿਣਤੀ ਚਾਰ ਕਰੋੜ 70 ਲੱਖ ਹੋ ਗਈ ਹੈ। 40 ਫ਼ੀਸਦੀ ਆਬਾਦੀ ਵਾਧੇ ਦੌਰਾਨ 1980 ਤੋਂ 2011 ਤੱਕ ਅਮਰੀਕਾ ਘਰ ਵਿਚ ਗੈਰ-ਅੰਗਰੇਜ਼ੀ ਭਾਸ਼ਾਵਾਂ ਬੋਲਣ ਵਾਲਿਆਂ ਦੀ ਗਿਣਤੀ ਵਿਚ 140 ਫ਼ੀਸਦੀ ਦਾ ਵਾਧਾ ਹੋਇਆ ਹੈ।

ਰੂਸੀ, ਜਰਮਨ ਤੇ ਫਰਾਂਸੀਸੀ ਲੋਕ ਆਪਣੀਆਂ ਗੈਰ ਅੰਗਰੇਜ਼ੀ ਭਾਸ਼ਾਵਾਂ ਵਿਚ ਉੱਚੀਆਂ ਵਿਗਿਆਨਕ ਖੋਜਾਂ 'ਤੇ ਮਾਣ ਕਰਦੇ ਹਨ। 2003 ਵਿਚ ਗਣਿਤ ਤੇ ਵਿਗਿਆਨਕ ਅਧਿਐਨਾਂ ਦੇ ਰੁਝਾਨਾਂ ਵਿਚ ਚੋਟੀ 'ਤੇ ਰਹਿਣ ਵਾਲੇ ਪੰਜ ਦੇਸ਼ਾਂ ਸਿੰਗਾਪੁਰ, ਕੋਰੀਆ ਗਣਤੰਤਰ, ਹਾਂਗਕਾਂਗ, ਚੀਨੀ ਤਾਇਪੇਈ ਤੇ ਜਪਾਨ ਵਿਚ ਅੰਗਰੇਜ਼ੀ ਪਹਿਲੀ ਭਾਸ਼ਾ ਨਹੀਂ ਹੈ। ਖੋਜ ਤਹਿਤ ਅੰਗਰੇਜ਼ੀ ਨਾਲ ਵਪਾਰ ਦਾ ਜੇਕਰ ਵਾਧਾ ਹੁੰਦਾ ਤਾਂ ਫੇਰ 1950 ਦੇ ਮੁਕਾਬਲੇ ਭਾਰਤ ਵਿਚ ਵਪਾਰ 1.78 ਫ਼ੀਸਦੀ ਤੋਂ ਘਟ ਕੇ ਅੱਜ 1.50 ਫ਼ੀਸਦੀ ਨਾ ਰਹਿ ਗਿਆ ਹੁੰਦਾ।

ਭਾਰਤੀ ਯੂਨੀਵਰਸਿਟੀਆਂ ਵਿਚੋਂ ਇਕ ਵੀ ਯੂਨੀਵਰਸਿਟੀ ਏਸ਼ੀਆ ਦੀਆਂ ਪਹਿਲੀਆਂ 40 ਯੂਨੀਵਰਸਿਟੀਆਂ ਵਿਚ ਨਹੀਂ ਆਉਂਦੀ, ਜਦਕਿ ਚੀਨ, ਜਪਾਨ, ਕੋਰੀਆ ਆਦਿ ਮੁਲਕਾਂ ਵਿਚ ਪੜ੍ਹਾਈ ਮਾਤ-ਭਾਸ਼ਾਵਾਂ ਵਿਚ ਕਰਾਈ ਜਾਂਦੀ ਹੈ ਨਾ ਕਿ ਅੰਗਰੇਜ਼ੀ ਵਿਚ। ਪੰਜ ਕਰੋੜ ਆਬਾਦੀ (ਸਾਡੇ ਤੋਂ ਪੰਝੀ ਗੁਣਾ ਘੱਟ) ਵਾਲਾ ਦੇਸ਼ ਕੋਰੀਆ ਆਪਣੇ ਬੱਚਿਆਂ ਨੂੰ ਆਪਣੀ ਭਾਸ਼ਾ ਵਿਚ ਪੜ੍ਹਾਉਂਦਾ ਹੈ ਪਰ ਵਿਸ਼ਵ ਵਪਾਰ ਵਿਚ ਉਸ ਦੀ ਥਾਂ ਸਾਡੇ ਤੋਂ ਕੋਈ 15 ਦਰਜੇ ਉੱਤੇ ਹੈ।

ਪੰਜਾਬੀ ਵਰਗੀ ਪੁਰਾਣੀ ਤੇ ਸਮਰੱਥ ਭਾਸ਼ਾ ਵੀ, ਜਿਸ ਦਾ ਅੰਗਰੇਜ਼ੀ ਨਾਲੋਂ ਪੁਰਾਣਾ ਤੇ ਅਮੀਰ ਸਾਹਿਤਕ ਵਿਰਸਾ ਹੈ, ਨੂੰ ਬੋਲਣ ਵਾਲਿਆਂ ਦੀ ਗਿਣਤੀ 14 ਕਰੋੜ ਦੇ ਕਰੀਬ-ਕਰੀਬ ਹੈ ਪਰ ਇਸ ਦੇ ਖ਼ਾਤਮੇ ਦੀ ਗੱਲ ਕਰਨਾ ਆਪਣੇ ਹੀ ਖੁਦ ਦੇ ਪੈਰ 'ਤੇ ਕੁਹਾੜਾ ਮਾਰਨ ਵਾਲੀ ਗੱਲ ਹੈ ਜਦ ਕਿ ਭਾਰਤ ਦੀਆਂ ਹਿੰਦੀ ਸਮੇਤ ਬਾਕੀ ਭਾਸ਼ਾਵਾਂ ਦੀ ਹਾਲਤ ਵੀ ਚਿੰਤਾਜਨਕ ਹੈ।

# ਮਨੁੱਖੀ ਅਧਿਕਾਰ ਕਮਿਸ਼ਨ ਨੇ ਪੁਲਿਸ ਦੀ ਟਾਲ-ਮਟੋਲ ਦਾ ਤੋੜ ਲੱਭਿਆ

**ਚੰਡੀਗੜ੍ਹ:** ਹਿਰਾਸਤੀ ਮੌਤਾਂ ਤੇ ਜ਼ਿਆਦਤੀਆਂ ਦੇ ਮਾਮਲਿਆਂ 'ਤੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੁਲਿਸ ਨੂੰ ਘੇਰ ਲਿਆ ਹੈ। ਕਮਿਸ਼ਨ ਨੇ ਹੁਣ ਵਿਭਾਗ ਤੋਂ ਵਾਰ-ਵਾਰ ਰਿਪੋਰਟ ਮੰਗਣ ਦੀ ਥਾਂ ਅਧਿਕਾਰੀ ਨੂੰ ਰਿਕਾਰਡ ਸਮੇਤ ਤਲਬ ਕਰਨਾ ਸ਼ੁਰੂ ਕਰ ਦਿੱਤਾ ਹੈ। ਪੁਲਿਸ ਨਾਲ ਸਬੰਧਤ ਮਾਮਲਿਆਂ ਵਿਚ ਵਿਭਾਗ ਵੱਲੋਂ ਰਿਪੋਰਟ ਦੇਣ ਵਿਚ ਵਰਤੀ ਜਾ ਰਹੀ ਢਿੱਲ ਮੱਠ ਕਰਕੇ ਵੱਡੀ ਗਿਣਤੀ ਕੇਸ ਨਿਪਟਾਰੇ ਖੁਣੋਂ ਸਾਲਾਂ ਤੋਂ ਲਟਕਦੇ ਆ ਰਹੇ ਹਨ।

ਕਮਿਸ਼ਨ ਨੇ ਨਵੇਂ ਫ਼ੈਸਲੇ ਤਹਿਤ ਕੇਂਦਰੀ ਜੇਲ੍ਹ, ਅੰਮ੍ਰਿਤਸਰ ਦੇ ਸੁਪਰਡੈਂਟ ਨੂੰ ਇਕ ਕੈਦੀ ਪਰਮਜੀਤ ਸਿੰਘ ਵੱਲੋਂ ਕੀਤੀ ਗਈ ਆਤਮ ਹੱਤਿਆ ਦੇ ਮਾਮਲੇ ਵਿਚ 21 ਨਵੰਬਰ ਨੂੰ ਰਿਕਾਰਡ ਸਮੇਤ ਤਲਬ ਕਰ ਲਿਆ ਹੈ। ਸਬ ਜੇਲ੍ਹ ਫ਼ਾਜ਼ਿਲਕਾ ਦੇ ਸੁਪਰਡੈਂਟ ਨੂੰ ਰਿਕਾਰਡ ਲੈ ਕੇ ਪੁੱਜਣ ਵਾਸਤੇ 28 ਨਵੰਬਰ ਦੀ ਤਰੀਕ ਦਿੱਤੀ ਗਈ ਹੈ। ਇਸ ਜੇਲ੍ਹ ਵਿਚ ਕੈਦੀ ਗੁਰਮੀਤ ਸਿੰਘ ਦੀ ਮੌਤ ਹੋਈ ਹੈ। ਦੋਵਾਂ ਕੇਸਾਂ ਵਿਚ ਕਮਿਸ਼ਨ ਵੱਲੋਂ ਸਬੰਧਤ ਪੁਲਿਸ ਅਧਿਕਾਰੀਆਂ ਤੋਂ ਤਿੰਨ ਤੋਂ ਜ਼ਿਆਦਾ ਵਾਰ ਰਿਪੋਰਟ ਮੰਗੀ ਜਾ ਚੁੱਕੀ ਹੈ ਪਰ ਅਧਿਕਾਰੀਆਂ ਦੀ ਅਣਗਹਿਲੀ ਕਰਕੇ ਕੇਸ ਦੀ ਸੁਣਵਾਈ ਰੁਕੀ ਪਈ ਹੈ। ਇਕ ਦਰਜਨ ਹੋਰ ਕੇਸਾਂ ਵਿਚ ਰਿਪੋਰਟ ਨਾ ਦੇਣ ਦੇ ਦੋਸ਼ਾਂ ਹੇਠ ਪੁਲਿਸ ਮੁਖੀਆਂ ਨੂੰ ਵੀ ਤਲਬ ਕੀਤਾ ਜਾ ਚੁੱਕਿਆ ਹੈ।

## ਹਿਰਾਸਤੀ ਮੌਤਾਂ ਬਾਰੇ ਰਿਕਾਰਡ ਸਣੇ ਤਲਬ ਕਰਨਾ ਸ਼ੁਰੂ




ਪੁਲਿਸ ਵਧੀਕੀਆਂ ਦੇ ਕੇਸਾਂ ਵਿਚ ਤਲਬ ਕੀਤੇ ਗਏ ਅਧਿਕਾਰੀਆਂ ਦੀ ਗਿਣਤੀ ਵੱਖਰੀ ਹੈ। ਪਤਾ ਲੱਗਾ ਹੈ ਕਿ ਪੁਲਿਸ ਵਿਭਾਗ ਵੱਲੋਂ ਬਹੁਤੇ ਕੇਸਾਂ ਵਿਚ ਕਮਿਸ਼ਨ ਦੇ ਪੱਤਰ ਦਾ ਜਵਾਬ ਦੇਣ ਦੀ ਜ਼ਰੂਰਤ ਨਹੀਂ ਸਮਝੀ ਜਾ ਰਹੀ ਸੀ ਜਦੋਂਕਿ ਬਾਕੀ ਦੇ ਕੇਸਾਂ ਵਿਚ ਰਿਪੋਰਟ ਤਿਆਰ ਨਾ ਹੋਣ ਦਾ ਬਹਾਨਾ ਲਾ ਕੇ ਹੋਰ ਸਮੇਂ ਦੀ ਮੰਗ ਕੀਤੀ ਜਾ ਰਹੀ ਹੈ। ਕੇਂਦਰੀ ਜੇਲ੍ਹ ਅੰਮ੍ਰਿਤਸਰ ਦੇ ਕੈਦੀ ਪਰਮਜੀਤ ਸਿੰਘ ਨੇ ਨੌਂ ਮਈ 2012 ਨੂੰ ਆਤਮ ਹੱਤਿਆ ਕਰ ਲਈ ਸੀ। ਉਹ ਆਈ.ਪੀ.ਸੀ. ਦੀ ਧਾਰਾ 302 ਤਹਿਤ 24 ਜਨਵਰੀ 2011 ਤੋਂ ਜੇਲ੍ਹ ਵਿਚ ਬੰਦ ਸੀ। ਉਸ ਨੇ ਛੱਤ ਵਾਲੇ ਪੱਖੇ ਨਾਲ ਪਰਨਾ ਬੰਨ੍ਹ ਕੇ ਫਾਹਾ ਲੈ ਲਿਆ ਸੀ। ਬੈਰਕ ਦੇ ਮੁਖੀ ਨੇ ਪੱਖੇ ਨਾਲੋਂ ਪਰਨਾ ਖੋਲ੍ਹ ਕੇ ਉਸ ਨੂੰ ਹੇਠਾਂ ਉਤਾਰਿਆ ਤੇ ਸਿਵਲ ਹਸਪਤਾਲ ਪਹੁੰਚਾਇਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਸੀ। ਕਮਿਸ਼ਨ ਨੇ ਇਸ ਕੇਸ ਵਿਚ ਆਤਮ ਹੱਤਿਆ ਦੇ ਮਾਮਲੇ ਤੇ ਮੌਤ ਨਾਲ ਸਬੰਧਤ ਰਿਪੋਰਟਾਂ ਮੰਗ ਲਈਆਂ ਸਨ ਪਰ ਦੋ ਸਾਲ ਤੋਂ ਜ਼ਿਆਦਾ ਸਮਾਂ ਬੀਤ ਜਾਣ 'ਤੇ ਵੀ ਸਬੰਧਤ ਪੁਲਿਸ ਅਫਸਰ ਵੱਲੋਂ ਆਨੇ ਬਹਾਨੇ ਟਾਲ ਮਟੋਲ ਕੀਤੀ ਜਾ ਰਹੀ ਹੈ।

ਕਮਿਸ਼ਨ ਕੋਲ ਪਿਛਲੇ ਕਈ ਸਾਲਾਂ ਤੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੇ ਪੁਲਿਸ ਜ਼ਿਆਦਤੀਆਂ ਦੇ ਕੇਸ ਵਧੇਰੇ ਗਿਣਤੀ ਵਿਚ ਆਉਣ ਲੱਗੇ ਹਨ। ਪੁਲਿਸ ਨਾਲ ਸਬੰਧਤ ਕੇਸਾਂ ਦਾ ਨਿਪਟਾਰਾ ਕਰਨ ਵਿਚ ਆਮ ਨਾਲੋਂ ਦੇਰੀ ਹੋ ਰਹੀ ਹੈ। ਇਸ ਦਾ ਕਾਰਨ ਵਿਭਾਗ ਵੱਲੋਂ ਮਾਮਲੇ ਬਾਰੇ ਰਿਪੋਰਟ ਦੇਣ ਵਿਚ ਕੀਤੀ ਜਾ ਰਹੀ ਦੇਰੀ ਹੈ। ਕਮਿਸ਼ਨ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪੁਲਿਸ ਵਿਭਾਗ ਵੱਲੋਂ ਆਪਣੇ ਚਹੇਤਿਆਂ ਨੂੰ ਬਚਾਉਣ ਲਈ ਜਾਣਬੁੱਝ ਕੇ ਰਿਪੋਰਟ ਦੇਣ ਵਿਚ ਦੇਰੀ ਕੀਤੀ ਜਾ ਰਹੀ ਹੈ, ਜਿਸ ਨੂੰ ਕਮਿਸ਼ਨ ਨੇ ਗੰਭੀਰਤਾ ਨਾਲ ਲਿਆ ਹੈ।






## ਅਧਿਕਾਰ ਕਮਿਸ਼ਨ ਵੱਲੋਂ ਸਰਕਾਰ ਨੂੰ ਹਰਜਾਨਾ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਕੈਦੀ ਦੀ ਹਿਰਾਸਤੀ ਮੌਤ ਲਈ ਸਰਕਾਰ ਨੂੰ ਦੋ ਲੱਖ ਰੁਪਏ ਦਾ ਹਰਜਾਨਾ ਲਗਾਇਆ ਹੈ। ਕਮਿਸ਼ਨ ਨੇ ਹਰਜਾਨੇ ਦੀ ਰਕਮ ਦੋਸ਼ੀ ਪੁਲਿਸ ਅਫ਼ਸਰਾਂ ਦੀ ਤਨਖਾਹ ਵਿਚੋਂ ਕੱਟਣ ਦੀ ਖੁੱਲ੍ਹ ਦੇ ਦਿੱਤੀ ਹੈ।

ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿਚ ਬੰਦ ਕੈਦੀ ਸੋਨੂੰ ਦੀ ਮੌਤ ਲਈ ਜੇਲ੍ਹ ਸੁਪਰਡੈਂਟ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਕਮਿਸ਼ਨ ਨੇ ਫ਼ੈਸਲਾ ਲੈਣ ਤੋਂ ਪਹਿਲਾਂ ਨਿਰਪੱਖ ਜਾਂਚ ਲਈ ਜੇਲ੍ਹ ਸੁਪਰਡੈਂਟ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਦਿੱਤਾ ਸੀ ਤੇ ਮਾਮਲੇ ਦੀ ਨਿਆਇਕ ਜਾਂਚ ਵੀ ਕਰਵਾਈ ਸੀ।

ਕਮਿਸ਼ਨ ਕੋਲ ਦਾਇਰ ਪਟੀਸ਼ਨ ਮੁਤਾਬਿਕ ਕੈਦੀ ਸੋਨੂੰ ਪੁੱਤਰ ਮੁਲਖ ਰਾਜ ਵਾਸੀ ਸ਼ੁਕਰਪੁਰਾ ਜ਼ਿਲ੍ਹਾ ਗੁਰਦਾਸਪੁਰ ਦੀ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿਚ 17 ਦਸੰਬਰ 2011 ਨੂੰ ਮੌਤ ਹੋ ਗਈ ਸੀ। ਪਟੀਸ਼ਨ ਵਿਚ ਦੋਸ਼ ਲਗਾਇਆ ਗਿਆ ਸੀ ਕਿ ਸੋਨੂੰ ਦੀ ਮੌਤ ਕੋਈ ਜ਼ਹਿਰੀਲੀ ਚੀਜ਼ ਨਿਗਲਣ ਨਾਲ ਹੋਈ ਸੀ ਹਾਲਾਂਕਿ ਜਾਂਚ ਤੋਂ ਇਸ ਦੀ ਪੁਸ਼ਟੀ ਵੀ ਹੋ ਗਈ ਸੀ। ਇਸ ਦੇ ਉਲਟ ਜੇਲ੍ਹ ਅਧਿਕਾਰੀਆਂ ਦਾ ਕਹਿਣਾ ਸੀ ਕਿ ਉਸ ਨੇ ਕੋਈ ਜ਼ਹਿਰੀਲੀ ਚੀਜ਼ ਨਹੀਂ ਨਿਗਲੀ ਸੀ ਸਗੋਂ ਉਸ ਦੀ ਮੌਤ ਕਿਸੇ ਜ਼ਹਿਰੀਲੇ ਕੀੜੇ ਦੇ ਕੱਟਣ ਨਾਲ ਹੋਈ ਹੈ ਜਾਂ ਕੀਟਨਾਸ਼ਕ ਦਵਾਈ ਦੇ ਸਪਰੇਅ ਵਾਲੀਆਂ ਸਬਜ਼ੀਆਂ ਦੀ ਵਰਤੋਂ ਉਸ ਦੀ ਮੌਤ ਦਾ ਕਾਰਨ ਬਣੀਆਂ ਹਨ।

ਕਮਿਸ਼ਨ ਨੇ ਕਿਹਾ ਕਿ ਦੂਜੇ ਪੁਲਿਸ ਅਫ਼ਸਰਾਂ ਨੂੰ ਕੰਨ ਕਰਨ ਲਈ ਸਖ਼ਤ ਫ਼ੈਸਲੇ ਲਏ ਜਾਣ ਦੀ ਲੋੜ ਹੈ।

## ਹੁਣ ਦਿਲ ਦੇ ਮਰੀਜ਼ਾਂ ਨੂੰ ਬਚਾਏਗਾ ਡਰੋਨ

**ਲੰਡਨ:** ਦਿਲ ਦੇ ਰੋਗਾਂ ਦੇ ਮਰੀਜ਼ਾਂ ਦੀ ਸਹੂਲਤ ਲਈ ਨੈਂਦਰਲੈਂਡਜ਼ ਦੇ ਵਿਦਿਆਰਥੀ ਨੇ ਐਂਬੂਲੈਂਸ ਡਰੋਨ ਵਿਕਸਤ ਕੀਤਾ ਹੈ। ਅਚਨਚੇਤੀ ਪੈਣ ਵਾਲੇ ਦਿਲ ਦੇ ਦੌਰੇ ਤੋਂ ਬਚਾਉਣ ਲਈ ਮਰੀਜ਼ਾਂ ਨੂੰ ਇਹ ਡਰੋਨ ਮਿੰਟਾਂ ਵਿਚ ਹੀ ਸਹਾਇਤਾ ਪਹੁੰਚਾ ਸਕਦਾ ਹੈ।

ਚਾਰ ਕਿਲੋਗਰਾਮ ਦੇ ਡਰੋਨ ਨੂੰ ਐਲੇਕ ਮੋਮੋਂਟ ਨੇ ਤਿਆਰ ਹੈ ਤੇ ਇਹ 100 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਉਡ ਸਕਦਾ ਹੈ। ਐਂਬੂਲੈਂਸ ਡਰੋਨ ਵਿਚ ਵਿਸ਼ੇਸ਼ ਯੰਤਰ ਲੱਗੇ ਹੁੰਦੇ ਹਨ ਜੋ ਮਰੀਜ਼ਾਂ ਤੱਕ ਪਹੁੰਚਣ ਵਿਚ ਸਹਾਈ ਹੁੰਦੇ ਹਨ। ਖੋਜੀਆਂ ਦਾ ਕਹਿਣਾ ਹੈ ਕਿ ਦਿਲ ਦਾ ਦੌਰਾ ਪੈਣ ਵਾਲੇ ਮਰੀਜ਼ ਦੇ ਅੱਠ ਫੀਸਦੀ ਤੋਂ 80 ਫੀਸਦੀ ਤੱਕ ਬਚਣ ਦੇ ਮੌਕੇ ਬਣ ਜਾਂਦੇ ਹਨ। ਵੀਡੀਓ ਤੇ ਆਡੀਓ ਕੁਨੈਕਸ਼ਨ ਰਾਹੀਂ ਡਰੋਨ ਹੰਗਾਮੀ ਸੇਵਾਵਾਂ ਤੇ ਮੌਕੇ 'ਤੇ ਮੌਜੂਦ ਵਿਅਕਤੀਆਂ ਨੂੰ ਮਰੀਜ਼ ਦੇ ਇਲਾਜ ਲਈ ਮੁਢਲੀ ਸਹਾਇਤਾ ਮੁਹੱਈਆ ਕਰਾਉਣ ਵਿਚ ਸਹਾਈ ਹੁੰਦਾ ਹੈ।




# ਪੰਜਾਬੀ ਹਾਕੀ ਅਕੈਡਮੀ ਨੇ ਕਰਵਾਇਆ ਦੋ ਰੋਜ਼ਾ ਸਫਲ ਟੂਰਨਾਮੈਂਟ

**ਹਿਊਸਟਨ, ਟੈਕਸਸ (ਬਿਊਰੋ):** ਪੰਜਾਬੀ ਹਾਕੀ ਅਕੈਡਮੀ-ਟੈਕਸਸ ਵਲੋਂ ਕਰਵਾਇਆ ਦੋ ਰੋਜ਼ਾ ਦੂਜਾ ਫੀਲਡ ਹਾਕੀ ਟੂਰਨਾਮੈਂਟ ਸੁਨਹਿਰੀ ਯਾਦਾਂ ਛੱਡਦਾ ਸੰਪਨ ਹੋਇਆ। ਇਸ ਟੂਰਨਾਮੈਂਟ ਵਿਚ ਕੁਲ 12 ਟੀਮਾਂ ਨੇ ਹਿੱਸਾ ਲਿਆ ਅਤੇ ਆਪਣੀ ਦਿਲਚਸਪ ਖੇਡ ਨਾਲ ਦਰਸ਼ਕਾਂ ਦਾ ਮਨ ਮੋਹਿਆ। ਮਰਦਾਂ ਦੇ ਹਾਕੀ ਦੇ ਫਾਈਨਲ ਮੁਕਾਬਲੇ ਵਿਚ ਮਿਸ਼ੀਗਨ ਦੀ ਟੀਮ ਨੇ ਬਰੈਂਪਟਨ (ਕੈਨੇਡਾ) ਦੀ ਟੀਮ ਨੂੰ 3-2 ਦੇ ਅੰਕ ਨਾਲ ਹਰਾ ਕੇ ਟਰਾਫੀ ਆਪਣੇ ਨਾਂ ਕਰ ਲਈ ਜਦਕਿ ਬਰੈਂਪਟਨ ਦੀ ਟੀਮ ਨੂੰ ਦੂਜੇ ਥਾਂ 'ਤੇ ਸਬਰ ਕਰਨਾ ਪਿਆ। ਇਹ ਮੁਕਾਬਲਾ ਬੜਾ ਹੀ ਰੌਚਕ ਤੇ ਫਸਵਾਂ ਰਿਹਾ। ਤੀਜੇ ਥਾਂ ਹੈਲੀਫੈਕਸ (ਕੈਨੇਡਾ) ਦੀ ਟੀਮ ਰਹੀ।

ਇਸ ਤੋਂ ਇਲਾਵਾ ਹਾਕੀ ਦੇ ਹੋਰਨਾਂ ਮੁਕਾਬਲਿਆਂ ਵਿਚ ਸਨ ਡੇਵਿਲਸ ਟੀਮ ਪਹਿਲੇ ਥਾਂ ਰਹੀ ਅਤੇ ਹਿਊਸਟਨ ਹਰੀਕੇਨਸ ਟੀਮ ਦੂਜੇ ਥਾਂ ਰਹੀ। ਪਿਛਲੇ ਸਾਲ ਚੈਂਪੀਅਨ ਰਹੀ ਹਿਊਸਟਨ ਡਰੈਗਨਸ ਟੀਮ ਇਸ ਵਾਰ ਤੀਜੇ ਸਥਾਨ 'ਤੇ ਰਹੀ। ਇਨ੍ਹਾਂ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੀਆਂ ਜੇਤੂ ਟੀਮਾਂ ਤੋਂ ਇਲਾਵਾ ਟੈਂਪਾ ਬੇਅ (ਫਲੋਰਿਡਾ), ਸ਼ਿਕਾਗੋ, ਮਿਸ਼ੀਗਨ (ਦੂਜੀ ਟੀਮ), ਡੈਲਸ ਕਾਓ ਬੁਆਇਜ਼, ਡੈਲਸ ਮਸਟੈਂਗਸ ਅਤੇ ਔਸਟਿਨ ਦੀਆਂ ਟੀਮਾਂ ਵੀ ਸ਼ਾਮਲ ਸਨ। ਖਿਡਾਰੀਆਂ ਨੂੰ ਪੂਰੇ ਟੂਰਨਾਮੈਂਟ ਦੌਰਾਨ ਫਰੀ ਟਰਾਂਸਪੋਰਟ, ਮੁਫਤ ਰਿਹਾਇਸ ਅਤੇ ਮੁਫਤ ਖਾਣਾ ਪ੍ਰਦਾਨ ਕੀਤਾ ਗਿਆ। ਪੰਜਾਬੀ ਹਾਕੀ ਅਕੈਡਮੀ ਵਲੋਂ ਸੁਚੱਜੇ ਢੰਗ ਨਾਲ ਕਰਵਾਏ ਗਏ ਇਸ ਟੂਰਨਾਮੈਂਟ ਦੌਰਾਨ ਹਾਕੀ ਟੀਮਾਂ, ਖਾਸਕਰ ਕੈਨੇਡਾ ਤੋਂ ਆਈਆਂ ਟੀਮਾਂ ਪ੍ਰਬੰਧਕਾਂ ਦੀ ਮਹਿਮਾਨ ਨਿਵਾਜ਼ੀ ਮਾਣ ਕੇ ਅਸ਼ ਅਸ਼ ਕਰ ਉਠੀਆਂ।

ਪ੍ਰਬੰਧਕ ਖੁਸ਼ ਸਨ ਕਿ ਭਾਰਤ ਤੇ ਪਾਕਿਸਤਾਨ ਦੀ ਇਸ ਕੌਮੀ ਖੇਡ ਦਾ ਹਿਊਸਟਨ ਤੇ ਆਸ-ਪਾਸ ਦੇ ਭਾਰਤੀ ਤੇ ਪਾਕਿਸਤਾਨੀ ਭਾਈਚਾਰੇ ਨੇ ਨਜ਼ਾਰਾ ਲਿਆ। ਪ੍ਰਬੰਧਕਾਂ ਦਾ ਕਹਿਣਾ ਸੀ ਕਿ ਇਹ ਉਪਰਾਲਾ ਹਾਕੀ ਨੂੰ ਹੋਰ ਪ੍ਰਫੁਲਿਤ ਕਰਨ ਲਈ ਮੀਲ ਪੱਥਰ ਸਾਬਤ ਹੋਵੇਗਾ। ਸਭਿਆਚਾਰਕ ਸੰਸਥਾ 'ਵੱਸਦਾ ਪੰਜਾਬ' ਦੇ ਪ੍ਰਧਾਨ ਮੋਹਣ ਸਿੰਘ ਗਰੇਵਾਲ, ਮਨਦੀਪ ਚੀਮਾ, ਕਮਲ ਉਪਲ, ਰਾਜ ਗਿੱਲ ਅਤੇ ਤਰਲੋਚਨ ਸਿੰਘ ਨੇ ਪੰਜਾਬੀ ਹਾਕੀ ਅਕੈਡਮੀ ਦੇ ਇਸ ਉਪਰਾਲੇ ਦੀ ਭਰਵੀਂ ਸ਼ਲਾਘਾ ਕਰਦਿਆਂ ਪੂਰਨ ਸਹਿਯੋਗ ਦਿੱਤਾ। ਪੰਜਾਬ ਸਪੋਰਟਸ ਅਤੇ ਕਲਚਰਲ ਕਲੱਬ ਦੇ ਪ੍ਰਧਾਨ ਮਨੋਹਰ ਮਾਨ ਨੇ ਵੀ ਆਪਣੇ ਵਧਾਈ ਸੰਦੇਸ਼ ਵਿਚ ਇਸ ਟੂਰਨਾਮੈਂਟ ਦੀ ਭਰਪੂਰ ਸ਼ਲਾਘਾ ਕੀਤੀ।

ਇਸ ਟੂਰਨਾਮੈਂਟ ਨੂੰ ਸਫਲ ਬਣਾਉਣ ਲਈ ਅਮਨ ਸਿੱਧੂ, ਮਨਜੀਤ ਢੀਂਡਸਾ, ਪਰਮਿੰਦਰ ਗਿੱਲ, ਨਵਦੀਪ ਕੌਰ, ਆਸ਼ਾ ਹੂਡਾ, ਰਵਿੰਦਰ ਸਰਾਂ, ਗਗਨ ਮਾਨ, ਪ੍ਰਿਥਪਾਲ ਗਿੱਲ, ਪਰਮਜੀਤ ਭਾਟੀਆ, ਮਨਜੀਤ ਪੰਨੂ, ਨਵਪ੍ਰੀਤ ਬਰਾੜ ਤੇ ਬਿੱਟੂ ਜੱਸੜ ਨੇ ਦਿਨ ਰਾਤ ਇਕ ਕਰੀ ਰੱਖਿਆ। ਉਥੇ ਰੇਡੀਓ ਹੋਸਟ ਅਮਰਜੀਤ ਢਿੱਲੋਂ ਨੇ ਆਪਣੇ ਦਿਲਚਸਪ ਅੰਦਾਜ਼ ਵਿਚ ਪੂਰੇ ਪ੍ਰੋਗਰਾਮ ਦੌਰਾਨ ਰੌਣਕ ਲਾਈ ਰੱਖੀ। ਪ੍ਰਬੰਧਕਾਂ ਨੇ ਟੂਰਨਾਮੈਂਟ ਦੀ ਸਫਲਤਾ ਲਈ ਸਮੂਹ ਖਿਡਾਰੀਆਂ, ਦਰਸ਼ਕਾਂ, ਸਪਾਂਸਰਾਂ ਤੇ ਸਹਿਯੋਗੀਆਂ ਦਾ ਉਚੇਚਾ ਧੰਨਵਾਦ ਕੀਤਾ ਹੈ। ਪ੍ਰਬੰਧਕਾਂ ਅਨੁਸਾਰ ਇਸ ਹਾਕੀ ਟੂਰਨਾਮੈਂਟ ਬਾਰੇ ਹੋਰ ਜਾਣਕਾਰੀ ਲਈ houstonfieldhockey@hotmail.com ਜਾਂ ਪੰਜਾਬੀ ਹਾਕੀ ਅਕੈਡਮੀ ਦੀ ਵੈਬਸਾਈਟ www.pha-texas.org ਤੋਂ ਲਈ ਜਾ ਸਕਦੀ ਹੈ।




*ਮਿਸ਼ੀਗਨ ਦੀ ਟੀਮ ਜੇਤੂ ਟਰਾਫੀ ਨਾਲ*



*ਦੂਜੇ ਥਾਂ ਰਹੀ ਬਰੈਂਪਟਨ (ਕੈਨੇਡਾ) ਦੀ ਟੀਮ*


































# ਸਿੱਖ ਰਿਲੀਜੀਅਸ ਸੁਸਾਇਟੀ (ਵਿਸਕਾਨਸਿਨ)

ੴ ਸਤਿਗੁਰ ਪ੍ਰਸਾਦਿ

ਕਲਿ ਤਾਰਣ ਗੁਰੁ ਨਾਨਕ ਆਇਆ॥

## ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ

## ਲੱਖ ਲੱਖ ਵਧਾਈ ਹੋਵੇ




ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਅਕਾਲ ਪੁਰਖ ਨੂੰ 'ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ' ਦਾ ਮਿਹਣਾ ਦੇਣ ਵਾਲੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਬਰੁੱਕਫੀਲਡ ਵਿਖੇ 9 ਨਵੰਬਰ, ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਅਖੰਡ ਪਾਠ ਦਾ ਅਰੰਭ ਸ਼ੁੱਕਰਵਾਰ 7 ਨਵੰਬਰ ਨੂੰ ਅਤੇ ਭੋਗ 9 ਨਵੰਬਰ ਨੂੰ ਪਵੇਗਾ। ਭੋਗ ਉਪਰੰਤ ਦੀਵਾਨ ਸਜਣਗੇ। ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 11: 20 ਵਜੇ ਹੋਵੇਗੀ। ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਤੋਂ ਇਲਾਵਾ ਕਥਾਵਾਚਕ ਠਾਕੁਰ ਦਲੀਪ ਸਿੰਘ ਅਤੇ ਪ੍ਰਚਾਰਕ ਸ਼ਬਦ ਕੀਰਤਨ ਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਬੇਨਤੀ ਕਰਤਾ: ਡਾ. ਗੁਰਚਰਨ ਸਿੰਘ ਗਰੇਵਾਲ (ਪ੍ਰਧਾਨ), ਦਵਿੰਦਰ ਸਿੰਘ ਸੰਘਾ (ਸਕੱਤਰ), ਹਰਜੀਤ ਸਿੰਘ ਸੰਧਰ (ਮੀਤ ਪ੍ਰਧਾਨ) ਅਤੇ ਕਮੇਟੀ ਮੈਂਬਰ-ਅਮਰਜੀਤ ਸਿੰਘ ਵਿਰਕ, ਰਣਜੀਤ ਸਿੰਘ ਪੂਨੀ, ਬਲਜੀਤ ਕੌਰ ਗਿੱਲ, ਜਤਿੰਦਰ ਕੌਰ ਢਿੱਲੋਂ ਅਤੇ ਮਿਲਵਾਕੀ ਦੀ ਸਾਧ ਸੰਗਤ।

## Sikh Religious Society of Wisconsin

3675 N Calhoun Rd, Brookfield WI 53207 Ph: 262-790-1600

# ਪੀ ਏ ਓ ਨੇ ਕਰਵਾਇਆ ਦੀਵਾਲੀ ਮੇਲਾ

**ਸ਼ਿਕਾਗੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ (ਪੀ ਏ ਓ) ਨੇ ਲੰਘੀ 25 ਅਕਤੂਬਰ ਨੂੰ ਐਲਮਹਰਸਟ ਦੇ ਵਾਟਰ ਫੋਰਡ ਹਾਲ ਵਿਚ ਦੀਵਾਲੀ ਮੇਲਾ ਮਨਾਇਆ। ਦਰਸ਼ਕਾਂ ਨੇ ਇਸ ਪ੍ਰੋਗਰਾਮ ਦਾ ਖੂਬ ਅਨੰਦ ਮਾਣਿਆ ਅਤੇ ਉਨ੍ਹਾਂ ਲਈ ਖਾਣੇ ਤੋਂ ਇਲਾਵਾ ਮਨੋਰੰਜਨ ਲਈ ਸੰਗੀਤ, ਨੱਚਣ ਲਈ ਡੀ ਜੇ ਹਾਜ਼ਰ ਸੀ। ਇਸ ਮੌਕੇ ਪੰਜਾਬੀ ਅਤੇ ਹੋਰਨਾਂ ਭਾਈਚਾਰਿਆਂ ਦੇ ਕਰੀਬ 150 ਲੋਕ ਹਾਜ਼ਰ ਸਨ।

ਪ੍ਰੋਗਰਾਮ ਦਾ ਆਗਾਜ਼ ਹਾਲ ਦੇ ਬਾਹਰ ਫਾਇਰ ਵਰਕਸ ਨਾਲ ਹੋਇਆ। ਲੋਕਾਂ ਨੇ ਪਟਾਕੇ ਅਤੇ ਫੁਲਝੜੀਆਂ ਚਲਾ ਕੇ ਦੀਵਾਲੀ ਮਨਾਈ। ਇਸ ਉਪਰੰਤ ਹਾਲ ਅੰਦਰ ਗੀਤ-ਸੰਗੀਤ ਦੇ ਦੌਰ ਵਿਚ ਇੰਦਰਾਨੀ ਜੋਸ਼ੀ ਨੇ ਆਪਣੀ ਗਾਇਕੀ ਰਾਹੀਂ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ। ਜੱਸੀ ਸਿੰਘ ਅਤੇ ਕੰਚਨ ਲਾਲ ਨੇ ਵੀ ਆਪਣੀ ਗਾਇਕੀ ਦੇ ਰੰਗ ਬਿਖੇਰੇ। ਮੰਚ ਸੰਚਾਲਨ ਕਰਦਿਆਂ ਜੱਸੀ ਪਰਮਾਰ ਨੇ ਕਾਮੇਡੀ ਵੀ ਕੀਤੀ। ਪੀ ਏ ਓ ਦੇ ਪ੍ਰਧਾਨ ਸਵੀ ਸਿੰਘ ਅਟੱਲ ਨੇ ਦਰਸ਼ਕਾਂ ਨੂੰ ਜੀ ਆਇਆਂ ਆਖਦਿਆਂ ਕੁਝ ਸ਼ਬਦ ਸਾਂਝੇ ਕੀਤੇ।




ਪ੍ਰੋਗਰਾਮ ਦੌਰਾਨ ਭਾਜਪਾ ਦੀ ਪੰਜਾਬ ਇਕਾਈ ਦੇ ਮੀਤ ਪ੍ਰਧਾਨ ਜਗਦੀਪ ਸਿੰਘ ਕੰਵਰ ਦਾ ਉਨ੍ਹਾਂ ਦੀ ਸਮਾਜਿਕ ਸੇਵਾਵਾਂ ਬਦਲੇ ਪੀ ਏ ਓ ਵਲੋਂ ਸਨਮਾਨ ਕੀਤਾ ਗਿਆ। ਭਾਰਤੀ ਸਭਿਆਚਾਰ ਨੂੰ ਵਿਦੇਸ਼ ਵਿਚ ਪ੍ਰਫੁਲਿਤ ਕਰਨ ਬਦਲੇ ਗਾਇਕਾ ਇੰਦਰਾਨੀ ਜੋਸ਼ੀ ਦਾ ਵੀ ਉਚੇਚਾ ਸਨਮਾਨ ਕੀਤਾ ਗਿਆ।





*ਜਗਦੀਪ ਸਿੰਘ ਕੰਵਰ ਨੂੰ ਸਨਮਾਨ ਚਿੰਨ੍ਹ ਦਿੰਦੇ ਹੋਏ ਪੀ ਏ ਓ ਦੇ ਅਹੁਦੇਦਾਰ*



ਇਸ ਮੌਕੇ ਪੀ ਸੀ ਐਸ ਦੇ ਪ੍ਰਧਾਨ ਪਰਦੀਪ ਦਿਓਲ, ਸਾਬਕਾ ਪ੍ਰਧਾਨ ਬਲਵਿੰਦਰ ਸਿੰਘ ਗਿਰਨ ਤੇ ਰਾਜਿੰਦਰਬੀਰ ਸਿੰਘ ਮਾਗੋ; ਐਫ ਆਈ ਏ ਪ੍ਰਧਾਨ ਹੀਨਾ ਤ੍ਰਿਵੇਦੀ, ਗੁਜਰਾਤੀ ਕਲਚਰਲ ਐਸੋਸੀਏਸ਼ਨ ਤੋਂ ਕਾਂਤੀ ਪਟੇਲ, ਕੇਤੂ ਅਮਿਨ, ਕੁਲਰਾਜ ਗਰੇਵਾਲ ਆਦਿ ਹਾਜ਼ਰ ਸਨ। ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਬਿਜਨਸਮੈਨ ਗੁਲਜ਼ਾਰ ਸਿੰਘ ਮੁਲਤਾਨੀ, ਪਾਲ ਡੰਡੋਨਾ, ਜਸਬੀਰ ਸੁੱਗਾ, ਦਲੀਪ ਪਟੇਲ, ਜੱਸੀ ਸਿੰਘ ਅਤੇ ਨਿੱਕ ਗਾਖਲ ਨੇ ਮਾਲੀ ਮਦਦ ਕੀਤੀ।






WEBSITE - DHOLRADIO.ORG

Dhol Radio

ਪਿੰਡ ਤੋਂ ਚੱਲਣ ਵਾਲਾ ਦੁਨੀਆ ਦਾ ਪਹਿਲਾ ਪੰਜਾਬੀ ਰੇਡੀਓ

REQUEST SONG MUSIC24/7 LISTEN ON PHONE

LIVE CALLS → USA +1-951-824-6365
CANADA +1-604-210-1955
skype - DHOLRADIO.ORG
01 PM TO 3 PM, 9.30 PM TO 11.30 PM (IST)
LISTEN BY CALL → USA +702-489-0211
UK +44-20-3519-1210
Application For Android and iPhone - Dhol Radio



ਗੁਲਜ਼ਾਰ ਸਿੰਘ ਮੁਲਤਾਨੀ ਅਤੇ ਪਰਿਵਾਰ ਵਲੋਂ ਆਪ ਸਭ ਨੂੰ

ਗੁਰਪੁਰਬ ਦੀ ਲਖ ਲਖ ਵਧਾਈ ਹੋਵੇ



ਗੁਲਜ਼ਾਰ ਸਿੰਘ ਮੁਲਤਾਨੀ ਅਤੇ ਮਿੰਨੀ ਮੁਲਤਾਨੀ

ਆਓ, ਇਸ ਦਿਹਾੜੇ ਗੁਰੂ ਦੇ ਦੱਸੇ ਮਾਰਗ 'ਤੇ ਚੱਲਣ ਦਾ ਪ੍ਰਣ ਕਰੀਏ

Pan-Oceanic Group

8501 W. Higgins Rd., Suite 630, Chicago, IL 60631
Ph: 773-601-8408, Fax: 773-601-8409
www.panoceanicinc.com

ੴ ਸਤਿਗੁਰ ਪ੍ਰਸਾਦਿ॥

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ॥

# ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ




*ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ*

## ਸ਼ੁੱਕਰਵਾਰ, 7 ਨਵੰਬਰ 2014 – ਅਰੰਭ ਸ੍ਰੀ ਅਖੰਡ ਪਾਠ: ਸਵੇਰੇ 11 ਵਜੇ
## ਐਤਵਾਰ, 9 ਨਵੰਬਰ 2014 – ਭੋਗ ਸ੍ਰੀ ਅਖੰਡ ਪਾਠ: ਸਵੇਰੇ 10:30 ਵਜੇ

ਉਪਰੰਤ ਕੀਰਤਨ ਦੀਵਾਨ: ਭਾਈ ਗੁਰਮੇਲ ਸਿੰਘ ਦਾ ਹਜ਼ੂਰੀ ਰਾਗੀ ਜਥਾ ਅਤੇ ਕਥਾਵਾਚਕ ਭਾਈ ਹਰਜਿੰਦਰ ਸਿੰਘ ਸੁਲਤਾਨਪੁਰ ਲੋਧੀ ਵਾਲੇ ਸ਼ਬਦ ਕੀਰਤਨ ਅਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 11:00 ਵਜੇ

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

*ਸੰਗਤਾਂ ਦੇ ਦਾਸ*

## ਸਮੂਹ ਪ੍ਰਬੰਧਕ ਕਮੇਟੀ ਅਤੇ ਮਿਲਵਾਕੀ ਦੀ ਸਾਧ ਸੰਗਤ

# Sikh Temple Of Wisconsin

7512 South Howell Ave. Oak Creek, WI 53154

Ph. 414-764-7454 Fax: 414-764-7512 Web Site: sikhtemplewi.org

# ਭਗਤ ਪੂਰਨ ਸਿੰਘ ਦੀ ਬਰਸੀ ਮੌਕੇ ਪਿੰਗਲਵਾੜੇ ਲਈ ਗੋਲਕ ਮੁਹਿੰਮ

**ਸ਼ਿਕਾਗੋ (ਬਿਊਰੋ):** ਸਵਰਗੀ ਭਗਤ ਪੂਰਨ ਸਿੰਘ ਵਲੋਂ ਸਥਾਪਤ ਕੀਤਾ ਗਿਆ ਪਿੰਗਲਵਾੜਾ, ਅੰਮ੍ਰਿਤਸਰ ਮਨੁੱਖਤਾ ਦੀ ਸੇਵਾ ਦਾ ਇਕ ਮਹਾਨ ਉਪਰਾਲਾ ਹੈ ਅਤੇ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਇਸ ਮਹਾਨ ਉਪਰਾਲੇ ਲਈ ਮਾਲੀ ਇਮਦਾਦ ਇਕੱਤਰ ਕਰਨ ਦੀ ਆਪਣੀ ਮੁਹਿੰਮ ਨੂੰ ਨਿਰੰਤਰ ਜਾਰੀ ਰਖੇਗੀ। ਇਹ ਵਿਚਾਰ ਸਥਾਨਕ ਸਭਿਆਚਾਰਕ ਮਾਇਆ ਦਾ ਭਰਵਾਂ ਯੋਗਦਾਨ ਪਾਇਆ।

ਗੁਰਦੁਆਰਾ ਪੈਲਾਟਾਈਨ ਵਿਚ ਕੀਤੇ ਗਏ ਇਕ ਵਿਸ਼ੇਸ਼ ਸਮਾਗਮ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਪ੍ਰਧਾਨ ਪ੍ਰੋ. ਕੁਲਵੰਤ ਸਿੰਘ ਹੁੰਦਲ ਨੇ ਗੁਰਬਾਣੀ ਵਿਚੋਂ ਹਵਾਲਿਆਂ ਨਾਲ ਸਿੱਖੀ ਵਿਚ ਸੇਵਾ ਦੇ ਸੰਕਲਪ ਦੀ ਵਿਆਖਿਆ ਕਰਦਿਆਂ ਕਿਹਾ ਕਿ ਜੋ ਕੁਝ ਭਗਤ ਜੀ ਨੇ ਲੂਲ੍ਹੇ-ਪਿੰਗਲਿਆਂ ਅਤੇ ਹੋਰ

ਡਾ. ਹੰਸਰਾ ਨੇ ਦਸਿਆ ਕਿ ਅੰਮ੍ਰਿਤਸਰ ਨਜ਼ਦੀਕ ਮਾਨਾਂਵਾਲੇ ਵਿਚ ਇਕ ਵੱਡਾ ਕੰਪਲੈਕਸ ਬਣਾਇਆ ਗਿਆ ਹੈ ਜਿਸ ਵਿਚ ਹਸਪਤਾਲ, ਸਕੂਲ, ਬਨਾਵਟੀ ਅੰਗ ਬਣਾਉਣ ਅਤੇ ਲਾਉਣ, ਫਿਜੀਉਥੈਰਪੀ ਕੇਂਦਰ ਆਦਿ ਸਹੂਲਤਾਂ ਮੌਜੂਦ ਹਨ। ਇਸ ਤੋਂ ਇਲਾਵਾ ਸੰਗਰੂਰ, ਜਲੰਧਰ, ਗੋਇੰਦਵਾਲ ਅਤੇ ਪਲਸੌਰਾ (ਚੰਡੀਗੜ੍ਹ) ਇਸ ਦੀਆਂ ਸ਼ਾਖਾਵਾਂ ਖੁਲ੍ਹ ਚੁਕੀਆਂ ਹਨ। 1992 ਵਿਚ ਸੀ, ਜਦੋਂ ਉਸ ਦੀ ਨਾਨੀ ਅਤੇ ਉਸ ਦਾ ਬਾਪ ਉਸ ਨੂੰ ਪਿੰਗਲਵਾੜਾ ਅੰਮ੍ਰਿਤਸਰ ਦੇ ਦਰਾਂ ਉਤੇ ਰਾਤ ਦੇ ਹਨੇਰੇ ਵਿਚ ਛਡ ਗਏ। ਜਦੋਂ ਭਗਤ ਜੀ ਤੜਕੇ ਉਠੇ ਤਾਂ ਉਨ੍ਹਾਂ ਸ਼ੀਰੋ ਦੀ ਰੋਂਦੀ ਦੀ ਆਵਾਜ਼ ਸੁਣੀ। ਉਹ ਦਰਵਾਜ਼ੇ 'ਤੇ ਗਏ ਅਤੇ ਉਸ ਨੂੰ ਕੁਛੜ ਚੁਕ ਕੇ ਕਹਿਣ ਲਗੇ, ਰੱਬ ਨੇ ਸਾਡੇ ਪਰਿਵਾਰ ਲਈ ਇਕ ਹੋਰ ਜੀਅ ਭੇਜਿਆ ਹੈ। ਇਸੇ ਸ਼ੀਰੋ ਨੇ ਬਾਅਦ ਵਿਚ ਸੰਗੀਤ ਦੀ ਐਮ ਏ

ਸਿੰਘ ਧਾਲੀਵਾਲ ਅਤੇ ਉਨ੍ਹਾਂ ਦੇ ਸਾਥੀ ਕਮੇਟੀ ਮੈਂਬਰਾਂ ਨੇ ਪੂਰੇ ਉਤਸ਼ਾਹ ਨਾਲ ਪਿੰਗਲਵਾੜੇ ਲਈ ਮਾਇਆ ਇਕੱਤਰ ਕਰਨ ਦੇ ਉਦਮ ਵਿਚ ਹਿੱਸਾ ਪਾਇਆ। ਸੰਗਤ ਨੇ ਵੀ ਦਿਲ ਖੋਲ੍ਹ ਕੇ ਦਸਵੰਧ ਕੱਢਿਆ।

ਇਸ ਕਾਰਜ ਨੂੰ ਕਾਮਯਾਬ ਕਰਨ ਵਿਚ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਪੈਲਾਟਾਈਨ ਦੇ ਪ੍ਰਧਾਨ ਡਾ. ਜਸਬੀਰ ਕੌਰ ਸਲੂਜਾ, ਪੀ ਐਚ ਓ



ਪ੍ਰੋ. ਕੁਲਵੰਤ ਸਿੰਘ ਹੁੰਦਲ



ਸਤਨਾਮ ਸਿੰਘ ਔਲਖ



ਡਾ. ਬਲਵੰਤ ਸਿੰਘ ਹੰਸਰਾ










ਸੰਸਥਾ ਪੀ ਐਚ ਓ ਦੇ ਬੁਲਾਰਿਆਂ ਜੈ ਰਾਮ ਸਿੰਘ (ਨੀਟੂ) ਕਾਹਲੋਂ ਅਤੇ ਲਖਬੀਰ ਸਿੰਘ ਸੰਧੂ ਨੇ ਭਗਤ ਪੂਰਨ ਸਿੰਘ ਦੀ ਬਰਸੀ ਮੌਕੇ ਪਿੰਗਲਵਾੜੇ ਲਈ ਮਾਇਆ ਇਕੱਤਰ ਕਰਨ ਦੀ ਕਰੀਬ ਇਕ ਮਹੀਨਾ ਚਲਾਈ ਗਈ ਮੁਹਿੰਮ ਦੇ ਅਖੀਰ ਉਪਰ ਪ੍ਰਗਟਾਏ। ਜ਼ਿਕਰਯੋਗ ਹੈ ਕਿ ਪੀ ਐਚ ਓ ਸੰਨ 2005 ਤੋਂ ਭਗਤ ਜੀ ਦੀ ਬਰਸੀ ਮੌਕੇ ਪਿੰਗਲਵਾੜੇ ਲਈ ਇਹ ਮੁਹਿੰਮ ਚਲਾਉਂਦੀ ਆ ਰਹੀ ਹੈ। ਇਸ ਵਾਰ ਕਿੰਨੀ ਰਕਮ ਇਕੱਠੀ ਹੋਈ, ਇਸ ਬਾਰੇ ਉਨ੍ਹਾਂ ਕਿਹਾ ਕਿ ਅਜੇ ਦਾਨੀਆਂ ਪਾਸੋਂ ਪੈਸੇ ਆ ਰਹੇ ਹਨ, ਇਸ ਲਈ ਅਜੇ ਇਸ ਬਾਰੇ ਅੰਤਿਮ ਅੰਕੜੇ ਨਹੀਂ ਦਿਤੇ ਜਾ ਸਕਦੇ। ਦੱਸਣਯੋਗ ਹੈ ਕਿ ਪਿਛਲੇ ਵਰ੍ਹੇ ਪੀ ਐਚ ਓ ਦੇ ਉਦਮ ਸਦਕਾ ਕਰੀਬ 50,000 ਡਾਲਰ ਦੀ ਰਕਮ ਇਕੱਠੀ ਹੋ ਗਈ ਸੀ।

ਇਸ ਮੁਹਿੰਮ ਦੌਰਾਨ ਪੀ ਐਚ ਓ ਵਲੋਂ ਸਥਾਨਕ ਗੁਰਦੁਆਰਾ ਪੈਲਾਟਾਈਨ ਤੋਂ ਇਲਾਵਾ ਗੁਰਦੁਆਰਾ ਵ੍ਹੀਟਨ ਅਤੇ ਗੁਰਦੁਆਰਾ ਦੀਵਾਨ ਐਵਨਿਊ ਵਿਖੇ ਵਿਸ਼ੇਸ਼ ਸਟਾਲ ਲਗਾਏ ਗਏ, ਜਿਨ੍ਹਾਂ ਰਾਹੀਂ ਪਿੰਗਲਵਾੜੇ ਬਾਰੇ ਪੈਂਫਲਿਟ ਅਤੇ ਕਿਤਾਬਚੇ ਵੰਡੇ ਗਏ। ਇਸ ਤੋਂ ਬਿਨਾ ਭਗਤ ਜੀ ਦੇ ਜੀਵਨ ਅਤੇ ਪਿੰਗਲਵਾੜੇ ਬਾਰੇ ਤਸਵੀਰਾਂ ਦੀ ਨੁਮਾਇਸ਼ ਵੀ ਲਾਈ ਗਈ। ਅਜਿਹਾ ਹੀ ਉਪਰਾਲਾ ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਅਤੇ ਗੁਰਦੁਆਰਾ ਬਰੁਕਫੀਲਡ ਵਿਚ ਵੀ ਕੀਤਾ ਗਿਆ ਜਿਥੇ ਪ੍ਰਬੰਧਕ ਕਮੇਟੀਆਂ ਅਤੇ ਸੰਗਤਾਂ ਨੇ ਲੋੜਵੰਦਾਂ ਲਈ ਪਿੰਗਲਵਾੜੇ ਦੀ ਸਥਾਪਨਾ ਕਰਕੇ ਕੀਤਾ, ਉਹ ਆਪਣੇ-ਆਪ ਵਿਚ ਲਾਮਿਸਾਲ ਹੈ। ਭਗਤ ਜੀ ਨੇ ਜਿਵੇਂ ਲੋੜਵੰਦਾਂ ਦੀ ਆਪ ਹੱਥੀਂ ਸੇਵਾ ਕੀਤੀ ਅਤੇ ਜਿਵੇਂ ਨਿਰਮਾਣ ਜੀਵਨ ਜੀਵਿਆ, ਸਾਨੂੰ ਉਸ ਤੋਂ ਸਿੱਖਿਆ ਲੈਣੀ ਚਾਹੀਦੀ ਹੈ।

ਸਿੱਖ ਵਿਦਵਾਨ ਡਾ. ਬਲਵੰਤ ਸਿੰਘ ਹੰਸਰਾ ਨੇ ਭਗਤ ਪੂਰਨ ਸਿੰਘ ਦੇ ਜੀਵਨ ਬਾਰੇ ਗੱਲ ਕਰਦਿਆਂ ਦਸਿਆ ਕਿ ਕਿਵੇਂ ਲਾਹੌਰ ਦੇ ਇਕ ਗੁਰਦੁਆਰੇ ਦੇ ਦਰਾਂ 'ਤੇ ਕੋਈ ਅਪਾਹਿਜ ਬੱਚਾ ਛਡ ਗਿਆ ਜਿਸ ਨੇ ਭਗਤ ਜੀ ਦਾ ਜੀਵਨ ਹੀ ਬਦਲ ਕੇ ਰਖ ਦਿਤਾ ਅਤੇ ਉਨ੍ਹਾਂ ਇਸ ਪਿਛੋਂ ਆਪਣਾ ਸਾਰਾ ਜੀਵਨ ਲੂਲਿਆਂ-ਪਿੰਗਲਿਆਂ ਅਤੇ ਬਿਮਾਰਾਂ ਦੀ ਸੇਵਾ ਲੇਖੇ ਲਾ ਦਿਤਾ। 1947 ਦੀ ਵੰਡ ਸਮੇਂ ਭਗਤ ਜੀ ਇਸ ਅਪਾਹਜ ਬੱਚੇ ਨੂੰ ਆਪਣੇ ਮੋਢਿਆਂ 'ਤੇ ਚੁਕ ਕੇ ਅੰਮ੍ਰਿਤਸਰ ਪਹੁੰਚੇ। ਉਨ੍ਹਾਂ ਦੇ ਹੱਥ ਵਿਚ ਬਾਟਾ ਹੁੰਦਾ ਜਿਸ ਰਾਹੀਂ ਉਹ ਇਸ ਅਪਾਹਜ ਬੱਚੇ, ਜਿਸ ਦਾ ਨਾਮ ਉਨ੍ਹਾਂ ਪਿਆਰਾ ਰਖਿਆ, ਦੀ ਸੰਭਾਲ ਵਾਸਤੇ ਮਾਇਆ ਇਕੱਤਰ ਕਰਦੇ। ਇਸ ਉਪਰੰਤ ਉਨ੍ਹਾਂ ਹੋਰ ਬਹੁਤ ਸਾਰੇ ਅਪਾਹਜ ਵਿਅਕਤੀਆਂ ਦੀ ਸਾਂਭ-ਸੰਭਾਲ ਆਪਣੇ ਜਿੰਮੇਂ ਲੈ ਲਈ। ਕਿਸੇ ਵਿਅਕਤੀ ਵਲੋਂ ਜਗ੍ਹਾ ਦਾਨ ਦਿਤੇ ਜਾਣ 'ਤੇ ਉਨ੍ਹਾਂ ਬਸ ਸਟੈਂਡ ਨਜਦੀਕ ਪਿੰਗਲਵਾੜੇ ਦੀ ਸਥਾਪਨਾ ਕੀਤੀ। ਅਜ ਪਿੰਗਲਵਾੜਾ ਇਕ ਬਹੁਤ ਵਡੀ ਸੰਸਥਾ ਦਾ ਰੂਪ ਧਾਰ ਚੁਕਾ ਹੈ।

ਭਗਤ ਪੂਰਨ ਸਿੰਘ ਦੇ ਚਲਾਣੇ ਉਪਰੰਤ ਇਸ ਸੰਸਥਾ ਦਾ ਪ੍ਰਬੰਧ ਬੀਬੀ ਡਾ. ਇੰਦਰਜੀਤ ਕੌਰ ਦੀ ਨਿਗਰਾਨੀ ਹੇਠ ਚਲ ਰਿਹਾ ਹੈ। ਡਾ. ਹੰਸਰਾ ਨੇ ਪੀ ਐਚ ਓ ਦੇ ਇਸ ਉਦਮ ਦੀ ਸ਼ਲਾਘਾ ਕਰਦਿਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਪਿੰਗਲਵਾੜੇ ਲਈ ਦਿਲ ਖੋਲ੍ਹ ਕੇ ਦਸਵੰਧ ਕੱਢਣ, ਕਿਉਂਕਿ ਇਸ ਸਮੇਂ ਇਸ ਦਾ ਰੋਜ਼ਾਨਾ ਖਰਚਾ ਸਾਢੇ ਤਿੰਨ ਲੱਖ ਰੁਪਏ ਤੋਂ ਵਧ ਹੈ।

ਪੀ ਐਚ ਓ ਦੇ ਬਾਨੀ ਪ੍ਰਧਾਨ ਸਤਨਾਮ ਸਿੰਘ ਔਲਖ ਨੇ ਭਗਤ ਜੀ ਬਾਰੇ ਦੱਸਿਆ ਕਿ ਉਹ ਇਕ ਹਿੰਦੂ ਪਰਿਵਾਰ ਵਿਚ ਪੈਦਾ ਹੋਏ ਅਤੇ ਉਨ੍ਹਾਂ ਦਾ ਪਹਿਲਾ ਨਾਮ ਰਾਮਜੀ ਦਾਸ ਸੀ। ਬਾਅਦ ਵਿਚ ਸਿੱਖੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਅੰਮ੍ਰਿਤ ਛਕ ਲਿਆ। 1947 ਦੀ ਵੰਡ ਸਮੇਂ ਭਗਤ ਜੀ ਅਪਾਹਜ ਪਿਆਰੇ ਨੂੰ ਆਪਣੇ ਮੋਢਿਆਂ 'ਤੇ ਚੁਕ ਕੇ ਅੰਮ੍ਰਿਤਸਰ ਪਹੁੰਚੇ ਅਤੇ ਖਾਲਸਾ ਕਾਲਜ ਦੇ ਰਿਫਊਜੀ ਕੈਂਪ ਵਿਚ ਠਹਿਰੇ ਜਿਥੇ ਉਨ੍ਹਾਂ ਜਖ਼ਮੀ ਅਤੇ ਲਾਵਾਰਸ ਲੋਕਾਂ ਲਈ ਫਸਟ ਏਡ ਅਤੇ ਰੋਟੀ-ਪਾਣੀ ਦਾ ਬੰਦੋਬਸਤ ਕੀਤਾ। ਬਾਅਦ ਵਿਚ ਉਨ੍ਹਾਂ ਜੀ ਟੀ ਰੋਡ ਉਤੇ ਇਨ੍ਹਾਂ ਲੋਕਾਂ ਲਈ ਕੱਖਾਂ-ਕਾਨਿਆਂ ਦੇ ਘਰ ਬਣਾਏ।

ਸ. ਔਲਖ ਨੇ ਦਸਿਆ ਕਿ ਸੰਗਰੂਰ ਵਾਲਾ ਪਿੰਗਲਵਾੜਾ ਇਸ ਸਮੇਂ ਮਨਜੀਤ ਛੇਜ਼ੀ ਉਰਫ ਸ਼ੀਰੋ ਵਲੋਂ ਚਲਾਇਆ ਜਾ ਰਿਹਾ ਹੈ। ਸ਼ੀਰੋ ਅਪਾਹਜ ਸੀ ਅਤੇ ਅਜੇ ਚਾਰ-ਪੰਜ ਸਾਲ ਦੀ ਕੀਤੀ।

ਬੀਬੀ ਅਭਿਨਾਸ਼ ਕੌਰ ਵਲੋਂ ਟੋਰਾਂਟੋ ਵਿਚ ਚਲਾਈ ਗਈ ਪਿੰਗਲਵਾੜਾ ਗੋਲਕ ਮੁਹਿੰਮ ਦਾ ਜ਼ਿਕਰ ਕਰਦਿਆਂ ਸ. ਔਲਖ ਨੇ ਦਸਿਆ ਕਿ ਇਸ ਗੋਲਕ ਰਾਹੀਂ ਉਹ ਟੋਰਾਂਟੋ ਦੇ ਕਾਰੋਬਾਰੀਆਂ ਅਤੇ ਆਮ ਲੋਕਾਂ ਤੋਂ ਹਰ ਮਹੀਨੇ 40-50 ਹਜਾਰ ਡਾਲਰ ਇਕੱਠੇ ਕਰਕੇ ਪਿੰਗਲਵਾੜੇ ਨੂੰ ਭੇਜਦੇ ਹਨ। ਇਹ ਦਸਦਿਆਂ ਕਿ ਅਸੀਂ ਵੀ ਇਸ ਸਾਲ ਤੋਂ ਗੋਲਕ ਮੁਹਿੰਮ ਸ਼ੁਰੂ ਕੀਤੀ ਹੈ, ਉਨ੍ਹਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਵੀ ਆਪਣੇ ਘਰ ਗੋਲਕ ਰਖਣ ਅਤੇ ਇਸ ਵਿਚ ਹਰ ਰੋਜ਼ ਤਿਲ-ਫੁਲ ਪਾਇਆ ਕਰਨ। ਸਾਲ ਬਾਅਦ ਗੋਲਕ ਵਿਚ ਇਕੱਠੀ ਹੋਈ ਮਾਇਆ ਭਗਤ ਜੀ ਦੀ ਬਰਸੀ ਮੌਕੇ ਜਸਵੰਤ ਸਾਹਨੀ ਟਰੱਸਟ ਵਿਚ ਜਮਾਂ ਕਰਵਾ ਦੇਣ ਕਿਉਂਕਿ ਅਸੀਂ ਪੈਸਾ ਸਿੱਧਾ ਨਹੀਂ ਭੇਜ ਸਕਦੇ। ਸਾਹਨੀ ਟਰੱਸਟ ਵਿਚ ਜਮਾਂ ਕਰਵਾਇਆ ਗਿਆ ਪੈਸਾ ਪਿੰਗਲਵਾੜੇ ਪਾਸ ਜਾਂਦਾ ਹੈ।

ਭਗਤ ਜੀ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਹੱਕ-ਸੱਚ ਦੇ ਫਲਸਫੇ ਨੂੰ ਪ੍ਰਣਾਏ ਹੋਏ ਸਨ। ਇਸੇ ਕਰਕੇ 1984 ਵਿਚ ਦਰਬਾਰ ਸਾਹਿਬ ਉਪਰ ਫੌਜੀ ਹਮਲੇ ਪਿਛੋਂ 'ਪਦਮ ਸ੍ਰੀ' ਪੁਰਸਕਾਰ ਸਰਕਾਰ ਨੂੰ ਮੋੜ ਦਿਤਾ ਸੀ।

ਮਿਲਵਾਕੀ ਦੇ ਗੁਰਦੁਆਰਾ ਬਰੁੱਕਫੀਲਡ ਦੇ ਪ੍ਰਧਾਨ ਡਾ. ਗੁਰਚਰਨ ਸਿੰਘ ਗਰੇਵਾਲ ਅਤੇ ਗੁਰਦੁਆਰਾ ਓਕ ਕਰੀਕ ਦੇ ਪ੍ਰਧਾਨ ਡਾ. ਕੁਲਵੰਤ ਦੇ ਪ੍ਰਧਾਨ ਮਨਮਿੰਦਰ ਸਿੰਘ ਭੱਠਲ, ਮੀਤ ਪ੍ਰਧਾਨ ਹਰਜੀਤ ਸਿੰਘ ਗਿੱਲ, ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸੰਘਾ, ਜਸਬੀਰ ਕੌਰ ਮਾਨ, ਲਖਵੰਤ ਸਿੰਘ ਕੋਮਲ, ਤਰਲੋਚਨ ਸਿੰਘ ਗਿੱਲ, ਇੰਦਰਮੋਹਨ ਸਿੰਘ ਛਾਬੜਾ, ਸੁਰਿੰਦਰ ਸਿੰਘ ਭਾਟੀਆ, ਗੁਰਮੁਖ ਸਿੰਘ ਭੁੱਲਰ, ਨਰਿੰਦਰਪਾਲ ਸਿੰਘ ਮਰਵਾਹਾ, ਸ਼ਰਨਾਗਤ ਸਿੰਘ ਛਾਬੜਾ, ਵਿਜੇ ਕੁਮਾਰ, ਲਾਲੀ ਸਿੱਧੂ ਅਤੇ ਬੇਅੰਤ ਸਿੰਘ ਬੋਪਾਰਾਏ (ਮਿਲਵਾਕੀ) ਨੇ ਵੱਧ ਚੜ੍ਹ ਕੇ ਹਿੱਸਾ ਪਾਇਆ। ਪਿੰਗਲਵਾੜੇ ਬਾਰੇ ਚੇਤਨਾ ਪੈਦਾ ਕਰਨ ਲਈ ਪੀ ਐਚ ਓ ਵਲੋਂ ਸ. ਸਤਨਾਮ ਸਿੰਘ ਔਲਖ ਦੇ ਸੁਝਾਅ 'ਤੇ ਬਣਾਈਆਂ ਗਈਆਂ ਪਿੰਗਲਵਾੜਾ ਬਾਲ ਗੋਲਕਾਂ ਬੱਚਿਆਂ 'ਚ ਪੀਟਰ ਸੰਧੂ ਨੇ ਵੰਡੀਆਂ।

## ਮਨਮੋਹਨ ਸਿੰਘ ਨੂੰ ਮਿਲੇਗਾ ਜਪਾਨ ਦਾ ਉੱਚ ਐਵਾਰਡ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਭਾਰਤ-ਜਪਾਨ ਸਬੰਧਾਂ ਵਿਚ ਅਹਿਮ ਯੋਗਦਾਨ ਪਾਉਣ ਲਈ ਜਪਾਨ ਦੇ ਸਭ ਤੋਂ ਸਿਖਰਲੇ ਪੁਰਸਕਾਰ ਲਈ ਚੁਣਿਆ ਗਿਆ ਹੈ। ਉਹ ਇਹ ਵਿਲੱਖਣ ਸਨਮਾਨ ਹਾਸਲ ਕਰਨ ਵਾਲੇ ਪਹਿਲੇ ਭਾਰਤੀ ਹਨ। ਡਾ. ਮਨਮੋਹਨ ਸਿੰਘ ਨੂੰ 'ਦਿ ਗਰੈਂਡ ਕੋਰਡੋਨ ਆਫ ਦਿ ਆਰਡਰ ਆਫ ਦਿ ਪਾ ਲੋਵਨੀਆ ਫਲਾਵਰਜ਼' ਨਾਲ ਪੁਰਸਕ੍ਰਿਤ ਕੀਤਾ ਜਾਏਗਾ।



# ਯੂਬਾ ਸਿਟੀ ਵਿਚ ਸਿੱਖ ਮਿਸ਼ਨ ਕੇਂਦਰ ਦਾ ਨੀਂਹ ਪੱਥਰ ਰੱਖਿਆ

**ਯੂਬਾ ਸਿਟੀ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਮਰੀਕਾ ਦੇ ਸ਼ਹਿਰ ਯੂਬਾ ਸਿਟੀ ਵਿਚ ਸਿੱਖ ਮਿਸ਼ਨ ਕੇਂਦਰ ਸਥਾਪਤ ਕਰਨ ਲਈ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਇਹ ਕੌਮਾਂਤਰੀ ਸਿੱਖ ਕੇਂਦਰ ਅਮਰੀਕਾ ਤੇ ਕੈਨੇਡਾ ਵਿਚ ਵੱਸਦੇ ਸਿੱਖ ਭਾਈਚਾਰੇ 'ਤੇ ਹੁੰਦੇ ਨਸਲੀ ਹਮਲਿਆਂ ਨੂੰ ਰੋਕਣ ਲਈ ਸਿੱਖ ਪਛਾਣ ਦਾ ਘੇਰਾ ਵਧਾਉਣ ਵਿਚ ਲਾਹੇਵੰਦ ਸਾਬਤ ਹੋਵੇਗਾ। ਇਸ ਦਾ ਨੀਂਹ ਪੱਥਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਰੱਖਿਆ ਗਿਆ।

ਸ਼੍ਰੋਮਣੀ ਕਮੇਟੀ ਦੇ ਸਮੂਹ ਬੁਲਾਰੇ ਤੇ ਵਧੀਕ ਸਕੱਤਰ ਦਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਇਸ ਕੇਂਦਰ ਦੀ ਸਥਾਪਤੀ ਨਾਲ ਵਿਦੇਸ਼ ਵਿਚ ਪਹਿਲਾਂ ਸਿੱਖ ਮਿਸ਼ਨ ਕੇਂਦਰ ਸਥਾਪਤ ਹੋਵੇਗਾ, ਜਿਸ ਰਾਹੀਂ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਵਾਧਾ ਹੋਵੇਗਾ। ਇਸ ਕੇਂਦਰ ਵਿਚ ਗੁਰੂ ਗ੍ਰੰਥ ਸਾਹਿਬ ਭਵਨ ਵੀ ਸਥਾਪਤ ਹੋਵੇਗਾ, ਜਿਥੋਂ ਅਮਰੀਕਾ ਤੇ ਕੈਨੇਡਾ ਦੋਵਾਂ ਮੁਲਕਾਂ ਦੇ ਗੁਰੂ ਘਰਾਂ ਤੇ ਸਿੱਖ ਸੰਗਤ ਨੂੰ ਸੜਕ ਮਾਰਗ ਰਾਹੀਂ ਅਦਬ ਸਤਿਕਾਰ ਨਾਲ ਪਾਵਨ ਸਰੂਪ ਤੇ ਹੋਰ ਗੁਰਮਤਿ ਸਾਹਿਤ ਭੇਟ ਕੀਤਾ ਜਾਵੇਗਾ। ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਵਾਂਗ ਹੁਣ ਵਿਦੇਸ਼ ਵਿਚ ਵੀ ਸਿੱਖ ਸੰਗਤ ਦੇ ਘਰਾਂ ਤੱਕ ਪਾਵਨ ਸਰੂਪ ਅਦਬ ਤੇ ਸਤਿਕਾਰ ਨਾਲ ਪਹੁੰਚਾਏ ਜਾਣਗੇ। ਇਸ ਕੇਂਦਰ ਵਿਚ ਗੁਰਮਤਿ ਗਿਆਨ ਮੁਹੱਈਆ ਕਰਨ ਲਈ ਪਾਠ ਬੋਧ ਸਮਾਗਮ ਤੇ ਸੈਮੀਨਾਰ ਵੀ ਕਰਵਾਏ ਜਾਣਗੇ।



ਵਿਦੇਸ਼ ਰਹਿੰਦੇ ਪੰਜਾਬੀਆਂ ਦੇ ਬੱਚਿਆਂ, ਜੋ ਪੰਜਾਬੀ ਪੜ੍ਹਣ ਲਿਖਣ ਤੋਂ ਅਸਮਰਥ ਹਨ, ਨੂੰ ਪੰਜਾਬੀ ਪੜ੍ਹਾਉਣ ਤੇ ਗੁਰਮੁਖੀ ਦਾ ਗਿਆਨ ਦੇਣ ਲਈ ਐਤਵਾਰ ਨੂੰ ਕਲਾਸਾਂ ਦਾ ਪ੍ਰਬੰਧ ਕੀਤਾ ਜਾਵੇਗਾ। ਜਿਨ੍ਹਾਂ ਥਾਂਵਾਂ 'ਤੇ ਇਹ ਕਲਾਸਾਂ ਚੱਲ ਰਹੀਆਂ ਹਨ, ਉਨ੍ਹਾਂ ਨੂੰ ਸਮਰਥਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਗਲੇਰੀ ਪੀੜ੍ਹੀ ਨੂੰ ਸਿੱਖ ਧਰਮ ਨਾਲ ਜੋੜਣ ਲਈ ਗੁਰਮੁਖੀ ਦਾ ਗਿਆਨ ਜ਼ਰੂਰੀ ਹੈ। ਅਜਿਹੇ ਬੱਚਿਆਂ ਨੂੰ ਪੰਜਾਬੀ ਸਿਖਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ। ਇਸ ਤੋਂ ਇਲਾਵਾ ਆਨਲਾਈਨ ਗੁਰਮਤਿ ਕੋਰਸ ਚਲਾਏ ਜਾਣਗੇ, ਜਿਸ ਦਾ ਸਿਲੇਬਸ ਸ਼੍ਰੋਮਣੀ ਕਮੇਟੀ ਵੱਲੋਂ ਤੈਅ ਕੀਤਾ ਜਾਵੇਗਾ। ਇਸੇ ਤਰ੍ਹਾਂ ਗ੍ਰੰਥੀਆਂ, ਰਾਗੀ ਸਿੰਘਾਂ, ਕਥਾਵਾਚਕਾਂ ਤੇ ਪ੍ਰਚਾਰਕਾਂ ਲਈ ਗੁਰਮਤਿ ਵਿਦਿਆਲਿਆ ਵੀ ਸਥਾਪਤ ਕੀਤਾ ਜਾਵੇਗਾ। ਇਥੋਂ ਸਿੱਖਿਆ ਪ੍ਰਾਪਤ ਕਰਨ ਵਾਲਿਆਂ ਨੂੰ ਸ਼੍ਰੋਮਣੀ ਕਮੇਟੀ ਪ੍ਰਮਾਣ ਪੱਤਰ ਜਾਰੀ ਕਰੇਗੀ। ਉਨ੍ਹਾਂ ਆਖਿਆ ਕਿ ਵਿਦੇਸ਼ਾਂ ਵਿਚ ਵਸਦੇ ਪੰਜਾਬੀ ਪਰਿਵਾਰਾਂ ਦੇ ਬੱਚਿਆਂ ਨਾਲ ਸਬੰਧਤ ਸਮੱਸਿਆਵਾਂ ਚਿੰਤਾ ਦਾ ਮੁੱਦਾ ਹਨ ਤੇ ਸਮਾਂ ਮੰਗ ਕਰਦਾ ਹੈ ਕਿ ਇਨ੍ਹਾਂ ਬੱਚਿਆਂ ਨੂੰ ਵਿਰਸੇ ਨਾਲ ਜੋੜਣ ਲਈ ਉਪਰਾਲੇ ਲਾਜ਼ਮੀ ਹਨ।

## ਸ਼੍ਰੋਮਣੀ ਕਮੇਟੀ ਅਮਰੀਕਾ ਵਿਚ ਉਸਾਰੇਗੀ ਗੁਰੂ ਗ੍ਰੰਥ ਸਾਹਿਬ ਭਵਨ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕਾ ਵਿਚ ਸਥਾਪਤ ਕੀਤੇ ਜਾ ਰਹੇ ਸਿੱਖ ਮਿਸ਼ਨ ਕੇਂਦਰ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਸਥਾਪਤ ਕੀਤਾ ਜਾਵੇਗਾ, ਜਿਥੋਂ ਅਮਰੀਕਾ ਤੇ ਕੈਨੇਡਾ ਵਿਚ ਸੜਕ ਮਾਰਗ ਰਾਹੀਂ ਸਿੱਖ ਸੰਗਤ ਤੇ ਗੁਰੂ ਘਰਾਂ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਅਦਬ ਸਤਿਕਾਰ ਨਾਲ ਭੇਜੇ ਜਾਣਗੇ। ਅਮਰੀਕਾ ਤੇ ਕੈਨੇਡਾ ਦੀ ਸਿੱਖ ਸੰਗਤ ਦੀ ਮੰਗ ਅਨੁਸਾਰ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵੀ ਬਣਾਇਆ ਜਾਵੇਗਾ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ, ਗੁਰਮਤਿ ਸਾਹਿਤ, ਗੁਟਕੇ, ਪੋਥੀਆਂ, ਸੈਂਚੀਆਂ ਆਦਿ ਰੱਖੇ ਜਾਣਗੇ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕਾ ਵਿਚ ਪਾਵਨ ਸਰੂਪਾਂ ਦੀ ਪ੍ਰਕਾਸ਼ਨਾ ਲਈ ਪ੍ਰਿੰਟਿੰਗ ਮਸ਼ੀਨ ਸਥਾਪਤ ਕਰਨ ਦੀ ਵੀ ਯੋਜਨਾ ਹੈ ਪਰ ਫਿਲਹਾਲ ਇਸ ਯੋਜਨਾ ਨੂੰ ਅੱਗੇ ਪਾ ਦਿੱਤਾ ਗਿਆ ਹੈ ਤੇ ਹਾਲ ਦੀ ਘੜੀ ਪਾਵਨ ਸਰੂਪ ਤੇ ਹੋਰ ਸਭ ਕੁਝ ਭਾਰਤ ਤੋਂ ਹੀ ਭੇਜਣ ਦੀ ਯੋਜਨਾ ਹੈ।

# ਭੋਲਾ ਤੇ ਚਾਹਲ ਖਿਲਾਫ ਹੇਠਲੀਆਂ ਅਦਾਲਤਾਂ 'ਚ ਸੁਣਵਾਈ 'ਤੇ ਰੋਕ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਇਕਹਿਰੇ ਬੈਂਚ ਵੱਲੋਂ ਨਸ਼ਾ ਤਸਕਰ ਜਗਦੀਸ਼ ਭੋਲਾ ਤੇ ਜਗਜੀਤ ਚਾਹਲ ਖ਼ਿਲਾਫ਼ ਹੇਠਲੀਆਂ ਖ਼ਾਸਕਰ ਪੰਜਾਬ ਦੀਆਂ ਅਦਾਲਤਾਂ ਵਿਚ ਜਾਰੀ ਕੇਸਾਂ ਵਿਚ ਸੁਣਵਾਈ ਉੱਤੇ ਅਗਲੇ ਹੁਕਮਾਂ ਤੱਕ ਰੋਕ ਲਗਾ ਦਿੱਤੀ ਗਈ। ਜਸਟਿਸ ਕੇ. ਕਾਨਨ ਵੱਲੋਂ ਭੋਲਾ ਦੇ ਪਿਤਾ ਬਲਛਿੰਦਰ ਸਿੰਘ ਤੇ ਜਗਜੀਤ ਚਾਹਲ ਵੱਲੋਂ ਉਨ੍ਹਾਂ ਦੇ ਮਾਮਲੇ ਸੀ.ਬੀ.ਆਈ. ਨੂੰ ਸੌਂਪਣ ਹਿਤ ਦਾਇਰ ਪਟੀਸ਼ਨਾਂ ਉੱਤੇ ਇਹ ਅੰਤਰਿਮ ਹੁਕਮ ਜਾਰੀ ਕੀਤੇ ਹਨ।

ਇਸ ਬਾਰੇ ਪੰਜਾਬ ਸਰਕਾਰ ਵੱਲੋਂ ਡੀ.ਆਈ.ਜੀ. ਪ੍ਰਸ਼ਾਸਨ ਬਲਕਾਰ ਸਿੰਘ ਸਿੱਧੂ ਦੇ ਹਸਤਾਖਰਾਂ ਹੇਠ ਬੀਤੀ 21 ਅਕਤੂਬਰ ਨੂੰ ਹਾਈਕੋਰਟ ਵਿਚ ਅਰਜ਼ੀ ਦਾਇਰ ਕਰ ਮੰਗ ਕੀਤੀ ਜਾ ਚੁੱਕੀ ਹੈ ਕਿ ਅਜਿਹੇ ਇਕੋ ਜਿਹੇ ਅਪੀਲਾਂ ਵਾਲੇ ਸਾਰੇ ਕੇਸਾਂ ਨੂੰ ਇਕੱਠਾ ਕਰ ਹਾਈਕੋਰਟ ਵੱਲੋਂ ਸਵੈ-ਨੋਟਿਸ ਵਜੋਂ ਸੁਣੇ ਜਾ ਰਹੇ ਮੁੱਖ ਕੇਸ ਨਾਲ ਜੋੜ ਦਿੱਤਾ ਜਾਵੇ। ਇਸ ਬਾਰੇ ਪਟੀਸ਼ਨਰ ਧਿਰਾਂ ਖ਼ਾਸਕਰ ਭੋਲਾ ਦੇ ਪਿਤਾ ਵੱਲੋਂ ਪੇਸ਼ ਵਕੀਲ ਗੋਪਾਲ ਸਿੰਘ ਨਾਹੇਲ ਨੇ ਅਦਾਲਤ ਇਹ ਹਵਾਲਾ ਦਿੰਦਿਆਂ ਕਿ ਚਾਹਲ ਕੇਸ ਵਿਚ ਦੁਵੱਲੀ ਬਹਿਸ ਮੁਕੰਮਲ ਹੋ ਚੁੱਕੀ ਹੈ ਤੇ ਭੋਲਾ ਕੇਸ ਵਿਚ ਪਟੀਸ਼ਨਰ ਧਿਰ ਮੁਕੰਮਲ ਕਰ ਚੁੱਕਾ ਹੈ ਤੇ ਬਸ ਸਟੇਟ ਪੱਖ ਵੱਲੋਂ ਬਹਿਸ ਕਰਨੀ ਹੀ ਬਾਕੀ ਹੈ, ਇਸ ਸਟੇਜ 'ਤੇ ਇਨ੍ਹਾਂ ਨੂੰ ਕੇਸਾਂ ਨੂੰ ਦੂਜੇ ਕੇਸਾਂ ਜਾਂ ਕਿਸੇ ਮੁੱਖ ਕੇਸ ਨਾਲ ਇਕੱਠੇ ਕਰਨ ਦੀ ਮੰਗ ਕਰਨਾ ਸਹੀ ਨਹੀਂ ਹੈ। ਇਸ ਮੁੱਖ ਕੇਸ ਵਿਚ ਸਾਬਕਾ ਡੀ.ਜੀ.ਪੀ. ਜੇਲ੍ਹਾਂ ਸ਼ਸ਼ੀ ਕਾਂਤ, ਸਾਬਕਾ ਕਾਂਗਰਸੀ ਐਮ.ਪੀ. ਜਗਮੀਤ ਸਿੰਘ ਬਰਾੜ, ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਵਕੀਲ ਰਾਹੀਂ ਪਹਿਲਾਂ ਹੀ ਸ਼ਾਮਲ ਕੀਤਾ ਜਾ ਚੁੱਕਾ ਹੈ ਤੇ ਇਸਦੀ ਅਗਲੀ ਸੁਣਵਾਈ ਆਉਂਦੀ 27 ਨਵੰਬਰ ਨੂੰ ਹੈ।


ਰੇਡੀਓ ਚੰਨ ਪ੍ਰਦੇਸੀ

ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ

ਹੋਰ ਜਾਣਕਾਰੀ ਲਈ ਕਾਲ ਕਰੋ

ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991

ਸਰਵਣ ਸਿੰਘ ਟਿਵਾਣਾ, ਫੋਨ:219-670-4579

The Anu Attorney Immigration Law Firm

Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

Sistar Mortgage

Minimizing Cost, Maximizing Investment
www.SistarMortgage.com




Balbir (Bill) Grewal, Loan Officer
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
*Refinance up to 125% value of the house.*

*Loans Available In Most States!*

>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only

Happy Gurpurab to All!!!

*Want to Buy a House or TH or Apt ?*
*Call Now for your real estate needs!*



*Madan Khatri*


Call Madan Khatri 847-530-1550
www.PropertyZoo.com
Recognized as the 2013 Multi-Family Broker of the Year by the MORe* MLS Board Committee.
Top Producer at the office in 2011 & 2013
*****A Broker who can work with you from Beginning to End, Call Now!!!*****
Prudential at 25 Turner Ave, Elk Grove Village, IL

ਕਲਾ ਪਰਿਕਰਮਾ

# ਬਹਰੇਹ ਦੀ ਫੋਟੋਗ੍ਰਾਫੀ

***ਇਰਾਨੀ ਫੋਟੋਗ੍ਰਾਫਰ ਬਹਰੇਹ ਬਿਸ਼ੇਹ ਦੀ ਇਕ ਹੀ ਫੋਟੋ ਨੇ ਉਹਦੀ ਪਛਾਣ ਸੰਸਾਰ ਭਰ ਵਿਚ ਕਰਵਾ ਦਿੱਤੀ ਹੈ। ਇਹ ਫੋਟੋ ਪਹਿਲਾਂ ਬੇਨਾਮ ਹੀ ਘੁੰਮਦੀ ਰਹੀ, ਇਕ ਦਿਨ ਅਚਾਨਕ ਇਸ ਨਾਲ ਯਤੀਮਖਾਨੇ ਵਾਲਾ ਕਿੱਸਾ ਜੁੜ ਗਿਆ ਅਤੇ ਇਸ ਦੀ ਚਰਚਾ ਹੋਰ ਵੀ ਫੈਲ ਗਈ। ਉਹਦੀਆਂ ਹੋਰ ਫੋਟੋਆਂ ਵੀ ਇੰਨੀਆਂ ਹੀ ਜਾਨਦਾਰ ਤੇ ਧਿਆਨ ਖਿੱਚਣ ਵਾਲੀਆਂ ਹਨ। ਬਹਰੇਹ ਦੀ ਇਸ ਫੋਟੋ ਬਾਰੇ ਚਰਚਾ ਸਾਡੇ ਕਾਲਮਨਵੀਸ ਗੁਰਬਖਸ਼ ਸਿੰਘ ਸੋਢੀ ਨੇ ਕੀਤੀ ਹੈ। -ਸੰਪਾਦਕ***

ਬਹਰੇਹ ਬਿਸ਼ੇਹ ਦੀ ਮਾਂ ਵਾਲੀ ਇਹ ਫੋਟੋ 'ਪੰਜਾਬ ਟਾਈਮਜ਼' ਦੇ ਦਫਤਰ ਵਿਚ ਉਘੇ ਲੇਖਕ ਪ੍ਰੋ. ਹਰਪਾਲ ਸਿੰਘ ਪਨੂੰ ਦੀ ਮੇਲ ਰਾਹੀਂ ਆਈ ਸੀ। ਫੋਟੋ ਦੇ ਨਾਲ ਹੀ ਇਕ ਟਿੱਪਣੀ ਵੀ ਸੀ। ਸੱਚਮੁੱਚ ਇਹ ਫੋਟੋ ਅਤੇ ਇਸ ਦੇ ਨਾਲ ਲਿਖੀ ਇਬਾਰਤ ਜਾਨ ਕੱਢਣ ਵਾਲੀ ਸੀ। ਜਿਸ ਬੰਦੇ ਨੇ ਵੀ ਇਹ ਫੋਟੋ ਦੇਖੀ ਅਤੇ ਫਿਰ ਟਿੱਪਣੀ ਪੜ੍ਹੀ, ਉਹ ਇਸ ਫੋਟੋ ਦੇ ਕਰਤਾ ਦਾ ਕਾਇਲ ਹੋ ਗਿਆ। ਇਬਾਰਤ ਵਿਚ ਲਿਖਿਆ ਸੀ ਕਿ ਇਹ ਤਸਵੀਰ ਯਤੀਮਖਾਨੇ ਵਿਚ ਰਹਿੰਦੀ ਇਕ ਨੰਨ੍ਹੀ ਬੱਚੀ ਦੀ ਹੈ। ਮਾਂ ਲਈ ਉਹਦੀ ਤਾਂਘ ਨੇ ਤਸਵੀਰ ਨੂੰ ਦਰਦ ਨਾਲ ਲਬਾ-ਲਬ ਭਰ ਦਿੱਤਾ ਸੀ।



ਬਹਰੇਹ ਬਿਸ਼ੇਹ ਦੀ ਉਹ ਤਸਵੀਰ ਜਿਸ ਦੀ ਧੁੰਮ ਸੰਸਾਰ ਭਰ ਵਿਚ ਪਈ।

ਆਸੇ-ਪਾਸਿਉਂ ਕੋਸ਼ਿਸ਼ ਕੀਤੀ ਕਿ ਇਸ ਆਰਟਿਸਟ ਬਾਰੇ ਕੁਝ ਪਤਾ ਲੱਗ ਸਕੇ, ਜਾਂ ਉਸ ਯਤੀਮਖਾਨੇ ਬਾਰੇ ਹੀ ਕੁਝ ਪਤਾ ਲੱਗੇ ਜਿਥੋਂ ਦੀ ਇਹ ਤਸਵੀਰ ਹੈ। ਫਿਰ ਪਤਾ ਲੱਗਿਆ ਕਿ ਇਸ ਫੋਟੋ ਕਲਾਕਾਰ ਨੇ ਯਤੀਮਖਾਨੇ ਦਾ ਦੌਰਾ ਕੀਤਾ ਸੀ ਅਤੇ ਉਥੇ ਲਾਈ ਵਰਕਸ਼ਾਪ ਵਿਚ ਇਸ ਰਚਨਾ ਦੀ ਰਚਨਾ ਹੋਈ ਸੀ। ਹਰ ਪਾਸੇ ਟੱਕਰਾਂ ਮਾਰਨ ਦੇ ਬਾਵਜੂਦ ਕਿਸੇ ਪਾਸਿਉਂ ਇਸ ਤੋਂ ਵੱਧ ਕੁਝ ਵੀ ਪਤਾ ਨਾ ਲੱਗਿਆ। ਕਿਤੇ ਇਹ ਲਿਖਿਆ ਮਿਲਦਾ ਕਿ ਇਹ ਕੋਈ ਇਰਾਕੀ ਆਰਟਿਸਟ ਹੈ, ਕਿਤੋਂ ਸੂਹ ਮਿਲਦੀ ਕਿ ਇਹ ਫੋਟੋਗ੍ਰਾਫਰ ਇਰਾਨੀ ਕੁੜੀ ਹੈ।

ਆਖਰਕਾਰ ਫੇਸਬੁੱਕ 'ਤੇ ਇਸ ਕਲਾਕਾਰ ਬੀਬੀ ਦੀ ਸੂਹ ਪੈ ਗਈ। ਇਹ ਇਰਾਨ ਦੀ ਫੋਟੋਗ੍ਰਾਫਰ ਬਹਰੇਹ ਬਿਸ਼ੇਹ ਹੈ। ਕੁਝ ਹੀ ਸਮੇਂ ਵਿਚ ਉਹਦੀ ਇਹ ਤਸਵੀਰ ਸੰਸਾਰ ਭਰ ਵਿਚ ਛਾ ਗਈ ਸੀ। ਦਰਅਸਲ ਇਸ ਤਸਵੀਰ ਦੀ ਅਪੀਲ ਹੀ ਇੰਨੀ ਜ਼ਬਰਦਸਤ ਸੀ! ਖੈਰ, ਫਿਰ ਇਕ ਦਿਨ ਇਸ ਤਸਵੀਰ ਦੀ ਰਚਨਾਕਾਰ ਖੁਦ ਸਾਹਮਣੇ ਆਈ ਅਤੇ ਉਸ ਨੇ ਇਸ ਤਸਵੀਰ ਦਾ ਸੱਚ ਉਜਾਗਰ ਕੀਤਾ। ਉਹ ਇਸ ਤਸਵੀਰ ਬਾਰੇ ਸੰਸਾਰ ਭਰ ਵਿਚ ਹੋ ਰਹੀ ਚਰਚਾ ਤੋਂ ਹੈਰਾਨ ਵੀ ਸੀ ਅਤੇ ਖੁਸ਼ ਵੀ। ਉਸ ਨੇ ਬਾਕਾਇਦਾ ਦੱਸਿਆ ਕਿ ਇਹ ਤਸਵੀਰ ਕਿਸੇ ਯਤੀਮਖਾਨੇ ਵਿਚ ਵਰਕਸ਼ਾਪ ਦੌਰਾਨ ਨਹੀਂ ਸੀ ਖਿੱਚੀ ਗਈ; ਇਹ ਤਾਂ ਉਸ ਦੀ ਆਪਣੀ ਨੰਨ੍ਹੀ ਕਜ਼ਨ ਦੀ ਤਸਵੀਰ ਹੈ ਜਿਹੜੀ ਖੇਡਦੀ-ਖੇਡਦੀ ਆਪਣੇ ਘਰ ਦੇ ਬਾਹਰ ਸੜਕ ਉਤੇ ਹੀ ਸੌਂ ਗਈ ਸੀ। ਨੰਨ੍ਹੀ ਜਾਨ ਨੂੰ ਇਸ ਤਰ੍ਹਾਂ ਪਈ ਦੇਖ ਕੇ ਬਹਰੇਹ ਦੇ ਕਲਾਕਾਰ ਮਨ ਨੇ ਉਡਾਣ ਭਰੀ, ਉਹ ਝੱਟ ਅੰਦਰੋਂ ਕੁਰਸੀ ਲੈ ਆਈ ਅਤੇ ਉਸ ਉਤੇ ਚੜ੍ਹ ਕੇ ਇਹ ਤਸਵੀਰ ਖਿੱਚ ਲਈ। ਬਾਅਦ ਵਿਚ ਉਸ ਨੇ ਖੁਦ ਆਪਣੀ ਖਿੱਚੀ ਇਹ ਤਸਵੀਰ ਦੇਖੀ, ਤਾਂ ਦੰਗ ਹੀ ਰਹਿ ਗਈ। ਉਹਨੇ ਇਸ ਤਸਵੀਰ 'ਤੇ ਕੰਮ ਕਰਨਾ ਅਰੰਭ ਕਰ ਦਿੱਤਾ। ਉਹਨੇ ਇਸ ਤਸਵੀਰ ਦੁਆਲੇ ਕਈ ਤਰ੍ਹਾਂ ਦੇ ਸਕੈੱਚ ਬਣਾਏ। ਇਸ ਸਾਰੇ ਸਕੈੱਚ ਅਤੇ ਹੋਰ ਫੋਟੋਆਂ www.flickr.com/photos/khatt-khatti ਉਤੇ ਦੇਖੇ ਜਾ ਸਕਦੇ ਹਨ।

ਬਹਰੇਹ ਬਿਸ਼ੇਹ ਨੂੰ ਦੁੱਖ ਹੈ ਕਿ ਉਹਦੀ ਇਸ ਤਸਵੀਰ ਬਾਰੇ ਪਹਿਲਾਂ-ਪਹਿਲ ਹੋਈ ਟਿੱਪਣੀ ਨਾਲ ਗੱਲ ਕਿਥੋਂ ਦੀ ਕਿਥੇ ਤੱਕ ਪਹੁੰਚ ਗਈ, ਪਰ ਉਸ ਨੂੰ ਖੁਸ਼ੀ ਵੀ ਹੈ ਕਿ ਉਸ ਦੀ ਇਸ ਰਚਨਾ ਦੀ ਇੰਨੀ ਪ੍ਰਸ਼ੰਸਾ ਹੋਈ ਹੈ। ਤਸਵੀਰ ਦੇ ਪ੍ਰਚਾਰ ਬਾਰੇ ਉਹ ਇੰਨਾ ਹੀ ਆਖਦੀ ਹੈ ਕਿ ਉਹਦੀ ਇਸ ਤਸਵੀਰ ਨਾਲ ਉਸ ਨੂੰ ਕਲਾ ਦੇ ਅੰਬਰ ਉਤੇ ਇੰਨੀ ਉਚੀ ਉਡਾਣ ਭਰਨ ਦਾ ਮੌਕਾ ਮਿਲਿਆ ਹੈ, ਇਹ ਸਭ ਤਸਵੀਰ ਉਤੇ ਤਜਰਬਾ ਕਰਨ ਹੀ ਸੰਭਵ ਹੋ ਸਕਿਆ ਹੈ। ਫੋਟੋਗ੍ਰਾਫੀ ਵਿਚ ਕੀਤੇ ਇਸ ਤਜਰਬੇ ਨੂੰ ਉਹ ਆਪਣੀ ਫੋਟੋਗ੍ਰਾਫੀ ਦਾ ਸਟਾਈਲ ਆਖਦੀ ਹੈ।

***-ਗੁਰਬਖਸ਼ ਸਿੰਘ ਸੋਢੀ***







ਬਹਰੇਹ ਬਿਸ਼ੇਹ ਦੀਆਂ ਕੁਝ ਹੋਰ ਤਸਵੀਰਾਂ।

# ਆਖ ਤਸਵੀਰਾਂ ਬੋਲਦੀਆਂ

**ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਨਵੰਬਰ 2014 ਹੈ। -ਸੰਪਾਦਕ**

## ਕੈਪਸ਼ਨ ਮੁਕਾਬਲਾ-142



*ਚਾਹੀਏ ਠੋਰ ਕੇ ਦੇਖਣੇ ਘੜੇ ਦੋਵੇਂ*
*ਖਾਇਓ ਧੋਖਾ ਨਾ ਦੇਖ ਕੇ 'ਲਾਲ' ਯਾਰੋ।*
*ਕੰਢੇ ਝਨਾਂ ਦੇ ਐਸਾ ਹੀ ਰੱਖਿਆ ਸੀ*
*ਜੋ ਸੀ ਬਣ ਗਿਆ ਸੋਹਣੀ ਦਾ ਕਾਲ ਯਾਰੋ।*

## ਕੈਪਸ਼ਨ ਮੁਕਾਬਲਾ-140



ਸ਼ਰਾਰਤੀ ਬੱਚਿਆਂ ਰਲ ਸਾਈਕਲ ਦਾ
ਬੰਬੂ ਕਾਟ ਬਣਾਇਆ।
ਆ ਜਾਓ ਬਈ ਚੜ੍ਹ ਜਾਓ ਸਾਰੇ
ਕੋਈ ਲੱਗਦਾ ਨਹੀਂ ਕਿਰਾਇਆ।
ਪਿਓ ਦੀਆਂ ਗਾਲਾਂ ਘਿਓ ਦੀਆਂ ਨਾਲਾਂ
ਬਾਅਦ 'ਚ ਆਪਾਂ ਖਾ ਲਾਂਗੇ।
ਪਹਿਲਾਂ ਚੜ੍ਹ ਫੋਟੋ ਖਿਚਵਾਈਏ
ਫਿਰ ਝੂਠੀ-ਮੂਠੀ ਪਛਤਾਅ ਲਾਂਗੇ।
***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***
***ਫੋਨ: 408-912-3438***

---

ਸਾਈਕਲ ਮਸਾਂ ਅੜਿਕੇ ਆਇਆ
ਮਰਜ਼ੀ ਅੱਜ ਪੁਗਾਵਾਂਗੇ।
ਛੇ-ਛੇ ਜਣੇ ਚੜ੍ਹ ਕੇ ਉਤੇ
ਇਹਨੂੰ ਵੀ ਪਰਤਿਆਵਾਂਗੇ।
ਹਰ ਇੱਕ ਕੋਲੋਂ ਲੰਘਣ ਲੱਗਿਆਂ
ਟਾਟਾ ਬਾਏ ਬੁਲਾਵਾਂਗੇ।
ਪਿੱਛੋਂ ਚਾਹੇ ਛਿੱਤਰ ਖੜਕਣ
ਕੇਰਾਂ ਮਨ ਪਰਚਾਵਾਂਗੇ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਭਾਵੇਂ ਤਿੰਨ ਬੈਠਣ ਉਤੇ ਲੱਗੀ ਪਾਬੰਦੀ
ਪਰ ਸਾਡੇ ਉਪਰ ਇਹ ਲਾਗੂ ਨਹੀਂ ਹੁੰਦੀ।
ਫਿਕਰ ਕੋਈ ਨਹੀਂ ਸਾਨੂੰ ਕੰਮ-ਕਾਰ ਦਾ
ਇਹ ਬਚਪਨ ਪਿਆਰਾ।
ਸਾਈਕਲ ਦਾ ਬਣਾ ਲਿਆ ਗੱਡਾ
ਲਈਏ ਖੂਬ ਨਜ਼ਾਰਾ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਬਾਪੂ ਸਿਰ ਅਸਾਂ ਮੌਜਾਂ ਕਰੀਆਂ
ਜੋ ਮਨ ਆਈਆਂ, ਸਭ ਕਰੀਆਂ।
ਬਾਪੂ 'ਤੇ ਵੀ ਹੁਕਮ ਚਲਾਇਆ
ਪਰ ਉਸ ਰਤਾ ਨਾ ਨੱਕ ਚੜ੍ਹਾਇਆ।
ਹੁਣ ਬਾਪੂ ਦੇ ਸਾਈਕਲ ਨੂੰ
ਮਿਲ ਕੇ ਅਸਾਂ ਜਹਾਜ਼ ਬਣਾਇਆ।
***-ਜਸਦੀਪ ਸਿੰਘ ਖੰਨਾ***
***ਫੋਨ: 91-94630-57786***

---

ਬਚਪਨ ਵੇਲੇ ਦੀ ਚੇਤੇ ਰਹਿੰਦੀ
ਸਾਈਕਲ ਵਾਲੀ ਸਵਾਰੀ ਜੀ।
ਮੁੰਡਿਆਂ 'ਕੱਠੇ ਹੋ ਸਾਈਕਲ ਦੀ
ਬਣਾ ਲਈ ਸਰਕਾਰੀ ਲਾਰੀ ਜੀ।
***-ਹਰਮੀਕ ਸਿੰਘ ਵਿੱਕੀ***
***ਸਟਾਕਟਨ, ਕੈਲੀਫੋਰਨੀਆ।***

---

ਫੋਟੋ ਦੇਖ ਕੇ ਬਚਪਨ ਯਾਦ ਆਇਆ
ਸੱਟਾਂ ਮਾਰੀਆਂ, ਸੱਟਾਂ ਖਾਧੀਆਂ
ਚੇਨ ਵਿਚ ਹੱਥ ਫਸਣਾ ਯਾਦ ਆਇਆ।
ਸਾਈਕਲ ਹੀ ਸ਼ਾਹੀ ਸਵਾਰੀ ਹੁੰਦਾ ਸੀ
ਹਰ ਬੇਲੀ, ਹਰ ਆਪਣਾ ਯਾਦ ਆਇਆ।
***-ਇੰਦਰਜੀਤ ਮੰਗਾ***
***ਪਿਟਸਬਰਗ, ਕੈਲੀਫੋਰਨੀਆ।***

# ਮਾਈ ਮੋਹਣੋ ਨਾਲ ਸੰਗੀਤਕ ਰੰਗ-ਮੰਚ




ਐਸ. ਅਸ਼ੋਕ ਭੌਰਾ

ਰੱਬ ਕਰ ਕੇ ਇੱਦਾਂ ਦੇ ਹਾਲਾਤ ਨਾ ਬਣਨ... ਜਿਨ੍ਹਾਂ ਦੇ ਇੱਦਾਂ ਦੇ ਹਾਲਾਤ ਬਣੇ ਹੋਏ ਹਨ, ਉਨ੍ਹਾਂ ਕੋਲ ਬਿੰਦ ਕੁ ਬਹਿ ਕੇ ਤਾਂ ਵੇਖੋ, ਕਹਿੰਦੇ ਕੀ ਹਨ? ਇਨ੍ਹਾਂ ਹਾਲਾਤ ਦਾ ਭੇਤ ਇਹ ਹੈ ਕਿ ਜਦੋਂ ਮੌਤ ਦਾ ਪਲੜਾ ਭਾਰੀ ਹੋ ਜਾਵੇ, ਜ਼ਿੰਦਗੀ ਤੋਂ ਡਰ ਆਉਣ ਲੱਗ ਪਵੇ, ਤਾਂ ਚੰਗਾ-ਭਲਾ ਬੰਦਾ ਵੀ ਇਹ ਕਹਿਣ ਲੱਗ ਪੈਂਦਾ ਹੈ, 'ਡਾਢਿਆ! ਚੁੱਕ ਲੈ ਹੁਣ', ਜਾਂ ਘਰਦੇ ਵੀ ਹੱਥ ਜੋੜਦੇ ਹਨ, 'ਹੁਣ ਪਰਦੇ ਢਕਦੇ ਇਹਦੇ।' ਇਸੇ ਕਰ ਕੇ ਦੁਨੀਆਂ ਦੀ ਬਹੁ-ਗਿਣਤੀ ਚਾਹੁੰਦੀ ਹੈ, 'ਹੇ ਰੱਬਾ! ਜਾਨ ਕੱਢਣ ਤੋਂ ਤਾਂ ਤੂੰ ਹਟਣਾ ਨਹੀਂ, ਚੰਗਾ ਹੈ ਕਿ ਇਹ ਸੁੱਤਿਆਂ ਪਿਆਂ ਦੀ ਹੀ ਕੱਢ ਲੈ।' ਪੰਜਾਬੀ ਗਾਇਨ ਵਿਚ ਜੱਗ ਮੋਹਣ ਵਾਲੀ ਜਗਮੋਹਣ ਕੌਰ ਦੀਆਂ ਆਖਰੀ ਘੜੀਆਂ ਉਨੀਆਂ ਹੀ ਔਖੀਆਂ ਲੰਘੀਆਂ, ਜਿੰਨੀ ਜ਼ਿੰਦਗੀ ਭਰ ਉਹਨੇ ਸੁਖਾਲਾ ਵਕਤ ਤੇ ਸ਼ੋਹਰਤ ਦਾ ਸਿਖ਼ਰ ਵੇਖਿਆ। ਡਾਕਟਰਾਂ ਦੀਆਂ ਦੁਹਾਈਆਂ ਸਾਰੇ ਸੁਣ ਰਹੇ ਹਨ ਕਿ ਸ਼ੂਗਰ ਦੀ ਬਿਮਾਰੀ ਸਰੀਰ ਨਿਗਲ ਲੈਂਦੀ ਹੈ ਤੇ ਜਿਹੜਾ ਅੱਜ ਦੇ ਯੁੱਗ ਵਿਚ ਇਸ ਅਲਾਮਤ ਤੋਂ ਬਚਿਆ ਹੋਇਆ, ਸਮਝੋ ਡਾਢਾ ਉਹਦੇ 'ਤੇ ਪੂਰਾ ਦਿਆਲ ਹੈ, ਪਰ ਦੁੱਖ ਰਹੇਗਾ ਕਿ ਇਸ ਸ਼ੂਗਰ ਨੇ ਮਰਦਾਂ ਵਰਗੀ ਜਗਮੋਹਣ ਕੌਰ ਸੱਚੀਂ ਸਾਰੀ ਦੀ ਸਾਰੀ ਖਾ ਲਈ। ਇਸ ਤੋਂ ਵੱਡਾ ਉਲਾਂਭਾ, ਕਿ ਸਾਹ ਬੜਾ ਔਖਾ ਨਿਕਲਿਆ ਤੇ ਚੰਡੀਗੜ੍ਹ ਜਦੋਂ ਉਹਦੀ ਮੌਤ ਨੂੰ ਡਾਕਟਰਾਂ ਨੇ ਤਸਦੀਕ ਕੀਤਾ, ਤਾਂ ਸ਼ਬਦ ਇਹ ਸਨ- 'ਮਾਈ ਮੋਹਣੋ ਨੋ ਮੋਰ।'

ਸਿਆਣੇ ਕਹਿੰਦੇ ਨੇ ਕਿ ਮਰਨ ਵੇਲੇ ਜਦੋਂ ਜਮਦੂਤ ਸਿਰਹਾਣੇ ਆ ਖੜ੍ਹੇ ਹੋਣ ਤਾਂ ਝੂਠ ਸ਼ਾਇਦ ਕੋਈ ਵੀ ਨਾ ਬੋਲਦਾ ਹੋਵੇ। ਜਗਮੋਹਣ ਕੌਰ ਮਰਨ ਤੋਂ ਦੋ ਕੁ ਦਿਨ ਪਹਿਲਾਂ ਚੁੱਪ ਹੋ ਗਈ ਸੀ, ਤੇ ਚੁੱਪ ਹੋਣ ਤੋਂ ਪਹਿਲਾਂ ਸ਼ਾਇਦ ਅਸਪਸ਼ਟ ਸ਼ਬਦਾਂ ਵਿਚ ਉਹ ਇਹ ਕਹਿ ਗਈ ਸੀ- 'ਰੱਬ ਨੇ ਭੁਲੇਖੇ ਨਾਲ ਉਸ ਨੂੰ ਔਰਤ ਬਣਾ ਦਿੱਤਾ ਹੋਵੇਗਾ, ਕਿਉਂਕਿ ਉਸ ਨੇ ਸਾਰੀ ਉਮਰ ਮਰਦਾਂ ਵਾਂਗ ਕੱਟੀ ਹੈ।' ਇਸੇ ਕਾਰਨ ਕੇ. ਦੀਪ ਕਹਿੰਦਾ ਰਿਹਾ ਕਿ ਦੁਨੀਆਂ ਲਈ ਭਾਵੇਂ ਅਸੀਂ ਮੀਆਂ-ਬੀਵੀ ਹੋਈਏ, ਪਰ ਅਸੀਂ ਇਕੋ ਘਰ ਵਿਚ ਦੋ ਮਰਦ ਉਮਰ ਭਰ ਇਕੱਠੇ ਰਹੇ ਹਾਂ, ਤੇ ਹੁੰਦਾ ਕਈ ਵਾਰ ਇਹ ਵੀ ਰਿਹਾ ਹੈ ਕਿ ਉਹ ਪਤੀ, ਮੈਂ ਪਤਨੀ ਬਣਦਾ ਰਿਹਾ। ਹਾਲੇ ਵੀ ਕਿਤੇ ਘੁੱਟ ਦੇ ਸਰੂਰ ਵਿਚ ਦੇਖਿਓ...ਉਹ ਰੋਂਦਾ ਹੋਇਆ ਅੱਖਾਂ ਪੂੰਝ ਕੇ ਕਹੇਗਾ, 'ਮੇਰੀ ਪਤਨੀ ਨਹੀਂ, ਮੇਰੀ ਮਾਈ ਮੋਹਣੋ ਚਲੇ ਗਈ ਹੈ।' ਊਂ ਉਹ ਲੱਖ ਪਰਦੇ ਰੱਖੇ, ਪਰ ਸੱਚ ਇਹ ਹੈ ਕਿ ਹੁਣ ਕੇ. ਦੀਪ ਜੀਅ ਨਹੀਂ ਰਿਹਾ, ਦਿਨ ਕਟੀ ਕਰ ਰਿਹਾ ਹੈ, ਤੇ ਕਈ ਵਾਰ ਉਹਨੂੰ ਪੀ ਕੇ ਸਾਰੇ ਦੇ ਸਾਰੇ ਨੂੰ ਇਸ ਹੱਦ ਤੱਕ ਉਖੜਿਆ ਵੇਖਿਆ ਹੈ ਕਿ ਉਹਨੂੰ ਯਾਦ ਹੀ ਨਹੀਂ ਰਹਿੰਦਾ ਕਿ ਉਹ ਕਿੱਥੇ ਬੈਠਾ ਹੈ, ਤੇ ਉਹ ਮੂੰਹੋਂ ਗਾਲ੍ਹਾਂ ਵੀ ਉਗਲ ਦਿੰਦਾ ਹੈ।

ਮੈਂ ਆਪਣੇ ਸਮਕਾਲੀ ਸਮੇਂ ਵਿਚ ਜਿਸ ਗਾਇਕਾ ਨਾਲ ਸਭ ਤੋਂ ਘੱਟ ਵਿਚਰਿਆ ਹਾਂ, ਉਹ ਜਗਮੋਹਣ ਕੌਰ ਹੀ ਹੈ; ਪਰ ਜਿਸ ਰੰਗ ਨਾਲ ਵਿਚਰਿਆ ਹਾਂ, ਉਹ ਗਾਇਨ ਦਾ ਪੂਰਾ ਇਤਿਹਾਸ ਹੈ। ਘੱਟ ਵਿਚਰਨ ਦਾ ਬਹੁਤਾ ਕਾਰਨ ਇਹ ਵੀ ਸੀ ਕਿ ਉਹ ਉਨ੍ਹਾਂ ਗਾਇਕਾਵਾਂ ਵਿਚੋਂ ਸੀ, ਜਿਨ੍ਹਾਂ ਨੂੰ ਮੀਡੀਆ ਨਾਲ ਲਗਾਓ ਤਾਂ ਸੀ, ਪਰ ਲੋੜ ਘੱਟ ਸੀ। ਉਹ ਅਖ਼ਬਾਰਾਂ ਦੀ ਚਕਾਚੌਂਧ ਦੁਨੀਆਂ ਤੋਂ ਪਰ੍ਹੇ ਰਹਿਣਾ ਚਾਹੁੰਦੀ ਸੀ। 1988 ਦੇ ਕਰੀਬ ਜਦੋਂ ਮੈਂ ਉਹਨੂੰ ਜਸਵੰਤ ਸੰਦੀਲੇ ਨਾਲ ਪਹਿਲੀ ਵਾਰ ਮਿਲਿਆ ਤਾਂ ਮੇਲ-ਮਿਲਾਪ ਦਾ ਕੇਂਦਰ ਨਰਿੰਦਰ ਬੀਬਾ ਦਾ ਘਰ ਸੀ, ਲੁਧਿਆਣੇ ਦੇ ਬੱਸ ਅੱਡੇ ਪਿੱਛੇ ਪੈਂਦੀ ਪੀਲੀ ਕੋਠੀ; ਤੇ ਮੁਹੱਬਤ ਦਾ ਪਹਿਲਾ ਗਾਨਾ ਜਿਹੜਾ ਉਹਨੇ ਬੰਨ੍ਹਿਆ, ਉਹਦੇ ਸ਼ਬਦ ਸੁਣੋ, 'ਲਿਖਦਾ ਗਾਇਕਾਂ ਬਾਰੇ ਤੂੰ ਵੀ ਚੰਗਾ ਏਂ ਤੇ ਸ਼ਮਸ਼ੇਰ ਸੰਧੂ ਵੀ, ਪਰ ਉਹ ਬਿੱਲਾ ਸੁਨੱਖਾ ਬੜੈ। ਮਿਲਦਾ ਤਾਂ ਜਾਨ ਕੱਢ ਲੈਂਦਾ, ਤੇ ਮੈਨੂੰ ਲਗਦੈ...ਤੇਰੇ ਤਾਂ ਸਵੈਟਰ ਦੀ ਬੁਣਤੀ ਵੀ ਉਧੜੀ ਰਹਿੰਦੀ ਹੋਣੀ ਹੈ। ਤੇ ਚੱਲ ਆ, ਊਂ ਗਲੇ ਮਿਲ ਘੁੱਟ ਕੇ।' ਤੇ ਨਾਲ ਹੀ ਨਰਿੰਦਰ ਬੀਬਾ ਹੱਸ ਪਈ ਜਦੋਂ ਉਹ ਬੋਲੀ, 'ਤੇਰੇ ਲੱਕ ਜਿੱਡਾ ਤਾਂ ਮਾਈ ਮੋਹਣੋ ਦਾ ਪੱਟ ਹੋਊ। ਖਾਇਆ ਪੀਆ ਕਰ, ਛਲਾਰੂ ਜਿਹਾ ਲਗਦੈਂ।' ਸੱਚੀਂ...ਜੁਰਅਤ ਨਾਲ ਬੰਦਿਆਂ ਵਾਂਗ ਬੰਦਿਆਂ ਨੂੰ ਕੌੜਾ-ਫਿੱਕਾ ਸਾਹਮਣੇ ਬੋਲਣ ਦੀ ਆਦਤ ਹੋਰ ਮੈਂ ਵੀ ਤੀਹਾਂ ਸਾਲਾਂ ਵਿਚ ਕਿਸੇ ਗਾਇਕ ਅੰਦਰ ਨਹੀਂ ਦੇਖੀ, ਤੇ ਬਹੁਤੇ ਤਾਂ ਅਖਬਾਰਾਂ ਵਾਲਿਆਂ ਦੀ ਚਾਪਲੂਸੀ ਹੀ ਕਰਦੇ ਰਹੇ ਨੇ।

ਵਕਤ ਦੇ ਹਿਸਾਬ ਨਾਲ ਜਦੋਂ ਇੰਨਾ ਗਿਆਨ ਨਹੀਂ ਸੀ ਤਾਂ 'ਪੋਸਤੀ ਲੰਡਨ ਵਿਚ', 'ਪੋਸਤੀ ਕੈਨੇਡਾ ਵਿਚ', 'ਪੋਸਤੀ ਮੇਮਾਂ ਵਿਚ' ਵਰਗੇ ਐਲ.ਪੀ. ਰਿਕਾਰਡ ਸੁਣ ਕੇ ਮੈਂ ਵੀ ਸੋਚਦਾ ਹੁੰਦਾ ਸਾਂ ਕਿ ਸ਼ਾਇਦ ਇਹ ਸਭ ਕੁਝ ਜਹਾਜ਼ ਵਿਚ ਜਾਂ ਗੋਰੀਆਂ ਮੇਮਾਂ ਦਰਮਿਆਨ ਰਿਕਾਰਡ ਕੀਤਾ ਹੋਵੇਗਾ, ਪਰ ਹੁੰਦਾ ਇਹ ਸਭ ਦਿੱਲੀ ਦੇ ਐਚ.ਐਮ.ਵੀ. ਸਟੂਡੀਓ ਦਾ ਸੀ। ਇਨ੍ਹਾਂ ਨੂੰ ਰਿਕਾਰਡ ਕਰਨ ਵਾਲਾ ਇੰਜੀਨੀਅਰ ਦਾਦਾ ਪੂਰਾ ਬੁੱਢਾ ਹੋ ਗਿਐ, ਪਰ ਦਿੱਲੀ ਰਹਿੰਦੈ, ਤੇ ਹਾਲੇ ਠੀਕ-ਠਾਕ ਹੈ। ਚਰਨਜੀਤ ਆਹੂਜਾ ਤੋਂ ਪਤਾ ਲੈ ਕੇ ਮਿਲ ਕੇ ਵੇਖਿਓ...ਜਗਮੋਹਣ ਕੌਰ ਤੇ ਕੇ. ਦੀਪ ਦੀਆਂ ਉਹ ਕਹਾਣੀਆਂ ਸੁਣਾਏਗਾ ਕਿ ਪੰਜਾਬੀ ਗਾਇਨ ਦੇ ਇਕ ਯੁੱਗ ਦਾ ਪੂਰਾ ਸੁਆਦ ਆਊਗਾ। ਐਚ.ਐਮ.ਵੀ. ਦਾ ਧੜੱਲੇਦਾਰ ਤੇ ਕੁਰੱਖਤ ਮੈਨੇਜਰ ਜ਼ਹੀਰ ਅਹਿਮਦ ਹੁਣ ਭਾਵੇਂ ਨਹੀਂ ਰਿਹਾ, ਪਰ ਉਹਦੀ ਇਸ ਜੋੜੀ ਨਾਲ, ਜਾਂ ਮਾਈ ਮੋਹਣੋ ਨਾਲ ਇੰਨੀ ਨੇੜਤਾ ਕਿਉਂ ਸੀ, ਇਹਦੇ ਬਾਰੇ ਤਾਂ ਕੋਈ ਭੇਤ ਨਹੀਂ, ਪਰ ਹਕੀਕਤ ਇਹ ਹੈ ਕਿ ਜਗਮੋਹਣ ਦੀ ਚਲਦੀ ਬਹੁਤ ਸੀ। ਜੀਹਨੂੰ ਉਹ ਚਾਹੇ, ਰਿਕਾਰਡ ਕਰਾਵੇ; ਤੇ ਜੀਹਨੂੰ ਨਾ ਚਾਹਵੇ ਤਾਂ ਮਜਾਲ ਹੈ ਕਿ ਦਫ਼ਤਰ ਦੇ ਨੇੜੇ ਵੀ ਫਟਕੇ। ਉਹ ਆਪ ਦੱਸਦੀ ਹੁੰਦੀ ਸੀ ਕਿ ਸ਼ਰੀਕਿਆਂ ਵਾਲੇ ਦੇਵ ਦੇ ਕਹਿਣ 'ਤੇ ਕੁਲਦੀਪ ਮਾਣਕ ਨੂੰ 'ਨਾਲੇ ਬਾਬਾ ਲੱਸੀ ਪੀ ਗਿਆ' ਵਾਲੇ ਗੀਤ ਨਾਲ ਉਸ ਨੇ ਰਿਕਾਰਡ ਕਰਵਾਇਆ ਸੀ, ਤੇ ਲੋਕ ਗਾਥਾਵਾਂ ਵੀ ਉਸੇ ਨੇ। ਖ਼ੈਰ! ਇਹਦੇ ਬਾਰੇ ਤਾਂ ਮੈਨੂੰ ਪਤਾ ਨਹੀਂ, ਪਰ ਇਕ ਵਾਰ ਦੋਹਾਂ ਨੇ ਜ਼ਹੀਰ ਕੋਲ ਮੇਰੇ ਪੈਰ ਨਹੀਂ ਸਨ ਲੱਗਣ ਦਿੱਤੇ, ਹਾਲਾਂ ਕਿ ਮੈਂ ਕਿਹੜਾ ਗੀਤ ਭਰਵਾਉਣੇ ਸਨ।

ਹੋਇਆ ਇੱਦਾਂ ਕਿ ਮੁਹੰਮਦ ਸਦੀਕ ਤੇ ਰਣਜੀਤ ਕੌਰ ਦਾ ਦੂਜਾ ਅਖਾੜਾ, ਵੱਡੇ ਤਵੇ ਦੇ ਰੂਪ ਵਿਚ ਆ ਗਿਆ ਜੀਹਦੇ ਵਿਚ 'ਕਲਕੱਤਿਓਂ ਪੱਖੀ ਮੰਗਾ ਦੇ' ਅਤੇ 'ਨੀ ਘਰੇ ਸ਼ਰੀਕ ਜੰਮ ਪਿਆ, ਬਿੱਲੋ ਹੁਣ ਕੀ ਲਾਜ ਬਣਾਈਏ' ਵਾਲੇ ਗੀਤ ਸਨ। ਬਾਬੂ ਸਿੰਘ ਮਾਨ ਨੂੰ ਲੋਕਾਂ ਨੇ ਪਹਿਲੀ ਵਾਰ ਬੋਲਦਿਆਂ ਸੁਣਿਆ ਸੀ। ਨਿਆਣਬੁੱਧੀ ਕਰ ਕੇ ਮੈਨੂੰ ਲਗਦਾ ਸੀ ਕਿ ਸ਼ਾਇਦ ਇਹ ਸਟੇਜ ਦੀ ਰਿਕਾਰਡਿੰਗ ਹੈ ਪਰ ਚੀਕਾਂ, ਰੌਲਾ, ਤਾਲੀਆਂ ਸਭ ਦਾਦੇ ਇੰਜੀਨੀਅਰ ਦੀਆਂ ਮਸ਼ੀਨਾਂ ਹੀ ਪਾ ਰਹੀਆਂ ਸਨ। ਮੈਨੂੰ ਕੁਲਦੀਪ ਮਾਣਕ ਤੋਂ ਪਤਾ ਲੱਗਾ ਕਿ ਉਹਦੀ ਇਕ ਰਚਨਾ 'ਚੱਲ ਸੱਥ ਵਿਚ ਚੱਲ ਵਿਖਾਵਾਂ ਨੀ ਤੇਰਾ ਵੱਢਿਆ ਯਾਰ ਪਿਆ', ਐਚ.ਐਮ.ਵੀ. ਨਾਈਟ ਵਿਚ ਆ ਰਹੀ ਹੈ ਤੇ ਇਸ ਨਾਈਟ ਵਾਲੇ ਐਲ.ਪੀ. ਲਈ ਸਟੇਜ ਸੈਕਟਰੀ ਬਣਾਉਣਾ ਕਿਸੇ ਨੂੰ। ਹੁਣ ਇਹ ਭੇਤ ਵੀ ਖੋਲ੍ਹ ਦਿਆਂ ਕਿ ਅਨਜਾਣਪੁਣੇ ਵਿਚ ਜਿਵੇਂ ਮੈਂ 1984 ਵਿਚ ਭਾਜੀ ਬਰਜਿੰਦਰ ਸਿੰਘ ਤੋਂ ਬਾਅਦ 'ਪੰਜਾਬੀ ਟ੍ਰਿਬਿਊਨ' ਦੀ ਐਡੀਟਰੀ ਲਈ ਵੀ ਬੇਨਤੀ ਪੱਤਰ ਭੇਜ ਦਿੱਤਾ



*ਜਗਮੋਹਣ ਕੌਰ ਉਰਫ ਮਾਈ ਮੋਹਣੋ।*

ਸੀ, ਇਵੇਂ ਨਵਾਂ ਸ਼ਹਿਰ ਤੋਂ ਦਿੱਲੀ ਦਾ ਗਿਆਰਾਂ ਰੁਪਏ ਅੱਸੀ ਪੈਸੇ ਦਾ ਕਿਰਾਇਆ ਲਾ ਕੇ ਮੈਂ ਐਚ.ਐਮ.ਵੀ. ਦੇ ਦਫ਼ਤਰ ਚਲੇ ਗਿਆ। ਜ਼ਹੀਰ ਉਦੋਂ ਮਾੜਾ-ਮੋਟਾ ਹੀ ਜਾਣਦਾ ਸੀ। ਉਹ ਪੁੱਛਣ ਲੱਗਾ, 'ਕੈਸੇ ਆਏ ਹੋ?' ਮੈਨੂੰ ਨਹੀਂ ਪਤਾ ਸੀ ਕਿ ਕੇ. ਦੀਪ ਤੇ ਜਗਮੋਹਣ ਕੌਰ ਵੀ ਦਫ਼ਤਰ ਹੀ ਹਨ, ਤੇ ਜਦੋਂ ਮੈਂ ਐਚ.ਐਮ.ਵੀ. ਨਾਈਟ ਸੰਚਾਲਨ ਦੀ ਗੱਲ ਆਖੀ, ਤਾਂ ਉਹ ਗੁੱਸੇ ਵਿਚ ਲਾਲ ਹੋ ਕੇ ਬੋਲਿਆ, 'ਯਹ ਦਫ਼ਤਰ ਕਾ ਭੇਤ ਕਿਸ ਨੇ ਬਤਾਇਆ ਆਪ ਕੋ?' ਮੈਂ ਕਿਹਾ, 'ਜੀ ਕੁਲਦੀਪ ਮਾਣਕ ਨੇ।' ਜਦ ਨੂੰ ਅੰਦਰੋਂ ਜਗਮੋਹਣ ਨਿਕਲ ਆਈ। ਉਹਦੇ ਹਾਸੇ ਨਾਲ ਜ਼ਹੀਰ ਵੀ ਹੱਸ ਪਿਆ, ਜਦੋਂ ਉਹ ਕਹਿਣ ਲੱਗੀ, 'ਨਹਾ ਕੇ ਆਇਆਂ?' ਮੇਰੇ 'ਹਾਂ' ਕਹਿਣ 'ਤੇ ਟਿੱਚਰ ਵਿਚ ਜਿਹੜੀ ਕੁਪੱਤ ਹੋਈ, ਉਹਦੀ ਇਕ ਸਤਰ ਸੁਣੋ, 'ਕਾਕਾ ਤੈਨੂੰ ਤਾਂ ਹਾਲੇ ਦਾਈ ਨੇ ਵੀ ਨਹੀਂ ਨਹਾਇਆ, ਜਿੱਦਣ ਆਪ ਨਹਾ ਕੇ ਆਇਆ, ਗੱਲ ਕਰੀਂ। ਘਰ ਦੇ ਕੋਠੇ 'ਤੇ ਚੜ੍ਹ ਕੇ ਤਾਜ ਮਹੱਲ ਦੀ ਤਸਵੀਰ ਨਹੀਂ ਖਿੱਚ ਹੁੰਦੀ।' ਉਦੋਂ ਇਹ ਦੋਵੇਂ ਮੈਨੂੰ ਜਾਣਦੇ ਤਾਂ ਨਹੀਂ ਸਨ, ਪਰ ਮਗਰੋਂ ਸਟੇਜਾਂ ਤੋਂ, ਦੂਰਦਰਸ਼ਨ ਤੇ ਰੇਡੀਓ ਤੋਂ ਬੋਲਣ ਦਾ ਮੌਕਾ ਮੈਨੂੰ ਜਗਮੋਹਣ ਦੇ ਇਸ ਤਾਅਨੇ ਨੇ ਲੈ ਕੇ ਦਿੱਤਾ।

ਵਿਗਿਆਨ ਜਿੰਨਾ ਮਰਜ਼ੀ ਰੌਲਾ ਪਾਈ ਜਾਵੇ, ਪਰ ਬੁੱਧੀਜੀਵੀ ਲੋਕ ਇਹ ਕਹਿੰਦੇ ਹਨ ਕਿ ਜੇ ਕਲਾ ਦਾ ਵਿਕਾਸ ਨਾ ਹੋਇਆ ਤਾਂ ਮਨੁੱਖ ਦਾ ਵਿਕਾਸ ਰੁਕ ਜਾਵੇਗਾ। ਅੱਠਾਂ ਸਾਲਾਂ ਦੇ ਵਕਫੇ ਵਿਚ ਅਜਿਹਾ ਸਮਾਂ ਆਇਆ ਕਿ ਜਗਮੋਹਣ ਨਾਲ ਮੇਰੀ ਨੇੜਤਾ ਗੂੜ੍ਹੇ ਮਿੱਤਰਾਂ ਵਾਂਗ ਹੋ ਗਈ। ਉਹ ਘਰ ਵੀ ਆ ਜਾਂਦੀ। ਜਿਸ ਸਮਾਗਮ 'ਤੇ ਮੈਂ ਕਹਿੰਦਾ, ਚਾਈਂ-ਚਾਈਂ ਪੁੱਜਦੀ, ਪਰ ਉਹ ਆਖਦੀ ਹੁੰਦੀ ਸੀ ਕਿ ਨੱਚਣ ਤਾਂ ਸਾਰੇ ਲੱਗ ਪਏ ਹਨ, ਪਰ ਤਾਲ ਨਹੀਂ ਹੈ; ਗਾਉਣ ਬੜੇ ਲੋਕ ਲੱਗ ਪਏ ਨੇ, ਪਰ ਗਾਇਨ ਮਰ ਰਿਹਾ ਹੈ। ਭਾਵੁਕ ਹੋ ਕੇ ਉਹ ਕਈ ਵਾਰ ਆਪ ਹੀ ਮੂੰਹੋਂ ਕਹਿ ਦਿੰਦੀ ਸੀ, 'ਜਗਮੋਹਣ ਕੌਰ ਹੁਣ ਕਦੇ ਵੀ ਹੋਰ ਪੈਦਾ ਨਹੀਂ ਹੋਵੇਗੀ।' ਉਹ ਆਪਣੇ ਗੀਤਾਂ 'ਘੁੰਡ ਵਿਚ ਨਹੀਂ ਲੁਕਦੇ ਸੱਜਣਾਂ ਨੈਣ ਕੁਆਰੇ', 'ਘੜਾ ਵੱਜਦਾ ਘੜੋਲੀ ਵੱਜਦੀ', 'ਸ਼ਾਹਾਂ ਦਾ ਕਰਜ਼ ਬੁਰਾ', 'ਨੀ ਨਣਦੇ ਪੁਆੜੇ ਹੱਥੀਏ', 'ਚੰਨਾਂ 'ਚੋਂ ਚੰਨ ਗੁਜਰੀ ਦਾ ਚੰਨ', 'ਮੇਲੇ ਆਈਆ ਦੋ ਜੱਟੀਆਂ' ਦੀ ਗੱਲ ਕਰਦਿਆਂ ਠੋਕ ਕੇ ਕਹਿ ਦਿੰਦੀ ਸੀ, 'ਕਿਹੜੀ ਮਾਂ ਦੀ ਧੀ ਗਾਵੇਗੀ ਇੱਦਾਂ ਦੇ ਗੀਤ।' ਵਕਤ ਵਿਹਾਅ ਕੇ ਹੁਣ ਚੇਤਾ ਆਉਂਦਾ ਹੈ ਕਿ ਪੰਜਾਬੀ, ਗਾਇਨ ਦੀ ਕਿਸ ਪੂਜਾ ਦੇ ਪਿੱਛੇ ਪੈ ਗਏ ਹਨ ਤੇ ਸਮਾਜ ਦੀ 'ਔਰਤ ਨੂੰ ਜੁੱਤੀ ਸਮਝਣ ਦੀ ਧਾਰਨਾ' ਨੂੰ ਪ੍ਰੋ. ਮੋਹਨ ਸਿੰਘ ਨੇ 'ਮਾਂ ਵਰਗਾ ਘਣਛਾਂਵਾਂ ਬੂਟਾ' ਕਿਹਾ ਸੀ, ਉਸ ਨੂੰ ਅੱਜ ਦੇ ਗਵੱਈਏ ਫਿਰ ਆਪਣੇ ਬੂਟਾਂ ਨਾਲ ਤੋਲਣਗੇ। ਗੱਲ ਕਹਿਣ ਦਾ ਤਰਕ ਵੇਖੋ ਕਿ ਇਕ ਵਾਰ ਜਗਮੋਹਣ ਤੇ ਕੇ. ਦੀਪ ਦੇ ਦੋਗਾਣੇ 'ਮੇਰਾ ਬੜਾ ਕਰਾਰਾ ਪੂਦਨਾ' ਬਾਰੇ ਪਟਿਆਲੇ ਦੇ ਕਿਸੇ ਬੁੱਧੀਜੀਵੀ ਨੇ ਤਿੱਖੀ ਟੀਕਾ-ਟਿੱਪਣੀ ਕਰ ਦਿੱਤੀ। ਕੁਝ ਦਿਨਾਂ ਬਾਅਦ ਉਹਦਾ ਨਾਭੇ ਪ੍ਰੋਗਰਾਮ ਸੀ। ਉਹੀ ਬੁੱਧੀਜੀਵੀ ਸਾਹਮਣੇ ਬੈਠਾ ਉਹਨੇ ਦੇਖ ਲਿਆ। ਉਹਨੂੰ ਭਰੇ ਇਕੱਠ ਵਿਚ ਕਹਿਣ ਲੱਗੀ, 'ਜ਼ਰਾ ਖੜ੍ਹਾ ਹੋ ਕੇ ਦਰਸ਼ਨ ਦੇਈਂ...ਲਓ ਆਹ ਭੱਦਰ ਪੁਰਸ਼...ਅਖੇ, ਜਗਮੋਹਣ ਨੇ ਕਰਾਰੇ ਪੂਦਨੇ 'ਚ ਗਾਲ੍ਹਾਂ ਕੱਢੀਆਂ...ਪਰ ਇਹਨੂੰ ਕੀ ਪਤਾ ਕਿ ਛੰਦ ਤੇ ਸਿੱਠਣੀਆਂ ਕੀ ਹੁੰਦੇ ਨੇ, ਕਿਉਂਕਿ ਇਹਦਾ ਵਿਆਹ ਤਾਂ ਹੋਇਆ ਨ੍ਹੀਂ; ਤੀਵੀਂ ਭਜਾ ਕੇ ਲਿਆਇਐ।' ਤੇ ਉਹ ਵਿਚਾਰਾ ਬਾਕੀ ਦਾ ਪ੍ਰੋਗਰਾਮ ਬਿਨਾਂ ਸੁਣੇ ਹੀ ਉਠ ਕੇ ਚਲਾ ਗਿਆ। ਹਾਂ! ਇੰਨਾ ਜ਼ਰੂਰ ਹੈ ਕਿ ਨੂਰਪੁਰ ਬੇਦੀ ਇਕ ਪ੍ਰੋਗਰਾਮ 'ਤੇ ਉਹ ਦੋਵੇਂ ਜਣੇ ਜਦੋਂ ਇਹੋ ਗੀਤ ਗਾਉਣ ਲੱਗੇ ਤਾਂ ਗੁੱਸੇ-ਰਾਜ਼ੀ ਹੋਣ ਕਰ ਕੇ ਕੇ. ਦੀਪ ਆਪਣਾ ਅੰਤਰਾ ਜਦੋਂ ਗਾਉਣ ਲਈ ਨਾ ਆਇਆ, ਤਾਂ ਕਾਲਰ ਤੋਂ ਫੜ ਕੇ ਬੋਲੀ, 'ਭੈ... ਕੰਜ... ਗਾ ਹੁਣ। ਹੁਣ ਕੱਢੂੰ ਗਾਲ੍ਹਾਂ।'

1993 ਵਿਚ ਪਤਾ ਨਹੀਂ ਜੱਸੋਵਾਲ ਨੂੰ ਕੀ ਹੋਇਆ, ਪ੍ਰੋ. ਮੋਹਨ ਸਿੰਘ ਮੇਲਾ ਉਹ ਪੰਜਾਬੀ ਭਵਨ ਤੋਂ ਕੱਢ ਕੇ ਪੱਖੋਵਾਲ ਰੋਡ 'ਤੇ ਨਹਿਰ ਕਿਨਾਰੇ ਲੈ ਗਿਆ। ਮੇਲੇ ਦੀ ਹਾਲਤ ਪਤਲੀ ਹੋਣ ਪਿੱਛੇ ਜੱਸੋਵਾਲ ਇਸ ਗਲਤੀ ਨੂੰ ਤਾਂ ਸਵੀਕਾਰਦਾ ਹੈ, ਪਰ ਇਸ ਪਹਿਲੇ ਬਾਹਰ ਲੱਗਣ ਵਾਲੇ ਘਟਨਾਕ੍ਰਮ ਦੀ ਯਾਦ ਸ਼ਾਇਦ ਮੈਨੂੰ ਕਦੇ ਵੀ ਨਾ ਭੁੱਲੇ। ਇਸ ਸਾਲ ਉਹਦਾ ਸਨਮਾਨ ਰੱਖਿਆ ਗਿਆ ਸੀ, ਤਾਂ ਕੇ. ਦੀਪ ਨਾਲ ਕੁਝ ਖਿੱਚੋਤਾਣ ਸੀ। ਪਹਿਲੇ ਦਿਨ 19 ਅਕਤੂਬਰ ਨੂੰ ਉਹ ਮੈਨੂੰ ਹਰਭਜਨ ਮਾਨ ਨਾਲ ਸਟੇਜ ਦੇ ਪਿੱਛੇ ਮਿਲੀ। ਪੁੱਛਣ ਲੱਗੀ, 'ਅਸ਼ੋਕ, ਸ਼ਾਮ ਦਾ ਕੀ ਪ੍ਰੋਗਰਾਮ ਹੈ?' ਮੈਂ ਕਿਹਾ, 'ਹਰਭਜਨ ਬਾਜਵੇ ਹੋਰਾਂ ਨਾਲ ਐਗਰੀਕਲਚਰ ਯੂਨੀਵਰਸਿਟੀ ਦੇ ਗੈਸਟ ਹਾਊਸ 'ਚ ਠਹਿਰਾਂਗੇ।' ਗੱਲ ਅੱਗੇ ਤੋਰਦਿਆਂ ਕਹਿਣ ਲੱਗੀ, 'ਅੱਗ ਲਾ ਬਾਜਵੇ ਨੂੰ, ਉਹਨੇ ਕੈਮਰਾ ਚੁੱਕੀ ਫਿਰਨਾ ਫੋਟੋ ਖਿੱਚਣ ਨੂੰ। ਨਾ ਘੁੱਟ ਲਾਉਣੀ, ਨਾ ਲਗਦੀ ਦੇਖਣੀ। ਤੂੰ ਆ ਜੀਂ ਘਰ।' ਮੈਂ 'ਹਾਂ' ਕਰ ਦਿੱਤੀ। ਪੱਖੋਵਾਲ ਰੋਡ 'ਤੇ ਹੀ ਉਹ ਪੰਜਾਬ ਮਾਤਾ ਨਗਰ 'ਚ ਰਹਿੰਦੀ ਸੀ।

ਅਸੀਂ ਦੋ ਜਣੇ ਅੱਠ ਕੁ ਵਜੇ ਉਹਦੇ ਘਰੇ ਚਲੇ ਗਏ। ਸਾਨੂੰ ਬਾਹਰ ਵਿਹੜੇ ਵਿਚ ਲੱਗੀਆਂ ਕੁਰਸੀਆਂ 'ਤੇ ਇਕ ਕੁੜੀ ਬਿਠਾ ਗਈ। ਅਸੀਂ ਉਹਦੇ ਹੱਥ ਹੀ ਸੁਨੇਹਾ ਘੱਲ ਦਿੱਤਾ, 'ਦੱਸ ਦਈਂ, ਬਾਹਰ ਅਸ਼ੋਕ ਹੋਰੀਂ ਦੋ ਜਣੇ ਨੇ।'

ਦੁੱਖ ਇਹ ਲੱਗਾ ਕਿ ਉਹ ਆਪ ਆਈ ਹੀ ਨਾ। ਦੋ ਵਾਰ ਦੋ ਪੈਗ ਬਣ ਕੇ ਆ ਗਏ, ਨਾਲ ਲੂਣ ਵਾਲਾ ਕੱਚਾ ਪਨੀਰ। ਮੈਨੂੰ ਖਿਝ ਆਈ ਕਿ ਜੇ ਬਾਹਰ ਬਿਠਾ ਕੇ ਹੀ ਪੈਗ ਪਿਲਾਉਣੇ ਸਨ, ਤਾਂ ਇਹਤੋਂ ਚੰਗਾ, ਜੱਸੋਵਾਲ ਦੇ ਘਰੇ ਮਹਿਫਿਲ ਲਾ ਲੈਂਦੇ। ਮੈਂ ਅੱਕ ਕੇ ਅੰਦਰ ਚਲਾ ਗਿਆ। ਚਾਰ-ਪੰਜ ਕੁੜੀਆਂ ਸੱਚੀਂ ਫਿਲਮਾਂ ਵਾਂਗ ਮੁਜਰਾ ਕਰ ਰਹੀਆਂ ਸਨ। ਉਹਨੇ ਮੈਨੂੰ ਘੁੱਟ ਕੇ ਜੱਫੀ ਪਾ ਕੇ ਮੱਥਾ ਚੁੰਮ ਲਿਆ। ਭਾਰੇ ਸਰੀਰ ਨਾਲ ਉਹ ਵੀ ਡਾਂਸ ਕਰ ਕੇ ਹਟੀ ਸੀ।

ਮੈਂ ਨਿਹੋਰੇ ਨਾਲ ਪੁੱਛਿਆ, 'ਸਾਨੂੰ ਬਾਹਰ ਕਾਹਤੋਂ ਬਿਠਾਇਆ ਹੋਇਆ, ਵਿਆਹ 'ਚ ਨਾਈਆ ਵਾਂਗ?'

'ਲਗਦਿਆ ਨਾਈਆਂ ਦਿਆ, ਤੇਰੇ ਨਾਲ ਗੰਜਾ ਜਿਹਾ ਬੰਦਾ ਕੌਣ ਐ? ਤੈਨੂੰ ਤਾਂ 'ਕੱਲੇ ਨੂੰ ਸੱਦਿਆ ਸੀ, ਤੂੰ ਹੋਰ ਨਾਲ ਲੈ ਆਇਆ। ਕੋਈ ਪਰਦਾ ਵੀ ਹੁੰਦੈ...ਤੈਨੂੰ ਅੱਜ ਨਾਲ ਨਚਾਉਣਾ ਸੀ। ਗਾਇਕਾਂ 'ਚ ਰਹਿਣ ਦਾ ਅੱਜ ਸੁਆਦ ਆਉਣਾ ਸੀ।' ਉਹ ਕਈ ਕੁਝ ਕਹਿ ਗਈ।

'ਗੱਲ ਕੀ ਆ ਵਿਚੋਂ...ਉਹ ਸਾਂਢੂ ਆ ਮੇਰਾ। ਦਿੱਲੀਓਂ ਮੋਹਨ ਸਿੰਘ ਮੇਲਾ ਵੇਖਣ ਆਇਐ।'

ਉਹ ਖਿੜ-ਖਿੜਾ ਕੇ ਹੱਸ ਪਈ, 'ਸਾਂਢੂ...ਤੇਰਾ...ਢਾਈ ਫੁੱਟ...ਇਹ ਤਾਂ ਉਥੇ ਮੁੱਕ ਜਾਂਦਾ ਜਿਥੋਂ ਆਮ ਬੰਦਾ ਸ਼ੁਰੂ ਹੁੰਦਾ...।' ਤੇ ਫਿਰ ਉਹ ਹੱਸਦਿਆਂ ਦੋਹਾਂ ਨੂੰ ਖਿੱਚ ਕੇ ਅੰਦਰ ਲੈ ਗਈ। ਮਰਦਾਂ ਵਰਗੀ ਔਰਤ ਜਗਮੋਹਣ ਕੌਰ ਨਾਲ ਦਾਰੂ ਪੀਣ ਦਾ ਜ਼ਿੰਦਗੀ ਵਿਚ ਇਹ ਪਹਿਲਾ ਮੌਕਾ ਸੀ।

ਮੁਹੱਬਤ ਨੂੰ ਹੋਰ ਗੰਢ ਦਿੰਦਿਆਂ ਅਗਲੀ ਸਵੇਰ ਫਿਰ ਜਦੋਂ ਅਸੀਂ ਦੋਵੇਂ ਜਣੇ ਉਹਦੇ ਘਰੇ ਬ੍ਰੇਕਫਾਸਟ ਕਰਨ ਗਏ ਤਾਂ ਉਹ ਸਾਂਢੂ ਨੂੰ ਪੁੱਛਣ ਲੱਗੀ, 'ਨਾਂ ਕੀ ਐ?'

'ਨਰਿੰਦਰ।'

'ਰਾਤ ਦਾ ਗੁੱਸਾ ਨਾ ਕਰੀਂ, ਹਾਸਾ-ਠੱਠਾ ਕਰਨਾ ਮਾਈ ਮੋਹਣੋ ਦਾ ਸੁਭਾਅ ਐ...।' ਫਿਰ ਸਿਰ 'ਤੇ ਹੱਥ ਫੇਰਦਿਆਂ ਕਿਹਾ, 'ਗੰਜਾ ਹੋ ਗਿਐਂ ਨਰਿੰਦਰ ਛੇਤੀ। ਖੈਰ, ਊਂ ਹੈ ਸੁਨੱਖਾ।'

ਸਾਡਾ ਗੁੱਸਾ ਮਰ ਗਿਆ।

ਇਕ ਵਜੇ ਉਹਦਾ ਮੇਲੇ 'ਤੇ ਸਨਮਾਨ ਹੋਣਾ ਸੀ। ਗਵਰਨਰ ਸੁਰਿੰਦਰ ਨਾਥ ਮੁੱਖ ਮਹਿਮਾਨ ਸੀ। ਉਹ ਬਾਰਾਂ ਕੁ ਵਜੇ ਆ ਗਈ। ਦੋ ਸਟੇਜਾਂ ਨਾਲੋ-ਨਾਲ ਸਨ। ਇਕ ਕਲਾਕਾਰਾਂ ਦੀ, ਤੇ ਇਕ ਅਫ਼ਸਰਸ਼ਾਹੀ ਲਈ। ਕਲਾਕਾਰਾਂ ਵਾਲੀ ਸਟੇਜ ਦੇ ਅਸੀਂ ਪਿੱਛੇ ਇਕੱਠੇ ਹੋ ਗਏ। ਪੰਜਾਬ ਦੇ ਹਾਲਾਤ ਭਾਵੇਂ ਕੁਝ ਸੁਖਾਵੇਂ ਹੋ ਗਏ ਸਨ, ਪਰ ਗਵਰਨਰ ਕਰ ਕੇ ਸਕਿਓਰਿਟੀ ਪੂਰੀ ਟਾਈਟ।

ਮੈਨੂੰ ਪਤਾ, ਉਹ ਸਵੇਰੇ ਹੀ ਸਰੂਰ ਵਿਚ ਆਈ ਸੀ। ਗਵਰਨਰ ਦੋ ਘੰਟੇ ਦੇਰੀ ਨਾਲ ਆਇਆ, ਨਾਲ ਡਿਪਟੀ ਕਮਿਸ਼ਨਰ ਐਸ.ਐਸ. ਚੰਨੀ ਸੀ।

ਉਹ ਮੇਰੇ ਕੰਨ ਵਿਚ ਕਹਿਣ ਲੱਗੀ, 'ਅੱਧਾ ਕੁ ਘੰਟਾ ਮੇਰੀ ਵਾਰੀ ਆਉਣ 'ਚ ਹੈ। ਅਸ਼ੋਕ...ਜਾਹ ਬਾਹਰੋਂ ਲਿਮਕਾ ਫੜ ਕੇ ਲਿਆ।'

ਉਹ ਕਿਸ ਲਿਮਕੇ ਦੀ ਗੱਲ ਕਰ ਰਹੀ ਸੀ, ਮੈਂ ਸਮਝ ਗਿਆ, ਪਰ ਮੈਂ ਕਿਹਾ, 'ਇੰਨੀ ਸਕਿਓਰਿਟੀ ਵਿਚ ਬਾਹਰ ਗਿਆ ਤਾਂ ਮੁੜ ਕੇ ਪੁਲਿਸ ਵਾਲਿਆਂ ਨੇ ਵੜਨ ਨਹੀਂ ਦੇਣਾ। ਨਾਲੇ ਉਸ ਲਿਮਕੇ ਨਾਲ।' ਉਹ ਉਲਰ ਕੇ ਪੈ ਗਈ ਮੈਨੂੰ, 'ਟੱਟੂ ਦਾ ਪੱਤਰਕਾਰ ਐਂ, ਦੁਆਨੀ ਦੇ ਸਿਪਾਹੀਆਂ ਤੋਂ ਡਰੀ ਜਾਨੈਂ।' ਤੇ ਮੇਰੀ ਬਾਂਹ ਫੜ

(ਬਾਕੀ ਸਫਾ 29 ਉਤੇ)



*ਕੇ. ਦੀਪ ਨਾਲ ਅਸ਼ੋਕ ਭੌਰਾ।*

## ਗੱਲ ਬਣੀ ਕਿ ਨਹੀਂ

### *ਸਿਆਲ ਵਿਚ ਸਾਗ*

ਉਹੋ ਕਾਹਦਾ ਗਵੱਈਆ ਹੋ ਸਕਦਾ,
ਜਿਹੜਾ ਸਮੇਂ ਦਾ ਜਾਣੇ ਨਾ ਰਾਗ ਮੀਆਂ।
ਕੋਲ ਜ਼ਹਿਰ ਨਹੀਂ ਹੋਏ ਨੇ ਦੰਦ ਖੱਟੇ,
ਜਿਹੜਾ ਬੀਨ 'ਤੇ ਮੇਲ੍ਹਦਾ ਨਾਗ ਮੀਆਂ।
ਪਰਦੇਸੀ ਨਹੀਂ ਪਰਦੇਸਣ ਦਾ ਬਣ ਸਕਿਆ,
ਜਿਹਨੇ ਕੋਠਿਓਂ ਉਡਾਏ ਸਨ ਕਾਗ ਮੀਆਂ।
ਮਾਲੀ ਮਨ ਦਾ ਖੋਟਾ ਫਿਰ ਜਦੋਂ ਹੋ ਜਾਏ,
ਕਿਥੇ ਫੁੱਲਾਂ ਦੇ ਮਹਿਕਦੇ ਬਾਗ ਮੀਆਂ।
ਮਰਵਾ ਕੇ ਪੁੱਤਰ ਗਰੀਬਣੀ ਰਹੀ ਰੋਂਦੀ,
ਘਰੇ ਕਾਤਲਾਂ ਦੇ ਬਲਣ ਚਿਰਾਗ ਮੀਆਂ।
ਬੰਦਾ ਓਪਰੀਆਂ ਸੇਜਾਂ 'ਤੇ ਸੌਣ ਲੱਗ ਪਏ,
ਕਿੱਥੇ ਬਚਦੇ ਨੇ ਫੇਰ ਸੁਹਾਗ ਮੀਆਂ।
ਲੀਡਰ ਬਣ ਕੇ ਖ਼ਜ਼ਾਨੇ ਨੂੰ ਸੰਨ੍ਹ ਲਗਦੀ,
ਲੱਛੀ ਸੋਚਦੀ ਜਾਗਣਗੇ ਭਾਗ ਮੀਆਂ।
ਤੇ ਕਿਥੇ ਘਰ ਪੰਜਾਬੀ ਦਾ ਹੋਊ 'ਭੌਰੇ'
ਜਿੱਥੇ ਸਿਆਲ ਵਿਚ ਰਿੱਝੇ ਨਾ ਸਾਗ ਮੀਆਂ।

*-ਐਸ. ਅਸ਼ੋਕ ਭੌਰਾ*

# ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਵਿਗਿਆਨ

**ਗੁਰਪੁਰਬ 'ਤੇ ਵਿਸ਼ੇਸ਼**

ਜਗਤ ਪਿਤਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰ ਦੇ ਇਕ ਅਜਿਹੇ ਮਹਾਨ ਅਨੁਭਵੀ, ਸਿਧਾਂਤਕਾਰ, ਦਾਰਸ਼ਨਿਕ, ਰੂਹਾਨੀਅਤ ਦੇ ਅਲੌਕਿਕ ਸਰਬ ਸਮਰਥ ਪੁੰਜ, ਮਹਾਂ ਪੁਰਖ ਹੋਏ ਹਨ ਜਿਨ੍ਹਾਂ ਦੀ ਬਾਣੀ ਵਿਚੋਂ ਮਨੁਖ ਨੂੰ ਜ਼ਿੰਦਗੀ ਦੇ ਹਰ ਪਹਿਲੂ ਮਸਲਨ ਧਾਰਮਿਕ, ਰੂਹਾਨੀਅਤ, ਸਮਾਜਿਕ, ਆਰਥਿਕ, ਇਤਿਹਾਸਕ, ਰਾਜਨੀਤਕ, ਪਰਿਵਾਰਕ ਅਤੇ ਵਿਗਿਆਨਕ ਪਹਿਲੂ ਦੀ ਭਰਪੂਰ ਅਗਵਾਈ ਹਾਸਲ ਹੈ।

ਗੁਰੂ ਸਾਹਿਬ ਵਿਗਿਆਨਕ ਸੂਝ-ਬੂਝ ਅਤੇ ਵਿਚਾਰਧਾਰਾ ਦੇ ਮੁੱਦਈ ਸਨ। ਉਨ੍ਹਾਂ ਨੇ ਕਾਦਰ ਦੀ ਕੁਦਰਤ ਵਿਚ ਲੀਨ ਹੋ ਕੇ ਆਪਣੀ ਤੀਖਣ ਬੁੱਧੀ, ਦਿੱਬ ਦ੍ਰਿਸ਼ਟੀ, ਬਿਬੇਕ, ਇਖਲਾਕੀ ਜੁਅਰਤ, ਆਤਮ ਸੂਝ, ਉਮਰ ਭਰ ਦੇ ਲੰਮੇਰੇ

**ਚੰਨ**
ਫੋਨ: 908-788-8427

ਸਿਧਾਂਤਕ ਅਨੁਭਵ ਅਤੇ ਤਜਰਬੇ ਰਾਹੀਂ ਕਾਦਰ ਦੀ ਕੁਦਰਤ ਨਾਲ ਇਕਸੁਰਤਾ, ਇਕਸਾਰਤਾ, ਇਕਮਿਕਤਾ ਪ੍ਰਾਪਤ ਕਰਕੇ ਆਪਣੇ ਆਲੇ-ਦੁਆਲੇ ਅਤੇ ਬ੍ਰਹਿਮੰਡ ਵਿਚ ਵਾਪਰ ਰਹੇ ਰਹੱਸਾਤਮਕ ਵਰਤਾਰੇ ਦੀ ਆਪਣੇ ਅੰਤਰੀਵੀ ਗਿਆਨ, ਬਿਬੇਕ ਬੁਧ, ਦੂਰ-ਅੰਦੇਸ਼ੀ ਅਤੇ ਵਿਗਿਆਨਿਕ ਸੋਚ ਦੇ ਆਧਾਰ 'ਤੇ ਸੰਸਾਰ ਨੂੰ ਕਾਇਨਾਤ ਰਚਨਾ, ਇਸ ਦੇ ਅਸੀਮ ਅਕਾਰ, ਵਿਸਥਾਰ ਅਤੇ ਇਸ ਵਿਚ ਵਾਪਰ, ਵਰਤ ਰਹੇ, ਦਿੱਖ-ਅਦਿੱਖ ਵਰਤਾਰੇ ਬਾਰੇ ਜੋ ਅਣਮੁਲਾ ਗਿਆਨ ਸੰਸਾਰ ਨੂੰ ਦਿੱਤਾ ਹੈ, ਉਹ ਗੁਰੂ ਸਹਿਬ ਨੂੰ ਵਿਗਿਆਨੀਆਂ ਦੇ ਸਿਰਮੌਰ ਵਿਗਿਆਨੀ ਸਾਬਤ ਕਰਦਾ ਹੈ। ਉਨ੍ਹਾਂ ਵਲੋਂ ਦਰਸਾਏ ਗਏ ਟੀਚਿਆਂ ਦੀ ਪ੍ਰਾਪਤੀ ਲਈ ਵਿਗਿਆਨੀਆਂ ਦੀਆਂ ਪੀੜ੍ਹੀ ਦਰ ਪੀੜ੍ਹੀਆਂ ਕੋਸ਼ਿਸ਼ਾਂ ਰਹਿਣਗੀਆਂ। ਉਨ੍ਹਾਂ ਵਲੋਂ ਰਚੀ ਗਈ ਬਾਣੀ ਨੂੰ ਬਿਬੇਕ ਨਾਲ ਧਿਆਨ ਸਹਿਤ ਵਿਗਿਆਨਿਕ ਦ੍ਰਿਸ਼ਟੀ ਕੋਣ ਤੋਂ ਪੜ੍ਹਿਆਂ, ਵਿਚਾਰਿਆਂ ਅਤੇ ਗੁੜ੍ਹਿਆਂ ਇਹ ਤੱਥ ਸਹਿਜੇ ਹੀ ਦ੍ਰਿਸ਼ਟੀ ਗੋਚਰ ਹੁੰਦੇ ਹਨ ਕਿ ਜੋ ਅਣਦਿਸਹੱਦੇ ਸਾਇੰਸ ਅੱਜ ਲੱਭਣ ਅਤੇ ਫਰੋਲਣ ਦੇ ਦਾਅਵੇ ਕਰ ਰਹੀ ਹੈ, ਉਨ੍ਹਾਂ ਤੱਥਾਂ ਦਾ ਸੰਕੇਤ ਅਤੇ ਨਿਤਾਰਾ ਗੁਰੂ ਸਹਿਬ ਨੇ ਅੱਜ ਤੋਂ ਤਕਰੀਬਨ ਪੰਜ ਸੌ ਸਾਲ ਪਹਿਲਾਂ ਹੀ ਆਪਣੀ ਇਲਾਹੀ ਬਾਣੀ ਵਿਚ ਕਰ ਦਿਤਾ ਸੀ।

ਵੀਹਵੀਂ ਸਦੀ ਦੇ ਪਿਛਲੇਰੇ ਅੱਧ ਤੋਂ ਲੈ ਕੇ ਅੱਜ ਤੱਕ ਬ੍ਰਹਿਮੰਡ ਰਚਨਾ ਇਸ ਦੇ ਅਸੀਮ ਅਨੰਤ ਅਕਾਰ ਅਤੇ ਵਿਚਥਾਰ ਬਾਬਤ ਤਜਰਬਿਆਂ ਦੇ ਵੱਖ ਵੱਖ ਪੜਾਵਾਂ 'ਚੋਂ ਲੰਘਦੀ ਹੋਈ ਸਾਇੰਸ ਇਹ ਵਿਗਿਆਨਕ ਪ੍ਰੋੜਤਾ ਕਰਨ ਵਿਚ ਸਮਰਥ ਹੋ ਗਈ ਹੈ ਕਿ ਇਹ ਜਗਤ ਰਚਨਾ ਇਕ ਅਚਨਚੇਤ ਵੱਡੇ ਧਮਾਕੇ ਯਾਨਿ ਬਿਗ ਬੈਂਗ ਨਾਲ ਹੋਈ ਸੀ। ਇਹ ਵੱਡਾ ਧਮਾਕਾ ਵਿਗਿਆਨੀਆਂ ਮੁਤਾਬਕ ਅੱਜ ਤੋਂ ਕੋਈ 13.8 ਖਰਬ ਸਾਲ ਪਹਿਲਾਂ ਵਾਪਰਿਆ ਸੀ; ਅਤੇ ਇਸ ਬ੍ਰਹਿਮੰਡ ਦਾ ਅਸੀਮ ਪਸਾਰਾ ਇਕ ਸਕਿੰਟ ਦੇ ਅਤਿ ਹੀ ਸੂਖਮ ਭਾਗ ਵਿਚ ਹੋ ਗਿਆ ਸੀ। ਵਿਗਿਆਨ ਮੰਨਦਾ ਹੈ ਕਿ ਕਾਇਨਾਤ ਦਾ ਇਹ ਅਨੰਤ ਪਾਸਾਰਾ ਵਧਦੀ ਰਫਤਾਰ ਨਾਲ ਅੱਜ ਵੀ ਜਾਰੀ ਹੈ।

ਵਿਗਿਆਨੀ ਇਸ ਅਸੀਮ ਅਨੰਤ ਪਸਾਰੇ ਵਿਚ 42 ਲਾਈਟ ਯੀਅਰ ਦੀ ਦੂਰੀ ਤੱਕ ਹੀ ਵੇਖ ਸਕੇ ਹਨ। ਇਕ ਲਾਈਟ ਯੀਅਰ ਵਿਚ ਰੌਸ਼ਨੀ 5.9 ਟ੍ਰਿਲੀਅਨ ਮੀਲ ਦਾ ਫਾਸਲਾ ਤੈਅ ਕਰ ਜਾਂਦੀ ਹੈ। ਇਹ ਕੋਈ ਬ੍ਰਹਿਮੰਡ ਦੀ ਹੱਦ ਨਹੀਂ ਹੈ। ਇਹ ਇਸ ਤੋਂ ਪਰਾਂ ਅਨੰਤਤਾ ਤੱਕ ਫੈਲਿਆ ਹੋ ਸਕਦਾ ਹੈ।


ਅੱਜ ਅਸੀਂ ਧਰਤੀ 'ਤੇ ਆਪਣੇ ਆਲੇ-ਦੁਆਲੇ ਅਨੇਕਾਂ ਕਿਸਮਾਂ ਦੇ ਪਸ਼ੂ-ਪੰਛੀ, ਜੀਵ-ਜੰਤੂ, ਨਦੀਆਂ-ਨਾਲੇ, ਪਹਾੜ, ਸਮੁੰਦਰ, ਦਰਖਤ, ਪੌਦੇ ਅਤੇ ਉਪਰ ਅਕਾਸ਼ ਵਿਚ ਚੰਨ, ਸੂਰਜ, ਗ੍ਰਹਿ, ਤਾਰੇ, ਤਾਰਿਆਂ ਦੀਆਂ ਖਿਤੀਆਂ ਭਾਵ ਅਕਾਸ਼ ਗੰਗਾਵਾਂ ਜੋ ਵੀ ਅਸੀਂ ਵੇਖਦੇ ਹਾਂ, ਉਸ ਦਾ ਬੀਜ ਇਸ ਵੱਡੇ ਧਮਾਕੇ ਨਾਲ ਹੀ ਬੀਜਿਆ ਗਿਆ ਸੀ। ਜੋ ਬਾਅਦ ਵਿਚ ਵੱਖ ਵੱਖ ਸਮਿਆਂ 'ਤੇ ਕੁਦਰਤ ਦਾ ਅਜੂਬਾ ਬਣ ਕੇ ਇਹ ਪਸਾਰਾ ਹੋਂਦ ਵਿਚ ਆਉਂਦਾ ਗਿਆ ਅਤੇ ਅੱਜ ਤੱਕ ਹੋ ਰਿਹਾ ਹੈ। ਬੇਸ਼ਕ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਇੰਸ ਦੀ ਇਹ ਇਕ ਵੱਡੀ ਅਹਿਮ ਪ੍ਰਾਪਤੀ ਹੈ। ਸਾਨੂੰ ਇਸ 'ਤੇ ਮਾਣ ਹੈ ਅਤੇ ਹੋਣਾ ਵੀ ਚਾਹੀਦਾ ਹੈ। ਪਰ ਸਾਨੂੰ ਸਿੱਖਾਂ ਨੂੰ ਇਹ ਯਾਦ ਨਹੀਂ ਕਿ ਸਾਡੇ ਆਪਣੇ ਰਹਿਬਰ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਹੀ ਆਪਣੀ ਬਾਣੀ ਵਿਚ ਇਸ ਜਗਤ ਰਚਨਾ, ਇਸ ਦੇ ਅਨੰਤ ਅਕਾਰ ਅਤੇ ਵਿਸਥਾਰ ਬਾਰੇ ਸੰਕੇਤ ਦੇ ਦਿਤਾ ਸੀ। ਗੁਰੂ ਨਾਨਕ ਸਾਹਿਬ ਫੁਮਾਉਂਦੇ ਹਨ,

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥
(ਜਪੁ ਜੀ ਪਉੜੀ-16)

ਭਾਵ ਉਸ ਅਕਾਲ ਪੁਰਖ ਵਹਿਗੁਰੂ ਦੇ ਇਕ ਹੁਕਮ ਨਾਲ ਹੀ ਅੱਖ ਦੇ ਫੋਰ ਤੋਂ ਵੀ ਪਹਿਲਾਂ ਕਾਇਨਾਤ ਦਾ ਇਹ ਸਾਰਾ ਦਿਸਦਾ ਅਨ-ਦਿਸਦਾ ਅਨੰਤ ਪਸਾਰਾ ਪੱਸਰ ਗਿਆ ਸੀ। ਅੱਜ ਵਿਗਿਆਨ ਵੀ ਇਹੋ ਕਹਿ ਰਹੀ ਹੈ। ਵਿਗਿਆਨੀਆਂ ਨੇ ਸਮੇਂ ਵਿਚ ਪਿਛੇ ਜਾ ਕੇ ਇਹ ਜਾਣਨ ਦੀ ਬਹੁਤ ਕੋਸ਼ਿਸ਼ ਕੀਤੀ ਹੈ ਅਤੇ ਲਗਾਤਾਰ ਕਰ ਰਹੇ ਹਨ ਕਿ ਇਹ ਵੱਡਾ ਚਮਕਾਰਾ ਜਾਂ ਬਿਗ ਬੈਂਗ ਕਿਸ ਪਲ, ਕਿਸ ਘੜੀ ਹੋਇਆ ਸੀ। ਚਮਕਾਰਾ ਹੋਣ ਵਿਚ ਕਿੰਨਾ ਵਕਤ ਲੱਗਾ ਸੀ। ਚਮਕਾਰਾ ਹੋਣ ਤੋਂ ਪਹਿਲਾਂ ਕੀ ਕੁਝ ਮੌਜੂਦ ਸੀ। ਉਸ ਸਮੇਂ ਹਾਲਾਤ ਕਿਹੋ ਜਿਹੇ ਸਨ। ਵਿਗਿਆਨੀਆਂ ਨੂੰ ਇਹ ਸਾਰਾ ਕੁਝ ਜਾਣਨ ਵਿਚ ਹਾਲੇ ਤੱਕ ਕਾਮਯਾਬੀ ਨਸੀਬ ਨਹੀਂ ਹੋ ਰਹੀ। ਹੁਣ ਤੱਕ ਉਹ ਚਮਕਾਰੇ ਯਾਨਿ ਬਿਗ ਬੈਂਗ ਤੋਂ ਤਿੰਨ ਲੱਖ ਅੱਸੀ ਹਜ਼ਾਰ ਸਾਲ ਤੱਕ ਹੀ ਸਮੇਂ ਵਿਚ ਪਿਛੇ ਪਹੁੰਚ ਸਕੇ ਹਨ। ਇਸ ਤੋਂ ਅੱਗੇ ਚਮਕਾਰੇ ਦੇ ਸਹੀ ਵਕਤ ਤੱਕ ਪਹੁੰਚਣ ਦਾ ਕੋਈ ਰਸਤਾ ਨਹੀਂ ਮਿਲ ਰਿਹਾ। ਹੋ ਸਕਦਾ ਏ ਕਦੀ ਮਿਲੇ ਵੀ ਨਾ; ਕਿਉਂਕਿ ਉਸ ਸਹੀ ਵਕਤ ਦੇ ਕਈ ਨਿਸ਼ਾਨ ਮਿਟ ਚੁੱਕੇ ਹਨ ਅਤੇ ਬਾਕੀ ਰਹਿੰਦੇ ਮਿਟਦੇ ਜਾ ਰਹੇ ਹਨ। ਜਿਉਂ ਜਿਉਂ ਇਸ ਬ੍ਰਹਿਮੰਡੀ ਪਸਾਰੇ ਦਾ ਆਕਾਰ ਤੇਜੀ ਨਾਲ ਅਨੰਤ ਸੀਮਾ ਵੱਲ ਫੈਲਦਾ ਜਾ ਰਿਹਾ ਹੈ, ਤਿਉਂ ਤਿਉਂ ਇਸ ਕਾਇਨਾਤ ਵਿਚ ਦਿਸਦੇ ਅਤੇ ਅਣ-ਦਿਸਦੇ ਸਿਤਾਰੇ ਤੇ ਅਕਾਸ਼ ਗੰਗਾਵਾਂ ਤੇ ਹੋਰ ਗ੍ਰਹਿਆਂ ਦਾ ਆਪਸੀ ਫਾਸਲਾ ਵਧ ਰਿਹਾ ਹੈ। ਉਹ ਹੌਲੀ ਹੌਲੀ ਮਨੁਖੀ ਸੋਚ ਤੇ ਪਹੁੰਚ ਤੋਂ ਪਰਾਂ ਜਾ ਰਹੀਆਂ ਹਨ। ਕੋਈ ਸਮਾਂ ਐਸਾ ਵੀ ਆਵੇਗਾ ਜਦੋਂ ਇਹ ਸਾਨੂੰ ਬਿਲਕੁਲ ਨਜ਼ਰ ਨਹੀਂ ਆਉਣਗੀਆਂ। ਇਸ ਤੋਂ ਇਲਾਵਾ ਜਿਵੇਂ ਜਿਵੇਂ ਸਾਡਾ ਇਹ ਬ੍ਰਹਿਮੰਡ ਫੈਲ ਰਿਹਾ ਹੈ, ਉਸੇ ਅਨੁਪਾਤ ਨਾਲ ਇਸ ਵਿਚਲੇ ਮਾਦੇ ਦੀ ਘਨਤਾ ਵੀ ਘਟਦੀ ਜਾ ਰਹੀ ਹੈ।

ਵਰਤਮਾਨ ਸਮੇਂ ਵਿਚ ਬ੍ਰਹਿਮੰਡ ਵਿਚ ਆਮ ਮਾਦਾ ਕੁਲ ਊਰਜਾ ਘਨਤਾ ਦਾ 4.5% ਪ੍ਰਤੀਸ਼ਤ ਹੈ। ਇਸ 4.5% ਮਾਦੇ ਵਿਚ 4% ਗੈਸ ਹੈ। ਅਤੇ .5% ਵਿਚ ਸਾਡੀ ਧਰਤੀ, ਸਿਤਾਰੇ, ਅਕਾਸ਼-ਗੰਗਾਵਾਂ ਤੇ ਸਾਰੇ ਗ੍ਰਹਿ ਬਣੇ ਹੋਏ ਹਨ ਜਦਕਿ ਬਾਕੀ ਦੇ ਹਿਸੇ ਵਿਚ 71.5% ਕਾਲੀ ਊਰਜਾ ਅਤੇ 24% ਕਾਲਾ ਮਾਦਾ ਹੈ। ਇਹ ਕਾਲੀ ਊਰਜਾ ਅਤੇ ਕਾਲੇ ਮਾਦੇ ਦੀ ਪਹਿਚਾਣ ਸਾਇੰਸ ਅਜੇ ਨਹੀਂ ਕਰ ਸਕੀ ਹੈ। ਸਾਇੰਸਦਾਨ ਲਗਾਤਾਰ ਇਨ੍ਹਾਂ ਨੂੰ ਲੱਭਣ ਦੇ ਸਿਰ-ਤੋੜ ਯਤਨ ਕਰ ਰਹੇ ਹਨ। ਇਹ ਵੱਡਾ ਧਮਾਕਾ ਯਾਨਿ ਬਿਗ ਬੈਂਗ, ਜਿਸ ਤੋਂ ਸੰਸਾਰ ਦੀ ਉਤਪਤੀ ਮੰਨੀ ਜਾਂਦੀ ਹੈ, ਦੇ ਬਾਰੇ ਵੀ ਸਾਰੇ ਵਿਗਿਆਨਕ ਇਕ ਮੱਤ ਨਹੀਂ ਹਨ।

ਇਕ ਗਰੁਪ ਦਾ ਵਿਚਾਰ ਹੈ ਕਿ ਜਦੋਂ ਖਰਬਾਂ



ਚਿੱਤਰਕਾਰ ਸੋਭਾ ਸਿੰਘ ਵਲੋਂ ਬਣਾਇਆ ਗੁਰੂ ਨਾਨਕ ਦੇਵ ਜੀ ਦਾ ਇਕ ਚਿੱਤਰ

***ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ ਕਿ ਜਗਤ ਰਚਨਾ ਤੋਂ ਪਹਿਲਾਂ ਚਾਰ-ਚੁਫੇਰੇ ਪੂਰੀ ਤਰ੍ਹਾਂ ਧੁੰਧੂਕਾਰਾ ਅਤੇ ਸੁੰਨ-ਸਮਾਧ ਫੈਲੀ ਹੋਈ ਸੀ। ਉਹ ਪਰਮ ਸਤਿ ਪਰਮਾਤਮਾ ਆਪ ਹੀ ਕਣ ਕਣ ਵਿਚ ਰਮ ਰਿਹਾ ਸੀ। ਇਸ ਅਫੁਰ ਅਵਸਥਾ ਵਿਚ ਜਲ, ਥਲ, ਧਰਤੀ, ਅਗਨੀ, ਅਕਾਸ਼, ਜ਼ਿੰਦਗੀ ਦਾ ਕਿਤੇ ਨਾਮੋ-ਨਿਸ਼ਾਨ ਨਹੀਂ ਸੀ।***

ਗੁਣਾਂ ਸੂਰਜੀ ਭਾਰ ਵਾਲੇ ਕਿਸੇ ਸਿਤਾਰੇ ਦੇ ਆਪਣੇ ਭਾਰ ਅਤੇ ਵਧਦੀ ਅੰਦਰਮੁਖੀ ਗਰੂਤਾ ਦੇ ਕਾਰਨ ਉਸ ਦੀ ਘਨਤਾ ਇੰਨੀ ਵਧ ਗਈ ਕਿ ਉਹ ਸੰਗੜ ਕੇ ਔਟਮ ਤੋਂ ਵੀ ਖਰਬਾਂ ਗੁਣਾਂ ਛੋਟੇ ਬਿੰਦੂ ਵਿਚ ਬਦਲ ਗਿਆ ਤਾਂ ਅਨੰਤ ਸੀਮਾਂ ਤੱਕ ਪਹੁੰਚੀ ਘਨਤਾ ਦੇ ਪ੍ਰਭਾਵ ਥੱਲੇ ਤਾਪਮਾਨ ਬਹੁਤ ਹੀ ਉਚਾ ਹੋ ਗਿਆ; ਅਤੇ ਅੰਦਰਮੁਖੀ ਗਰੂਤਾ ਬਾਹਰਮੁਖੀ ਹੋ ਗਈ। ਜਿਸ ਨਾਲ ਇਕ ਵੱਡਾ ਧਮਾਕਾ ਹੋਇਆ। ਇਸ ਵੱਡੇ ਧਮਾਕੇ ਦੇ ਹੁੰਦਿਆਂ ਸਾਰ ਹੀ ਨਾਲ ਬ੍ਰਹਿਮੰਡ ਦੀ ਰਚਨਾ ਤੇ ਫੈਲਾਉ ਦਾ ਕਾਰਜ ਸ਼ੁਰੂ ਹੋ ਗਿਆ ਜੋ ਇਕ ਸਕਿੰਟ ਤੋਂ ਵੀ ਘੱਟ ਸਮੇਂ ਅਨੰਤ ਅਕਾਰ ਵਿਚ ਪਸਰ ਗਿਆ ਸੀ।

ਦੂਜੇ ਗਰੁਪ ਦਾ ਵਿਚਾਰ ਹੈ ਕਿ ਜਦੋਂ ਅੰਦਰੂਨੀ ਗਰੂਤਾ ਬੇ-ਅਥਾਹ ਅਨੰਤ ਸੀਮਾਂ ਤੱਕ ਵਧ ਗਈ ਤਾਂ ਪਹਿਲਾਂ ਤੋਂ ਹੀ ਵਿਚਰ ਰਿਹਾ ਬ੍ਰਹਿਮੰਡ ਵਧੀ ਹੋਈ ਅੰਦਰੂਨੀ ਖਿਚ ਕਾਰਨ ਸੁੰਗੜ ਕੇ ਇਕ ਔਟਮ ਦੇ ਕੁਆਡਟਰਿ.ਲੀਅੰਥ ਅਕਾਰ ਦੇ ਬਿੰਦੂ ਜਿੰਨਾ ਹੋ ਗਿਆ ਤਾਂ ਅਨੰਤ ਸੀਮਾਂ ਤੱਕ ਵਧੀ ਹੋਈ ਘਨਤਾ ਦੇ ਕਾਰਨ ਅੰਦਰਮੁਖੀ ਗਰੂਤਾ ਬਾਹਰ ਮੁਖੀ ਹੋ ਗਈ। ਇਸ ਤਰ੍ਹਾਂ ਪਹਿਲਾਂ ਵਾਲਾ ਸੁੰਗੜਿਆ ਬ੍ਰਹਿਮੰਡ ਫੈਲਣਾ ਸ਼ੁਰੂ ਹੋ ਗਿਆ। ਇਸ ਤਰ੍ਹਾਂ ਇਹ ਇਕ ਪਹਿਲੀ ਹਾਲਤ ਦਾ ਹੀ ਹੂ-ਬ-ਹੂ ਰੂਪ, ਦੂਜੀ ਹਾਲਤ ਵਿਚ ਬਦਲਣਾ ਹੀ ਸੀ। ਭਾਵ ਜਿਵੇਂ ਭੁਕਾਨੇ ਨੂੰ ਪੁਠਾ ਕਰਕੇ ਫੂਲਾ ਦਿਤਾ ਜਾਏ।

ਤੀਜੇ ਗਰੁਪ ਦਾ ਵਿਚਾਰ ਹੈ ਕਿ ਜਗਤ ਰਚਨਾ ਇਸ ਖਿਲਾਅ ਵਿਚ ਪਹਿਲਾਂ ਤੋਂ ਹੀ ਵਿਚਰ ਰਹੇ ਦੋ ਬ੍ਰਹਿਮੰਡਾਂ ਦੀ ਆਪਸ ਵਿਚ ਕਿਸੇ ਨਾ ਟਾਲੇ ਜਾ ਸਕਨ ਵਾਲੇ ਪ੍ਰਭਾਵ ਕਾਰਨ ਹੋਈ ਟੱਕਰ ਦਾ ਹੀ ਨਤੀਜਾ ਸੀ।

ਖੈਰ, ਕੁਝ ਵੀ ਹੋਵੇ ਸਾਇੰਸ ਬ੍ਰਹਿਮੰਡ ਰਚਨਾ ਦੇ ਮੁਢਲੇ ਤੇ ਅਸਲੀ ਕਾਰਨ ਤੱਕ ਪਹੁੰਣ ਵਿਚ ਅਜੇ ਤੱਕ ਅਸਮਰਥ ਸਾਬਤ ਹੋਈ ਹੈ। ਇਹ ਉਪਰਲੇ ਵਿਚਾਰ ਹਾਲੇ ਤੱਕ ਵਿਗਿਆਨੀਆਂ ਦੀਆਂ ਕਿਆਸ-ਅਰਾਈਆਂ ਹੀ ਹਨ। ਮਨੁਖ ਨੂੰ ਇਹ ਮੰਨਣਾ ਪਵੇਗਾ ਕਿ ਕਾਦਰ ਦੀ ਇਹ ਅਸੀਮ, ਅਨੰਤ ਅਕਾਰ ਤੇ ਵਿਸਥਾਰ ਵਾਲੇ ਪਸਾਰੇ ਦੀ ਰਚਨਾ ਦੇ ਵੇਲੇ-ਵਕਤ, ਦਿਨ-ਮਹੀਨੇ, ਰੁੱਤ-ਮਹੂਰਤ ਦੀ ਥਾਹ ਮਨੁਖੀ ਮਨ ਦੀ ਸੋਚ, ਪਹੁੰਚ ਅਤੇ ਲੇਖੇ-ਜੋਖੇ ਤੋਂ ਬਾਹਰ ਹੈ। ਇਹ ਸੱਚਾਈ ਇਸ ਅਨੰਤ ਕਾਇਨਾਤ ਦਾ ਰਚਨਹਾਰ ਅਕਾਲ-ਪੁਰਖ, ਵਾਹਿਗੁਰੂ ਆਪ ਹੀ ਜਾਣਦਾ ਹੈ। ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਬੜਾ ਸੋਹਣਾ ਅਟੱਲ ਸੱਚਾਈ ਵਾਲਾ ਕਥਨ ਫੁਰਮਾਉਂਦੇ ਹਨ,

ਕਵਣੁ ਸੁ ਵੇਲਾ ਵਖਤੁ ਕਵਣੁ
ਕਵਣ ਥਿਤਿ ਕਵਣੁ ਵਾਰ॥
ਕਵਣਿ ਸਿ ਰੁਤੀ ਮਾਹ ਕਵਣੁ
ਜਿਤੁ ਹੋਆ ਆਕਾਰ॥...
ਥਿਤਿ ਵਾਰ ਨ ਜੋਗੀ ਜਾਣੈ
ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ
ਆਪੇ ਜਾਣੈ ਸੋਈ॥
(ਜਪੁ ਜੀ ਪਉੜੀ-21)

ਇਸ ਤੋਂ ਅਗੇ ਵਿਗਿਆਨੀਆਂ ਨੇ ਇਹ ਵੀ ਸਾਬਤ ਕਰ ਲਿਆ ਹੈ ਕਿ ਵੱਡੇ ਧਮਾਕੇ ਸਮੇਂ ਬੜੀ ਗਰਮੀ ਅਤੇ ਤੇਜ ਰੋਸ਼ਨੀ ਪੈਦਾ ਹੋਈ ਸੀ ਜਿਸ ਦੇ ਫਲਸਰੂਪ ਸਾਰਾ ਬ੍ਰਹਿਮੰਡ ਅਣਪਛਾਤੇ ਤੇਜ ਰੋਸ਼ਨੀ ਦੇ ਕਣਾਂ (ਕੁਆਰਕਸ) ਦੀ ਧੁੰਧ ਨਾਲ ਭਰ ਗਿਆ ਸੀ। ਅੱਗੇ ਇਨ੍ਹਾਂ ਅਣਪਛਾਤੇ ਕਣਾਂ ਤੋਂ ਹੀ ਇਕ ਖਾਸ ਕਿਸਮ ਦੇ ਕਾਲੇ-ਮਾਦੇ, ਐਕਸੀਆਨ (axions) ਦੀ ਰਚਨਾ ਹੋਈ। ਫੇਰ ਅੱਗੇ ਦੂਜੀ ਕਿਸਮ ਦੇ ਕਾਲੇ-ਮਾਦੇ ਨਿਉਟਰਾਲੀਓਨੋਸ (Neutralinos) ਬਣਿਆ। ਇਸ ਤੋਂ ਅੱਗੇ ਪਰੋਟੋਨ, ਨਿਊਟਰੋਨ, ਹੀਲੀਅਮ, ਲਿਥੀਅਮ ਅਤੇ ਭਾਰੇ ਹਾਈਡਰੋਜ਼ਨ ਨਿਊਕਲਾਈ ਬਣੇ ਇਹ ਸਾਰੀ ਕਿਰਿਆ ਇਕ ਸਕਿੰਟ ਦੇ ਅਤਿ ਸੂਖਮ ਸਮੇਂ ਵਿਚ ਵਾਪਰ ਗਈ ਸੀ। ਇਸ ਤੋਂ ਪਿਛੋਂ ਇਲੈਕਟਰੋਨ ਅਤੇ ਔਟਮ ਆਦਿ ਹੋਂਦ ਵਿਚ ਆਏ। ਇਹ ਕਣ ਹੀ ਸਾਰੀ ਦਿਸਦੀ-ਅਣਦਿਸਦੀ ਕਾਇਨਾਤ ਦੀ ਰਚਨਾ ਦਾ ਮੁਢਲਾ ਬੀਜ ਸਨ। ਇਨ੍ਹਾਂ ਤੋਂ ਹੀ ਅੱਜ ਇਸ ਦਿਸਦੀ-ਅਣਦਿਸਦੀ ਸਾਰੀ ਕਾਇਨਾਤ ਦੀ ਰਚਨਾ ਹੋਈ ਹੈ।

ਨਾਲ ਹੀ ਸਾਇੰਸ ਇਸ ਗੱਲ ਨਾਲ ਵੀ ਸਹਿਮਤ ਹੈ ਕਿ ਅਨੰਤਤਾ ਵੱਲ ਵਧਦਾ ਇਹ ਪਸਾਰਾ ਆਪਣੇ ਅੰਤ ਵੱਲ ਵੀ ਵਧ ਰਿਹਾ ਹੈ। ਕੋਈ ਸਮਾਂ ਆਵੇਗਾ ਜਦੋਂ ਇਹ ਸਾਰਾ ਪਸਾਰਾ ਖਤਮ ਹੋ ਜਾਏਗਾ। ਇਹ ਕਿਸੇ ਵੇਲੇ ਕਿਸੇ ਘੜੀ ਵੀ ਵਾਪਰ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ ਕਿ ਜਗਤ ਰਚਨਾ ਤੋਂ ਪਹਿਲਾਂ ਚਾਰ-ਚੁਫੇਰੇ ਪੂਰੀ ਤਰ੍ਹਾਂ ਧੁੰਧੂਕਾਰਾ ਅਤੇ ਸੁੰਨ-ਸਮਾਧ ਫੈਲੀ ਹੋਈ ਸੀ। ਉਹ ਪਰਮ ਸਤਿ ਪਰਮਾਤਮਾ ਆਪ ਹੀ ਕਣ ਕਣ ਵਿਚ ਰਮ ਰਿਹਾ ਸੀ। ਇਸ ਅਫੁਰ ਅਵਸਥਾ ਵਿਚ ਜਲ, ਥਲ, ਧਰਤੀ, ਅਗਨੀ, ਅਕਾਸ਼, ਜ਼ਿੰਦਗੀ ਦਾ ਕਿਤੇ ਨਾਮੋ-ਨਿਸ਼ਾਨ ਨਹੀਂ ਸੀ। ਇਹ ਪਰਮ ਸਤਿ ਪਰਮਾਤਮਾ ਵਾਹਿਗੁਰੂ ਦੀ ਨਿਰਗੁਣ ਸਰੂਪ ਅਵਸਥਾ ਸੀ। ਹਰ ਪਾਸੇ ਪਰਮ ਸਤਿ ਪਰਮਾਤਮਾ ਦੀ ਪਰਮ ਸਤਾ ਦਾ ਪਸਾਰਾ ਹੀ ਫੈਲਿਆ ਹੋਇਆ ਸੀ। ਇਹ ਹੀ ਸੁੰਨ-ਸਮਾਧ ਦੀ ਅਫੁਰ ਅਵਸਥਾ ਸੀ। ਉਥੇ ਨਾ ਮਾਇਆ ਦੀ ਮਗਨਤਾ ਸੀ ਤੇ ਨਾ ਹੀ ਅਗਿਆਨ ਦਾ ਹਨੇਰਾ ਸੀ। ਸਿਰਫ ਉਹਦਾ ਹੀ ਹੁਕਮ ਵਰਤ ਰਿਹਾ ਸੀ। ਫੇਰ ਅਚਨਚੇਤ ਪਰਮ ਸਤਿ ਪਰਮਾਤਮਾ ਨੂੰ ਫੁਰਨਾ ਫੁਰਿਆ ਤੇ ਉਹਦੇ ਹੁਕਮ ਨਾਲ ਪਵਨਾ, ਅਗਨੀ ਤੇ ਜਲ ਉਤਪੰਨ ਹੋਏ। ਅਤੇ ਫੇਰ ਇਨ੍ਹਾਂ ਦੇ ਸੰਯੋਗ ਨਾਲ ਜਗਤ ਰਚਨਾ ਸ਼ੁਰੂ ਹੋ ਗਈ। ਗੁਰੂ ਜੀ ਨੇ ਆਪਣੀ ਬਾਣੀ ਇਸ ਦਾ ਉਲੇਖ ਇਸ ਤਰ੍ਹਾਂ ਕੀਤਾ ਹੈ,

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮ ਅਪਾਰਾ॥
ਨਾ ਦਿਨ ਰੈਨ ਨ ਚੰਨ ਨ ਸੂਰਜ
ਸਮਾਧਿ ਲਗਾਇਦਾ॥
(ਮਾਰੂ ਸੋਹਲੇ ਪੰਨਾ 1035)

---

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥
ਸਾਚੇ ਤੇ ਪਵਨਾ ਭਇਆ
ਪਵਨੈ ਤੇ ਜਲ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ
ਘਟਿ ਘਟਿ ਜੋਤਿ ਸਮੋਇ॥
(ਸ੍ਰੀ ਰਾਗੁ ਪਦੇ ਪੰਨਾ 19)

---

ਜਲੁ ਤਰੰਗ ਅਗਨੀ ਪਵਨੈ
ਫੁਨਿ ਤ੍ਰੈ ਮਿਲਿ ਜਗਤੁ ਉਪਾਇਆ॥
(ਰਾਗੁ ਪਰਭਾਤੀ ਅਸ਼ਟਪਦੀ 7)

ਅੱਗੇ ਗੁਰੂ ਜੀ ਫੁਰਮਾਉਂਦੇ ਹਨ ਕਿ ਇਹ ਜਗਤ ਰਚਨਾ ਇਕ ਸੱਚਾਈ ਹੈ, ਅਸਲੀਅਤ ਹੈ, ਹਕੀਕਤ ਹੈ, ਕੋਈ ਮ੍ਰਿਗ ਤ੍ਰਿਸ਼ਨਾ ਜਾਂ ਛਲਾਵਾ ਨਹੀਂ। ਵਿਗਿਆਨ ਵੀ ਇਸ ਸਾਰੇ ਬ੍ਰਹਿਮੰਡ ਦੀ ਰਚਨਾ ਨੂੰ ਇਕ ਠੋਸ ਹਕੀਕਤ ਤੇ ਅਸਲੀਅਤ ਮੰਨਦੀ ਹੈ। ਗੁਰੂ ਜੀ ਬਾਣੀ ਵਿਚ ਸਾਫ ਫੁਰਮਾਉਂਦੇ ਹਨ,

ਸਚੇ ਤੇਰੇ ਖੰਡ ਸਚੇ ਬ੍ਰਹਿਮੰਡ॥
ਸਚੇ ਤੇਰੇ ਲੋਅ ਸਚੇ ਅਕਾਰ॥...
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥
(ਵਾਰ ਆਸਾ ਸਲੋਕ ਪੰਨਾ 463)

ਪਰ ਨਾਲ ਹੀ ਗੁਰੂ ਜੀ ਇਹ ਸੱਚਾਈ ਵੀ ਆਪਣੀ ਇਲਾਹੀ ਬਾਣੀ ਵਿਚ ਫੁਰਮਾ ਰਹੇ ਕਿ ਇਹ ਸਾਰਾ ਦਿਸਦਾ ਪਸਾਰਾ ਸਦਾ ਰਹਿਣ ਵਾਲਾ ਨਹੀਂ ਹੈ। ਇਹ ਪ੍ਰਭੂ, ਅਕਾਲ-ਪੁਰਖ ਵਾਹਿਗੁਰੂ ਦੀ ਲੀਲਾ ਹੈ, ਉਹਦੀ ਖੇਡ ਹੈ। ਜਦੋਂ ਉਹਦਾ ਹੁਕਮ ਹੋਇਆ ਇਹ ਸਾਰਾ ਅਨੰਤ ਪਸਾਰਾ ਇਕ ਪਲ ਤੋਂ ਵੀ ਪਹਿਲਾਂ ਬਿਨਸ ਜਾਏਗਾ। ਗੁਰੂ ਜੀ ਨੇ ਬੜੇ ਸਾਫ ਲਫਜ਼ਾਂ ਵਿਚ ਇਹ ਹਕੀਕਤ ਸੰਸਾਰ ਨੂੰ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਹੀ ਦੱਸ ਦਿਤੀ ਸੀ। ਵਾਹਿਗੂਰੂ ਦੀ ਰਚੀ ਇਹ ਸ੍ਰਿਸਟੀ ਭਾਵੇਂ ਸੱਚ ਹੈ ਪਰ ਇਹ ਸਾਰਾ ਕਾਇਨਾਤੀ ਪਸਾਰਾ ਬਿਨਸਨਹਾਰ ਹੈ। ਅੱਜ ਸਾਇੰਸ ਵੀ ਇਹ ਕਹਿ ਰਹੀ ਹੈ ਕਿ ਇਹ ਸਾਰਾ ਪਸਾਰਾ ਕਦੀ ਵੀ ਖਤਮ

*(ਅਗਲੇ ਸਫੇ 'ਤੇ ਜਾਰੀ)*



ਬਿਗ ਬੈਂਗ ਦਾ ਚਮਕਾਰਾ

***ਵੀਹਵੀਂ ਸਦੀ ਦੇ ਪਿਛਲੇਰੇ ਅੱਧ ਤੋਂ ਲੈ ਕੇ ਅੱਜ ਤੱਕ ਬ੍ਰਹਿਮੰਡ ਰਚਨਾ ਇਸ ਦੇ ਅਸੀਮ ਅਨੰਤ ਅਕਾਰ ਅਤੇ ਵਿਚਥਾਰ ਬਾਬਤ ਤਜਰਬਿਆਂ ਦੇ ਵੱਖ ਵੱਖ ਪੜਾਵਾਂ 'ਚੋਂ ਲੰਘਦੀ ਹੋਈ ਸਾਇੰਸ ਇਹ ਵਿਗਿਆਨਕ ਪ੍ਰੋੜਤਾ ਕਰਨ ਵਿਚ ਸਮਰਥ ਹੋ ਗਈ ਹੈ ਕਿ ਇਹ ਜਗਤ ਰਚਨਾ ਇਕ ਅਚਨਚੇਤ ਵੱਡੇ ਧਮਾਕੇ ਯਾਨਿ ਬਿਗ ਬੈਂਗ ਨਾਲ ਹੋਈ ਸੀ। ਇਹ ਵੱਡਾ ਧਮਾਕਾ ਵਿਗਿਆਨੀਆਂ ਮੁਤਾਬਕ ਅੱਜ ਤੋਂ ਕੋਈ 13.8 ਖਰਬ ਸਾਲ ਪਹਿਲਾਂ ਵਾਪਰਿਆ ਸੀ; ਅਤੇ ਇਸ ਬ੍ਰਹਿਮੰਡ ਦਾ ਅਸੀਮ ਪਸਾਰਾ ਇਕ ਸਕਿੰਟ ਦੇ ਅਤਿ ਹੀ ਸੂਖਮ ਭਾਗ ਵਿਚ ਹੋ ਗਿਆ ਸੀ। ਵਿਗਿਆਨ ਮੰਨਦਾ ਹੈ ਕਿ ਕਾਇਨਾਤ ਦਾ ਇਹ ਅਨੰਤ ਪਾਸਾਰਾ ਵਧਦੀ ਰਫਤਾਰ ਨਾਲ ਅੱਜ ਵੀ ਜਾਰੀ ਹੈ। ਵਿਗਿਆਨੀ ਇਸ ਅਸੀਮ ਅਨੰਤ ਪਸਾਰੇ ਵਿਚ 42 ਲਾਈਟ ਯੀਅਰ ਦੀ ਦੂਰੀ ਤੱਕ ਹੀ ਵੇਖ ਸਕੇ ਹਨ। ਇਕ ਲਾਈਟ ਯੀਅਰ ਵਿਚ ਰੌਸ਼ਨੀ 5.9 ਟ੍ਰਿਲੀਅਨ ਮੀਲ ਦਾ ਫਾਸਲਾ ਤੈਅ ਕਰ ਜਾਂਦੀ ਹੈ। ਇਹ ਕੋਈ ਬ੍ਰਹਿਮੰਡ ਦੀ ਹੱਦ ਨਹੀਂ ਹੈ। ਇਹ ਇਸ ਤੋਂ ਪਰਾਂ ਅਨੰਤਤਾ ਤੱਕ ਫੈਲਿਆ ਹੋ ਸਕਦਾ ਹੈ।***

# ਗੁਰੂ ਨਾਨਕ ਦੇਵ ਜੀ ਦੀ ਬਾਣੀ...

ਹੋ ਸਕਦਾ ਹੈ। ਗੁਰੂ ਸਾਹਿਬ ਆਪਣੀ ਬਾਣੀ ਵਿਚ ਫੁਰਮਾ ਰਹੇ ਹਨ,

ਜਿਸ ਤੇ ਉਪਜੈ ਤਿਸ ਤੇ ਬਿਨੁਸੈ॥
(ਸ੍ਰੀ ਰਾਗੁ ਪਦੇ ਪੰਨਾ 20)

ਢਾਹਿ ਉਸਾਰੈ ਆਪੇ
ਜਿਉ ਤਿਸ ਭਾਵੈ ਤਿਵੈ ਕਰੇ॥
(ਆਸਾ ਪਟੀ ਪੰਨਾ 433)

ਵਿਗਿਆਨ ਇਸ ਠੋਸ ਤੱਥ ਨਾਲ ਵੀ ਸਹਿਮਤ ਹੈ ਕਿ ਬ੍ਰਹਿਮੰਡ ਦੇ ਇਸ ਅਨੰਤ, ਅਸੀਮ ਪਸਾਰੇ ਤੇ ਵਿਸਥਾਰ ਵਿਚ ਵਾਪਰਨ ਵਾਲੀਆਂ ਘਟਨਾਵਾਂ ਮਸਲਨ ਰੁੱਤਾਂ-ਮੌਸਮਾਂ ਦਾ ਬਦਲਣਾ, ਦਿਨ-ਰਾਤ, ਮੀਂਹ ਹਨੇਰੀ, ਤੂਫਾਨ, ਭੁਚਾਲ ਦਾ ਆਉਣਾ, ਧਰਤੀ, ਸੂਰਜ, ਚੰਦ੍ਰਮਾ ਅਤੇ ਹੋਰ ਦੂਜੇ ਗ੍ਰਹਿਆਂ ਦਾ ਆਪੋ-ਆਪਣੀ ਗਤੀ, ਚਾਲ ਨਾਲ ਆਪੋ-ਆਪਣੇ ਗ੍ਰਹਿ ਪੱਥ 'ਤੇ ਚਲਣਾ ਖਾਸ ਨਿਯਮਾਂ ਤਹਿਤ ਵਾਪਰ ਰਿਹਾ ਹੈ। ਨਹੀਂ ਤਾਂ ਇਕ ਸਕਿੰਟ ਤੋਂ ਪਹਿਲਾਂ ਬ੍ਰਹਿਮੰਡ ਵਿਚ ਪਰਲੋ ਆ ਜਾਂਦੀ ਤੇ ਇਹ ਸਾਰਾ ਪਸਾਰਾ ਇਕ ਛਿਣ ਵਿਚ ਤਹਿਸ-ਨਹਿਸ ਹੋ ਜਾਏ। ਗੁਰੂ ਜੀ ਨੇ ਸ੍ਰਿਸ਼ਟੀ ਦੇ ਰਚਨਹਾਰੇ ਦੇ ਇਸ ਹੁਕਮ ਬਾਰੇ ਆਪਣੀ ਬਾਣੀ ਵਿਚ ਬੜਾ ਸੁੰਦਰ ਫੁਰਮਾਇਆ ਹੈ,

ਭੈ ਵਿਚ ਪਵਣ ਵਹੈ ਸਦ ਵਾਉ॥...
ਭੈ ਵਿਚ ਧਰਤੀ ਦੱਬੀ ਭਾਰ॥...
ਭੈ ਵਿਚਿ ਸੂਰਜ ਭੈ ਵਿਚਿ ਚੰਦ॥...
ਹੁਕਮੈ ਅੰਦਰਿ ਸਭੁ ਕੋ
ਬਾਹਰ ਹੁਕਮ ਨ ਕੋਇ॥
(ਵਾਰ ਆਸਾ ਸਲੋਕ ਪੰਨਾ 464)

ਵਿਗਿਆਨ ਇਸ ਠੋਸ ਹਕੀਕਤ ਨਾਲ ਵੀ ਮੁਤਫਿਕ ਹੈ ਕਿ ਕੁਦਰਤ ਦਾ ਇਹ ਦਿਸਦਾ-ਅਣਦਿਸਦਾ ਅਨੰਤ ਅਸੀਮ ਪਸਾਰਾ ਏਨਾ ਵੱਡਾ, ਏਨਾ ਅਥਾਹ ਹੈ ਕਿ ਇਸ ਦੀ ਗਿਣਤੀ-ਮਿਣਤੀ ਨਹੀਂ ਕੀਤੀ ਜਾ ਸਕਦੀ। ਵਿਗਿਆਨੀਆਂ ਦਾ ਵਿਚਾਰ ਹੈ ਕਿ ਸਾਡਾ ਇਹ ਬ੍ਰਹਿਮੰਡ ਇਸ ਵੱਡੇ ਖਲਾਅ ਵਿਚ ਇਕ ਬੁਲਬੁਲੇ (ਭੁਕਾਨੇ) ਵਾਂਗੂ ਲਮਕ ਰਿਹਾ ਹੈ। ਨਾਲ ਹੀ ਵਿਗਿਆਨੀਆਂ ਵਿਚ ਇਕ ਨਵਾਂ ਵਿਚਾਰ ਉਤਪਨ ਹੋ ਰਿਹਾ ਹੈ ਕਿ ਸਾਡੇ ਇਸ ਬ੍ਰਹਿਮੰਡ ਬੁਲਬੁਲੇ ਵਰਗੇ ਹੋਰ ਵੀ ਖਰਬਾਂ ਬ੍ਰਹਿਮੰਡ ਹਨ ਜੋ ਸਾਡੇ ਇਸੇ ਪਸਾਰੇ ਵਿਚ ਹੋ ਸਕਦੇ ਹਨ ਜਾਂ ਇਸ ਵੱਡੇ ਖਲਾਅ ਵਿਚ ਸੁਤੰਤਰ ਤੌਰ 'ਤੇ ਵਖ ਵਖ ਲਟਕ ਰਹੇ ਹੋ ਸਕਦੇ ਹਨ। ਵਿਗਿਆਨੀਆਂ ਨੇ ਇਸ ਨੂੰ ਮਲਟੀਵਰਸ ਦਾ ਨਾਮ ਦਿਤਾ ਹੈ। ਸਾਰੇ ਵਿਗਿਆਨੀ ਇਸ ਤੱਥ ਨਾਲ ਇਕ ਮੱਤ ਹਨ ਕਿ ਜੇ ਇਹ ਹਨ ਤਾਂ ਇਹ ਸਾਡੇ ਤੋਂ ਏਨੀ ਦੂਰ ਹੋ ਸਕਦੇ ਹਨ ਕਿ ਉਨ੍ਹਾਂ ਨਾਲ ਰਾਬਤਾ ਕਰਨਾ ਸਾਡੇ ਵੱਸ ਦੀ ਗੱਲ ਨਹੀਂ ਹੋ ਸਕਦੀ। ਸਾਡੀ ਇਸ ਧਰਤੀ ਤੋਂ ਇਲਾਵਾ ਇਹੋ ਜਿਹੀਆਂ ਹੋਰ ਵੀ ਕਈ ਧਰਤੀਆਂ ਹੋ ਸਕਦੀਆਂ ਹਨ ਜਿਨ੍ਹਾਂ 'ਤੇ ਜ਼ਿੰਦਗੀ ਵਿਚਰ ਰਹੀ ਹੋ ਸਕਦੀ ਹੈ। ਇਹ ਪਸਾਰਾ ਮਨੁਖੀ ਸਮਝ ਤੋਂ ਪਰ੍ਹਾਂ ਦੀ ਗੱਲ ਹੈ। ਇਸ ਦਾ ਲੇਖਾ-ਜੋਖਾ ਕਰਨਾ ਮਨੁੱਖ ਦੇ ਵੱਸ ਦੀ ਗੱਲ ਨਹੀਂ ਹੈ। ਇਥੇ ਆ ਕੇ ਸਾਰੇ ਹਿਸਾਬ-ਕਿਤਾਬ ਮੁੱਕ ਜਾਂਦੇ ਹਨ। ਠੀਕ ਇਹ ਹੀ ਗੁਰੂ ਜੀ ਨੇ ਆਪਣੀ ਬਾਣੀ ਵਿਚ ਬਖਸ਼ਿਸ਼ ਕੀਤੀ ਹੈ। ਗੁਰੂ ਜੀ ਫੁਰਮਾਉਂਦੇ ਹਨ,

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ
ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ
ਅਸੁਲੂ ਇਕ ਧਾਤੁ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥
(ਜਪੁ ਜੀ ਪਉੜੀ-22, ਪੰਨਾ 5)

ਕੇਤੀਆ ਕਰਮ ਭੂਮੀ ਮੇਰ ਕੇਤੇ
ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ
ਕੇਤੇ ਮੰਡਲ ਦੇਸ॥...
(ਜਪੁ ਜੀ ਪਉੜੀ-38 ਪੰਨਾ 7)

ਪਰ ਅਸੀਂ ਸਿੱਖ ਏਨੇ ਨਾ-ਅਹਿਲ ਅਤੇ ਗਾਫਲ ਹਾਂ ਕਿ ਗੁਰੂ-ਬਾਣੀ ਬਾਬਤ ਸਾਡਾ ਗਿਆਨ ਸਿਵਾਏ ਸਤਿਨਾਮ-ਵਾਹਿਗੁਰੂ ਅਤੇ ਗੁਰਦੁਆਰਿਆਂ ਵਿਚ ਵਾਜੇ ਅਤੇ ਤਬਲੇ ਦੀ ਟੂੰ ਟੂੰ, ਠੱਕ ਠੱਕ 'ਤੇ ਸਿਰ ਹਿਲਾਉਣ ਅਤੇ ਚਾਹ-ਲੰਗਰ ਛਕਣ ਤੋਂ ਵੱਧ ਕੁਝ ਨਹੀਂ ਹੈ। ਹਾਂ, ਇਕ ਗੱਲ ਜਿਹੜੀ ਅਸੀਂ ਸਿੱਖੀ ਹੈ, ਅਸੀਂ ਗੁਰੂ ਘਰਾਂ ਵਿਚ ਚੌਧਰਪੁਣਾ ਤੇ ਲੜਾਈ ਫਸਾਦ ਕਰਨਾ ਜ਼ਰੂਰ ਸਿੱਖ ਲਿਆ ਹੈ। ਗੁਰੂ ਜੀ ਦੀ ਬਾਣੀ ਨੂੰ ਪੜ੍ਹਨ-ਵਿਚਾਰਨ ਵੱਲ ਸਾਡਾ ਧਿਆਨ ਤੇ ਰੁਝਾਣ ਹੀ ਨਹੀਂ ਹੈ। ਉਨ੍ਹਾਂ ਦੀ ਬਾਣੀ ਦੇ ਵਿਗਿਆਨਕ ਪੱਖ ਦੀ ਮਹੱਤਤਾ ਨੂੰ ਸਮਝਣਾ ਅਤੇ ਕਥਨਾਂ ਨੂੰ ਚੇਤੰਨਤਾ ਵਿਚ ਵਸਾਉਣਾ ਤਾਂ ਦੂਰ ਦੀ ਗੱਲ ਹੈ। ਅਸੀਂ ਗੁਰੂ ਵਲੋਂ ਬੇ-ਮੁੱਖ ਵਿਖਾਵੇ ਦੇ ਸਿੱਖ ਹੀ ਰਹਿ ਗਏ ਹਾਂ। ਸਾਡੇ ਕੋਲ ਸਾਡੇ ਗੁਰੂ ਸਾਹਿਬਾਨ ਵਲੋਂ ਰਚੀ ਅਤੇ ਸੰਪਾਦਿਤ ਕੀਤੀ ਬਾਣੀ ਦਾ ਜੁਗੋ ਜੁਗ ਅੱਟਲ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਣਮੁਲਾ ਖਜ਼ਾਨਾ ਹੈ ਜਿਸ ਵਿਚੋਂ ਸਾਨੂੰ ਪਰਿਵਾਰਕ, ਆਰਥਿਕ, ਸਮਾਜਿਕ, ਰਾਜਨੀਤਕ, ਸਾਹਿਤਕ ਅਤੇ ਵਿਗਿਆਨਕ- ਗੱਲ ਕੀ ਜ਼ਿੰਦਗੀ ਦੇ ਹਰ ਪੱਖ ਦੀ ਭਰਪੂਰ ਅਗਵਾਈ ਉਪਲਬਧ ਹੈ।

ਅਸੀਂ ਦੁਨੀਆਂ ਨੂੰ ਤਾਂ ਕੀ ਸਿਖਾਉਣਾ ਏਂ, ਆਪ ਵੀ ਨਹੀਂ ਕੁਝ ਸਿਖਿਆ ਅਤੇ ਨਾ ਹੀ ਸਿੱਖਣ ਦਾ ਕੋਈ ਯਤਨ ਹੀ ਕਰ ਰਹੇ ਹਾਂ। ਬਣਦਾ ਤਾਂ ਇਹ ਸੀ ਕਿ ਸਾਇੰਸ ਦੀ ਇਸ ਮਹਾਨ ਅਤੇ ਮਹੱਤਵਪੂਰਨ ਖੋਜ 'ਤੇ ਅਸੀਂ ਇਸ ਖੁਸ਼ੀ ਦਾ ਰੱਜ ਕੇ ਆਪ ਅਨੰਦ ਮਾਣਦੇ ਗੁਰੂ ਜੀ ਦਾ ਇਹ ਵਿਗਿਆਨਿਕ ਸੁਨੇਹਾ ਸਾਰੀ ਦੁਨੀਆਂ ਨਾਲ ਸਾਂਝਾ ਕਰਦੇ ਅਤੇ ਦੁਨੀਆਂ ਨੂੰ ਦਸਦੇ ਕਿ ਜਿਹੜੀਆਂ ਲੱਭਤਾਂ ਸਾਇੰਸ ਅੱਜ ਲੱਭ ਰਹੀ ਹੈ, ਉਹ ਸਾਡੇ ਗੁਰੂ ਜੀ ਨੇ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਹੀ ਦੁਨੀਆਂ ਦੀ ਝੋਲੀ ਵਿਚ ਪਾ ਗਏ ਸਨ, ਦੱਸ ਗਏ ਸਨ। ਪਰ ਅਸੀਂ ਆਪਣੀ ਨਾ-ਅਹਿਲੀਅਤ, ਅਣਗਹਿਲੀ ਅਤੇ ਗਾਫਲੀਅਤ ਕਰਕੇ ਸੰਸਾਰ ਨਾਲ ਇਹ ਖੁਸ਼ੀ ਸਾਂਝੀ ਕਰਨ ਤੋਂ ਵਾਂਝੇ ਰਹੇ ਗਏ ਹਾਂ।

ਇਸ ਤੋਂ ਵੀ ਵੱਡਾ ਦੁੱਖ ਅਤੇ ਅਫਸੋਸ ਇਸ ਗੱਲ ਦਾ ਹੈ ਸਿੱਖ ਕੌਮ ਦੇ ਕਿਸੇ ਵਿਦਵਾਨ, ਸਾਇੰਸਦਾਨ, ਇਤਿਹਾਸਕਾਰ, ਕਾਲਮ-ਨਵੀਸ ਲਿਖਾਰੀ ਦੀ ਕਲਮ ਵਲੋਂ ਇਸ ਸਬੰਧ ਵਿਚ ਉਨ੍ਹਾਂ ਮਹਾਨ ਵਿਗਿਆਨੀਆਂ ਬਾਰੇ ਦੋ ਅਖਰ ਤੱਕ ਲਿਖ ਕੇ ਉਨ੍ਹਾਂ ਦੀ ਮਹਾਨ ਘਾਲਣਾ ਦਾ ਜ਼ਿਕਰ ਤੱਕ ਨਹੀਂ ਕੀਤਾ ਗਿਆ। ਤੇ ਨਾ ਹੀ ਕਿਸੇ ਰਹਿਬਰ, ਲੀਡਰ ਵਲੋਂ ਕੌਮ ਨਾਲ, ਦੁਨੀਆਂ ਨਾਲ ਇਹ ਖੁਸ਼ੀ ਸਾਂਝੀ ਕਰਨ ਦਾ ਯਤਨ ਹੀ ਕੀਤਾ ਗਿਆ ਹੈ। ਨਾ ਹੀ ਅਸੀਂ ਆਪਣੇ ਗੁਰੂ-ਘਰਾਂ ਵਿਚ ਹੀ ਉਨ੍ਹਾਂ ਵਿਗਿਆਨੀਆਂ ਦੀ ਮੁਸ਼ੱਕਤਾਂ ਭਰੀ ਘਾਲਣਾ ਦੇ ਸਬੰਧ ਵਿਚ ਉਨ੍ਹਾਂ ਲਈ ਅਰਦਾਸ ਜਾਂ ਕੋਈ ਜਾਚਨਾ ਹੀ ਕਰ ਸਕੇ ਹਾਂ।

ਗੱਲ ਕੀ, ਇਸ ਮਹਾਨ ਖੁਸ਼ੀ ਦੇ ਮੌਕੇ ਦਾ ਅਨੰਦ ਨਾ ਅਸੀਂ ਆਪ ਹੀ ਮਾਣਿਆ ਹੈ, ਨਾ ਹੀ ਸੰਸਾਰ ਨਾਲ ਹੀ ਸਾਂਝਾ ਕਰ ਸਕੇ ਹਾਂ। ਸਭ ਕੁਝ ਹੁੰਦਿਆਂ-ਸੁੰਦਿਆਂ ਵੀ ਅਸੀਂ ਗੁਰੂ ਜੀ ਦੇ ਇਸ ਮਹਾਨ ਅਤੇ ਅਟੱਲ ਸੱਚਾਈਆ ਭਰੇ ਸੁਨੇਹੇ ਨੂੰ ਸੰਸਾਰ ਦੇ ਲੋਕਾਂ ਤੱਕ ਪਹੁੰਚਾਉਣ, ਅਤੇ ਉਨ੍ਹਾਂ ਨਾਲ ਸਾਂਝਾ ਕਰਨ 'ਚ ਅਸਫਲ ਰਹੇ ਹਾਂ।

## ਨਾ ਕਰ ਮੇਰਾ ਮੇਰਾ

ਨਾ ਮੇਰਾ ਮੇਰਾ ਕਰ ਬੰਦਿਆ,
ਨਾ ਕਰ ਮੇਰਾ ਮੇਰਾ।
ਜੋ ਵੀ ਹੈ ਬੱਸ ਕੂੜ੍ਹ ਹਨੇਰਾ
ਕੁਝ ਨਹੀਂ ਤੇਰਾ, ਕੁਝ ਨਹੀਂ ਤੇਰਾ।
ਨਾ ਕਰ ਮੇਰਾ ਮੇਰਾ।

ਪੈਸਾ ਤਾਂ ਤੂੰ ਬਹੁਤ ਕਮਾ ਲਿਆ
ਲੋਕਾਂ ਉਤੇ ਵਾਧੂ ਛਾਅ ਲਿਆ
ਵੱਡਾ ਸਾਰਾ ਮਹਿਲ ਬਣਾ ਲਿਆ
ਸੁਫਨੇ 'ਤੇ ਸੁਫਨਾ ਖੂਬ ਸਜਾ ਲਿਆ
ਚੜ੍ਹੇ, ਨਾ ਚੜ੍ਹੇ ਕੱਲ੍ਹ ਸਵੇਰਾ।
ਨਾ ਕਰ ਮੇਰਾ ਮੇਰਾ।

ਨਸ਼ਿਆਂ ਨੇ ਤੇਰੇ ਕੰਮ ਨ੍ਹੀਂ ਆਉਣਾ
ਝਗੜੇ ਝੇੜਿਆਂ ਘੇਰਾ ਪਾਉਣਾ
ਆ ਜਮਾਂ ਨੇ ਤੈਨੂੰ ਢਾਹੁਣਾ
ਘਰਦਿਆਂ ਨੇ ਵੀ ਨਹੀਂ ਛਡਾਉਣਾ
ਆਖਰ ਨੂੰ ਫਿਰ ਪਊ ਪਛਤਾਉਣਾ
ਪੈ ਜਾਊ ਪੰਧ ਲੰਮੇਰਾ।
ਨਾ ਕਰ ਮੇਰਾ ਮੇਰਾ।

ਗਿਆਨ-ਦੀਵਾ ਮਨ 'ਚ ਧਰ ਲੈ
ਘੁੱਪ ਹਨੇਰਾ, ਚਾਨਣ ਕਰ ਲੈ
ਸਤਿਗੁਰ ਦੀ ਤੂੰ ਬਾਣੀ ਪੜ੍ਹ ਲੈ
ਗੁਰੂ ਨਾਨਕ ਦੀ ਕੰਨੀ ਫੜ੍ਹ ਲੈ
ਅੰਮ੍ਰਿਤ ਛਕ ਭਵਸਾਗਰ ਤਰ ਲੈ
ਕਰ ਜੀਵਨ ਸਫਲੇਰਾ।
ਬੱਸ ਇਹੀਓ ਰਹਿਣਾ ਤੇਰਾ।

*-ਗੁਰਲਾਲ ਸਿੰਘ ਢਿੱਲੋਂ*
*ਮਿਲਵਾਕੀ, ਵਿਸਕਾਨਸਿਨ।*
*ਫੋਨ: 414-712-4144*

## ਧਰਮ ਦੇ ਠੇਕੇਦਾਰਾਂ ਕੋਲੋਂ ਬਾਬੇ ਨਾਨਕ ਨੂੰ ਛੁਡਵਾਈਏ

ਮਾਂ ਤ੍ਰਿਪਤਾ ਦੀ ਕੁੱਖੋਂ ਜਣਿਆ ਨਾਨਕ ਕੋਈ ਅਵਤਾਰ ਨਹੀਂ ਹੈ।
ਨੀਵਿਆਂ ਨਾਲ ਨਿਭਾਉਂਦਾ ਆਇਆ ਉਹ ਵੱਡਿਆਂ ਦਾ ਯਾਰ ਨਹੀਂ ਹੈ।
ਸਾਖੀਆਂ ਵਾਲਾ 'ਨਾਨਕ' ਛੱਡ ਕੇ ਅਸਲੀ 'ਨਾਨਕ' ਨੂੰ ਅਪਨਾਈਏ।
ਧਰਮ ਦੇ ਠੇਕੇਦਾਰਾਂ ਕੋਲੋਂ ਬਾਬੇ ਨਾਨਕ ਨੂੰ ਛੁਡਵਾਈਏ।

ਗੁਰੂ ਘਰਾਂ 'ਤੇ ਕਬਜ਼ੇ ਕਰਨੇ ਇਹ ਨਾਨਕ ਦਾ ਧਰਮ ਨਹੀਂ ਹੈ।
ਆਪਣੀ ਹਉਮੈ ਖਾਤਰ ਲੜਨਾ ਇਹ ਸਿੱਖ ਦਾ ਕਰਮ ਨਹੀਂ ਹੈ।
ਮੂੰਹ ਗਰੀਬ ਦਾ ਗੁਰੂ ਦੀ ਗੋਲਕ ਦੁਨੀਆਂ ਤਾਈਂ ਇਹ ਸਮਝਾਈਏ।
ਧਰਮ ਦੇ ਠੇਕੇਦਾਰਾਂ ਕੋਲੋਂ ਬਾਬੇ ਨਾਨਕ ਨੂੰ ਛੁਡਵਾਈਏ।

ਗੁਰੂ ਨਾਨਕ ਦੀ ਫੋਟੋ ਨੂੰ ਤਾਂ ਸੋਨੇ ਵਿਚ ਜੜਵਾ ਛੱਡਿਆ ਹੈ।
ਪਰ, ਉਹਦੀ ਆਖੀ ਹੋਈ ਗੱਲ ਨੂੰ ਦਿਲ 'ਚੋਂ ਭੁਲਾ ਛੱਡਿਆ ਹੈ।
ਮੂਰਤੀਆਂ ਦੀ ਪੂਜਾ ਕਰਦੇ ਕਿਧਰੇ ਪੱਥਰ ਨਾ ਬਣ ਜਾਈਏ।
ਧਰਮ ਦੇ ਠੇਕੇਦਾਰਾਂ ਕੋਲੋਂ ਬਾਬੇ ਨਾਨਕ ਨੂੰ ਛੁਡਵਾਈਏ।

ਜੀਵਨ ਜਾਚ ਸਿਖਾਉਂਦੀ ਬਾਣੀ ਇਹ ਕੋਈ ਮੰਤਰ ਜਾਪ ਨਹੀਂ ਹੈ।
ਜੋ ਬਾਣੀ ਨੂੰ ਵੇਚ ਰਹੇ ਨੇ ਇਸ ਤੋਂ ਵੱਡਾ ਪਾਪ ਨਹੀਂ ਹੈ।
ਬਾਣੀ ਪੜ੍ਹੀਏ, ਸੁਣੀਏ, ਗਾਈਏ ਪਰ ਬਾਣੀ 'ਤੇ ਅਮਲ ਕਮਾਈਏ।
ਧਰਮ ਦੇ ਠੇਕੇਦਾਰਾਂ ਕੋਲੋਂ ਬਾਬੇ ਨਾਨਕ ਨੂੰ ਛੁਡਵਾਈਏ।

ਚਿੱਟ ਕੱਪੜੀਏ, ਚੋਲਿਆਂ ਵਾਲੇ ਇਹ ਨਾਨਕ ਦੇ ਕੁਝ ਨਹੀਂ ਲੱਗਦੇ।
ਭੋਲੇ-ਭਾਲੇ ਲੋਕਾਂ ਨੂੰ ਜੋ ਸੁਰਗ ਦਾ ਲਾਰਾ ਲਾ ਕੇ ਠੱਗਦੇ।
ਨਾਨਕ ਦੇ ਵਾਰਿਸ ਨੇ ਕਿਰਤੀ ਇਸ ਗੱਲ ਨੂੰ ਨਾ ਝੁਠਲਾਈਏ।
ਧਰਮ ਦੇ ਠੇਕੇਦਾਰਾਂ ਕੋਲੋਂ ਬਾਬੇ ਨਾਨਕ ਨੂੰ ਛੁਡਵਾਈਏ।

ਕਿਰਤ ਕਰੇਂਦਾ, ਵੰਡ ਕੇ ਛਕਦਾ ਜਿਹੜਾ ਨਾਮ ਧਿਆਉਂਦਾ ਏ।
'ਟੱਲੇਵਾਲੀਆ' ਉਹ ਅਸਲੀ ਸਿੱਖ ਗੁਰੂ ਨਾਨਕ ਨੂੰ ਭਾਉਂਦਾ ਏ।
ਗੁਰੂ ਦੀ ਸਿੱਖਿਆ ਉਤੇ ਚੱਲ ਕੇ ਆਪਣਾ ਜੀਵਨ ਸਫ਼ਲ ਬਣਾਈਏ।
ਧਰਮ ਦੇ ਠੇਕੇਦਾਰਾਂ ਕੋਲੋਂ ਬਾਬੇ ਨਾਨਕ ਨੂੰ ਛੁਡਵਾਈਏ।

*-ਡਾ. ਅਮਨਦੀਪ ਸਿੰਘ ਟੱਲੇਵਾਲੀਆ, ਫੋਨ: 91-98146-99446*

## ਗੁਰੂ ਗ੍ਰੰਥ ਗੁਰੂ ਹੈ ਸਾਡਾ

ਗੁਰੂ ਗ੍ਰੰਥ ਗੁਰੂ ਹੈ ਸਾਡਾ, ਸਾਨੂੰ ਸ਼ਬਦ ਗੁਰੂ 'ਤੇ ਮਾਣ ਹੈ।
ਸਭ ਦੁਨੀਆਂ ਦਾ ਸਾਂਝਾ, ਸਿੱਖ ਕੌਮ ਦੀ ਇਸ ਵਿਚ ਜਾਨ ਹੈ।

ਇਹ ਬੋਹਿਥ ਧੁਰ ਕੀ ਬਾਣੀ ਦਾ, ਇਹਦੇ ਖੇਵਟ ਗੁਰੂ ਨਾਨਕ ਨੇ,
ਇਹ ਮਾਨ ਸਰੋਵਰ ਸਾਡਾ ਹੈ, ਇਹਦੇ ਵਿਚ ਮੋਤੀ ਮਾਨਕ ਨੇ।
ਜੋ ਚਾਹੀਏ ਇਸ 'ਚੋਂ ਮਿਲਦਾ ਹੈ, ਹੀਰੇ-ਲਾਲਾਂ ਦੀ ਖਾਨ ਹੈ।
ਗੁਰੂ ਗ੍ਰੰਥ ਗੁਰੂ ਹੈ ਸਾਡਾ, ਸਾਨੂੰ ਸ਼ਬਦ ਗੁਰੂ 'ਤੇ ਮਾਣ ਹੈ।

ਜ਼ੱਰਾ ਜ਼ੱਰਾ ਇਸ ਧਰਤੀ ਦਾ, ਬਾਣੀ ਤੋਂ ਸਦਕੇ ਜਾਂਦਾ ਏ,
ਚੰਨ ਤਾਰੇ ਸਿਜਦੇ ਕਰਦੇ ਨੇ, ਸੂਰਜ ਵੀ ਸੀਸ ਝੁਕਾਂਦਾ ਏ।
ਇਹਦੇ ਦਰ 'ਤੇ ਮਥਾ ਟੇਕਣ ਨੂੰ ਝੁਕ ਝੁਕ ਵੇਂਹਦਾ ਅਸਮਾਨ ਹੈ।
ਗੁਰੂ ਗ੍ਰੰਥ ਗੁਰੂ ਹੈ ਸਾਡਾ, ਸਾਨੂੰ ਸ਼ਬਦ ਗੁਰੂ 'ਤੇ ਮਾਣ ਹੈ।

ਸੋਹਣੀ ਚੰਚਲ ਪੁਰਵਾਈ, ਇਹਦੇ ਦਰ ਅਲਖ ਜਗਾਉਂਦੀ ਏ,
ਹਰੀ ਭਰੀ ਜੋ ਬਨਸਪਤੀ, ਇਸ ਨੂੰ ਹੀ ਚਵਰ ਝੁਲਾਉਂਦੀ ਏ।
ਇਹਦਾ ਖੰਨਿਉਂ ਤਿੱਖਾ ਰਸਤਾ ਹੀ, ਇਸ ਸਿੱਖੀ ਦੀ ਪਛਾਣ ਹੈ।
ਗੁਰੂ ਗ੍ਰੰਥ ਗੁਰੂ ਹੈ ਸਾਡਾ, ਸਾਨੂੰ ਸ਼ਬਦ ਗੁਰੂ 'ਤੇ ਮਾਣ ਹੈ।

ਲੋਕੀਂ ਚੰਨ-ਮੰਗਲ 'ਤੇ ਜਾ ਰਹੇ, ਲਖ ਅਕਾਸ਼ ਪਿਆ ਦੱਸਦਾ ਏ,
ਇਹਦਾ ਰਾਜ ਜੁਗੋ ਜੁਗ ਰਹਿੰਦਾ, ਇਹ ਸੱਚਖੰਡ 'ਚ ਵੱਸਦਾ ਏ।
ਇਹਦੀ ਆਨ-ਬਾਨ, ਸ਼ਾਨ ਲਈ, ਸਿੱਖ ਹੋ ਜਾਂਦਾ ਕੁਰਬਾਨ ਹੈ।
ਗੁਰੂ ਗ੍ਰੰਥ ਗੁਰੂ ਹੈ ਸਾਡਾ, ਸਾਨੂੰ ਸ਼ਬਦ ਗੁਰੂ 'ਤੇ ਮਾਣ ਹੈ।

ਇਹਦਾ ਸਿਮਰਨ ਸਭ ਤੋਂ ਮਿੱਠਾ, ਇਹ ਸੁਰ ਹੈ ਸੰਗੀਤ ਵੀ ਹੈ।
ਇਹ ਭਗਤੀ, ਇਹ ਸ਼ਕਤੀ ਵੀ, ਇਹਦੇ 'ਚ ਰਬ ਦੀ ਪ੍ਰੀਤ ਵੀ ਹੈ।
ਮੋਇਆਂ ਨੂੰ 'ਸੁਰਜੀਤ' ਕਰੇ, ਇਹਦੇ ਦਰ ਝੁਕਦਾ ਜਹਾਨ ਹੈ।
ਗੁਰੂ ਗ੍ਰੰਥ ਗੁਰੂ ਹੈ ਸਾਡਾ, ਸਾਨੂੰ ਸ਼ਬਦ ਗੁਰੂ 'ਤੇ ਮਾਣ ਹੈ।

ਸਾਰੇ ਸੱਤ ਸਮੁੰਦਰਾਂ ਦੀ ਸਿਆਹੀ ਰਲਾ ਲਵਾਂ,
ਇਸ ਸਾਰੀ ਬਨਸਪਤੀ ਦੀਆਂ ਕਲਮਾਂ ਘੜਾ ਲਵਾਂ।
'ਸੁਰਜੀਤ' ਲਿਖ ਨਾ ਹੋਣੀਆਂ ਗੁਰੂ ਗ੍ਰੰਥ ਦੀਆਂ ਸਿਫਤਾਂ,
ਭਾਵੇਂ ਮੈਂ ਸਾਰੀ ਧਰਤ ਦਾ ਕਾਗਜ਼ ਬਣਾ ਲਵਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

---

## ਗੁਰੂ ਨਾਨਕ ਦੀ ਬਾਣੀ

ਰੱਬ ਸੱਚੇ ਨਾਲ ਮੇਲ ਮਿਲਾਵੇ ਗੁਰੂ ਨਾਨਕ ਦੀ ਬਾਣੀ।
ਪੰਜ ਦੂਤਾਂ ਨੂੰ ਵੱਸ ਕਰਾਵੇ ਗੁਰੂ ਨਾਨਕ ਦੀ ਬਾਣੀ।

ਇਸ ਬਾਣੀ ਨੇ ਸੱਜਣ, ਕੌਡੇ, ਵਲੀ ਕੰਧਾਰੀ ਤਾਰੇ,
ਇਹ ਬਾਣੀ ਹੈ ਮਿੱਠੀ ਠੰਢੀ, ਤਪਦੇ ਹਿਰਦੇ ਠਾਰੇ।
ਬਾਣੀ ਗੁਣਾਂ ਨਾਲ ਸਾਂਝ ਵਧਾਵੇ ਗੁਰੂ ਨਾਨਕ ਦੀ ਬਾਣੀ।

ਮਿੱਠਤ ਨਾਲ ਇਹ ਜੀਵਨ ਭਰਦੀ ਇਹਦਾ ਰੰਗ ਅਨੋਖਾ,
ਗੁਰਬਾਣੀ ਇਕ ਉਚਤਮ ਧਨ ਹੈ, ਨਾ ਚੋਰੀ ਨਾ ਧੋਖਾ।
ਉਚ ਜੀਵਨ ਦੀ ਨੀਂਹ ਧਰਾਵੇ ਗੁਰੂ ਨਾਨਕ ਦੀ ਬਾਣੀ।

ਸਦਾਚਾਰ ਦੀ ਜਾਂਚ ਸਿਖਾਉਂਦਾ ਇਸ ਬਾਣੀ ਦਾ ਗਿਆਨ,
ਖਲਕਤ ਨਾਲ ਪ੍ਰੇਮ ਜਾਗਦਾ, ਖਾਲਕ ਵੱਲ ਧਿਆਨ।
ਦਇਆ ਸਬਰ ਦੀ ਜਾਂਚ ਸਿਖਾਵੇ ਗੁਰੂ ਨਾਨਕ ਦੀ ਬਾਣੀ।

*-ਸੁਖਦੇਵ ਸਿੰਘ ਸ਼ਾਂਤ*
*ਇੰਡੀਅਨਐਪੋਲਿਸ, ਇੰਡੀਆਨਾ।*
*ਫੋਨ: 317-372-7941*

## ਮਨੁ ਮੰਦਰੁ ਤਨੁ ਸਾਜੀ ਬਾਰਿ

### ਗੁਰਬਾਣੀ ਗਿਆਨ

**ਗਉੜੀ ਗੁਆਰੇਰੀ ਮਹਲਾ ੫**
ਮਨੁ ਮੰਦਰੁ ਤਨੁ ਸਾਜੀ ਬਾਰਿ॥
ਇਸ ਹੀ ਮਧੇ ਬਸਤੁ ਅਪਾਰ॥
ਇਸ ਹੀ ਭੀਤਰਿ ਸੁਨੀਅਤ ਸਾਹੁ॥
ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੂ॥੧॥
ਨਾਮ ਰਤਨ ਕੋ ਕੋ ਬਿਉਹਾਰੀ॥
ਅੰਮ੍ਰਿਤ ਭੋਜਨੁ ਕਰੇ ਆਹਾਰੀ॥੧॥ਰਹਾਉ॥
ਮਨੁ ਤਨੁ ਅਰਪੀ ਸੇਵ ਕਰੀਜੈ॥
ਕਵਨ ਸੁ ਜੁਗਤਿ ਜਿਤੁ ਕਰਿ ਭੀਜੈ॥
ਪਾਇ ਲਗਉ ਤਜਿ ਮੇਰਾ ਤੇਰੈ॥
ਕਵਨੁ ਸੁ ਜਨੁ ਜੋ ਸਉਦਾ ਜੋਰੈ॥੨॥
ਮਹਲੁ ਸਾਹ ਕਾ ਕਿਨ ਬਿਧਿ ਪਾਵੈ।
ਕਵਨ ਸੁ ਬਿਧਿ ਜਿਤੁ ਭੀਤਰਿ ਬੁਲਾਵੈ॥
ਤੂੰ ਵਡ ਸਾਹੁ ਜਾ ਕੇ ਕੋਟਿ ਵਣਜਾਰੇ॥
ਕਵਨੁ ਸੁ ਦਾਤਾ ਲੇ ਸੰਚਾਰੇ॥੩॥
ਖੋਜਤ ਖੋਜਤ ਨਿਜ ਘਰੁ ਪਾਇਆ॥
ਅਮੋਲ ਰਤਨੁ ਸਾਚੁ ਦਿਖਲਾਇਆ॥
ਕਰਿ ਕਿਰਪਾ ਜਬ ਮੇਲੇ ਸਾਹਿ॥
ਕਹੁ ਨਾਨਕ ਗੁਰ ਕੈ ਵੇਸਾਹਿ॥੪॥

ਪੰਜਵੇਂ ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਪ੍ਰਭੂ ਸ਼ਾਹ ਨੇ ਆਪਣੇ ਰਹਿਣ ਲਈ ਜੀਵ ਦੇ ਮਨ ਨੂੰ ਮੰਦਰ ਬਣਾਇਆ ਹੋਇਆ ਹੈ ਤੇ ਜੀਵ ਦੇ ਸਰੀਰ ਨੂੰ ਉਸ ਮੰਦਰ ਦੀ ਰਾਖੀ ਲਈ ਵਾੜ ਬਣਾ ਰੱਖਿਆ ਹੈ, ਇਸ ਮਨ ਰੂਪੀ ਮੰਦਰ ਦੇ ਅੰਦਰ ਉਸ ਬੇਅੰਤ ਪ੍ਰਭੂ ਦੇ ਨਾਮ ਦੀ ਪੂੰਜੀ ਭੀ ਪਈ ਹੈ, ਤੇ ਮਨ ਮੰਦਰ ਦੇ ਵਿਚ ਹੀ ਉਹ ਮਿਹਰਵਾਨ ਸ਼ਾਹ ਪ੍ਰਭੂ ਭੀ ਵੱਸਦਾ ਸੁਣੀਂਦਾ ਹੈ, ਪਰ ਕੋਈ ਵਡਭਾਗਾ ਵਿਰਲਾ ਹੀ ਨਾਮ ਦਾ ਵਣਜਾਰਾ ਹੈ ਜਿਸ ਦਾ ਉਸ ਸ਼ਾਹ ਪ੍ਰਭ ਜੀ ਦੇ ਘਰ ਵਿਚ ਯਕੀਨ ਬਣਿਆ ਹੋਇਆ ਹੈ।

ਨਾਮ ਰਤਨ ਕੋ ਕੋ ਬਿਉਹਾਰੀ॥
ਅੰਮ੍ਰਿਤ ਭੋਜਨੁ ਕਰੇ ਆਹਾਰੀ॥੧॥ਰਹਾਉ॥

ਰਹਾਉ ਦੀ ਪੰਕਤੀ ਵਿਚ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਬਖਸ਼ਿਸ਼ ਕਰਦੇ ਹਨ- ਹੇ ਭਾਈ! ਜਿਹੜਾ ਕੋਈ ਵਿਰਲਾ ਵੱਡੇ ਭਾਗਾਂ ਵਾਲਾ ਉਸ ਮਿਹਰਵਾਨ ਪ੍ਰਭੂ ਦੇ ਨਾਮ ਰੂਪੀ ਰਤਨ ਦਾ ਅਸਲੀ ਵਪਾਰੀ ਹੈ; ਅੰਮ੍ਰਿਤ ਭੋਜਨੁ ਕਰੇ ਆਹਾਰੀ, ਉਹ ਤਾਂ ਉਚਾ-ਸੁੱਚਾ ਆਤਮਕ ਜੀਵਨ ਦੇਣ ਵਾਲੇ ਨਾਮ ਰੂਪੀ ਭੋਜਨ ਨੂੰ ਹੀ ਆਪਣੀ ਜ਼ਿੰਦਗੀ ਦਾ ਆਹਾਰ ਬਣਾ ਲੈਂਦਾ ਹੈ ਅਤੇ ਉਠਦੇ-ਬੈਠਦੇ ਸਵਾਸ ਉਸ ਪਰਮੇਸ਼ਵਰ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ।

ਮਨੁ ਤਨੁ ਅਰਪੀ ਸੇਵ ਕਰੀਜੈ॥
ਕਵਨ ਸੁ ਜੁਗਤਿ ਜਿਤੁ ਕਰਿ ਭੀਜੈ॥
ਪਾਇ ਲਗਉ ਤਜਿ ਮੇਰਾ ਤੇਰੈ॥
ਕਵਨੁ ਸੁ ਜਨੁ ਜੋ ਸਉਦਾ ਜੋਰੈ॥੨॥

ਭਾਈ! ਕੋਈ ਮੈਨੂੰ ਭੀ ਦੱਸੇ, ਉਹ ਕਿਹੜਾ ਕੋਈ ਵਿਰਲਾ ਪ੍ਰਭੂ ਦਾ ਪਿਆਰਾ ਹੈ ਜੋ ਮੈਨੂੰ ਭੀ ਪ੍ਰਭੂ ਦੇ ਨਾਮ ਦਾ ਸੌਦਾ, ਭਾਵ ਵਣਜ ਕਰਾ ਦੇਵੇ, ਮੈਨੂੰ ਵੀ ਉਸ ਜਨ ਦੀ ਦੱਸ ਪਾਵੇ; ਮੈਂ ਆਪਣਾ ਮਨ ਤੇ ਤਨ- ਦੋਵੇਂ ਹੀ ਉਸ ਦੇ ਅਰਪਣ ਕਰ ਦੇਵਾਂਗਾ ਅਤੇ ਉਸ ਦੀ ਸੇਵਾ ਕਰਨ ਨੂੰ ਭੀ ਸਦਾ ਤਿਆਰ ਰਹਾਂਗਾ; ਮੈਂ ਸਾਰੀ ਮੇਰ-ਤੇਰ ਛੱਡ ਕੇ ਉਸ ਦੇ ਪੈਰੀਂ ਪੈ ਜਾਵਾਂਗਾ। ਮੈਂ ਉਸ ਹਰੀ ਦੇ ਜਨ ਕੋਲੋਂ ਪੁੱਛਣਾ ਹੈ ਕਿ ਉਹ ਕਿਹੜੀ ਜੁਗਤ ਹੈ ਜਿਸ ਨਾਲ ਪ੍ਰਭੂ ਮੇਰੇ ਉਤੇ ਪ੍ਰਸੰਨ ਹੋ ਜਾਵੇ।

ਮਹਲੁ ਸਾਹ ਕਾ ਕਿਨ ਬਿਧਿ ਪਾਵੈ॥
ਕਵਨ ਸੁ ਬਿਧਿ ਜਿਤੁ ਭੀਤਰਿ ਬੁਲਾਵੈ॥
ਤੂੰ ਵਡ ਸਾਹੁ ਜਾ ਕੇ ਕੋਟਿ ਵਣਜਾਰੇ॥
ਕਵਨੁ ਸੁ ਦਾਤਾ ਲੇ ਸੰਚਾਰੇ॥੩॥

ਭਾਈ! ਮੈਂ ਉਸ ਨਾਮ ਰਤਨ ਦੇ ਵਪਾਰੀ ਕੋਲੋਂ ਬੇਨਤੀ ਕਰ ਕੇ ਪੁੱਛਾਂਗਾ ਕਿ ਨਾਮ ਰੂਪੀ ਪੂੰਜੀ ਦਾ ਜੋ ਸ਼ਾਹ ਪ੍ਰਭੂ ਹੈ, ਉਸ ਦੇ ਮਹਿਲ ਨੂੰ ਜੀਵ ਕਿਹੜੇ ਤਰੀਕੇ ਨਾਲ ਲੱਭ ਸਕਦਾ ਹੈ ਅਤੇ ਉਹ ਕਿਹੜੀ ਵਿਧੀ ਹੈ ਜਿਸ ਨਾਲ ਉਸ ਮਹਿਲ ਦਾ ਸ਼ਾਹੂਕਾਰ ਜੀਵ ਰੂਪੀ ਵਣ ਬਾਰੇ ਅੰਦਰ ਆਪਣੇ ਕੋਲ ਬੁਲਾ ਸਕਦਾ ਹੈ; ਤੂੰ ਵਡ ਸਾਹੁ ਜਾ ਕੇ ਕੋਟਿ ਵਣਜਾਰੇ, ਮੇਰੇ ਪ੍ਰਭੂ! ਤੂੰ ਤਾਂ ਸਭ ਤੋਂ ਵੱਡਾ ਸ਼ਾਹ ਹੈਂ ਅਤੇ ਕਰੋੜਾਂ ਹੀ ਜੀਵ ਤੇਰੇ ਵਣਜਾਰੇ ਹਨ, ਪਰ ਉਹ ਨਾਮ ਦੀ ਦਾਤ ਦੇਣ ਵਾਲਾ ਕੌਣ ਹੈ ਜੋ ਮੈਨੂੰ ਤੇਰੇ ਕੋਲ ਪਹੁੰਚਾ ਦੇਵੇ।

ਖੋਜਤ ਖੋਜਤ ਨਿਜ ਘਰੁ ਪਾਇਆ॥
ਅਮੋਲ ਰਤਨੁ ਸਾਚੁ ਦਿਖਲਾਇਆ॥
ਕਰਿ ਕਿਰਪਾ ਜਬ ਮੇਲੇ ਸਾਹਿ॥
ਕਹੁ ਨਾਨਕ ਗੁਰ ਕੈ ਵੇਸਾਹਿ॥੪॥

ਭਾਈ! ਗੁਰੂ ਕਿਰਪਾ ਸਦਕਾ ਹੀ ਜੀਵ ਰੂਪੀ ਵਣਜਾਰੇ ਨੇ ਲੱਭਦਿਆਂ-ਲੱਭਦਿਆਂ ਆਪਣਾ ਅਸਲ ਘਰ ਲੱਭ ਲਿਆ ਜਿਥੇ ਉਹ ਸ਼ਾਹ ਪ੍ਰਭੂ ਆਪ ਵੱਸਦਾ ਹੈ; ਗੁਰੂ ਨੇ ਹੀ ਉਸ ਵਡਭਾਗੇ ਵਣਜਾਰੇ ਨੂੰ ਸਦਾ ਅਟੱਲ ਅਤੇ ਕਾਇਮ ਰਹਿਣ ਵਾਲਾ ਅਮੋਲਕ ਨਾਮ ਰੂਪੀ ਰਤਨ ਭੀ ਵਿਖਾਲ ਦਿੱਤਾ; ਕਰਿ ਕਿਰਪਾ ਜਬ ਮੇਲੇ ਸਾਹਿ, ਭਾਈ! ਨਾਨਕ ਆਖਦਾ ਹੈ, ਜਦੋਂ ਭੀ ਉਸ ਮਿਹਰਵਾਨ ਸ਼ਾਹ ਪ੍ਰਭੂ ਨੇ ਕਿਸੇ ਜੀਵ ਰੂਪੀ ਵਣਜਾਰੇ ਨੂੰ ਆਪਣੇ ਨਾਲ ਮਿਲਾਇਆ ਹੈ, ਤਾਂ ਗੁਰੂ ਦੇ ਰਾਹੀਂ ਹੀ ਮਿਲਾਇਆ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਸਿੱਖੀ ਕੀ ਸੀ ਤੇ ਕੀ ਹੈ-4

# ਜਾਤ-ਪਾਤ ਦਾ ਪਿਛੋਕੜ

***ਸਿੱਖੀ ਦੇ ਵੱਖ-ਵੱਖ ਪੱਖਾਂ ਬਾਰੇ ਚਰਚਾ ਪਿਛਲੇ ਕੁਝ ਅੰਕਾਂ ਤੋਂ 'ਪੰਜਾਬ ਟਾਈਮਜ਼' ਵਿਚ ਚੱਲ ਰਹੀ ਹੈ। ਇਨ੍ਹਾਂ ਲਿਖਤਾਂ ਵਿਚ ਸਿੱਖੀ ਦੇ ਵੱਖ-ਵੱਖ ਪਹਿਲੂਆਂ ਬਾਰੇ ਵਿਚਾਰਾਂ ਕਰਦਿਆਂ ਲੇਖਕਾਂ ਨੇ ਸਿੱਖਾਂ ਦੇ ਸਿੱਖੀ ਤੋਂ ਲਾਂਭੇ ਜਾਣ ਬਾਰੇ ਆਪੋ-ਆਪਣੇ ਫਿਕਰ ਸਾਂਝੇ ਕੀਤੇ ਹਨ। ਇਸ ਵਿਚਾਰ-ਚਰਚਾ ਤਹਿਤ ਪ੍ਰੋ. ਹਰਪਾਲ ਸਿੰਘ ਦੇ ਆਪਣੇ ਲੰਮੇ ਲੇਖ ਵਿਚ ਸਮੁੱਚੇ ਧਰਮਾਂ ਦੇ ਪ੍ਰਸੰਗ ਵਿਚ ਸਿੱਖੀ ਦੇ ਦਾਰਸ਼ਨਿਕ ਪੱਖਾਂ ਬਾਰੇ ਗੱਲਾਂ ਕੀਤੀਆਂ ਸਨ। ਇਸ ਕਿਸ਼ਤ ਵਿਚ ਉਨ੍ਹਾਂ ਭਾਰਤ ਵਿਚ ਜਾਤ-ਪਾਤ ਦੇ ਪਿਛੋਕੜ ਦਾ ਮਸਲਾ ਛੋਹਿਆ ਹੈ। -ਸੰਪਾਦਕ***

ਜਾਤ-ਪਾਤੀ ਪ੍ਰਬੰਧ ਕਿਸ ਨੇ ਬਣਾਇਆ, ਕਦੋਂ ਬਣਾਇਆ ਅਤੇ ਕਿਉਂ ਬਣਾਇਆ? ਇਸ ਬਾਰੇ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਪੁਰਾਤਨ ਸਭਿਆਤਾਵਾਂ ਵਿਚ ਵੀ ਜਾਤ-ਪਾਤ ਦੇ ਕੁਝ ਚਿੰਨ੍ਹ ਨਜ਼ਰ ਆਉਂਦੇ ਹਨ, ਪਰ ਨਿਖਰਵੇਂ ਰੂਪ ਵਿਚ ਨਹੀਂ। ਮੁੱਢਲੇ ਸਮੇਂ ਤੋਂ ਹੀ ਇਹ ਏਸ਼ੀਆ ਅਤੇ ਹੋਰ ਮੁਲਕਾਂ ਵਿਚ ਮੌਜੂਦ ਸੀ। ਉਘੇ ਵਿਦਵਾਨ ਸੇਨਾਰਟ ਐਮਿਲੀ (ਕਾਸਟ ਇਨ ਇੰਡੀਆ, ਸਫਾ 152) ਅਨੁਸਾਰ, ਭਾਰਤ ਵਾਂਗ ਇਰਾਨ ਵਿਚ ਵੀ ਚਾਰ ਵਰਗਾਂ ਦੇ ਨਿਸ਼ਾਨ ਮਿਲਦੇ ਹਨ- ਇਰਾਨੀ ਵਸੋਂ ਚਾਰ ਪਿਸਤਰਾਸ ਵਿਚ ਵੰਡੀ ਹੋਈ ਸੀ। ਅਸੀਰੀਆ ਦੀ ਸਲਤਨਤ ਵਿਚ ਲੋਕ ਕਬੀਲਿਆਂ ਵਿਚ ਵੰਡੇ ਹੋਏ ਸਨ, ਉਨ੍ਹਾਂ ਦੇ ਪੇਸ਼ੇ ਜੱਦੀ ਸਨ। ਬੱਚਿਆਂ ਨੂੰ ਆਪਣੇ ਮਾਂ-ਬਾਪ ਦਾ ਹੀ ਪੇਸ਼ਾ ਅਪਨਾਉਣਾ ਪੈਂਦਾ ਸੀ। ਵੱਖ-ਵੱਖ ਪੇਸ਼ੇ ਵਾਲਿਆਂ ਨੂੰ ਸ਼ਾਦੀ ਕਰਨ ਦੀ ਮਨਾਹੀ ਸੀ। ਮਿਸਰ ਵਿਚ ਵੀ ਵੱਖ-ਵੱਖ ਪੇਸ਼ਿਆਂ ਵਾਲਿਆਂ ਨੂੰ ਸ਼ਾਦੀ ਦੀ ਮਨਾਹੀ ਸੀ। ਸੂਰ ਪਾਲਕ ਕਿਸੇ ਮੰਦਰ ਵਿਚ ਨਹੀਂ ਸੀ ਵੜ ਸਕਦੇ। ਉਨ੍ਹਾਂ ਨੂੰ ਆਪਣੇ ਭਾਈਚਾਰੇ ਅੰਦਰ ਹੀ ਸ਼ਾਦੀ ਕਰਨੀ ਪੈਂਦੀ ਸੀ (ਹੱਟਨ, ਕਾਸਟ ਇੰਨ ਇੰਡੀਆ, ਸਫਾ 140)। ਅਫਰੀਕਾ ਦੇ ਉਤਰ-ਪੂਰਬੀ ਇਲਾਕੇ ਵਿਚ ਸਮਾਲੀ ਲੋਕ ਵਸਦੇ ਸਨ। ਉਨ੍ਹਾਂ ਵਿਚ ਜੱਦੀ ਲੁਹਾਰ ਵੱਖਰੀਆਂ ਬਸਤੀਆਂ ਵਿਚ ਰਹਿੰਦੇ ਸਨ। ਲੁਹਾਰ ਜੋ ਚੀਜ਼ਾਂ ਬਣਾਉਂਦੇ ਸਨ, ਉਨ੍ਹਾਂ ਨੂੰ ਅਪਵਿੱਤਰ ਸਮਝਿਆ ਜਾਂਦਾ ਸੀ ਅਤੇ ਇਨ੍ਹਾਂ ਨੂੰ ਵਰਤਣ ਤੋਂ ਪਹਿਲਾਂ ਗਰੀਸ ਲਾ ਕੇ ਸ਼ੁੱਧ ਕੀਤਾ ਜਾਂਦਾ ਸੀ। ਰਾਤ ਸਮੇਂ 'ਲੁਹਾਰ' ਸ਼ਬਦ ਮੂੰਹੋਂ ਕੱਢਣਾ ਬੁਰਾ ਸਮਝਿਆ ਜਾਂਦਾ ਸੀ; ਡਰ ਸੀ ਕਿ ਸ਼ੇਰ ਬਸਤੀ ਉਤੇ ਹੱਲਾ ਕਰ ਦੇਣਗੇ।



**ਪ੍ਰੋ. ਹਰਪਾਲ ਸਿੰਘ**
ਫੋਨ: 916-478-1640

ਅਫਰੀਕਾ ਦੇ ਦੂਜੇ ਪਾਸੇ ਇਬੂ ਸੁਸਾਇਟੀ ਵਿਚ ਓਸੂ ਵਸਦੇ ਸਨ। ਉਨ੍ਹਾਂ ਨੂੰ ਵੱਖਰੀ ਬਸਤੀ ਵਿਚ ਰਹਿਣਾ ਪੈਂਦਾ ਸੀ। ਕਿਸੇ ਨੂੰ ਓਸੂ ਕਹਿਣਾ, ਉਸ ਦਾ ਨਿਰਾਦਰ ਕਰਨਾ ਸੀ। ਜਾਪਾਨ ਵਿਚ ਏਟਾ ਨਾਮੀ ਫਿਰਕਾ ਅਛੂਤ ਸੀ। ਉਨ੍ਹਾਂ ਵਿਰੁਧ ਇਹ ਭਾਵਨਾ ਜਾਂ ਤੁਅੱਸਬ ਸੀ ਕਿ ਜੇ 'ਏਟਾ' ਸ਼ਬਦ ਵਰਤਣਾ ਵੀ ਹੋਵੇ, ਤਾਂ ਦੱਬੀ ਜ਼ੁਬਾਨ ਵਿਚ ਵਰਤਿਆ ਜਾਂਦਾ ਸੀ। ਉਹ ਪਸ਼ੂਆਂ ਸਮਾਨ ਸਮਝੇ ਜਾਂਦੇ ਸਨ ਅਤੇ ਪਿੰਡ ਤੋਂ ਬਾਹਰ ਅਲੱਗ ਬਸਤੀ ਵਿਚ ਰਹਿੰਦੇ ਸਨ। ਉਨ੍ਹਾਂ ਨੂੰ ਵੱਖਰੀ ਕਿਸਮ ਦੀ ਪੁਸ਼ਾਕ ਪਹਿਨਣੀ ਪੈਂਦੀ ਸੀ ਤਾਂ ਜੋ ਉਨ੍ਹਾਂ ਦੀ ਪਛਾਣ ਵੱਖਰੀ ਨਜ਼ਰ ਆਵੇ। ਉਹ ਆਪਣੇ ਭਾਈਚਾਰੇ ਅੰਦਰ ਹੀ ਸ਼ਾਦੀ ਕਰ ਸਕਦੇ ਸਨ ਅਤੇ ਕੇਵਲ ਰਾਤ ਸਮੇਂ ਹੀ ਆਪਣੇ ਘਰੋਂ ਬਾਹਰ ਨਿਕਲ ਸਕਦੇ ਸਨ। ਅੱਜ ਵੀ ਪੱਗੋਡਾ, ਅਰਥਾਤ ਬਰਮੀ ਮੰਦਰ ਦਾ ਗੁਲਾਮ, ਉਮਰ ਭਰ ਲਈ ਗੁਲਾਮ ਮੰਨਿਆ ਜਾਂਦਾ ਹੈ ਅਤੇ ਉਸ ਦੇ ਬੱਚੇ ਤੇ ਆਉਣ ਵਾਲੀਆਂ ਨਸਲਾਂ ਹਮੇਸ਼ਾ ਲਈ ਪੱਗੋਡਾ ਦੀ ਗੁਲਾਮ ਬਣੀਆਂ ਰਹਿੰਦੀਆਂ ਹਨ। ਰਾਜਾ ਵੀ ਉਨ੍ਹਾਂ ਨੂੰ ਰਿਹਾਅ ਨਹੀਂ ਕਰ ਸਕਦਾ। ਚੀਨ ਵਿਚ ਵੀ ਜਾਤ-ਪਾਤ ਨਾਲ ਮਿਲਦੇ-ਜੁਲਦੇ ਭਾਈਚਾਰਕ ਵਿਤਕਰਿਆਂ ਦੇ ਨਿਸ਼ਾਨ ਸਨ। ਨਾਈਆਂ ਅਤੇ ਉਨ੍ਹਾਂ ਦੀ ਔਲਾਦ ਨੂੰ ਅਛੂਤ ਸਮਝਿਆ ਜਾਂਦਾ ਸੀ। ਉਹ ਸਰਕਾਰੀ ਨੌਕਰੀ ਨਹੀਂ ਲੈ ਸਕਦੇ ਸਨ। ਨਾਚੇ, ਨਾਚੀਆਂ, ਮਲਾਹ ਤੇ ਪੁਲਸੀਏ ਨੀਵੇਂ ਸਮਝੇ ਜਾਂਦੇ ਅਤੇ ਇਨ੍ਹਾਂ ਨੂੰ ਆਪਣੇ ਭਾਈਚਾਰੇ ਵਿਚ ਹੀ ਸ਼ਾਦੀ ਕਰਨੀ ਪੈਂਦੀ ਸੀ। ਕੋਈ ਗੁਲਾਮ, ਆਜ਼ਾਦ ਇਸਤਰੀ ਨਾਲ ਵਿਆਹ ਨਹੀਂ ਸੀ ਕਰ ਸਕਦਾ।

ਭਾਰਤ ਤੋਂ ਬਿਨਾਂ ਜਾਤ-ਪਾਤ ਦਾ ਜ਼ਹਿਰ ਬਾਕੀ ਦੇਸ਼ਾਂ ਵਿਚ ਪੂਰੇ ਸਰੀਰ ਵਿਚ ਫੈਲਿਆ ਹੋਇਆ ਨਹੀਂ ਸੀ, ਭਾਵ ਇਹ ਸਮਾਜ ਦੇ ਇਕ-ਅੱਧੇ ਹਿੱਸੇ 'ਤੇ ਹੀ ਲਾਗੂ ਹੁੰਦਾ ਸੀ, ਸਾਰੇ ਸਮਾਜ 'ਤੇ ਨਹੀਂ। ਬਾਕੀ ਦੇਸ਼ਾਂ ਵਿਚ ਜਾਤੀ ਪ੍ਰਬੰਧ ਸਮੁੱਚੇ ਸਮਾਜ ਨੂੰ ਕਾਬੂ ਕਰਨ ਵਿਚ ਸਫਲ ਨਹੀਂ ਹੋਇਆ। ਜਿਵੇਂ ਮਿਸਰ ਵਿਚ ਜਾਤ-ਪਾਤ ਵਰਗੇ ਵਿਤਕਰਿਆਂ ਦੀ ਕੋਈ ਵੀ ਸ਼ਕਲ ਸੀ, ਪਰ ਕੋਈ ਨਿਸ਼ਾਨੀ ਨਹੀਂ ਮਿਲਦੀ ਜੋ ਜ਼ਾਹਿਰ ਕਰ ਸਕੇ ਕਿ ਉਥੇ ਭਾਰਤ ਵਾਂਗ ਜਾਤੀ ਪ੍ਰਬੰਧ ਸਖ਼ਤੀ ਨਾਲ ਲਾਗੂ ਸੀ। ਹੱਟਨ ਆਪਣੀ ਕਿਤਾਬ 'ਕਾਸਟ ਇਨ ਇੰਡੀਆ' ਵਿਚ ਲਿਖਦਾ ਹੈ- ਉਥੇ ਜਾਤ-ਪਾਤ ਨੇ ਸਿਰ ਚੁੱਕਿਆ, ਪਰ ਅਧੂਰੀ ਹਾਲਤ ਵਿਚ ਰੁਕ ਗਈ, ਜਾਂ ਜੇ ਵਿਗੜੀ ਵੀ ਤਾਂ ਉਸ ਨੇ ਸਮਾਜ ਦੇ ਇਕ ਛੋਟੇ ਜਿਹੇ ਹਿੱਸੇ ਉਤੇ ਹੀ ਅਸਰ ਕੀਤਾ ਅਤੇ ਸਮਾਜ ਦੇ ਵੱਡੇ ਹਿੱਸੇ ਨੂੰ ਨਹੀਂ ਛੋਹਿਆ। ਇਰਾਨ ਵਿਚ ਪੁਜਾਰੀ ਦਾ ਪੇਸ਼ਾ ਸਭ ਤੋਂ ਉਤਮ ਅਤੇ ਕਾਰੀਗਰ ਦਾ ਸਭ ਤੋਂ ਘਟੀਆ ਸਮਝਿਆ ਜਾਂਦਾ ਸੀ। ਆਪਣਾ ਪੇਸ਼ਾ ਬਦਲਣ ਦੀ ਸਿਰਫ ਉਨ੍ਹਾਂ ਨੂੰ ਆਗਿਆ ਮਿਲਦੀ ਸੀ, ਜੋ ਨਵੇਂ ਅਪਨਾਏ ਜਾਣ ਵਾਲੇ ਹੁਨਰ ਲਈ ਵਿਸ਼ੇਸ਼ ਤੌਰ 'ਤੇ ਯੋਗ ਹੁੰਦੇ ਸਨ। ਪੁਜਾਰੀ ਆਪਣੇ ਤੋਂ ਨੀਵੀਆਂ ਜਾਤਾਂ ਦੀਆਂ ਲੜਕੀਆਂ ਨਾਲ ਸ਼ਾਦੀ ਕਰ ਸਕਦੇ ਸਨ, ਪਰ ਆਪਣੀਆਂ ਲੜਕੀਆਂ ਨੂੰ ਨੀਵੀਆਂ ਜਾਤਾਂ ਦੇ ਬੰਦਿਆਂ ਨਾਲ ਵਿਆਹ ਕਰਨ ਦੀ ਆਗਿਆ ਨਹੀਂ ਸੀ। ਐਮ.ਐਨ. ਢੱਲਾ (ਜ਼ੋਰੋਆਸਟਰੀਅਨ ਸਿਵਿਲਾਈਜ਼ੇਸ਼ਨ) ਅਨੁਸਾਰ, ਇਹ ਗੱਲਾਂ ਹੋਣ ਦੇ ਬਾਵਜੂਦ ਇਰਾਨ ਦੇ ਇਤਿਹਾਸ ਵਿਚ ਜਾਤੀ-ਪਾਤ ਹੋਣ ਦਾ ਕੋਈ ਸਬੂਤ ਨਹੀਂ ਮਿਲਦਾ।

ਸੰਸਾਰ ਦੇ ਬਾਕੀ ਦੇਸ਼ਾਂ ਦੇ ਮੁਕਾਬਲੇ ਭਾਰਤ ਵਿਚ ਜਾਤੀ ਪ੍ਰਬੰਧ ਕੱਟੜ ਰੂਪ ਵਿਚ ਨਜ਼ਰ ਆਉਂਦਾ ਹੈ ਜਿਸ ਨੇ ਭਾਰਤ ਦੇ ਸਮੁੱਚੇ ਸਮਾਜਕ ਢਾਂਚੇ ਨੂੰ ਕਈ ਸਦੀਆਂ ਤੱਕ ਆਪਣੀ ਗ੍ਰਿਫ਼ਤ ਵਿਚ ਰੱਖਿਆ। ਭਾਰਤ ਦੇ ਜਾਤੀ ਪ੍ਰਬੰਧ ਨੂੰ ਸਮਝਣ ਤੋਂ ਪਹਿਲਾਂ ਪੁਰਾਣੀ ਭਾਰਤੀ ਸਭਿਅਤਾ ਜਿਸ ਵਿਚ ਦ੍ਰਾਵਿੜ ਅਤੇ ਆਰੀਅਨ ਲੋਕਾਂ ਦੀ ਸ਼ਮੂਲੀਅਤ ਸੀ, ਦੇ ਜਾਤੀ ਪ੍ਰਬੰਧ ਨੂੰ ਸਮਝਣਾ ਪਵੇਗਾ।

ਆਰੀਆ ਲੋਕਾਂ ਦੇ ਭਾਰਤ ਪ੍ਰਵੇਸ਼ ਤੋਂ ਪਹਿਲਾਂ ਪੰਜਾਬ ਦੀ ਸਿੰਧ ਘਾਟੀ ਵਿਚ ਜਿਹੜੇ ਲੋਕ ਰਹਿੰਦੇ ਸਨ, ਉਨ੍ਹਾਂ ਨੂੰ ਦ੍ਰਾਵਿੜ ਜਾਂ ਦਸਯੂ ਕਿਹਾ ਜਾਂਦਾ ਸੀ। ਦਸਯੂ ਕਾਲੇ ਰੰਗ ਦੇ, ਮਧਰੇ, ਮੋਟੇ ਨੱਕ, ਮੋਟੇ ਬੁੱਲ੍ਹ ਤੇ ਮੋਟੀ ਆਵਾਜ਼ ਵਾਲੇ ਸਨ। ਇਹ ਚੰਗੇ ਅਕਲਮੰਦ, ਸਿੱਖਿਅਤ, ਸੁੱਘੜ ਤੇ ਮਿਹਨਤੀ ਲੋਕ ਸਨ। ਇਨ੍ਹਾਂ ਵਿਚ ਜਾਤੀ ਪ੍ਰਥਾ ਦਾ ਕੋਈ ਨਿਸ਼ਾਨ ਨਹੀਂ ਸੀ। ਸਾਰੇ ਲੋਕ ਇਕ ਇਕਾਈ ਸਨ, ਖਾਂਦੇ-ਪੀਂਦੇ ਵੀ ਇਕੱਠੇ ਸਨ। ਨਾ ਕੋਈ ਬ੍ਰਾਹਮਣ ਸੀ, ਨਾ ਸ਼ੂਦਰ। ਇਹ ਲੋਕ ਆਪਸ ਵਿਚ ਵਿਆਹ ਕਰਵਾਉਂਦੇ ਸਨ। ਅਮਨ ਪਸੰਦ ਸ਼ਹਿਰੀ ਸਨ। ਵਿਕਸਿਤ ਸਭਿਅਤਾ ਦੇ ਮਾਲਕ ਸਨ। ਆਰੀਅਨਾਂ ਦਾ ਯੁੱਧ ਦਸਯੂ ਲੋਕਾਂ ਨਾਲ ਹੋਇਆ ਜਿਨ੍ਹਾਂ ਨੂੰ ਪਿੱਛੋਂ ਜਾ ਕੇ ਦਾਸ ਕਿਹਾ ਜਾਣ ਲੱਗਾ। ਆਰੀਅਨ ਇਨ੍ਹਾਂ ਨੂੰ ਅਸੁਰ, ਪੈਸ਼ਾਚ ਅਤੇ ਰਾਖਸ਼ਿਸ਼ ਕਹਿੰਦੇ ਸਨ। ਰਿਗਵੇਦ ਵਿਚ ਲਿਖਿਆ ਹੈ ਕਿ ਧਰਤੀ ਇਨ੍ਹਾਂ ਦਸਯੂ ਪੈਸ਼ਾਚਾਂ ਦੇ ਦਫਨ ਕਰਨ ਲਈ ਹੀ ਬਣਾਈ ਗਈ ਹੈ। ਲਿਖਿਆ ਹੈ ਕਿ ਆਰੀਅਨਾਂ ਵੱਲੋਂ ਇੰਦਰ (ਜੋ ਸ਼ਕਤੀਸ਼ਾਲੀ ਦੇਵਤਾ ਸੀ) ਅੱਗੇ ਅਰਦਾਸ ਕੀਤੀ ਗਈ, ਅਰਦਾਸ ਦੇ ਸ਼ਬਦ ਇਹ ਹਨ,

ਚੁਫੇਰੇ ਸਾਡੇ ਦਸਯੂ ਕਬੀਲੇ ਹਨ
ਉਹ ਬਲੀਆਂ ਨਹੀਂ ਦਿੰਦੇ
ਉਹ ਕਿਸੇ ਮੰਨਤ ਨੂੰ ਨਹੀਂ ਮੰਨਦੇ
ਉਨ੍ਹਾਂ ਦੀਆਂ ਰੀਤਾਂ ਵਚਿੱਤਰ ਹਨ
ਮਨੁੱਖ ਹੀ ਨਹੀਂ ਜਾਪਦੇ ਉਹ
ਐ ਦੁਸ਼ਮਣਾਂ ਦਾ ਸੰਘਾਰ ਕਰਨ ਵਾਲੇ ਇੰਦਰ
ਉਨ੍ਹਾਂ ਦਾ ਨਾਸ਼ ਕਰ
ਦਾਸ ਜਾਤੀ ਦਾ ਬੀਜ ਨਾਸ਼ ਕਰ।

ਆਮ ਸਹਿਮਤੀ ਇਸ ਗੱਲ ਉਤੇ ਹੈ ਕਿ 4000 ਜਾਂ 5000 ਸਾਲ ਪਹਿਲਾਂ ਪੁਰਾਣੇ ਆਰੀਅਨ ਲੋਕ ਆਪਣੇ ਮੱਧ ਏਸ਼ੀਆ (ਇਰਾਨ) ਵਿਚਲੇ ਅਸਲੀ ਜੱਦੀ ਘਰ ਤੋਂ ਉਠ ਕੇ ਭਾਰਤ ਦੇ ਉਤਰੀ ਖਿੱਤੇ ਪੰਜਾਬ ਵਿਚ ਆ ਕੇ ਵਸ ਗਏ। ਉਹ ਆਪਣਾ ਦੇਸ਼ ਛੱਡ ਕੇ ਦੂਰ ਦਰੇਡੀਆਂ ਥਾਂਵਾਂ ਵੱਲ ਕਿਉਂ ਗਏ, ਇਸ ਬਾਰੇ ਕੋਈ ਠੋਸ ਪ੍ਰਮਾਣ ਨਹੀਂ ਮਿਲਦੇ। ਹੋ ਸਕਦਾ ਹੈ ਕਿ ਕੋਈ ਕੁਦਰਤੀ ਆਫਤ ਆਣ ਪਈ ਜਾਂ ਉਨ੍ਹਾਂ ਦੇ ਕਬੀਲਿਆਂ ਦਾ ਆਪਸੀ ਟਕਰਾਉ ਇਸ ਕਦਰ ਵਧ ਗਿਆ ਸੀ ਕਿ ਇਕ ਧੜੇ ਨੂੰ ਆਪਣੇ ਜੱਦੀ ਸਥਾਨ ਤੋਂ ਨਿਕਲਣਾ ਪਿਆ ਹੋਵੇ। ਇਕ ਜਾਣਕਾਰੀ ਰਿਗਵੇਦ ਤੋਂ ਮਿਲਦੀ ਹੈ ਜਿਸ ਦਾ ਵਰਣਨ ਸਵਾਮੀ ਧਰਮਾ ਤੀਰਥ ਨੇ ਆਪਣੀ ਪੁਸਤਕ 'ਹਿਸਟਰੀ ਆਫ ਦਿ ਹਿੰਦੂ ਇੰਪੀਰੀਲਿਜ਼ਮ' (ਸਫਾ 48) 'ਚ ਕੀਤਾ ਹੈ।

ਇਨ੍ਹਾਂ ਪ੍ਰਾਚੀਨ ਵਿਦੇਸ਼ੀ ਆਰੀਅਨ

### ਵਿਚਾਰ-ਚਰਚਾ

ਹਮਲਾਵਰਾਂ ਨੇ ਜਿਹੜੀਆਂ ਕਵਿਤਾਵਾਂ ਜੋੜੀਆਂ, ਇਕੱਠੀਆਂ ਕੀਤੀਆਂ ਤੇ ਲਿਖੀਆਂ, ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਮੁਕਾਬਲੇ ਦੀ ਉਚੀ ਸਭਿਅਤਾ ਵਿਕਸਤ ਕਰ ਲਈ ਸੀ, ਪਰ ਖਾਸ ਗੱਲ ਇਹ ਸੀ ਕਿ ਇਹ ਘੁਮੱਕੜ ਹਮਲਾਵਰ ਜਿਨ੍ਹਾਂ ਨੇ ਆਪਣੀ ਮੂਲ ਜਗ੍ਹਾ ਛੱਡ ਕੇ ਦੂਰ ਦੁਰਾਡੇ ਦੇਸ਼ਾਂ ਵੱਲ ਕੂਚ ਕੀਤਾ, ਉਹ ਲੋਕ ਆਪਣੇ ਮੱਧ ਏਸ਼ੀਆਈ ਸਮਾਜ ਵਿਚ ਭਲੇ ਚੰਗੇ ਨੇਕ ਲੋਕ ਨਹੀਂ ਸਨ ਮੰਨੇ ਜਾਂਦੇ। ਇਹ ਲੋਕ ਜਿਨ੍ਹਾਂ ਨੂੰ ਮੱਧ ਏਸ਼ੀਆਈ ਸਮਾਜ ਵਿਚ ਮਾੜੇ ਤੇ ਘਟੀਆ ਸਮਝਿਆ ਜਾਂਦਾ ਸੀ, ਆਪਣੀਆਂ ਸਭਿਆਚਾਰਕ ਪ੍ਰਾਪਤੀਆਂ ਦੇ ਮੁਕਾਬਲੇ ਸਰੀਰਕ ਬਲ, ਸ਼ਹਿਣ ਸ਼ਕਤੀ ਅਤੇ ਜਾਨਵਰਾਂ ਵਰਗੇ ਹੌਸਲੇ ਕਰ ਕੇ ਨਿੱਡਰ ਤੇ ਬਹਾਦਰ ਲੋਕ ਸਨ। ਪ੍ਰਾਚੀਨ ਸਮਿਆਂ ਵਿਚ ਭਾਰਤ ਦੇ ਪੰਜਾਬ ਖਿੱਤੇ ਵਿਚ ਪਹੁੰਚੇ ਆਰੀਅਨ ਹਮਲਾਵਰਾਂ ਦਾ ਇਥੋਂ ਦੇ ਰਿਵਾਜ਼ਾਂ ਨਿਯਮਾਂ ਨਾਲ ਕੋਈ ਵੀ ਵੈਰ-ਵਿਰੋਧ ਨਹੀਂ ਸੀ। ਉਹ ਨਿੱਡਰ, ਸਖ਼ਤ ਜਾਨ, ਚਰਿੱਤਰਹੀਣ, ਬੇਈਮਾਨ, ਅੰਧ-ਵਿਸ਼ਵਾਸੀ ਅਤੇ ਜ਼ੋਖਮ ਭਰੇ ਕੰਮ ਕਰਨ ਵਾਲੇ ਲੋਕ ਸਨ ਜਿਹੜੇ ਹਰ ਸਮੇਂ ਆਪਣੀ ਤਾਕਤ ਨਾਲ ਉਨ੍ਹਾਂ ਲੋਕਾਂ ਉਪਰ ਬਲ ਦਾ ਇਸਤੇਮਾਲ ਕਰਨ ਲਈ ਹਰ ਵੇਲੇ ਤਿਆਰ ਰਹਿੰਦੇ ਸਨ ਜਿਹੜੇ ਉਨ੍ਹਾਂ ਦੇ ਰਸਤੇ ਵਿਚ ਆਉਂਦੇ ਸਨ, ਜਾਂ ਜਿਹੜੇ ਲੋਕ ਜ਼ਮੀਨ 'ਤੇ ਪਹਿਲਾਂ ਰਹਿੰਦੇ ਸਨ ਜਿਨ੍ਹਾਂ ਉਪਰ ਧਾਵਾ ਬੋਲ ਕੇ ਕਬਜ਼ਾ ਕਰਨਾ ਹੁੰਦਾ ਸੀ। ਇਹ ਪੁਰਾਤਨ ਕਬੀਲਾ ਅਫਗਾਨਿਸਤਾਨ ਵੱਲੋਂ ਹਿੰਦੂ ਕੁਸ਼ ਰਾਹੀਂ ਫਾਰਸ ਗਿਆ ਤੇ ਉਥੋਂ ਕਾਬਲ ਰਾਹੀਂ ਸਿੰਧ ਦਰਿਆ ਦੀ ਘਾਟੀ (ਪੰਜਾਬ) ਵਿਚ ਆਬਾਦ ਹੋਇਆ। ਪੰਜਾਬ ਵਿਚ ਆਪਣੇ ਪੈਰ ਜਮਾਉਣ ਲਈ ਉਨ੍ਹਾਂ ਨੂੰ ਇੱਥੋਂ ਦੇ ਆਦਿ ਵਾਸੀਆਂ ਜਾਂ ਮੂਲ ਨਿਵਾਸੀਆਂ ਨਾਲ ਲੰਮਾ ਸੰਘਰਸ਼ ਕਰਨਾ ਪਿਆ। ਜਿਹੜੇ ਲੋਕ ਉਨ੍ਹਾਂ ਨੂੰ ਕੂਚ ਕਰਨ ਜਾਂ ਫੈਲਾਓ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਸਨ, ਜਾਂ ਉਨ੍ਹਾਂ ਦੇ ਰਾਹ ਦੇ ਰੋੜੇ ਬਣਦੇ ਸਨ, ਆਰੀਅਨ ਉਨ੍ਹਾਂ ਨੂੰ ਉਨਾ ਚਿਰ ਤਬਾਹ, ਨਸ਼ਟ ਜਾਂ ਬਰਬਾਦ ਕਰੀ ਗਏ, ਜਿੰਨਾ ਚਿਰ ਉਨ੍ਹਾਂ ਗੰਗੋਤਰੀ ਵਾਦੀ ਵਿਚ ਆਪਣੇ ਛੋਟੇ-ਛੋਟੇ ਨਵੇਂ ਰਾਜ ਬਣਾ ਕੇ ਸ਼ਾਂਤੀ ਨਾ ਕਾਇਮ ਕਰ ਲਈ। ਪੁਰਾਣਾ ਕਾਲ 1000 ਈਸਵੀ ਵਿਚ, ਯਾਨਿ ਅੱਜ ਤੋਂ 3000 ਸਾਲ ਪਹਿਲਾਂ ਹਿੰਦੁਸਤਾਨ ਲਫ਼ਜ਼ ਜਾਂ ਇਸ ਨਾਂ ਦੇ ਦੇਸ਼ ਦਾ ਕੋਈ ਵਜੂਦ ਨਹੀਂ ਸੀ। 20-25 ਛੋਟੇ-ਛੋਟੇ ਰਾਜ ਸਨ ਜੋ ਹਮੇਸ਼ਾ ਆਪਸ ਵਿਚ ਲੜਦੇ ਰਹਿੰਦੇ ਸਨ। ਪੰਜਾਬ ਦਾ ਨਾਂ ਮਦਰ ਦੇਸ਼ ਸੀ ਜਿਸ ਵਿਚ ਪੂਰਬੀ ਤੇ ਪੱਛਮੀ ਪੰਜਾਬ, ਯਾਨਿ ਸਿੰਧ ਦਰਿਆ ਤੋਂ ਸਰਸਵਤੀ/ਘੱਗਰ ਤੱਕ ਦਾ ਇਲਾਕਾ ਸ਼ਾਮਲ ਸੀ। ਸਵਾਮੀ ਧਰਮਾ ਤੀਰਥ (ਹਿਸਟਰੀ ਆਫ ਦਿ ਹਿੰਦੂ ਇੰਪੀਰੀਲਿਜ਼ਮ) ਅਨੁਸਾਰ 600 ਈਸਾ ਪੂਰਵ (ਬੀ.ਸੀ.) ਵਿਚ 16 ਛੋਟੇ-ਛੋਟੇ ਰਾਜ ਸਨ ਜਿਨ੍ਹਾਂ ਨੂੰ ਮਹਾਜਨਪਦਾ ਕਿਹਾ ਜਾਂਦਾ ਸੀ।

> ***ਸੰਸਾਰ ਦੇ ਬਾਕੀ ਦੇਸ਼ਾਂ ਦੇ ਮੁਕਾਬਲੇ ਭਾਰਤ ਵਿਚ ਜਾਤੀ ਪ੍ਰਬੰਧ ਕੱਟੜ ਰੂਪ ਵਿਚ ਨਜ਼ਰ ਆਉਂਦਾ ਹੈ ਜਿਸ ਨੇ ਭਾਰਤ ਦੇ ਸਮੁੱਚੇ ਸਮਾਜਕ ਢਾਂਚੇ ਨੂੰ ਕਈ ਸਦੀਆਂ ਤੱਕ ਆਪਣੀ ਗ੍ਰਿਫ਼ਤ ਵਿਚ ਰੱਖਿਆ। ਭਾਰਤ ਦੇ ਜਾਤੀ ਪ੍ਰਬੰਧ ਨੂੰ ਸਮਝਣ ਤੋਂ ਪਹਿਲਾਂ ਪੁਰਾਣੀ ਭਾਰਤੀ ਸਭਿਅਤਾ ਜਿਸ ਵਿਚ ਦ੍ਰਾਵਿੜ ਅਤੇ ਆਰੀਅਨ ਲੋਕਾਂ ਦੀ ਸ਼ਮੂਲੀਅਤ ਸੀ, ਦੇ ਜਾਤੀ ਪ੍ਰਬੰਧ ਨੂੰ ਸਮਝਣਾ ਪਵੇਗਾ।***

ਪ੍ਰਾਚੀਨ ਆਰੀਅਨ ਸਮਾਜ ਵਿਚ ਨਾ ਕੋਈ ਬ੍ਰਾਹਮਣ ਸੀ, ਨਾ ਕਸ਼ਤਰੀ, ਨਾ ਹੀ ਵੈਸ਼ ਤੇ ਨਾ ਹੀ ਕੋਈ ਸ਼ੂਦਰ ਸੀ। ਜਾਤ-ਪਾਤ ਦੀ ਕੋਈ ਹੋਂਦ ਨਹੀਂ ਸੀ। ਸਾਰੇ ਲੋਕ ਇਕੱਠੇ ਖਾਂਦੇ-ਪੀਂਦੇ, ਆਪਸੀ ਵਿਆਹ ਕਰਦੇ ਅਤੇ ਇਕਾਈ ਦੇ ਰੂਪ ਵਿਚ ਵਿਚਰਦੇ ਸਨ। ਔਰਤ ਆਜ਼ਾਦ ਸੀ ਅਤੇ ਆਪਣੀ ਮਰਜ਼ੀ ਨਾਲ ਆਪਣਾ ਪਤੀ ਚੁਣ ਸਕਦੀ ਸੀ। ਸਤੀ ਪ੍ਰਥਾ ਜਾਂ ਬਾਲ ਵਿਆਹ ਦੀ ਕੋਈ ਪ੍ਰਥਾ ਨਹੀਂ ਸੀ। ਔਰਤ ਨੂੰ ਦੇਵੀ ਦੇ ਰੂਪ ਵਿਚ ਪੂਜਿਆ ਜਾਂਦਾ ਸੀ। ਯਜੋਨਪਵੀਤਾ ਨਾਮਕ ਪਵਿੱਤਰ ਕੱਪੜਾ ਕੇਵਲ ਬਲੀਆਂ ਦੇਣ ਵੇਲੇ ਹੀ ਪਹਿਨਿਆ ਜਾਂਦਾ ਸੀ। ਮਹਾਂਭਾਰਤ ਵਿਚ ਯੁਧਿਸ਼ਟਰ ਆਪਣੇ ਮੂੰਹੋਂ ਸਾਫ ਆਖਦਾ ਹੈ ਕਿ ਇਹ ਵੱਖਰੇ-ਵੱਖਰੇ ਲੋਕਾਂ ਦਾ ਸੰਯੋਗ ਮਿਸ਼ਰਨ ਹੈ। ਨਹੂਸ਼ਾ ਸਪਤਰਿਸ਼ੀ ਦੰਤ-ਕਥਾ ਵਿਚ ਯੁਧਿਸ਼ਟਰ ਖੁਦ ਆਖਦਾ ਹੈ, "ਓ ਜਾਤ! ਓ ਵਿਸ਼ਵਾਸਘਾਤੀ ਨਹੂਸ਼ਾ, ਇਸ ਆਦਮਜਾਤ, ਇਸ ਨਸਲ, ਇਸ ਉਪਜਾਤੀ ਦੀ ਮੌਜੂਦਗੀ, ਇਸ ਸਮੇਂ ਕਈ ਨਸਲਾਂ ਦਾ ਧੁੰਦਲਾ, ਅਸਪਸ਼ਟ ਵੱਡੀ ਗੱਡਮੱਡ ਦਾ ਨਤੀਜਾ ਹੈ, ਫਲ ਹੈ, ਸਿੱਟਾ ਹੈ। ਸਾਰੀਆਂ ਨਸਲਾਂ ਦੇ ਆਦਮੀ ਅਤੇ ਉਨ੍ਹਾਂ ਦੀਆਂ ਔਰਤਾਂ ਰਾਹੀਂ ਪੈਦਾ ਹੋਏ ਬੱਚੇ ਬਿਨਾਂ ਕਿਸੇ ਜਾਤ ਤੋਂ ਨਿਰ-ਪਛਾਣ ਹਨ। ਸਾਰੇ ਆਦਮੀ ਬੋਲ-ਚਾਲ, ਸੰਭੋਗ, ਜਨਮ ਤੇ ਮੌਤ ਦੇ ਸਬੰਧ ਵਿਚ ਬਰਾਬਰ ਅਤੇ ਇਕੋ ਜਿਹੇ ਹਨ।" (ਸਵਾਮੀ ਧਰਮਾ ਤੀਰਥ) ਵਰਣ ਵਿਵਸਥਾ ਦਾ ਸਾਰਾ ਪ੍ਰਬੰਧ, ਸਾਰੀ ਵਿਵਸਥਾ ਇਕੋ ਜਿਹੀ ਸੀ। ਜਦ ਤਕ ਉਚਿਤ ਯੋਗ ਵਰਤਾਓ ਦੀ ਹੋਂਦ ਨਹੀਂ ਸੀ, ਜਾਤਾਂ ਵਿਅਰਥ ਸਨ ਅਤੇ ਨਸਲਾਂ ਦੀ ਆਪਸੀ ਗੱਡਮੱਡ ਸਮੇਂ ਦੀ ਜ਼ਰੂਰਤ ਸੀ।

ਪ੍ਰਾਚੀਨ ਆਰੀਅਨਾਂ ਨੇ ਸਮਾਜ ਵਿਚ ਆਤਮ-ਵਿਸ਼ਵਾਸ, ਜ਼ਿੰਮੇਵਾਰੀ ਅਤੇ ਸਮਾਜੀ ਸੁਰੱਖਿਆ ਲਈ ਨਵੇਂ ਸਮਾਜਕ ਪ੍ਰਬੰਧ ਦਾ ਨਿਕਾਸ ਕੀਤਾ ਜਿਸ ਵਿਚ ਚਾਰ ਆਸ਼ਰਮ- ਬ੍ਰਾਹਮਣ, ਕਸ਼ੱਤਰੀ ਜਾਂ ਫੌਜੀ ਵਰਗ, ਵੈਸ਼ ਜਾਂ ਵਪਾਰੀ ਵਰਗ ਅਤੇ ਸ਼ੂਦਰ ਜਾਂ ਦਸਤਕਾਰ ਤੇ ਗੁਲਾਮ ਵਰਗ ਸਨ। ਇਹੀ ਅਜਿਹਾ ਜਮਾਤੀ ਪ੍ਰਬੰਧ ਸੀ ਜਿਸ ਤਹਿਤ ਲੋਕ ਯੋਗਤਾ ਅਨੁਸਾਰ ਆਪਣੀ ਜਮਾਤ ਬਦਲ ਸਕਦੇ ਸਨ। ਇਹ ਜਮਾਤਾਂ ਕਿੱਤਿਆਂ ਦੇ ਆਧਾਰ 'ਤੇ ਬਣੀਆਂ ਹੋਈਆਂ ਸਨ। ਕੋਈ ਬੰਦਾ ਬ੍ਰਾਹਮਣ ਇਸ ਲਈ ਹੈ, ਕਿਉਂਕਿ ਉਸ ਦਾ ਇਕ ਖਾਸ ਕਿੱਤਾ ਹੈ। ਦੂਜਾ ਬੰਦਾ ਸ਼ੂਦਰ ਇਸ ਲਈ ਹੈ ਕਿਉਂਕਿ ਉਸ ਦਾ ਕਿੱਤਾ ਹੋਰ ਹੈ। ਕਿਸੇ ਬੰਦੇ ਦੀ ਜਮਾਤ ਉਸ ਦੇ ਕਿੱਤੇ ਦੇ ਆਧਾਰ 'ਤੇ ਬਣੀ ਹੈ। ਇਨ੍ਹਾਂ ਜਮਾਤਾਂ ਵਿਚ ਲੋਕ ਕਿਸੇ ਪਾਸੇ ਵੀ ਜਾ ਕੇ ਆਪਣੀ ਜਮਾਤ ਬਦਲ ਸਕਦੇ ਸਨ। ਸ਼ੂਦਰ ਆਪਣੀ ਜਮਾਤ ਬਦਲ ਕੇ ਬ੍ਰਾਹਮਣ ਦੀ ਜਮਾਤ ਜਾਂ ਕਿਸੇ ਹੋਰ ਜਮਾਤ ਵਿਚ ਜਾ ਸਕਦਾ ਸੀ; ਬਸ਼ਰਤੇ ਕਿ ਉਸ ਨੇ ਆਪਣੀ ਯੋਗਤਾ ਸੁਧਾਰ ਲਈ ਹੋਵੇ। ਇਸੇ ਤਰ੍ਹਾਂ ਬ੍ਰਾਹਮਣ ਜਮਾਤ ਦੇ ਬੰਦੇ ਦੀ ਯੋਗਤਾ ਵਿਚ ਕਮੀ ਆ ਗਈ ਹੋਵੇ ਤਾਂ ਉਹ ਹੇਠਲੀ ਜਮਾਤ ਦਾ ਮੈਂਬਰ ਬਣ ਜਾਂਦਾ ਸੀ। ਜੇ ਉਹ ਫਿਰ ਆਪਣੀ ਯੋਗਤਾ ਸੁਧਾਰ ਲੈਂਦਾ ਹੈ ਤਾਂ ਮੁੜ ਬ੍ਰਾਹਮਣ ਜਮਾਤ ਵਿਚ ਵਾਪਸ ਆ ਜਾਵੇਗਾ।

ਆਰੀਅਨ ਦੀ ਪ੍ਰਾਚੀਨ ਵਰਣ ਵਿਵਸਥਾ ਅਤੇ ਆਸ਼ਰਮਾਂ ਵਿਚ ਜਾਤੀ ਪ੍ਰਥਾਵਾਦੀ ਕੋਈ ਗੱਲ ਨਹੀਂ ਸੀ। ਇਸ ਦਾ ਅਰੰਭ ਨਿਯਮਬੱਧ ਤਰੀਕੇ ਨਾਲ ਕੀਤਾ ਗਿਆ, ਬਿਲਕੁਲ ਵੱਖਰੇ ਕਾਰਜ ਲਈ ਇਸ ਦੀ ਵਰਤੋਂ ਕੀਤੀ ਗਈ। ਇਸ ਸਮੇਂ ਆਰੀਅਨਾਂ ਦੇ ਇਕ ਖਾਸ ਵਸ਼ਿਸ਼ਟ ਪੁਜਾਰੀ ਵਰਗ ਨੇ ਭਾਰਤੀ ਸਮਾਜ ਵਿਚ ਆਪਣੇ ਆਪ ਨੂੰ ਜੱਦੀ-ਪੁਸ਼ਤੀ ਅਜਾਰੇਦਾਰਾਨਾ ਜਮਾਤ ਵਰਗ ਵਜੋਂ ਸਥਾਪਿਤ ਕੀਤਾ ਕਿ ਪੁੱਤਰ, ਪਿਉ ਵਾਲਾ ਹੀ ਕੰਮ ਕਰੇਗਾ ਅਤੇ ਉਨ੍ਹਾਂ ਨੇ ਹੋਰਨਾਂ ਲੋਕਾਂ ਨੂੰ ਆਪਣੇ ਬ੍ਰਾਹਮਣ ਵਰਗ ਵਿਚੋਂ ਛਾਂਟ-ਛਾਂਟ ਕੇ ਕੱਢਣਾ ਸ਼ੁਰੂ ਕਰ ਦਿੱਤਾ। ਬ੍ਰਾਹਮਣਾਂ ਨੇ ਸਮਾਜ ਨੂੰ ਜਾਤਾਂ ਵਿਚ ਵੰਡ ਕੇ ਉਨ੍ਹਾਂ ਦੇ ਸ਼ੋਸ਼ਣ ਦੀਆਂ ਯੋਜਨਾਵਾਂ ਘੜੀਆਂ।

"ਬ੍ਰਾਹਮਣ ਪੁਜਾਰੀਆਂ ਦਾ ਆਪਣੀ ਵਿਸ਼ੇਸ਼ ਅਧਿਕਾਰਾਂ ਵਾਲੀ ਵੱਖਰੀ ਜਮਾਤ ਬਣਾਉਣ ਦਾ ਮਕਸਦ ਕੋਈ ਧਾਰਮਕ, ਰੂਹਾਨੀ ਜਾਂ ਕਿਸੇ ਕੁਦਰਤੀ ਨਸਲ ਦੀ ਮਹੱਤਤਾ ਸਿੱਧ ਕਰਨ ਲਈ ਨਹੀਂ ਸੀ, ਬਲਕਿ ਸਿਰਫ ਆਪਣੇ ਧਨ ਦੇ ਲਾਲਚ, ਔਰਤਬਾਜ਼ੀ ਅਤੇ ਸ਼ਰਾਬਖੋਰੀ ਐਸ਼ੋ-ਇਸ਼ਰਤ ਲਈ ਸੀ। ਬ੍ਰਾਹਮਣ ਆਪਣੇ ਵੱਲੋਂ ਨਿਰਪੱਖ ਹੋ ਕੇ ਆਪਣੀ ਦੈਵੀ ਮਹਾਨਤਾ ਦੀ ਜਿਹੜੀ ਵਕਾਲਤ ਕਰਦੇ ਹਨ, ਉਸ ਦਾ ਕੁਝ ਬੇਤੁਕਾ ਹਾਸੋਹੀਣਾ ਵਿਸਥਾਰ ਅਸੀਂ ਬਹੁਤ ਸਮਾਂ ਬਾਅਦ 1000 ਈਸਵੀ ਵਿਚ ਮੰਨੂੰ ਸ੍ਰਿਮਤੀ ਵਿਚ ਸਪਸ਼ਟ ਵੇਖ ਸਕਦੇ ਹਾਂ। (ਸਵਾਮੀ ਧਰਮ ਤੀਰਥਾ):

1. ਇਸ ਧਰਤੀ 'ਤੇ ਜੋ ਕੁਝ ਵੀ ਹੈ, ਉਹ ਸਭ ਬ੍ਰਾਹਮਣ ਦੀ ਸੰਪਤੀ ਹੈ, ਉਹ ਧਰਤੀ ਦਾ ਮਾਲਕ ਹੈ। ਉਸ ਦੀ ਮਰਜ਼ੀ ਹੈ ਕਿ ਉਹ ਕਿਸੇ ਨੂੰ ਕੁਝ ਦੇਵੇ ਜਾਂ ਨਾ ਦੇਵੇ।
2. ਬ੍ਰਾਹਮਣ ਅਨਪੜ੍ਹ ਹੋਵੇ, ਅਗਿਆਨੀ ਹੋਵੇ, ਨਾਲਾਇਕ ਹੋਵੇ ਤੇ ਭਾਵੇਂ ਪੜ੍ਹਿਆ-ਲਿਖਿਆ ਹੋਵੇ, ਉਹ ਮਹਾਨ ਦੇਵਤਾ ਹੈ, ਹਰ ਬੰਦੇ ਲਈ ਉਹ ਮਹਾਨ ਪੂਜਣਯੋਗ ਦੇਵਤਾ ਹੈ।
3. ਰਾਜੇ ਨੂੰ ਚਾਹੀਦਾ ਹੈ ਕਿ ਉਹ ਸਵੇਰੇ ਉਠ ਕੇ ਬ੍ਰਾਹਮਣ ਨੂੰ ਪ੍ਰਣਾਮ ਕਰੇ ਅਤੇ ਉਹ ਉਸ ਦਾ ਸਭ ਤੋਂ ਉਤਮ ਸਲਾਹਕਾਰ ਹੈ।
4. ਰਾਜੇ ਨੂੰ ਇਹ ਹੱਕ ਨਹੀਂ ਕਿ ਉਹ ਬ੍ਰਾਹਮਣ ਉਤੇ ਕਰ ਲਾਵੇ।
5. ਬ੍ਰਾਹਮਣ ਚਾਰ ਪਤਨੀਆਂ ਰੱਖ ਸਕਦਾ ਹੈ, ਕਸ਼ੱਤਰੀ ਤਿੰਨ, ਵੈਸ਼ ਦੋ ਅਤੇ ਸ਼ੂਦਰ ਇਕ ਹੀ ਪਤਨੀ ਰੱਖ ਸਕਦਾ ਹੈ।
6. ਬ੍ਰਾਹਮਣ ਕਿੰਨਾ ਵੀ ਸੰਗੀਨ ਜੁਰਮ ਕਰੇ, ਰਾਜੇ ਨੂੰ ਇਹ ਹੱਕ ਨਹੀਂ ਕਿ ਉਸ ਨੂੰ ਮੌਤ ਦੀ ਸਜ਼ਾ ਦੇਵੇ।

ਜ਼ਾਹਿਰ ਹੈ ਕਿ ਜਾਤ-ਪਾਤ ਪਿੱਛੇ ਕੰਮ ਕਰਦੇ ਮੰਤਵ ਦੀ ਚਾਲਕ ਸ਼ਕਤੀ ਸੀ, ਬ੍ਰਾਹਮਣ ਅਤੇ ਉਚ ਜਾਤੀਆਂ ਦੇ ਰੁਤਬੇ ਨੂੰ ਕਾਇਮ ਕਰਨਾ। ਇਸ ਨੂੰ ਲਾਗੂ ਕਰਨ ਲਈ ਇਸ ਨੂੰ ਧਾਰਮਕ ਰੰਗਣ ਦੇ ਦਿੱਤੀ ਗਈ। ਸ਼ੈਰਿੰਗ ਅਨੁਸਾਰ ਜਾਤ-ਪਾਤ ਦੇ ਬੰਧਨ ਧਾਰਮਕ ਬੰਧਨਾਂ ਨਾਲੋਂ ਮਜ਼ਬੂਤ ਹਨ। ਬਹੁਤ ਸਾਰੇ ਹਿੰਦੂ ਜਾਤ-ਪਾਤ ਦੀਆਂ ਰਸਮਾਂ ਪੂਰੀਆਂ ਕਰਨ ਨੂੰ ਧਰਮ ਦੀਆਂ ਰਸਮਾਂ ਵਿਚ ਸਭ ਤੋਂ ਉਚਾ ਸਮਝਦੇ ਹਨ। ਉਨ੍ਹਾਂ ਵਿਚੋਂ ਬਹੁਤ ਸਾਰੇ ਸਦਾਚਾਰਕ ਨੇਮਾਂ ਦੇ ਮੁਕਾਬਲੇ ਜਾਤ-ਪਾਤੀ ਜ਼ਬਤ ਦੇ ਭੰਗ ਹੋਣ ਨੂੰ ਪਾਪ ਸਮਝਦੇ ਹਨ। ਮਾਰਕੰਡੇ ਪੁਰਾਣ ਅਨੁਸਾਰ ਪੂਰਨਤਾ ਅਜਿਹਾ ਇਨਸਾਨ ਹੀ ਪ੍ਰਾਪਤ ਕਰ ਸਕਦਾ ਹੈ ਜੋ ਜਾਤ-ਪਾਤ ਦੇ ਫਰਜ਼ਾਂ ਤੋਂ ਲਾਂਭੇ ਨਾ ਜਾਏ। ਆਰਥਕ ਅਤੇ ਰਾਜਸੀ ਰੁਤਬੇ ਨਾਲੋਂ ਜਾਤ-ਪਾਤ ਨੂੰ ਜ਼ਿਆਦਾ ਤਰਜੀਹ ਦਿੱਤੀ ਗਈ ਹੈ:

1. ਸੌ ਸਾਲ ਦਾ ਬੁੱਢਾ ਕਸ਼ੱਤਰੀ ਹੋਵੇ ਅਤੇ ਦਸ ਸਾਲ ਦਾ ਬ੍ਰਾਹਮਣ ਹੋਵੇ, ਤਾਂ ਬ੍ਰਾਹਮਣ ਨੂੰ ਬੁੱਢੇ ਕਸ਼ਤਰੀ ਦਾ ਪਿਉ ਮੰਨਿਆ ਜਾਵੇਗਾ।
2. ਇਕ ਸੜਕ 'ਤੇ ਜੇ ਬ੍ਰਾਹਮਣ ਤੇ ਬਾਦਸ਼ਾਹ ਇਕੱਠੇ ਗੁਜ਼ਰਦੇ ਹੋਣ ਤਾਂ ਸੜਕ ਬ੍ਰਾਹਮਣ ਦੀ ਸਮਝੀ ਜਾਵੇਗੀ।
3. ਰਾਜਾ ਤੜਕੇ ਉਠ ਕੇ ਬ੍ਰਾਹਮਣ ਨੂੰ ਪ੍ਰਣਾਮ ਕਰੇ। ਵਿਸ਼ (ਵੈਸ਼) ਰਾਜੇ ਅੱਗੇ ਝੁਕਦੇ ਹਨ ਤੇ ਰਾਜਾ ਬ੍ਰਾਹਮਣ ਅੱਗੇ।
4. ਜੇ ਸ਼ੂਦਰ ਇਤਫਾਕੀਆ ਜਾਂ ਗੁਪਤ ਤੌਰ 'ਤੇ ਮੰਤਰ ਸੁਣ ਲਵੇ ਤਾਂ ਉਸ ਦੇ ਕੰਨਾਂ ਵਿਚ ਗਰਮ ਸ਼ੀਸ਼ਾ ਪਿਘਲਾ ਕੇ ਪਾ ਦਿੱਤਾ ਜਾਵੇ। ਜੇ ਉਹ ਵੇਦਾਂ ਦੇ ਮੰਤਰ ਬੋਲੇ, ਤਾਂ ਉਸ ਦੀ ਜੀਭ ਕੱਟ ਦਿੱਤੀ ਜਾਏ, ਜੇ ਉਸ ਨੂੰ ਵੇਦਾਂ ਦੇ ਸਲੋਕ ਆਦਿ ਯਾਦ ਹੋ ਗਏ ਹੋਣ, ਤਾਂ ਉਸ ਦੇ ਸਰੀਰ ਦੇ ਕਈ ਟੁਕੜੇ ਕਰ ਦਿੱਤੇ ਜਾਣ।
5. ਜੇ ਕੋਈ ਸ਼ੂਦਰ ਹਿੰਦੂ ਦੇਵੀ, ਦੇਵਤੇ ਦੇ ਨਾਂ ਜਾਂ ਉਸ ਦੇ ਉਨ੍ਹਾਂ ਦੇ ਜਨਮ ਸਬੰਧੀ ਕੋਈ ਸੁਆਲ ਬ੍ਰਾਹਮਣ ਨੂੰ ਕਰਨ ਦੀ ਗੁਸਤਾਖੀ ਕਰੇ, ਇਕ ਲੰਮਾ ਲੋਹੇ ਦਾ ਕਿੱਲ ਉਸ ਦੇ ਮੂੰਹ ਵਿਚ ਠੋਕ ਦਿੱਤਾ ਜਾਵੇ।
6. ਬ੍ਰਾਹਮਣ ਕਿੰਨਾ ਵੀ ਸੰਗੀਨ ਜੁਰਮ ਕਰੇ, ਰਾਜੇ ਨੂੰ ਹੱਕ ਨਹੀਂ ਕਿ ਉਸ ਨੂੰ ਮੌਤ ਦੀ ਸਜ਼ਾ ਦੇਵੇ।
7. ਜੇ ਕੋਈ ਮੂਰਖ ਬ੍ਰਾਹਮਣ ਨੂੰ ਧਰਮ ਦੱਸਣ ਦੀ ਕੋਸ਼ਿਸ਼ ਕਰੇ, ਤਾਂ ਰਾਜਾ ਉਸ ਨੂੰ ਗ੍ਰਿਫਤਾਰ ਕਰ ਕੇ ਉਸ ਦੇ ਕੰਨਾਂ ਅਤੇ ਮੂੰਹ ਵਿਚ ਗਰਮ ਤੇਲ ਪਾ ਦੇਵੇ।

***(ਚਲਦਾ)***

# ਬੁੜ੍ਹੀ ਦੋਗਲੀ ਹੈ!

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਪਿਛਲੇ ਦਿਨੀਂ ਮੈਂ ਕਿਸੇ ਦਾ ਲੇਖ ਪੜ੍ਹ ਰਿਹਾ ਸਾਂ ਜਿਸ ਵਿਚ ਸਿੱਖਾਂ ਦੇ ਉਚੇ ਚਰਿੱਤਰ ਦੀ ਸਿਫਤ ਕਰਦੇ ਹੋਏ ਕੁਝ ਇਸ ਤਰ੍ਹਾਂ ਦੱਸਿਆ ਗਿਆ ਸੀ ਕਿ ਸਿੱਖ ਮਰਦ ਇਸਤਰੀਆਂ ਦੇ ਪਿਛੇ ਨਹੀਂ ਪੈਂਦੇ। ਇਸ ਦਾ ਸਬੂਤ ਹੈ ਕਿ ਉਹ ਤਾਂ ਨੌਜਵਾਨ ਇਸਤਰੀਆਂ ਨੂੰ ਵੀ ਬੁੜ੍ਹੀਆਂ ਆਖਦੇ ਹਨ। ਮਤਲਬ ਕਿ ਬੁੜ੍ਹੀਆਂ ਵਿਚ ਲਿੰਗਕ ਖਿਚ ਘਟ ਹੋਣ ਕਾਰਨ ਉਨ੍ਹਾਂ ਲਈ ਜਵਾਨ ਇਸਤਰੀਆਂ ਵੀ ਬੁੜ੍ਹੀਆਂ ਦੀ ਨਿਆਈ ਹੀ ਹਨ। ਪੰਜਾਬ ਵਿਚ ਔਰਤਾਂ ਨੂੰ ਬੁੜ੍ਹੀਆਂ ਵੀ ਕਿਹਾ ਜਾਂਦਾ ਹੈ ਪਰ ਕੀ ਸਿਰਫ ਸਿੱਖ ਹੀ ਅਜਿਹਾ ਕਹਿੰਦੇ ਹਨ, ਹਿੰਦੂ, ਮੁਸਲਮਾਨ, ਈਸਾਈ ਨਹੀਂ? ਕਿੱਡਾ ਹਾਸੋਹੀਣਾ ਦਾਅਵਾ ਹੈ। ਪ੍ਰਸੰਗਵਸ ਇਕ ਹੋਰ ਦਿਲਚਸਪ ਟੂਕ ਪੇਸ਼ ਕਰ ਰਿਹਾ ਹਾਂ। ਉਦਾਰਵਾਦੀ ਵਿਚਾਰਾਂ ਵਾਲੇ ਗਿਆਨੀ ਸੰਤੋਖ ਸਿੰਘ ਆਸਟਰੇਲੀਆ ਵਧੀਆ ਵਾਰਤਾਕਾਰ ਹਨ। ਗਾਹੇ-ਬਗਾਹੇ ਉਨ੍ਹਾਂ ਦੀਆਂ ਸਵੈਜੀਵਨੀਨੁਮਾਂ ਲਿਖਤਾਂ ਪੜ੍ਹਨ ਨੂੰ ਮਿਲਦੀਆ ਰਹਿੰਦੀਆਂ ਹਨ। "ਬੁਢੀਆਂ ਤਖਤ ਓਹਲੇ ਹੱਸਣ" ਨਾਮੀਂ ਲੇਖ ਵਿਚ ਲਿਖਦੇ ਹਨ, "ਅੱਗੇ ਦੀ ਗੱਲ ਕਰਨ ਤੋਂ ਪਹਿਲਾਂ ਮੈਂ ਸ਼ਬਦ 'ਬੁਢੀ' ਬਾਰੇ ਦੱਸ ਲਵਾਂ। ਵੈਸੇ ਤਾਂ ਬੁੱਢੀ, ਬੁੱਢਾ ਸ਼ਬਦ ਦਾ ਇਸਤਰੀ ਲਿੰਗ ਹੈ ਜਿਸ ਦਾ ਮਤਲਬ ਹੈ ਸਿਆਣੀ ਉਮਰ ਦਾ ਬਜ਼ੁਰਗ ਵਿਅਕਤੀ। ਮਾਝੇ ਵਿਚ ਅਧੀ ਕੁ ਸਦੀ ਪਹਿਲਾਂ ਤੇ ਸ਼ਾਇਦ ਅਜੇ ਵੀ, ਨਿੱਕੇ ਪਿੰਡਾਂ ਵਿਚ, ਇਸਤਰੀ, ਭਾਵੇਂ ਉਹ ਜਵਾਨ ਹੀ ਹੋਵੇ ਜੇਕਰ ਉਹ ਵਿਆਹੀ ਹੈ ਤਾਂ ਉਸ ਨੂੰ ਪੁਰਾਣੇ ਲੋਕ ਬੁੱਢੀ ਹੀ ਆਖਦੇ ਸਨ; ਜਿਸ ਦਾ ਮਤਲਬ ਹੁੰਦਾ ਹੈ ਕਿ ਇਹ ਕਿਸੇ ਦੀ ਵਹੁਟੀ ਹੈ। ਬਚਪਨ ਦੌਰਾਨ ਪਿੰਡ ਵਿਚ ਸਿਆਣਿਆਂ ਦੇ ਮੂੰਹੋਂ, ਕਿਸੇ ਘੁੰਡ ਕੱਢ ਕੇ ਜਾ ਰਹੀ ਬੀਬੀ ਨੂੰ ਵੇਖ ਕੇ ਪਤਾ ਕਰਨ ਲਈ ਪੁੱਛ ਲੈਣਾ ਕਿ ਇਹ ਕੀਹਦੀ ਬੁੱਢੀ ਹੈ! ਵੈਸੇ ਮਾਝੇ ਤੋਂ ਬਾਹਰ ਦੁਆਬੇ ਮਾਲਵੇ ਵਿਚ, ਬੁੱਢੀ ਮਾਂ ਨੂੰ ਵੀ ਕਿਹਾ ਜਾਂਦਾ ਹੈ ਪਰ ਆਮ ਤੌਰ 'ਤੇ ਇਸ ਦਾ ਉਚਾਰਨ 'ਬੁੜ੍ਹੀ' ਹੀ ਕੀਤਾ ਜਾਂਦਾ ਹੈ। ਅਹਿਮਦ ਸ਼ਾਹ ਅਬਦਾਲੀ ਦੇ ਨਾਲ ਸਿੰਘਾਂ ਨਾਲ ਲੜਨ ਆਏ, ਕਾਜ਼ੀ ਨੂਰ ਮੁਹੰਮਦ ਨੇ ਬਾਅਦ ਵਿਚ ਲਿਖੇ ਆਪਣੇ ਜੰਗਨਾਮੇ ਵਿਚ ਸਿੰਘਾਂ ਦੇ ਸਦਾਚਾਰਕ ਆਚਰਣ, ਬਹਾਦਰੀ, ਦਾਨਵੀਰਤਾ ਆਦਿ ਦੀਆਂ ਤਾਰੀਫਾਂ ਲਿਖੀਆਂ ਹਨ। ਸਿੰਘਾਂ ਦੇ ਉਚ ਆਚਰਣ ਦੀ ਮਿਸਾਲ ਦਿੰਦਿਆਂ ਉਸ ਨੇ ਇਸ ਸ਼ਬਦ ਦਾ ਉਚੇਚਾ ਜ਼ਿਕਰ ਕੀਤਾ ਹੈ ਕਿ ਇਹ ਔਰਤ ਨੂੰ ਬੁੱਢੀ ਹੀ ਆਖਦੇ ਹਨ ਚਾਹੇ ਉਹ ਸੋਲਾਂ ਸਾਲ ਦੀ ਹੀ ਹੋਵੇ। ਸੋ, ਇਥੇ ਬੁੱਢੀ ਦਾ ਮਤਲਬ ਬਜ਼ੁਰਗ ਨਹੀਂ ਬਲਕਿ ਇਸਤਰੀ ਹੈ।"

ਸਾਰਾ ਬਿਆਨ ਜਾਣਕਾਰੀ ਭਰਿਆ ਹੋਣ ਦੇ ਬਾਵਜੂਦ ਥਹੁ ਨਹੀਂ ਲਗਦਾ ਕਿ ਜਿਸ ਸ਼ਬਦ ਦਾ ਅਰਥ ਬਜ਼ੁਰਗ ਹੈ, ਉਹ ਸੋਲਾਂ ਸਾਲ ਦੀ ਵਿਆਹੀ ਕੰਨਿਆ ਲਈ ਵੀ ਕਿਉਂ ਵਰਤਿਆ ਜਾਂਦਾ ਹੈ? ਹੋਰ ਗੱਲ, ਵਿਆਹੀ ਔਰਤ ਲਈ ਬੁੱਢੀ ਜਾਂ ਬੁੜ੍ਹੀ ਸ਼ਬਦ ਸਿਰਫ ਮਾਝੇ ਵਿਚ ਹੀ ਨਹੀਂ ਪੰਜਾਬੀ ਦੀ ਕਈ ਉਪਭਾਸ਼ਾਵਾਂ ਵਿਚ ਚਲਦਾ ਹੈ। ਹਾਂ, ਦੁਆਬੇ ਵਿਚ, ਇਸ ਭਾਵ ਲਈ ਮੈਂ ਸਿਰਫ ਬੁੜ੍ਹੀ ਸ਼ਬਦ ਸੁਣਿਆ ਹੈ। ਤਾਅਜੁੱਬ ਹੈ ਕਿ ਬੁੱਢਾ ਜਾਂ ਬੁੜ੍ਹਾ ਸ਼ਬਦ ਸਿਰਫ ਸਿਆਣੀ ਉਮਰ ਦੇ ਬੰਦਿਆਂ ਲਈ ਹੀ ਵਰਤੇ ਜਾਂਦੇ ਹਨ, ਜਵਾਨ ਮਰਦ ਲਈ ਨਹੀਂ। ਇਸ ਭੰਬਲਭੂਸੇ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਦੋ ਵੱਖੋ ਵੱਖਰੇ ਅਰਥਾਂ ਵਿਚ ਵਰਤੇ ਜਾਂਦੇ ਬੁੱਢੀ/ਬੁੜ੍ਹੀ ਸ਼ਬਦ ਦੇ ਦੋ ਵੱਖਰੇ ਪਿਛੋਕੜ ਹੋ ਸਕਦੇ ਹਨ। ਬੱਸ ਇਹੀ ਭੇਤ ਹੈ। ਐਪਰ ਬਹੁਤ ਸਾਰੇ ਲੋਕਾਂ ਵਿਚ ਇਹ ਭੁਲੇਖਾ ਬਣਿਆ ਹੋਇਆ ਹੈ ਕਿ ਦੋਵੇਂ ਅਰਥਾਂ ਵਿਚ ਮੌਲਿਕ ਸ਼ਬਦ ਇਕ ਹੀ ਹੈ। 'ਮਹਾਨ ਕੋਸ਼' ਦੇ ਕਰਤਾ ਨੇ "ਬੁੱਢੀ" ਸ਼ਬਦ ਦੇ ਦੋਨਾਂ ਅਰਥਾਂ ਨੂੰ ਇਕੋ ਇੰਦਰਾਜ ਵਿਚ ਭੁਗਤਾਇਆ ਹੈ ਜਿਸ ਤੋਂ ਜ਼ਾਹਿਰ ਹੈ ਕਿ ਭਾਈ ਸਾਹਿਬ ਵੀ ਵਿਚਲੀ ਗੱਲ ਨਹੀਂ ਸਨ ਸਮਝਦੇ।

ਬਜ਼ੁਰਗ ਦੇ ਅਰਥਾਂ ਵਿਚ ਬੁੱਢੀ/ਬੁੜ੍ਹੀ ਵਿਆਹੀ ਹੋਈ ਔਰਤ ਦੇ ਅਰਥਾਂ ਵਿਚ ਬੁੱਢੀ/ਬੁੜ੍ਹੀ ਨਾਲੋਂ ਮੂਲੋਂ ਮੁਢੋਂ ਵੱਖਰੀ ਹੈ। ਪਹਿਲਾਂ ਬਜ਼ੁਰਗੀ ਵਾਲੀ ਨੂੰ ਨਿਪਟਾਈਏ। ਇਸ ਬੁੱਢੀ ਦਾ ਸੰਸਕ੍ਰਿਤ ਪਿਛੋਕੜ ਵਾਲਾ ਸ਼ਬਦ ਹੈ- 'ਵ੍ਰਿੱਧਾ'। ਖੁਸ਼ਕਿਸਮਤੀ ਨੂੰ ਪੰਜਾਬੀ ਵਿਚ ਇਸ ਤੋਂ ਵਿਉਤਪਤ ਅਤੇ ਲਗਭਗ ਇਸੇ ਧੁਨੀ ਵਾਲਾ 'ਬਿਰਧ' ਸ਼ਬਦ ਮਿਲਦਾ ਹੈ, "ਬਿਰਧ ਭਇਆ ਤਨ ਛੀਜੈ ਦੇਹੀ॥" -ਗੁਰੂ ਨਾਨਕ ਦੇਵ। "ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨ ਅਵਸਥਾ ਜਾਨਿ॥" -ਗੁਰੂ ਤੇਗ ਬਹਾਦਰ। ਪੁਰਾਣੀਆਂ ਖਸਤਾਂ ਬੀੜਾਂ ਨੂੰ ਸ਼ਰਧਾ ਵਜੋਂ ਬਿਰਧ ਬੀੜਾਂ ਆਖਿਆ ਜਾਂਦਾ ਹੈ। ਵ੍ਰਿੱਧਾ ਵਿਚ ਵਧਣ ਦੇ ਭਾਵ ਹਨ ਤੇ ਇਥੇ ਮੁਰਾਦ ਉਮਰ ਦੇ ਵਧਣ ਤੋਂ ਹੈ। 'ਵ' ਧੁਨੀ 'ਬ' ਵਿਚ ਵਟ ਗਈ ਹੈ ਅਤੇ 'ਧ' ਪਹਿਲਾਂ 'ਢ' ਵਿਚ ਵਟ ਕੇ ਬੁੱਢਾ ਸ਼ਬਦ ਬਣਿਆ ਤੇ ਫਿਰ 'ੜ' ਵਿਚ ਪਲਟ ਕੇ ਬੁੜ੍ਹਾ ਸ਼ਬਦ ਬਣਿਆ: ਵ੍ਰਿਧਾ>ਬਿਰਧ>ਬੁੱਢਾ>ਬੁੜ੍ਹਾ ਜਿਹਾ ਵਿਕਾਸ ਰਿਹਾ ਹੋਵੇਗਾ। ਦੋਨਾਂ ਦੇ ਇਸਤਰੀ ਲਿੰਗ ਕ੍ਰਮਵਾਰ ਬੁੱਢੀ ਅਤੇ ਬੁੜ੍ਹੀ ਬਣੇ। ਗੁਰਬਾਣੀ ਵਿਚ ਬੁੱਢਾ ਸ਼ਬਦ ਆਇਆ ਹੈ, "ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥" ਸੰਸਕ੍ਰਿਤ ਵਿਚ ਵ੍ਰਿੱਧਾ ਸ਼ਬਦ ਦੇ ਅਰਥ ਸਿਆਣਾ, ਬੁੱਧੀਮਾਨ, ਪੰਡਿਤ, ਸੰਤ, ਬੜਾ, ਵਿਸ਼ਾਲ ਆਦਿ ਵੀ ਹਨ। ਚਿਨਾਬ ਦਰਿਆ ਦੇ ਇਕ ਪੁਰਾਣੇ ਛੱਰੇ ਨੂੰ ਬੁੱਢੀ ਕਿਹਾ ਜਾਂਦਾ ਹੈ। ਸੰਜੋਗਵਸ ਸਤਲੁਜ ਵਿਚ ਡਿਗਦੇ ਇਕ ਨਾਲੇ ਦਾ ਨਾਂ ਬੁਢਾ ਨਾਲਾ ਹੈ। ਵ੍ਰਿੱਧਾ ਸ਼ਬਦ ਅੱਗੋਂ 'ਵ੍ਰਿਧ' ਧਾਤੂ ਤੋਂ ਬਣਿਆ ਹੈ ਜਿਸ ਵਿਚ ਕਾਸੇ ਦੀ ਮਿਕਦਾਰ ਦੀ ਅਧਿਕਤਾ ਦੇ ਭਾਵ ਹਨ। ਇਸੇ ਤੋਂ ਪੰਜਾਬੀ ਵਿਚ ਬੇਸ਼ੁਮਾਰ ਸ਼ਬਦ ਬਣੇ ਹਨ ਜਿਵੇਂ ਵਧ, ਵਾਧਾ, ਵਧੀਆ, ਵਧੇਰੇ, ਵਾਧੂ, ਵਧੇਤਰ, ਵਧਾਈ, ਵੱਡਾ, ਵਡੇਰਾ, ਵਡੱਪਣ, ਵਡਿਆਈ, ਵੱਡਾ ਵੇਲਾ, ਬੜਾ, ਬੜਤ, ਬੜੌਤਰੀ ਆਦਿ। ਵਡ ਅਗੇਤਰ ਲੱਗ ਕੇ ਵੀ ਕਈ ਸ਼ਬਦ ਬਣੇ ਹਨ ਜਿਵੇਂ ਵਡਮੁੱਲਾ, ਵਡਦਰਸੀ ਸ਼ੀਸ਼ਾ, ਵਡਭਾਗ ਆਦਿ। ਵ੍ਰਿਧ ਸ਼ਬਦ ਤੋਂ ਤੀਜੀ ਡਿਗਰੀ ਦਾ ਸ਼ਬਦ ਬਣਿਆ ਹੈ ਵਰਿਸ਼ਟ ਜਿਸ ਦਾ ਅਰਥ ਹੁੰਦਾ ਹੈ ਬਜ਼ੁਰਗ ਜਾਂ ਸੀਨੀਅਰ। ਬੁੱਢਾ, ਬੁੱਢ ਜਾਂ ਬੁੜ੍ਹ ਅਗੇਤਰ ਲਗ ਕੇ ਵੀ ਕਈ ਸ਼ਬਦ ਬਣੇ ਹਨ ਜਿਵੇਂ ਬੁੱਢ-ਸੁਹਾਗਣ, ਬੁੱਢ ਵਰੇਸ, ਬੁੱਢਾ ਖੋਸਟ, ਬੁਢਾ-ਠੇਰਾ, ਬੁੜ੍ਹਖਾਣਾ, ਆਦਿ। ਇਸ ਵਿਚ ਠੇਰਾ ਸ਼ਬਦ ਸੰਸਕ੍ਰਿਤ ਦੇ ਸਥਾਵਿਰ ਤੋਂ ਬਣਿਆ ਹੈ ਜਿਸ ਦਾ ਅਰਥ ਵੀ ਬੁੱਢਾ ਹੀ ਹੁੰਦਾ ਹੈ। ਬੁੱਢਾ



ਖਾਸ ਨਾਂ ਵੀ ਹੁੰਦਾ ਹੈ ਜਿਵੇਂ ਬਾਬਾ ਬੁੱਢਾ। ਅੱਕ ਕਕੜੀ ਦੇ ਫੰਬੇ ਨੂੰ ਬੁੱਢੀ ਮਾਈ ਆਖਦੇ ਹਨ ਕਿਉਂਕਿ ਇਸ ਦੇ ਚਿੱਟੇ ਰੇਸ਼ੇ ਬੁੱਢੀ ਔਰਤ ਦੇ ਧੌਲਿਆਂ ਦਾ ਭੁਲੇਖਾ ਦਿੰਦੇ ਹਨ। ਤ੍ਰਿਸਕਾਰ ਭਾਵ ਨਾਲ ਬੁੱਢੇ ਬੁੱਢੀ ਨੂੰ ਬੁੱਢਣਾ ਜਾਂ ਬੁਢੱਣੀ ਕਹਿ ਦਿੱਤਾ ਜਾਂਦਾ ਹੈ। ਕਈ ਬੱਚੇ ਆਪਣੇ ਮਾਂ ਬਾਪ ਨੂੰ ਬੁੜ੍ਹਾ ਜਾਂ ਬੁੜ੍ਹੀ ਕਹਿ ਕੇ ਖੁਸ਼ ਹੁੰਦੇ ਹਨ। "ਬੁੜ੍ਹਾ ਟਿਕਣ ਹੀ ਨਹੀ ਦਿੰਦਾ", "ਬੁੜ੍ਹੀ ਮੰਜਾ ਹੀ ਨਹੀਂ ਛੱਡਦੀ।"

ਹੁਣ ਅਸੀਂ ਆਉਂਦੇ ਹਾਂ ਜਵਾਨ ਔਰਤ ਦੇ ਅਰਥਾਂ ਵਿਚ ਵਰਤੇ ਜਾਂਦੇ ਬੁੱਢੀ ਜਾਂ ਬੁੜ੍ਹੀ ਸ਼ਬਦ ਵੱਲ। ਇਥੇ ਬੁੱਢੀ ਜਾਂ ਬੁੜ੍ਹੀ ਦਾ ਅਸਲੀ ਅਰਥ ਹੈ ਵਿਆਹੀ ਹੋਈ ਇਸਤਰੀ, ਹੋਰ ਨਿਸ਼ਚੇਪੂਰਬਕ ਕਹੀਏ ਤਾਂ "ਵਿਆਹ ਕੇ ਲਿਆਂਦੀ।" ਇਕ ਧਾਤੂ ਹੈ 'ਵਹਿ' ਜਿਸ ਤੋਂ ਵਹਿਣਾ ਸ਼ਬਦ ਬਣਿਆ। ਇਸ ਦਾ ਅਰਥ ਖਿੱਚਣਾ, ਚੁੱਕ ਲਿਆਉਣਾ, ਢੋਣਾ, ਵਹਾਉਣਾ ਆਦਿ ਹੁੰਦਾ ਹੈ। ਇਸ ਵਹਿ ਦਾ ਭੂਤਕਾਲੀ ਰੂਪ ਹੋਇਆ ਵੋਢਾ ਜਿਸ ਦਾ ਅਰਥ ਬਣਿਆ ਵਹਾਇਆ, ਖਿਚਿਆ, ਚੁੱਕ ਲਿਆਂਦਾ, ਢੋਇਆ ਆਦਿ। ਵੋਢਾ ਸ਼ਬਦ ਹੋਰ ਵਿਕਾਸ ਕਰ ਕੇ ਬੁੱਢੀ ਦੇ ਰੂਪ ਵਿਚ ਪ੍ਰਗਟ ਹੋਇਆ। ਸੋ, ਵੋਢਾ ਜਾਂ ਬੁੱਢੀ ਦਾ ਸ਼ਾਬਦਿਕ ਅਰਥ ਬਣਿਆ 'ਜੋ ਲਿਆਂਦਾ ਗਿਆ, ਢੋਇਆ ਗਿਆ' ਤੇ ਵਿਸਤ੍ਰਿਤ ਅਰਥ ਬਣਿਆ ਵਿਆਹ ਕੇ ਘਰ ਲਿਆਂਦੀ ਤੀਵੀਂ, ਪਤਨੀ, ਦੁਲਹਨ ਜਾਂ ਠੇਠ ਪੰਜਾਬੀ ਵਹੁਟੀ। ਸੋ, ਵਿਆਹ ਕੇ ਲਿਆਂਦੀ ਔਰਤ ਹੌਲੀ ਹੌਲੀ ਵਿਆਹੀ-ਵਰੀ ਔਰਤ ਜਾਂ ਕੋਈ ਵੀ ਔਰਤ ਬਣ ਗਈ। ਬੁੱਢੀ ਤੋਂ ਹੀ ਬੁੜ੍ਹੀ ਨੇ ਅਵਤਾਰ ਧਾਰ ਲਿਆ। ਇਸੇ ਨਾਲ ਇਕ ਹੋਰ ਮਿਲਦਾ-ਜੁਲਦਾ ਸ਼ਬਦ ਹੈ 'ਨੱਢੀ' ਜਿਸ ਦੀ ਵਿਆਖਿਆ ਤੋਂ ਇਹ ਨੁਕਤਾ ਹੋਰ ਸਾਫ ਹੋ ਜਾਵੇਗਾ। ਖਾਸ ਤੌਰ 'ਤੇ ਲਹਿੰਦਾ ਵਿਚ ਮੁਟਿਆਰ ਨੂੰ ਨੱਢੀ ਜਾਂ ਨਢਤੀ ਆਖਦੇ ਹਨ। ਕੁਝ ਮਿਸਾਲਾਂ ਦਿੰਦੇ ਹਾਂ, "ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ॥" ਬਾਬਾ ਸ਼ੇਖ ਫਰੀਦ। ਨੱਢੀ ਦਾ ਹੀ ਪੁਲਿੰਗ ਹੈ ਨੰਢਾ ਜਾਂ ਨੰਢੜਾ, "ਜੇ ਜਾਣਾ ਸਾਹੁ ਨੰਢੜਾ ਤਾਂ ਥੋੜਾ ਮਾਣ ਕਰੀ॥" ਵਾਰਿਸ ਸ਼ਾਹ ਨੇ ਹੀਰ ਨੂੰ ਸਿਆਲਾਂ ਦੀ ਨੱਢੀ ਕਿਹਾ ਹੈ। ਨਾਲੇ, "ਇਸ਼ਕ ਬੋਲਦਾ ਨੱਢੀ ਦੇ ਥਾਉਂ ਥਾਈਂ, ਰਾਗ ਨਿਕਲੇ ਜ਼ੀਲ ਦੀ ਤਾਰ ਵਿਚੋਂ।" ਨੱਢੀ ਸ਼ਬਦ ਨਿਰ+ਉਢਾ ਤੋਂ ਬਣਿਆ ਹੈ ਅਰਥਾਤ ਜਿਸ ਨੂੰ ਢੋਇਆ ਨਹੀਂ ਗਿਆ, ਜਿਸ ਨੂੰ ਵਿਆਹਿਆ ਨਹੀਂ ਗਿਆ, ਅਣਵਿਆਹੀ, ਮੁਟਿਆਰ ਆਦਿ। ਇਕ ਨਿਵੋਢਾ ਸ਼ਬਦ ਵੀ ਹੁੰਦਾ ਹੈ ਜਿਸ ਦਾ ਅਰਥ ਨਵੀਂ ਨਵੀਂ ਵਿਆਹੀ ਹੁੰਦਾ ਹੈ: ਨਵ+ਉਢਾ। ਇਸ ਤੋਂ ਹਿੰਦੀ ਦਾ ਸ਼ਬਦ ਨਉੜਾ ਬਣਿਆ ਹੈ ਜਿਸ ਦਾ ਅਰਥ ਵੀ ਨਵ-ਵਿਆਹੀ ਹੁੰਦਾ ਹੈ।

ਵਿਆਹ ਸ਼ਬਦ ਦੀ ਚਰਚਾ ਚੱਲੀ ਹੈ ਤਾਂ ਅੱਗੇ ਇਸ ਰਹੱਸ ਦਾ ਉਦਘਾਟਨ ਵੀ ਕਰ ਦੇਈਏ ਕਿ ਆਪਣੇ ਆਪ ਵਿਚ ਵਿਆਹ/ਵਿਆਹਿਆ ਸ਼ਬਦ ਵੀ ਵਹਿ ਧਾਤੂ ਤੋਂ ਬਣਿਆ ਹੈ, ਤੇ ਇਸ ਦਾ ਸੰਸਕ੍ਰਿਤ ਰੂਪ ਹੈ ਵਿਵਾਹ:ਵਿ+ਵਾਹ। ਵਿਆਹ ਵਾਲੇ ਲੇਖ ਵਿਚ ਇਸ ਦੀ ਵਿਆਖਿਆ ਹੋ ਚੁੱਕੀ ਹੈ। ਹਿੰਦੀ, ਕਈ ਹੋਰ ਭਾਰਤੀ ਭਾਸ਼ਾਵਾਂ ਤੇ ਕਈ ਹਾਲਤਾਂ ਵਿਚ ਪੰਜਾਬੀ ਵਿਚ ਵੀ ਵਿਵਾਹ ਉਚਾਰਿਆ ਜਾਂਦਾ ਹੈ। ਸੰਸਕ੍ਰਿਤ ਵਿਚ 'ਵੀਵਾਹ' ਸ਼ਬਦ-ਜੋੜ ਵਾਲਾ ਸ਼ਬਦ ਵੀ ਮਿਲਦਾ ਹੈ ਤੇ ਇਹੀ ਰੂਪ ਗੁਰੂ ਗ੍ਰੰਥ ਸਾਹਿਬ ਵਿਚ ਵੀ ਮੌਜੂਦ ਹੈ, "ਜਾ ਕੁਆਰੀ ਤਾ ਚਾਉ ਵੀਵਾਹੀ ਤਾ ਮਾਮਲੇ॥ -ਬਾਬ ਸ਼ੇਖ ਫਰੀਦ।

ਪਰ ਗ੍ਰੰਥ ਗੁਰੂ ਸਾਹਿਬ ਵਿਚ ਆਮ ਤੌਰ 'ਤੇ ਵੀਆਹ ਸ਼ਬਦ ਹੀ ਆਇਆ ਹੈ। ਵਿਵਾਹ ਦੇ ਕਿਰਿਆ ਰੂਪੀ ਸ਼ਬਦ 'ਵਿਵਹ' ਦੇ ਮੁਢਲੇ ਅਰਥ ਹਨ, ਚੁੱਕਣਾ, ਚੁੱਕ ਲਿਜਾਣਾ, ਢੋਣਾ। ਅੱਗੇ ਵਿਕਸਤ ਅਰਥ ਹੋਏ (ਦੁਲਹਨ ਨੂੰ ਪਿਤਾ ਦੇ ਘਰੋਂ) ਚੁੱਕ ਲਿਜਾਣਾ, ਲੈ ਜਾਣਾ, ਵਿਆਹੁਣਾ। ਇਥੇ ਇਸਤਰੀ ਦੀ ਅਧੀਨ ਸਥਿਤੀ ਤੇ ਮਰਦ ਦਾ ਸਰਗਰਮ ਰੋਲ ਸਪਸ਼ਟ ਹੁੰਦਾ ਹੈ। ਚੁੱਕ ਲਿਜਾਣਾ ਵਿਚ ਕੱਢ ਲਿਜਾਣਾ ਜਿਹੇ ਭਾਵ ਦੀ ਪ੍ਰਤੀਤੀ ਹੁੰਦੀ ਹੈ। ਨਾਲ ਹੀ ਲਗਦਾ ਇਕ ਹੋਰ ਸ਼ਬਦ ਹੈ, ਵਧੂ ਜਿਸ ਦਾ ਅਰਥ ਵਹੁਟੀ ਹੁੰਦਾ ਹੈ। ਇਸੇ ਦਾ ਪੰਜਾਬੀ ਤੇ ਕੁਝ ਹੋਰ ਭਾਸ਼ਾਵਾਂ ਵਿਚ ਰੁਪਾਂਤਰ ਹੈ- ਬਹੂ। ਇਸ ਪਿਛੇ ਵੀ ਵਹਿ ਧਾਤੂ ਕੰਮ ਕਰ ਰਿਹਾ ਹੈ ਤੇ ਢੋਏ ਜਾਣ ਦਾ ਭਾਵ ਹੈ। ਪੰਜਾਬੀ ਦਾ ਠੇਠ ਸ਼ਬਦ ਹੈ ਵਹੁਟੀ ਜਿਸ ਦਾ ਸੰਸਕ੍ਰਿਤ ਰੂਪ ਹੈ ਵਧੁਤੀ। ਇਥੇ ਵੀ ਲਿਆਂਦੇ ਜਾਣ ਵਾਲਾ ਮਾਜਰਾ ਹੀ ਹੈ। ਹਿੰਦੀ ਵਿਚ ਵਹੁਟੀ ਦੇ ਅਰਥਾਂ ਵਿਚ ਬਹੁਰਿਆ ਸ਼ਬਦ ਹੈ ਜਿਸ ਦੀ ਵਰਤੋਂ ਭਗਤ ਕਬੀਰ ਅਤੇ ਗੁਰੂ ਅਰਜਨ ਦੇਵ ਨੇ ਵੀ ਕੀਤੀ ਹੈ, "ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ॥"

ਇਥੇ ਆ ਕੇ ਅਸੀਂ ਬੁੜ੍ਹਕਾਣੇ ਦੇ ਭਾਰੋਪੀ ਪਸਾਰੇ ਵੱਲ ਵਧਦੇ ਹਾਂ। ਇਕ ਭਾਰੋਪੀ ਮੂਲ ਹੈ 'wegh' ਜਿਸ ਦਾ ਅਰਥ ਲਿਜਾਣਾ, ਢੋਣਾ, ਗਤੀ ਕਰਨਾ ਹੈ। 'ਵਹ' ਧਾਤੂ ਰਾਹੀਂ ਅਸੀਂ ਪੰਜਾਬੀ ਦੇ ਕੁਝ ਸ਼ਬਦ ਦੇਖ ਚੁਕੇ ਹਾਂ। ਬਹੁਤ ਸਾਰੀਆਂ ਹਿੰਦ ਆਰਿਆਈ ਭਾਸ਼ਾਵਾਂ ਜਿਵੇਂ ਗਰੀਕ, ਲਾਤੀਨੀ, ਸਲਾਵਿਕ, ਲਿਥੂਐਨੀਅਨ, ਗਾਥਿਕ, ਜਰਮਨ ਅੰਗਰੇਜ਼ੀ ਆਦਿ ਵਿਚ ਇਸ ਮੂਲ ਤੋਂ ਸੈਂਕੜੇ ਸ਼ਬਦਾਂ ਦੀ ਉਤਪਤੀ ਹੋਈ ਹੈ। ਅੰਗਰੇਜ਼ੀ ਵਿਚ ਸਿਧੇ ਵੀ ਤੇ ਗਰੀਕ, ਲਾਤੀਨੀ ਅਤੇ ਜਰਮਨ ਆਦਿ ਰਾਹੀਂ ਵੀ ਕਈ ਸ਼ਬਦ ਵਿਕਸਿਤ ਹੋਏ ਹਨ। ਪਹਿਲਾਂ ਵਿਆਹ ਵਾਲੇ ਲੇਖ ਵਿਚ ਕੁਝ ਇਕ ਸ਼ਬਦਾਂ ਦੀ ਵਿਆਖਿਆ ਹੋ ਚੁੱਕੀ ਹੈ, ਇਥੇ ਸਿਰਫ ਗਿਣਾਏ ਹੀ ਜਾ ਰਹੇ ਹਨ: vehicle, wagon, weight, ਆਦਿ। ਵਿਆਹ ਵਾਲੇ ਲੇਖ ਵਿਚ ਹੀ ਪੰਜਾਬੀ ਦੇ ਇਨ੍ਹਾਂ ਸ਼ਬਦਾਂ ਦਾ ਵੀ ਚਰਚਿਤ ਧਾਤੂ ਨਾਲ ਸਬੰਧ ਦਰਸਾਇਆ ਗਿਆ ਹੈ- ਵਾਹ, ਵਾਹਣ, ਵਹਿਣ, ਵਾਹੀ, ਵਾਹਕ, ਪ੍ਰਵਾਹ, ਰਜਬਾਹਾ, ਗਿੱਦੜਬਾਹਾ, ਵਹਿੜਕਾ, ਵਹਿੰਗੀ, ਬੋਹਿਥਾ ਆਦਿ।

## ਗਜ਼ਲ

ਮੰਜ਼ਲ ਤਾਂ ਹਾਲੇ ਦੂਰ ਸੀ
ਰਾਹਾਂ 'ਚ ਭਟਕ ਗਏ।
ਪਹੁੰਚੇ ਕਿਤੇ ਨਾ ਦੋਸਤੋ
ਖਲਾਅ 'ਚ ਲਟਕ ਗਏ।

ਭਰਮ ਸੀ ਕਿ ਸੂਰਮੇ
ਬਲਵਾਨ ਬਹੁਤ ਹਾਂ,
ਪਹਿਲੇ ਦਾਅ ਦੇ ਨਾਲ ਸੀ
ਸਾਨੂੰ ਉਹ ਪਟਕ ਗਏ।

ਸਾਡੀ ਖੁਸ਼ੀ ਦਾ ਮੁੱਲ ਨਹੀਂ
ਹਾਕਮ ਦੀ ਨਜ਼ਰ 'ਚ,
ਤਾਂਹੀ ਬੇਝਿਜਕ ਸਾਡੀਆਂ
ਖੁਸ਼ੀਆਂ ਉਹ ਗਟਕ ਗਏ।

ਵਹਿਣਾ ਨੂੰ ਰੋਕਣ ਵਾਸਤੇ
ਜੁਗਤਾਂ ਦੀ ਲੋੜ ਹੈ,
ਦੇਖੋ ਨੇ ਅੱਖੀਂ ਆਪ ਮੈਂ
ਦਰਿਆ ਵੀ ਅਟਕ ਗਏ।

ਨੈਣਾਂ ਦਾ ਸਾਰਾ ਦੋਸ਼ ਨਹੀਂ ਸੀ
ਮਨ 'ਚ ਵੀ ਤਰੰਗ,
ਨੈਣਾਂ ਨੂੰ ਐਵੇਂ ਕੋਸ ਨਾ
ਐਵੇਂ ਨਹੀਂ ਮਟਕ ਗਏ।

ਸੱਚ ਆਖਣੇ ਦੀ ਜੁਰਅਤ
ਜੇ ਰੱਖਦਾ ਏਂ 'ਬੀਸਲੇ',
ਮੱਤ ਸੋਚ ਤੇਰੇ ਬੋਲ ਨੇ
ਕਿਹਨਾ ਨੂੰ ਖਟਕ ਗਏ।

-ਹਰਿੰਦਰ ਸਿੰਘ ਬੀਸਲਾ

## ਸੰਪਾਦਕ ਦੀ ਡਾਕ

# ਪੰਜਾਬੀ ਲੋਕ ਅਤੇ ਪੰਜਾਬੀ ਲਈ ਪਿਆਰ

'ਪੰਜਾਬੀ ਟਾਈਮਜ਼' ਦੇ ਅੰਕ ਨੰਬਰ 44 ਵਿਚ ਹਰਜਿੰਦਰ ਕੰਗ ਦਾ ਜਾਣਕਾਰੀ ਭਰਪੂਰ ਲੇਖ 'ਪੰਜਾਬੀ ਭਾਸ਼ਾ ਤੇ ਪੰਜਾਬੀ ਲੋਕ' ਪੜ੍ਹਿਆ। ਬਹੁਤ ਸਾਰੀਆਂ ਅਗਿਆਤ ਗੱਲਾਂ ਦਾ ਪਤਾ ਲੱਗਾ। 'ਪੰਜਾਬ ਟਾਈਮਜ਼' ਵਿਚ ਛਪਦੇ ਸਾਰੇ ਲੇਖ ਮਿਆਰੀ ਅਤੇ ਵਿਗਿਆਨਕ ਸੋਚ ਨੂੰ ਪ੍ਰਨਾਏ ਹੁੰਦੇ ਹਨ। ਪਾਠਕਾਂ ਵਿਚ ਬੈਠੇ ਬਹੁ-ਗਿਣਤੀ ਪਾਠਕਾਂ ਦੀਆਂ ਗੱਲਾਂ ਤੋਂ ਪਰਚੇ ਦੀ ਹਰਮਨ-ਪਿਆਰਤਾ ਦਾ ਪਤਾ ਲੱਗ ਜਾਂਦਾ ਹੈ।

ਜਿਵੇਂ ਸ੍ਰੀ ਕੰਗ ਨੇ ਲਿਖਿਆ ਹੈ, ਪੰਜਾਬ ਦਾ ਖੇਤਰਫਲ ਦਿੱਲੀ-ਅੰਬਾਲਾ ਤੋਂ ਅਟਕ ਅਤੇ ਬਹਾਵਲਪੁਰ ਤੋਂ ਹਜ਼ਾਰੇ ਤੱਕ ਸੀ, ਪਰ 1947 ਵਿਚ ਮਜ਼੍ਹਬ ਦੇ ਨਾਂ 'ਤੇ ਇਸ ਦੀ ਵੰਡ ਹੋ ਗਈ। ਇਹ ਵੰਡ ਗੈਰ-ਕੁਦਰਤੀ ਸੀ। ਲੋਕ ਵੰਡ ਨਹੀਂ ਸੀ ਚਾਹੁੰਦੇ, ਇਹ ਤਾਂ ਨਿਰੋਲ ਸਾਡੇ ਲੀਡਰਾਂ ਦਾ ਬੰਦ ਕਮਰੇ ਵਿਚ ਬੈਠ ਕੇ ਕੀਤਾ ਲੋਕ-ਦੋਖੀ ਫੈਸਲਾ ਸੀ। ਮਜ਼੍ਹਬ ਵੱਖ-ਵੱਖ ਹੋ ਸਕਦੇ ਹਨ, ਪਰ ਉਸ ਧਰਤੀ ਦੀ ਮਾਂ-ਬੋਲੀ ਤੇ ਸਭਿਆਚਾਰ ਵੱਖ-ਵੱਖ ਨਹੀਂ ਹੋ ਸਕਦੇ। ਵੰਡ ਵੇਲੇ ਜੇ ਹਿੰਦੂ, ਸਿੱਖ ਤੇ ਮੁਸਲਮਾਨ ਬਣਨ ਦੀ ਥਾਂ, ਸਿਰਫ ਪੰਜਾਬੀ ਬਣੇ ਰਹਿੰਦੇ ਤਾਂ ਸ਼ਾਇਦ ਸਾਡਾ ਜਿੰਨਾ ਜਾਨੀ ਤੇ ਮਾਲੀ ਨੁਕਸਾਨ ਉਸ ਵਕਤ ਹੋਇਆ, ਨਾ ਹੁੰਦਾ।

ਅੱਜ ਦੋਹਾਂ ਪੰਜਾਬਾਂ ਵਿਚ ਪੰਜਾਬੀ ਬੋਲੀ ਨੂੰ ਜੋ ਸਥਾਨ ਮਿਲਣਾ ਚਾਹੀਦਾ ਸੀ, ਨਹੀਂ ਮਿਲਿਆ। 1947 ਤੋਂ ਪਹਿਲਾਂ ਬਾਬੂ ਫਿਰੋਜ਼ਦੀਨ ਸ਼ਰਫ ਨੇ ਪੰਜਾਬੀ ਜ਼ੁਬਾਨ ਦੀ ਤਰਸਯੋਗ ਹਾਲਤ ਨੂੰ ਆਪਣੀ ਇਕ ਕਵਿਤਾ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ:

ਕਹਿਣ ਲੱਗੀ ਉਹ ਦੱਸਾਂ ਮੈਂ ਕੀ ਤੈਨੂੰ,
ਬੜੀ ਦੁੱਖਾਂ ਦੇ ਮੂੰਹ ਵਿਚ ਢੋਈ ਹੋਈ ਹਾਂ।
ਹੱਥੀਂ ਲੋਰੀਆਂ ਜਿਨ੍ਹਾਂ ਨੂੰ ਰਹੀ ਦੇਂਦੀ,
ਉਨ੍ਹਾਂ ਵਾਸਤੇ ਮੈਂ ਅਜ 'ਕੋਈ' ਹੋਈ ਹਾਂ।
ਉਂਜ ਤਾਂ ਪੰਜਾਂ ਦਰਿਆਵਾਂ ਦੀ ਹਾਂ ਰਾਣੀ,
ਅੱਜ ਮੈਂ ਪਾਣੀਓਂ ਵੀ ਪਤਲੀ ਹੋਈ ਹੋਈ ਹਾਂ।
ਮੂੰਹੋਂ ਮੀਟ ਕੇ ਨੁੱਕਰੇ ਹਾਂ ਬੈਠੀ,
ਟੁੱਟੀ ਹੋਈ ਸਿਤਾਰ ਹਾਂ ਰੱਬਾਬੀਆਂ ਦੀ,
ਪੁੱਛੀ ਬਾਤ ਨਾ ਜਿਨ੍ਹਾਂ ਨੇ ਸਰਫ ਮੇਰੀ,
ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ।

ਆਜ਼ਾਦੀ ਤੋਂ ਪਹਿਲਾਂ ਕੌਮੀ ਲੀਡਰਾਂ ਨੇ ਵਾਅਦਾ ਕੀਤਾ ਸੀ ਕਿ ਸੂਬੇ ਬੋਲੀ ਦੇ ਆਧਾਰ 'ਤੇ ਬਣਨਗੇ। ਬੋਲੀ ਦੇ ਆਧਾਰ 'ਤੇ ਸੂਬੇ ਬਣਾ ਵੀ ਦਿੱਤੇ, ਪਰ ਤਾਮਿਲਨਾਡੂ ਅਤੇ ਪੰਜਾਬ ਨੂੰ ਛੱਡ ਲਿਆ। ਰੋਮੇਲੋ ਨਾਂ ਦੇ ਤਾਮਿਲ ਨੇ ਤਾਮਿਲ ਬੋਲੀ ਦੇ ਆਧਾਰ 'ਤੇ ਸੂਬਾ ਬਣਾਉਣ ਦੇ ਖਿਲਾਫ ਰੋਸ ਪ੍ਰਗਟ ਕਰਨ ਲਈ ਆਤਮਦਾਹ ਕਰ ਲਿਆ, ਤਾਂ ਲੀਡਰਾਂ ਨੇ ਤਾਮਿਲ ਸੂਬਾ ਬਣਾ ਦਿੱਤਾ। ਮਗਰੋਂ ਪੰਜਾਬੀ ਸੂਬਾ ਵੀ ਬਣਾ ਦਿੱਤਾ, ਬੇਅੰਤ ਬੜੀਆਂ ਕੁਰਬਾਨੀਆਂ ਤੋਂ ਬਾਅਦ, ਪਰ ਲੰਗੜਾ! ਸਾਡੇ ਅਜੋਕੇ ਲੀਡਰਾਂ ਨੇ ਆਪਣੀ ਐਸ਼ੋ-ਇਸ਼ਰਤ ਅਤੇ ਲੋਕਾਂ ਦੇ 'ਦੁੱਖਾਂ ਦਾ ਪ੍ਰਬੰਧ' ਕਰਨ ਦਾ ਬੜਾ ਸੌਖਾ ਢੰਗ ਈਜ਼ਾਦ ਕਰ ਲਿਆ ਹੈ- ਲੋਕਾਂ ਨੂੰ ਮਜ਼੍ਹਬ, ਭਾਸ਼ਾ, ਇਲਾਕੇ ਤੇ ਜਾਤ-ਬਰਾਦਰੀ ਵਿਚ ਵੰਡ ਕੇ ਲੜਾਓ, ਤੇ ਫਿਰ ਵੋਟਾਂ ਬਟੋਰੋ। ਇਸ ਸਾਜ਼ਿਸ਼ ਦਾ ਸ਼ਿਕਾਰ ਹੋ ਕੇ ਸਾਡੇ ਕੁਝ ਪੰਜਾਬੀਆਂ ਨੇ ਪੰਜਾਬੀ ਨੂੰ ਆਪਣੀ ਮਾਂ-ਬੋਲੀ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ।

ਇਸ ਇਤਿਹਾਸਕ ਗਲਤੀ ਦਾ ਖਮਿਆਜਾ ਹਰ ਫਿਰਕੇ ਦੇ ਪੰਜਾਬੀ ਨੂੰ ਭੁਗਤਣਾ ਪਿਆ। ਜਿਸ ਬਜ਼ੁਰਗ ਪੱਤਰਕਾਰ ਨੇ ਆਪਣੇ ਫਿਰਕੇ ਦੇ ਲੋਕਾਂ ਨੂੰ ਮਾਂ-ਬੋਲੀ ਬਾਰੇ ਗੁੰਮਰਾਹ ਕੀਤਾ ਸੀ, ਉਸ ਦੇ ਪੋਤਰੇ ਨੇ ਮੀਡੀਆ ਰਾਹੀਂ ਆਪਣੇ ਬਜ਼ੁਰਗ ਦੀ ਗਲਤੀ ਦੀ ਮੁਆਫ਼ੀ ਮੰਗ ਕੇ ਆਪਣੇ ਪੰਜਾਬੀ ਹੋਣ ਦਾ ਸਬੂਤ ਦਿੱਤਾ। ਉਸ ਦੀ ਇਸ ਦਲੇਰੀ ਨੂੰ ਸਲਾਮ ਹੈ।

ਇਸ ਦੇ ਨਾਲ ਹੀ ਇਕ ਮਿਸਾਲ ਦੇਣੀ ਚਾਹਵਾਂਗਾ: ਪਾਕਿਸਤਾਨ ਦੀ ਸਥਾਪਨਾ ਮੁਹੰਮਦ ਅਲੀ ਜਿਨਾਹ ਦੀ 'ਟੂ-ਨੇਸ਼ਨ ਥਿਊਰੀ' ਦੇ ਆਧਾਰ 'ਤੇ ਹੋਈ; ਭਾਵ ਹਿੰਦੂ ਅਤੇ ਮੁਸਲਿਮ ਆਬਾਦੀ 'ਤੇ ਆਧਾਰਤ। ਅੱਧਾ ਪੰਜਾਬ, ਸਿੰਧ, ਬਲੋਚਿਸਤਾਨ ਤੇ ਉਤਰ-ਪੱਛਮੀ ਸਰਹੱਦੀ ਸੂਬਾ ਪੱਛਮੀ ਪਾਕਿਸਤਾਨ ਬਣਿਆ ਅਤੇ ਪੂਰਬੀ ਬੰਗਾਲ ਤੇ ਆਸਾਮ ਦਾ ਕੁਝ ਹਿੱਸਾ ਪੂਰਬੀ ਪਾਕਿਸਤਾਨ ਬਣਿਆ। ਬੰਗਾਲੀਆਂ ਦੀ ਭਾਸ਼ਾ ਬੰਗਲਾ ਹੈ। ਇਸ ਜ਼ੁਬਾਨ ਦਾ ਮਹਾਨ ਕਵੀ ਰਬਿੰਦਰ ਨਾਥ ਟੈਗੋਰ ਹੋਇਆ ਹੈ। ਇਸ ਕਵੀ ਦੀ ਮਾਤ-ਭਾਸ਼ਾ ਬੰਗਲਾ ਦੇ ਗੀਤ ਢਾਕਾ ਰੇਡੀਓ ਤੋਂ ਪ੍ਰਸਾਰਤ ਹੁੰਦੇ ਸਨ। ਪੱਛਮੀ ਪਾਕਿਸਤਾਨ ਦੇ ਮਜ਼੍ਹਬੀ ਜਨੂੰਨੀਆਂ ਨੇ ਪੂਰਬੀ ਪਾਕਿਸਤਾਨ ਵਾਲਿਆਂ ਨੂੰ ਢਾਕਾ ਰੇਡੀਓ ਤੋਂ ਟੈਗੋਰ ਦੇ ਗੀਤ ਬੰਦ ਕਰ ਲਈ ਕਿਹਾ ਕਿ ਉਹ ਹਿੰਦੂ ਹੈ। ਬੰਗਾਲੀ ਆਪਣੀ ਮਾਤ-ਭਾਸ਼ਾ ਨੂੰ ਬਹੁਤ ਪਿਆਰ ਕਰਦੇ ਹਨ, ਉਨ੍ਹਾਂ ਨੇ ਸਾਫ ਇਨਕਾਰ ਕਰ ਦਿੱਤਾ, ਤੇ ਕਿਹਾ ਕਿ ਟੈਗੋਰ ਬੇਸ਼ੱਕ ਹਿੰਦੂ ਹੈ, ਪਰ ਉਹ ਸਾਡੀ ਮਾਤ-ਭਾਸ਼ਾ ਦਾ ਮਹਾਨ ਕਵੀ ਹੈ।

ਸਾਨੂੰ ਵੀ ਬੰਗਾਲੀਆਂ ਵਾਂਗ ਮਜ਼੍ਹਬਾਂ ਤੋਂ ਉਪਰ ਉਠ ਕੇ ਆਪਣੀ ਮਾਂ-ਬੋਲੀ ਪੰਜਾਬੀ ਨੂੰ ਪਿਆਰ ਕਰਨਾ ਚਾਹੀਦਾ ਹੈ। ਸਾਰੀ ਦੁਨੀਆਂ ਵਿਚ 12-13 ਕਰੋੜ ਪੰਜਾਬੀ ਵੱਸਦੇ ਹਨ। ਸਾਰੇ ਪੰਜਾਬੀਆਂ ਨੂੰ ਇਸ ਦੀ ਤਰੱਕੀ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ ਤਾਂ ਕਿ ਪ੍ਰੋ. ਮੋਹਨ ਸਿੰਘ, ਧਨੀ ਰਾਮ ਚਾਤ੍ਰਿਕ ਤੇ ਬਾਬੂ ਫਿਰੋਜ਼ਦੀਨ ਸ਼ਰਫ ਦੀ ਮਾਤ-ਭਾਸ਼ਾ ਰਹਿੰਦੀ ਦੁਨੀਆਂ ਤੱਕ ਜ਼ਿੰਦਾ ਰਹੇ।

-ਜਸਵੰਤ ਸਿੰਘ ਸੰਧੂ (ਘਰਿੰਡਾ)
ਯੂਨੀਅਨ ਸਿਟੀ, ਕੈਲੀਫੋਰਨੀਆ।
ਫੋਨ: 510-516-5971



28ਵੀਂ ਬਰਸੀ 'ਤੇ

(1939 ਤੋਂ 1986)

## ਲੋਕ ਕਾਵਿ ਦਾ ਮਘਦਾ ਸੂਰਜ

# ਸੰਤ ਰਾਮ ਉਦਾਸੀ

*ਸੰਤ ਰਾਮ ਉਦਾਸੀ (20 ਅਪਰੈਲ 1939 ਤੋਂ 6 ਨਵੰਬਰ 1986) ਨੂੰ ਸਾਥੋਂ ਵਿਛੜਿਆਂ 28 ਸਾਲ ਬੀਤ ਗਏ ਹਨ, ਪਰ ਉਹ ਆਪਣੀਆਂ ਕਵਿਤਾਵਾਂ ਅਤੇ ਆਪਣੀ ਸੰਘਰਸ਼ਪੂਰਨ ਜੀਵਨ-ਕਹਾਣੀ ਨਾਲ ਸਦਾ ਸਾਡੇ ਅੰਗ-ਸੰਗ ਹੈ। ਉਹ ਪੰਜਾਬੀ ਕਾਵਿ-ਜਗਤ ਦਾ ਬੜਾ ਅਹਿਮ ਤੇ ਵਿਲੱਖਣ ਜਿਉੜਾ ਹੈ। ਉਹਦੀਆਂ ਕਵਿਤਾਵਾਂ ਵਿਚੋਂ ਲੋਹੜੇ ਦਾ ਸੇਕ ਮਹਿਸੂਸ ਹੁੰਦਾ ਹੈ ਅਤੇ ਦਰਦ ਦੀਆਂ ਨਦੀਆਂ ਵਗਦੀਆਂ ਜਾਪਦੀਆਂ ਹਨ। ਦੱਬੇ-ਕੁਚਲੇ ਲੋਕਾਂ ਲਈ ਉਹਦੀਆਂ ਕਵਿਤਾਵਾਂ ਮਘਦੇ ਸੂਰਜ ਤੋਂ ਘੱਟ ਨਹੀਂ। ਆਪਣੀ ਹਯਾਤੀ ਦੌਰਾਨ ਉਹਨੇ ਸਦਾ ਸੰਘਰਸ਼ ਵਾਲੇ ਰਾਹ ਨੂੰ ਤਰਜੀਹ ਦਿੱਤੀ। ਅੰਤਾਂ ਦਾ ਤਸ਼ੱਦਦ ਅਤੇ ਬੇਅੰਤ ਔਖਿਆਈਆਂ ਵੀ ਉਸ ਦੇ ਸਿਰੜ ਨੂੰ ਹਰਾ ਨਹੀਂ ਸਕੀਆਂ। ਪ੍ਰਿੰਸੀਪਲ ਸਰਵਣ ਸਿੰਘ ਨੇ ਇਸ ਜਿਉੜੇ ਬਾਰੇ ਲੰਮਾ ਲੇਖ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਭੇਜਿਆ ਹੈ ਜਿਸ ਦੀ ਪਹਿਲੀ ਕਿਸ਼ਤ ਛਾਪੀ ਜਾ ਰਹੀ ਹੈ। -ਸੰਪਾਦਕ*

ਮਾਂ ਧਰਤੀਏ ਤੇਰੀ ਗੋਦ ਨੂੰ ਚੰਦ ਹੋਰ ਬਥੇਰੇ
ਮਘਦਾ ਰਹੀਂ ਤੂੰ ਸੂਰਜਾ ਕੰਮੀਆਂ ਦੇ ਵਿਹੜੇ।

ਸੰਤ ਰਾਮ ਉਦਾਸੀ ਪੰਜਾਬੀ ਲੋਕ ਕਾਵਿ ਦਾ ਮਘਦਾ ਸੂਰਜ ਸੀ ਜੋ ਅਚਾਨਕ ਛਿਪ ਗਿਆ। ਉਹ ਆਪ ਭਾਵੇਂ ਛਿਪ ਗਿਆ ਪਰ ਉਹਦੇ ਕਾਵਿ ਦਾ ਤਪ-ਤੇਜ ਸਦਾ ਤਪਦਾ ਰਹੇਗਾ ਤੇ ਕਿਰਤੀ ਕਾਮਿਆਂ ਅੰਦਰ ਰੋਹ ਦੀਆਂ ਚਿਣਗਾਂ ਬਾਲ਼ਦਾ ਰਹੇਗਾ। ਉਦਾਸੀ ਨੇ ਆਪਣੇ ਗੀਤਾਂ ਤੇ ਨਜ਼ਮਾਂ ਨਾਲ ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਐਸੀ ਅੱਗ ਬਾਲ਼ੀ ਜੋ ਹਾਕਮਾਂ ਤੇ ਲੋਟੂਆਂ ਦੇ ਬੁਝਾਉਣ ਦੇ ਬਾਵਜੂਦ ਬੁਝਣ ਵਾਲੀ ਨਹੀਂ। ਜਦੋਂ ਉਹ ਗਾਉਂਦਾ ਤਾਂ ਉਹਦੇ ਗੀਤਾਂ ਵਿਚਲੀ ਰੋਹੀਲੀ ਲਲਕਾਰ ਹੋਰ ਵੀ ਪ੍ਰਚੰਡ ਹੋ ਜਾਂਦੀ। ਉਹ ਖੱਬਾ ਹੱਥ ਕੰਨ 'ਤੇ ਧਰ ਕੇ ਸੱਜੀ ਬਾਂਹ ਆਕਾਸ਼ ਵੱਲ ਉਗਾਸਦਾ ਤਾਂ ਉਹਦੇ ਹਾਕ ਮਾਰਵੇਂ ਬੋਲ ਦੂਰ ਤਕ ਗੂੰਜਦੇ। ਮਲਵਈ ਪੁੱਠ ਵਾਲੀ ਲਰਜ਼ਦੀ ਹੂਕ ਦੀਆਂ ਤਰੰਗਾਂ



ਪ੍ਰਿੰ. ਸਰਵਣ ਸਿੰਘ, ਕੈਨੇਡਾ
ਫੋਨ: 905-799-1661

ਨਾਲ ਚਾਰ-ਚੁਫੇਰਾ ਲਰਜ਼ ਉਠਦਾ। ਉਹ ਸੰਖ ਵਰਗੀ ਗੂੰਜਵੀਂ ਆਵਾਜ਼ ਨਾਲ ਹਜ਼ਾਰਾਂ ਸਰੋਤਿਆਂ ਦੇ 'ਕੱਠਾਂ ਨੂੰ ਕੀਲ ਲੈਂਦਾ। ਲੋਕ ਪੱਬਾਂ ਭਾਰ ਹੋ ਕੇ ਉਦਾਸੀ ਨੂੰ ਸੁਣਦੇ ਤੇ ਉਹਦੇ ਗੀਤਾਂ ਦੇ ਰੰਗ ਵਿਚ ਰੰਗੇ ਜਾਂਦੇ। ਜਿੰਨੇ ਜਾਨਦਾਰ ਉਹਦੇ ਗੀਤ ਸਨ, ਉਨੀ ਹੀ ਧੜੱਲੇਦਾਰ ਉਹਦੀ ਆਵਾਜ਼ ਸੀ। ਗੀਤਾਂ ਤੇ ਕਵਿਤਾਵਾਂ ਨੂੰ ਪੇਸ਼ ਕਰਨ ਦਾ ਉਹਦਾ ਅੰਦਾਜ਼ ਵੀ ਅਦੁੱਤੀ ਸੀ। ਉਹ ਹਿੱਕ ਦੇ ਤਾਣ ਨਾਲ ਗਾਉਂਦਾ,

ਦੇਸ਼ ਹੈ ਪਿਆਰਾ ਸਾਨੂੰ
ਜ਼ਿੰਦਗੀ ਪਿਆਰੀ ਨਾਲੋਂ
ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ
ਅਸਾਂ ਤੋੜ ਦੇਣੀ, ਅਸਾਂ ਤੋੜ ਦੇਣੀ
ਲਹੂ ਪੀਣੀ ਜੋਕ ਹਾਣੀਆਂ...।
ਰੁੱਸੀਆਂ ਬਹਾਰਾਂ
ਅਸੀਂ ਮੋੜ ਕੇ ਲਿਆਉਣੀਆਂ ਨੇ
ਆਖਦੇ ਨੇ ਲੋਕੀਂ ਹਿੱਕਾਂ ਠੋਕ ਹਾਣੀਆਂ
ਹੜ੍ਹ ਲੋਕਤਾ ਦਾ, ਹੜ੍ਹ ਲੋਕਤਾ ਦਾ
ਕਿਹੜਾ ਸਕੂ ਰੋਕ ਹਾਣੀਆਂ...।
ਗੱਜਣਗੇ ਸ਼ੇਰ ਜਦੋਂ, ਭੱਜਣਗੇ ਕਾਇਰ ਸੱਭੇ,
ਰੱਜਣਗੇ ਕਿਰਤੀ ਕਿਸਾਨ ਮੁੜ ਕੇ
ਜ਼ਰਾ ਹੱਲਾ ਮਾਰੋ, ਜ਼ਰਾ ਹੱਲਾ ਮਾਰੋ,
ਕਿਰਤੀ ਕਿਸਾਨ ਜੁੜ ਕੇ...।

---

ਉਦਾਸੀ ਮੈਥੋਂ ਇਕ ਸਾਲ ਵੱਡਾ ਸੀ ਤੇ ਅਸੀਂ ਕੁਝ ਸਾਲ ਨੇੜੇ-ਤੇੜੇ ਵਿਚਰੇ। ਉਹ 20 ਅਪਰੈਲ 1939 ਨੂੰ ਜ਼ਿਲ੍ਹਾ ਬਰਨਾਲਾ ਦੇ ਪਿੰਡ ਰਾਇਸਰ ਵਿਚ ਕੰਮੀਆਂ ਦੇ ਵਿਹੜੇ ਜੰਮਿਆ। ਕੰਮੀ ਵੀ ਉਹ ਜਿਨ੍ਹਾਂ ਨੂੰ ਮਜ਼੍ਹਬੀ ਸਿੱਖ ਕਿਹਾ ਜਾਂਦਾ ਹੈ। ਉਸ ਦੇ ਪਿਤਾ ਦਾ ਨਾਂ ਮਿਹਰ ਸਿੰਘ ਤੇ ਮਾਤਾ ਦਾ ਧੰਨ ਕੌਰ ਸੀ। ਉਸ ਦਾ ਪੜਦਾਦਾ ਭਾਈ ਕਾਹਲਾ ਸਿੰਘ ਆਪਣੇ ਸਮੇਂ ਦਾ ਚੰਗਾ ਗਵੰਤਰੀ ਸੀ। ਉਦਾਸੀ ਨੂੰ ਹੇਕਮਈ ਸੁਰੀਲੀ ਆਵਾਜ਼ ਪੜਦਾਦੇ ਤੋਂ ਵਿਰਸੇ ਵਿਚ ਮਿਲੀ। ਉਨ੍ਹਾਂ ਦੇ ਵਡੇਰੇ ਦਿਆਲਪੁਰਾ ਭਾਈਕਾ ਤੋਂ ਉਠ ਕੇ ਰਾਇਸਰ ਆਏ ਸਨ। ਇਨ੍ਹਾਂ ਦੋਹਾਂ ਪਿੰਡਾਂ ਵਿਚਕਾਰ ਵੀਹ-ਪੱਚੀ ਮੀਲਾਂ ਦਾ ਫਾਸਲਾ ਹੈ। ਉਦਾਸੀ ਦੇ ਚਾਰ ਭਰਾ ਸਨ ਤੇ ਤਿੰਨ ਭੈਣਾਂ। ਸਭ ਤੋਂ ਵੱਡਾ ਭਰਾ ਗੁਰਦਾਸ ਸਿੰਘ ਘਾਰੂ ਸੀ ਜਿਸ ਨੇ 'ਪਗਡੰਡੀਆਂ ਤੋਂ ਜੀਵਨ ਮਾਰਗ ਤੱਕ' ਸਵੈ-ਜੀਵਨੀ ਲਿਖੀ। ਉਹ ਆਪਣੇ ਵੱਡ-ਵਡੇਰਿਆਂ ਦਾ ਵੇਰਵਾ ਦਿੰਦਿਆਂ ਦੱਸਦਾ ਹੈ ਕਿ ਉਨ੍ਹਾਂ ਦਾ ਪੜਦਾਦਾ ਪੂਰਨ ਗੁਰਸਿੱਖ ਸੀ। ਲੋਕ ਉਸ ਨੂੰ ਬਾਬਾ ਕਾਹਲਾ ਸਿੰਘ ਕਹਿੰਦੇ ਸਨ। ਉਹ ਗੁਰਬਾਣੀ ਦਾ ਗਿਆਤਾ ਸੀ ਤੇ ਰਸਭਿੰਨਾ ਕੀਰਤਨੀਆ ਸੀ। ਉਸ ਦੇ ਬਾਬੇ ਜੋਤਾ ਸਿੰਘ ਤੇ ਜੇਠਾ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਸਮੇਂ ਸਰਸਾ ਨਦੀ 'ਤੇ ਹੋਏ ਯੁੱਧ ਵਿਚ ਸ਼ਹੀਦੀਆਂ ਪਾ ਗਏ ਸਨ।

ਬਾਬਾ ਕਾਹਲਾ ਸਿੰਘ ਦੇ ਵੱਡੇ ਭਾਈ ਬਾਬਾ ਚੇਤ ਸਿੰਘ ਭੰਗੀ ਮਿਸਲ ਦੇ 1400 ਘੋੜ ਸਵਾਰਾਂ ਦੀ ਖਾਲਸਾ ਫੌਜ ਦੇ ਆਗੂ ਸਨ। 1798 ਵਿਚ ਰੰਗਰੇਟਾ ਭੰਗੀ ਮਿਸਲ ਦਾ ਇਹ ਜਰਨੈਲ ਮਿਸਲਾਂ ਦੀ ਲੜਾਈ ਵਿਚ ਸ਼ਹੀਦੀ ਪਾ ਗਿਆ ਸੀ। ਸਿੱਖ ਸਿਧਾਂਤ ਤੋਂ ਖਿੜਕੀ ਲਹਿਰ ਤੋਂ ਉਪਰਾਮ ਹੋ ਕੇ ਬਾਬਾ ਕਾਹਲਾ ਸਿੰਘ ਨੇ ਦਿਆਲਪੁਰੇ ਭਾਈਕੇ ਮਿਲੀ ਸੱਤ ਹਲਾਂ ਦੀ ਜ਼ਮੀਨ ਛੱਡ ਕੇ ਪਿੰਡ ਰਾਇਸਰ ਆ ਵਸੇਬਾ ਕੀਤਾ। ਬਾਬਾ ਕਾਹਲਾ ਸਿੰਘ ਪੰਜਾਬੀ, ਉਰਦੂ, ਫਾਰਸੀ ਤੇ ਬ੍ਰਿਜ ਭਾਸ਼ਾ ਲਿਖਣੀ ਜਾਣਦੇ ਸਨ। ਉਨ੍ਹਾਂ ਨੇ ਉਦਾਸੀ ਤੇ ਨਿਰਮਲੇ ਸਾਧੂਆਂ ਨੂੰ ਬੇਨਤੀ ਕੀਤੀ, ਮਹਾਰਾਜ ਜੀਓ! ਆਪਣੇ ਭੰਡਾਰਿਆਂ ਵਿਚੋਂ ਬੱਚਿਆਂ ਨੂੰ ਵਿਦਿਆ ਦਾ ਦਾਨ ਵਰਤਾਓ। ਇਹ ਪੁੰਨ ਧੂਣੀਆਂ ਤਾਪਣ ਤੇ ਜਲ ਧਾਰੇ ਕਰਨ ਨਾਲੋਂ ਵਧੇਰੇ ਫਲਦਾ ਹੈ। ਉਨ੍ਹਾਂ ਦੀ ਪ੍ਰੇਰਨਾ ਨਾਲ ਕਈ ਸਾਲ ਬਾਅਦ ਨੌਜੁਆਨ ਸੰਤ ਨਿਰਮੋਹ ਦਾਸ ਨੇ 1882 ਵਿਚ ਪਿੰਡ ਮੂੰਮਾਂ ਵਿਖੇ 'ਨਿਰਮਾਣ ਸਰ ਵਿਦਿਆਲਾ' ਸ਼ੁਰੂ ਕੀਤਾ।

ਬਾਬਾ ਕਾਹਲਾ ਸਿੰਘ ਗਦਰ ਦੇ ਸਾਲ 1857 ਵਿਚ ਪਰਲੋਕ ਸਿਧਾਰ ਗਏ। ਉਦੋਂ ਉਨ੍ਹਾਂ ਦਾ ਵੱਡਾ ਪੁੱਤਰ, ਯਾਨਿ ਉਦਾਸੀ ਹੋਰਾਂ ਦਾ ਵੱਡਾ ਬਾਬਾ ਸਰਮੁੱਖ ਸਿੰਘ ਦਸ ਕੁ ਸਾਲ ਦਾ ਸੀ। ਉਦਾਸੀ ਹੋਰਾਂ ਦਾ ਬਾਬਾ ਭਗਤ ਸਿੰਘ ਛੋਟਾ ਸੀ ਜੋ ਬਾਅਦ ਵਿਚ ਕੂਕਾ ਕਰ ਕੇ ਜਾਣਿਆ ਜਾਂਦਾ ਰਿਹਾ ਤੇ ਉਸ ਦੇ ਪਰਿਵਾਰ ਨੂੰ ਕੂਕਿਆਂ ਦਾ ਟੱਬਰ ਕਿਹਾ ਜਾਣ ਲੱਗਾ। ਉਦਾਸੀ ਦੇ ਵੱਡੇ ਬਾਬੇ ਸਰਮੁੱਖ ਸਿੰਘ ਦਾ ਪੁੱਤਰ, ਯਾਨਿ ਉਦਾਸੀ ਹੋਰਾਂ ਦਾ ਤਾਇਆ ਕਿਹਰ ਸਿੰਘ 16 ਸਾਲ ਨਿਰਮਾਣ ਸਰ ਵਿਦਿਆਲੇ ਵਿਚ ਪੜ੍ਹਿਆ ਜਿਥੇ ਪੰਜਾਬੀ, ਉਰਦੂ ਤੇ ਫਾਰਸੀ ਦੇ ਨਾਲ ਅੰਗਰੇਜ਼ੀ ਵੀ ਪੜ੍ਹਾਈ ਜਾਂਦੀ ਸੀ ਪਰ ਡਿਗਰੀ ਕੋਈ ਨਹੀਂ ਸੀ ਦਿੱਤੀ ਜਾਂਦੀ। ਪਿੰਡ ਪੂਹਲੀ ਤੋਂ ਈਸ਼ਰ ਸਿੰਘ ਤੇ ਹਰਦਿੱਤ ਸਿੰਘ ਪੂਹਲੀ (ਜੋ ਪੰਜਾਬੀ ਸੂਬਾ ਬਣ ਜਾਣ ਪਿੱਛੋਂ ਐਮ.ਐਲ.ਏ. ਬਣਿਆ) ਆਪਣੀ ਭੈਣ ਧੰਨ ਕੌਰ ਦਾ ਰਿਸ਼ਤਾ ਕਿਹਰ ਸਿੰਘ ਨੂੰ ਕਰ ਗਏ। ਧੰਨ ਕੌਰ ਦੀ ਮਾਂ ਵਿਧਵਾ ਸੀ।

ਕਿਹਰ ਸਿੰਘ ਤੇ ਧੰਨ ਕੌਰ ਦਾ ਵਿਆਹ ਹੋ ਗਿਆ ਪਰ ਤਿੰਨ ਮਹੀਨਿਆਂ ਬਾਅਦ ਪਲੇਗ ਦੀ ਬਿਮਾਰੀ ਨਾਲ ਕਿਹਰ ਸਿੰਘ ਗੁਜ਼ਰ ਗਿਆ। ਮੁਕਾਣਾਂ ਆਈਆਂ ਤਾਂ ਕਿਹਰ ਸਿੰਘ ਦੀ ਸੱਸ ਆਸ ਕੌਰ ਨੇ ਨਗਰ ਨੂੰ ਬੇਨਤੀ ਕੀਤੀ ਕਿ ਮੈਂ ਆਪਣੀ ਧੀ ਨੂੰ ਰਾਇਸਰ ਦੀ ਨੂੰਹ ਬਣਾ ਚੁੱਕੀ ਹਾਂ। ਹੁਣ ਵਾਪਸ ਪੂਹਲੀ ਕਿਵੇਂ ਲਿਜਾਵਾਂ? ਮੈਂ ਤਾਂ ਆਪ ਵਿਧਵਾ ਹੋਣ ਦਾ ਦੁੱਖ ਭੋਗ ਰਹੀ ਆਂ। ਉਹ ਚਾਹੁੰਦੀ ਸੀ ਕਿ ਵਿਧਵਾ ਧੰਨ ਕੌਰ ਕਿਸੇ ਸਕੇ ਸੋਧਰੇ ਦੇ ਸਿਰ ਧਰ ਦਿੱਤੀ ਜਾਵੇ। ਕਿਹਰ ਸਿੰਘ ਦਾ ਕੋਈ ਸਕਾ ਭਰਾ ਨਹੀਂ ਸੀ, ਇਸ ਲਈ ਧੰਨ ਕੌਰ ਨੂੰ ਭਗਤ ਸਿੰਘ ਦੇ ਤੇਰਾਂ ਸਾਲਾਂ ਦੇ ਕੁਆਰੇ ਪੁੱਤਰ ਮਿਹਰ ਸਿੰਘ ਦੇ ਸਿਰ ਧਰ ਦਿੱਤਾ ਗਿਆ।

ਜਵਾਨ-ਜਹਾਨ ਧੰਨ ਕੌਰ ਨੇ ਆਪਣੇ ਸਿਰ ਦੇ ਨਿਆਣੇ ਸਾਈਂ ਭਗਤ ਸਿੰਘ ਨੂੰ ਸੰਤ ਨਿਰਮੋਹ ਦਾਸ ਦੇ ਨਿਰਮਾਣ ਸਰ ਵਿਦਿਆਲੇ ਮੂੰਮਾਂ ਵਿਚ ਪੜ੍ਹਨੇ ਪਾਇਆ ਜਿਥੇ ਰਹਿ ਕੇ ਉਸ ਨੇ ਸਿੱਖਿਆ ਹਾਸਲ ਕੀਤੀ ਤੇ ਮੁਕਲਾਵੇ ਲਈ ਭਰ ਜੁਆਨ ਹੋ ਕੇ ਪਿੰਡ ਪਰਤਿਆ। ਫਿਰ ਉਹ ਮਿਹਨਤ ਮਜ਼ਦੂਰੀ ਕਰ ਕੇ ਪਰਿਵਾਰ ਪਾਲਣ ਲੱਗਾ। ਉਸ ਨੂੰ ਸਬਜ਼ੀਆਂ-ਭਾਜੀਆਂ ਲਾਉਣ ਦਾ ਵੀ ਸ਼ੌਕ ਸੀ। ਇੰਜ ਘਰ ਦੇ ਸਾਰੇ ਜੀਅ ਕੰਮੀਂ-ਕਾਰੀਂ ਲੱਗੇ ਰਹਿੰਦੇ। ਮਿਹਰ ਸਿੰਘ ਦੀਆਂ ਤਿੰਨ ਭੂਆਂ ਤੇ ਚਾਚਿਆਂ-ਤਾਇਆਂ ਦਾ ਵੱਡਾ ਪਰਿਵਾਰ ਸੀ। ਅੱਗਿਉਂ ਮਿਹਰ ਸਿੰਘ ਤੇ ਧੰਨ ਕੌਰ ਦੇ ਘਰ ਪੰਜ ਪੁੱਤਰਾਂ ਤੇ ਤਿੰਨ ਭੈਣਾਂ ਨੇ ਜਨਮ ਲਿਆ। ਬਾਅਦ ਵਿਚ ਸੰਤਾਨ ਸੰਜਮ ਦੇ ਸਮੇਂ ਸੰਤ ਰਾਮ ਉਦਾਸੀ ਦੇ ਘਰ ਵੀ ਤਿੰਨ ਧੀਆਂ ਤੇ ਦੋ ਪੁੱਤਰ ਪੈਦਾ ਹੋਏ। ਕੰਮੀਆਂ-ਕਾਰੀਆਂ ਦੀ ਉਲਾਦ ਬਾਰੇ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਉਨ੍ਹਾਂ ਨੇ ਕਿਹੜਾ ਜਾਇਦਾਦਾਂ ਵੰਡਣੀਆਂ ਹੁੰਦੀਆਂ ਨੇ?

ਉਦਾਸੀ ਦੇ ਵੱਡੇ ਭਰਾ ਗੁਰਦਾਸ ਸਿੰਘ ਘਾਰੂ ਦਾ ਜਨਮ 1923 ਵਿਚ ਹੋਇਆ ਸੀ। ਹਰਦਾਸ ਸਿੰਘ 1927 'ਚ ਪੈਦਾ ਹੋਇਆ। ਉਹ ਵਿਆਹਿਆ ਗਿਆ ਸੀ ਪਰ ਅਫ਼ੀਮ ਦਾ ਅਮਲੀ ਹੋਣ ਕਰ ਕੇ 1964-65 ਵਿਚ ਗੁਜ਼ਰ ਗਿਆ। ਉਹਦੀ ਘਰ ਵਾਲੀ ਪੇਕੀਂ ਜਾ ਬੈਠੀ ਸੀ। ਤੀਜਾ ਭਰਾ ਪ੍ਰਕਾਸ਼ ਸਿੰਘ 1933 'ਚ ਜੰਮਿਆ। ਫਿਰ ਤਿੰਨ ਭੈਣਾਂ ਕਾਕੀ, ਘੁੱਕੋ ਤੇ ਨਿੱਕੀ ਜੰਮੀਆਂ। ਗੁਰਦੇਵ ਸਿੰਘ ਕੋਇਲ 1948 'ਚ ਪੈਦਾ ਹੋਇਆ ਤੇ ਸੰਤ ਰਾਮ 1939 ਵਿਚ। ਗੁਰਦਾਸ ਸਿੰਘ ਤੇ ਉਦਾਸੀ ਦੇ ਜੰਮਣ ਵਿਚਕਾਰ 26 ਸਾਲਾਂ ਦਾ ਅੰਤਰ ਹੈ। ਸਾਰੇ ਭਰਾ ਕਿਸੇ ਨਾ ਕਿਸੇ ਖੇਤਰ ਦੇ ਕਲਾਕਾਰ ਨਿਕਲੇ। ਇਹਦਾ ਇਕ ਕਾਰਨ ਸ਼ਾਇਦ ਉਨ੍ਹਾਂ ਦੇ ਵਿਰਸੇ ਦੇ ਜੀਨਜ਼ ਹੋਣ।


ਉਦਾਸੀ ਦੇ ਪਿੰਡ ਰਾਇਸਰ ਤੋਂ ਮੇਰਾ ਪਿੰਡ ਚਕਰ ਪੱਚੀ ਤੀਹ ਕਿਲੋਮੀਟਰ ਦੂਰ ਹੈ ਜਿਥੇ ਉਹ ਕਈ ਵਾਰ ਆਇਆ। ਸਾਡੇ ਗੁਆਂਢੀ ਮਾਸਟਰ ਗੁਰਪ੍ਰੀਤ ਸਿੰਘ ਧੰਜਲ ਦਾ ਉਹ ਦੋਸਤ ਸੀ ਜੋ ਉਦਾਸੀ ਦੇ ਗੀਤ ਵੀ ਗਾਉਂਦਾ ਸੀ। ਗੁਰਪ੍ਰੀਤ ਦੀ ਉਹਦੇ ਨਾਲ ਦੋਸਤੀ ਅਧਿਆਪਕ ਯੂਨੀਅਨ ਤੇ 'ਕੱਠਿਆਂ ਖਾਣ-ਪੀਣ ਤੋਂ ਹੋਈ ਸੀ। ਜਦੋਂ ਉਹ ਚਕਰ ਆਇਆ ਹੁੰਦਾ ਤਾਂ ਉਹਦੇ ਗੀਤ ਸੁਣਨ ਦਾ ਮੈਨੂੰ ਵੀ ਮੌਕਾ ਮਿਲ ਜਾਂਦਾ। ਉਹ ਕਦੇ-ਕਦੇ ਢੁੱਡੀਕੇ ਕਾਲਜ ਵਿਚ ਵੀ ਫੇਰਾ ਪਾਉਂਦਾ ਜਿਥੇ ਮੈਂ ਤੀਹ ਸਾਲ ਦੇ ਕਰੀਬ ਪੜ੍ਹਾਇਆ। ਉਹਦੀਆਂ ਕਵਿਤਾਵਾਂ ਤੇ ਗੀਤ ਕਾਲਜ ਦੇ ਵਿਦਿਆਰਥੀ ਹੁੱਬ ਕੇ ਸੁਣਦੇ ਤੇ ਗਾਉਂਦੇ। ਉਥੇ ਗੁਰਚਰਨ ਸਿੰਘ ਸੰਘਾ ਪੜ੍ਹਦਾ ਹੁੰਦਾ ਸੀ ਜੋ ਉਦਾਸੀ ਦਾ ਸੰਗੀ ਸਾਥੀ ਬਣਿਆ।

1967 ਵਿਚ ਜਦੋਂ ਢੁੱਡੀਕੇ ਕਾਲਜ ਚਾਲੂ ਹੋਇਆ ਤੇ ਮੈਂ ਦਿੱਲੀ ਦੇ ਖਾਲਸਾ ਕਾਲਜ ਦੀ ਨੌਕਰੀ ਛੱਡ ਕੇ ਢੁੱਡੀਕੇ ਆਇਆ, ਉਦੋਂ ਉਦਾਸੀ ਦੇ ਗੀਤਾਂ ਦੀ ਗੁੱਡੀ ਚੜ੍ਹ ਰਹੀ ਸੀ। ਅਗਲੇ ਦੋ ਕੁ ਸਾਲਾਂ ਵਿਚ ਮੋਗੇ-ਜਗਰਾਵਾਂ ਤੇ ਬਠਿੰਡੇ-ਬਰਨਾਲੇ ਦੇ ਇਲਾਕੇ ਵਿਚ ਉਦਾਸੀ-ਉਦਾਸੀ ਹੋ ਗਈ ਸੀ। ਉਦੋਂ ਪੰਜਾਬ ਵਿਚ ਵੀ ਨਕਸਲਬਾੜੀ ਲਹਿਰ ਪਹੁੰਚ ਚੁੱਕੀ ਸੀ। ਉਹ ਨਕਸਲਬਾੜੀ ਲਹਿਰ ਵਿਚ ਕੁੱਦ ਪਿਆ ਸੀ ਤੇ ਜਮਾਤੀ ਦੁਸ਼ਮਣਾਂ ਦੇ ਸਫਾਏ ਦੀਆਂ ਗੱਲਾਂ ਕਰਦਾ ਇਨਕਲਾਬੀ ਗੀਤ ਗਾਉਂਦਾ ਸੀ। ਉਹਦੇ ਬੋਲ ਵੱਡੇ-ਵੱਡੇ 'ਕੱਠਾਂ ਨੂੰ ਬੰਨ੍ਹ ਬਿਠਾਉਂਦੇ ਸਨ। ਟੋਲੀਆਂ ਦੀਆਂ ਟੋਲੀਆਂ ਉਹਨੂੰ ਇਉਂ ਸੁਣਨ ਜਾਂਦੀਆਂ ਜਿਵੇਂ ਕਦੇ ਅਮਰ ਸਿੰਘ ਸ਼ੌਂਕੀ, ਸੋਹਣ ਸਿੰਘ ਸੀਤਲ ਤੇ ਕਰਨੈਲ ਸਿੰਘ ਪਾਰਸ ਦੇ ਜਥੇ ਨੂੰ ਸੁਣਨ ਜਾਂਦੀਆਂ ਸਨ। ਉਨ੍ਹੀਂ ਦਿਨੀਂ ਸ਼ਿਵ ਕੁਮਾਰ ਦੀ ਆਪਣੀ ਥਾਂ ਸੀ ਤੇ ਉਦਾਸੀ ਨੇ ਆਪਣੀ ਥਾਂ ਬਣਾ ਲਈ ਸੀ। ਸ਼ਿਵ ਕੁਮਾਰ ਪਿਆਰ ਮੁਹੱਬਤ, ਬਿਰਹਾ-ਵਿਜੋਗ ਤੇ ਮੌਤ ਦੇ ਨਗਮੇ ਗਾਉਂਦਾ ਸੀ। ਉਦਾਸੀ ਇਨਕਲਾਬ ਦੀਆਂ ਹੇਕਾਂ ਲਾਉਂਦਾ ਸੀ। ਦੋਵੇਂ ਆਵਾਜ਼ ਦੇ ਧਨੀ ਸਨ ਤੇ ਬਿਨਾਂ ਸਾਜ਼ਾਂ ਤੋਂ ਤਰੰਨੁਮ ਵਿਚ ਗਾਉਂਦੇ ਸਨ। ਸ਼ਿਵ ਦਰਦੀਲਾ ਸੀ, ਉਦਾਸੀ ਰੋਹੀਲਾ। ਦੋਹਾਂ ਨੂੰ ਜੀਂਦੇ ਜੀਅ ਸਰੋਤਿਆਂ ਦੀ ਕਦੇ ਤੋਟ ਨਹੀਂ ਆਈ।

ਸੰਤ ਰਾਮ ਉਦਾਸੀ ਦਾ ਬਚਪਨ ਆਮ ਕੰਮੀਆਂ ਦੇ ਨਿਆਣਿਆਂ ਵਾਂਗ ਤੰਗੀ ਤੁਰਸ਼ੀ ਵਿਚ ਬੀਤਿਆ ਪਰ ਇਸ ਗੱਲੋਂ ਉਹ ਖੁਸ਼ਕਿਸਮਤ ਰਿਹਾ ਕਿ ਪਛੜੇ ਇਲਾਕੇ ਦੇ ਪਛੜੇ ਪਿੰਡ ਵਿਚ ਵੀ ਦਸਵੀਂ ਤਕ ਪੜ੍ਹ ਗਿਆ। ਰਾਇਸਰ ਅੱਧਾ ਪੰਜਾਬ ਦਾ ਪਿੰਡ ਸੀ ਤੇ ਅੱਧਾ ਰਿਆਸਤ ਪਟਿਆਲੇ ਦਾ। ਪਿੰਡ ਵਿਚ ਜੱਟਾਂ ਦੀ ਪਾਰਟੀਬਾਜ਼ੀ ਮਰਨ-ਮਾਰਨ ਤਕ ਸੀ ਜਿਸ ਕਰ ਕੇ ਕਤਲ ਹੁੰਦੇ ਰਹਿੰਦੇ। ਵੀਹ ਤੋਂ ਵੱਧ ਕਤਲ ਹੋਏ। ਕੰਮੀਆਂ-ਕਾਰੀਆਂ ਖਾਸ ਕਰ ਕੇ ਮਜ਼੍ਹਬੀਆਂ ਨੂੰ ਪਾਰਟੀਬਾਜ਼ ਭਾੜੇ 'ਤੇ ਵਰਤਦੇ ਸਨ। ਇਨਕਾਰ ਕਰਨ 'ਤੇ ਦਾਬੇ ਦਿੰਦੇ ਸਨ। ਜੇ ਉਹ ਕਿਸੇ ਪਾਰਟੀ ਦੇ ਢਹੇ ਚੜ੍ਹਦੇ ਤਾਂ ਵੀ ਮਰਦੇ, ਨਾ ਚੜ੍ਹਦੇ ਤਾਂ ਵੀ ਮਰਦੇ। ਕੰਮੀਆਂ ਨੂੰ ਦੂਹਰੀ ਦਬੇਲ ਝੱਲਣੀ ਪੈਂਦੀ ਸੀ। ਉਦਾਸੀ ਨੂੰ ਇਸ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ।

ਭਗਤ ਸਿੰਘ ਦਾ ਪਰਿਵਾਰ ਨਾਮਧਾਰੀ ਬਣ ਗਿਆ ਸੀ ਜਿਨ੍ਹਾਂ ਨੂੰ ਕੂਕੇ ਕਿਹਾ ਜਾਂਦਾ ਸੀ। ਨਾਮਧਾਰੀ ਮਾਹੌਲ ਵਿਚ ਸੰਤ ਰਾਮ ਪੜ੍ਹਾਈ ਵੱਲ ਪ੍ਰੇਰਿਆ ਗਿਆ। ਅੱਖਰਾਂ ਦੀ ਜਾਣਕਾਰੀ ਨੇ ਉਸ ਲਈ ਗਿਆਨ ਦੇ ਬੂਹੇ ਖੋਲ੍ਹ ਦਿੱਤੇ, ਪਰ ਪੜ੍ਹਾਈ ਲਈ ਉਹਦਾ ਰਾਹ ਸਿੱਧਾ ਪੱਧਰਾ ਨਹੀਂ ਸੀ। 1952-53 ਦੇ ਆਸ ਪਾਸ ਮਿਹਰ ਸਿੰਘ ਦਾ ਪਰਿਵਾਰ ਖੱਖੜੀਆਂ ਕਰੇਲੇ ਹੋ ਗਿਆ ਸੀ। ਉਸ ਦੇ ਪੁੱਤਰ ਅੱਡ-ਵਿੱਢ ਹੋ ਗਏ ਸਨ। ਮਿਹਰ ਸਿੰਘ ਰਾਇਸਰ ਤੋਂ ਸਰਸੇ ਦੇ ਪਿੰਡ ਜਗਮਲੇਰੇ ਚਲਾ ਗਿਆ। ਗੁਰਦਾਸ ਸਿੰਘ ਤੇ ਪ੍ਰਕਾਸ਼ ਸਿੰਘ ਵੀ ਜਗਮਲੇਰੇ ਚਲੇ ਗਏ ਜਿਸ ਨੂੰ ਜੀਵਨ ਨਗਰ ਕਿਹਾ ਜਾਣ ਲੱਗਾ। ਉਥੇ ਮਿਹਰ ਸਿੰਘ ਦੀ ਨਵੰਬਰ 1957 ਵਿਚ ਮ੍ਰਿਤੂ ਹੋ ਗਈ। ਉਦੋਂ ਬਖਤਗੜ੍ਹ ਦੇ ਸਕੂਲ ਵਿਚ ਪੜ੍ਹ ਰਹੇ ਉਦਾਸੀ ਨੇ ਦਸਵੀਂ ਦਾ ਇਮਤਿਹਾਨ ਦੇਣਾ ਸੀ। ਪਿਤਾ ਦੀ ਮੌਤ ਦੇ ਸਦਮੇ ਵਿਚ ਉਹ ਇਮਤਿਹਾਨ ਦੀ ਤਿਆਰੀ ਨਾ ਕਰ ਸਕਿਆ ਤੇ ਦਸਵੀਂ 'ਚੋਂ ਫੇਲ੍ਹ ਹੋ ਗਿਆ।

ਫਿਰ ਅਗਲੇ ਸਾਲ ਪ੍ਰਾਈਵੇਟ ਦਾਖਲਾ ਭੇਜਿਆ ਤੇ ਮੈਟ੍ਰਿਕ ਦਾ ਇਮਤਿਹਾਨ ਪਾਸ ਕਰ ਲਿਆ। ਦਾਖਲੇ ਦੇ ਪੈਸੇ ਉਦਾਸੀ ਤੇ ਉਹਦੇ ਵੱਡੇ ਭਰਾ ਗੁਰਦਾਸ ਸਿੰਘ ਨੇ ਦਿਹਾੜੀਆਂ ਕਰ ਕੇ 'ਕੱਠੇ ਕੀਤੇ ਸਨ। ਦਸਵੀਂ ਕਰ ਕੇ ਉਹ ਭੈਣੀ ਸਾਹਿਬ ਚਲਾ ਗਿਆ ਤੇ ਕੁਝ ਸਮਾਂ ਪੌਂਗ ਡੈਮ 'ਤੇ ਮੁਣਸ਼ੀ ਦੀ ਨੌਕਰੀ ਕੀਤੀ। ਫਿਰ ਉਹ ਬਖਤਗੜ੍ਹ ਤੋਂ ਜੇ.ਬੀ.ਟੀ. ਦਾ ਕੋਰਸ ਕਰ ਕੇ ਪ੍ਰਾਇਮਰੀ ਸਕੂਲ ਬੀਹਲੇ ਵਿਚ ਅਧਿਆਪਕ ਲੱਗ ਗਿਆ ਜਿਸ ਨਾਲ ਉਹ ਪੈਰਾਂ ਸਿਰ ਹੋ ਗਿਆ ਤੇ ਪਜਾਮੇ ਦੀ ਥਾਂ ਪੈਂਟ ਪਾਉਣ ਲੱਗਾ। ਉਦੋਂ ਪਿੰਡ ਦੇ ਜੱਟ ਉਸ ਨੂੰ ਛੇੜਦੇ, "ਲੈ ਢੇਡ ਪੈਂਟਾਂ ਪਾ-ਪਾ ਦਿਖਾਉਂਦੈ!"



ਜਵਾਨੀ ਵੇਲੇ ਆਪਣੇ ਅਧਿਆਪਕ ਸਾਥੀਆਂ ਨੂੰ ਸੰਬੋਧਨ ਕਰ ਰਿਹਾ ਉਦਾਸੀ।

*1967 ਵਿਚ ਉਦਾਸੀ ਦੀ ਗੁੱਡੀ ਚੜ੍ਹ ਰਹੀ ਸੀ। ਮੋਗੇ-ਜਗਰਾਵਾਂ ਤੇ ਬਠਿੰਡੇ-ਬਰਨਾਲੇ ਦੇ ਇਲਾਕੇ ਵਿਚ ਉਦਾਸੀ-ਉਦਾਸੀ ਹੋ ਗਈ ਸੀ। ਉਹਦੇ ਬੋਲ ਵੱਡੇ-ਵੱਡੇ 'ਕੱਠਾਂ ਨੂੰ ਬੰਨ੍ਹ ਬਿਠਾਉਂਦੇ ਸਨ। ਟੋਲੀਆਂ ਦੀਆਂ ਟੋਲੀਆਂ ਉਹਨੂੰ ਇਉਂ ਸੁਣਨ ਜਾਂਦੀਆਂ ਜਿਵੇਂ ਕਦੇ ਅਮਰ ਸਿੰਘ ਸ਼ੌਂਕੀ, ਸੋਹਣ ਸਿੰਘ ਸੀਤਲ ਤੇ ਕਰਨੈਲ ਸਿੰਘ ਪਾਰਸ ਦੇ ਜਥੇ ਨੂੰ ਸੁਣਨ ਜਾਂਦੀਆਂ ਸਨ। ਉਨ੍ਹੀਂ ਦਿਨੀਂ ਸ਼ਿਵ ਕੁਮਾਰ ਦੀ ਆਪਣੀ ਥਾਂ ਸੀ ਤੇ ਉਦਾਸੀ ਨੇ ਆਪਣੀ ਥਾਂ ਬਣਾ ਲਈ ਸੀ। ਦੋਵੇਂ ਆਵਾਜ਼ ਦੇ ਧਨੀ ਸਨ। ਸ਼ਿਵ ਦਰਦੀਲਾ ਸੀ, ਉਦਾਸੀ ਰੋਹੀਲਾ।*

(ਅਗਲੇ ਸਫੇ 'ਤੇ ਜਾਰੀ)

ਮਾਸਟਰ ਲੱਗ ਕੇ ਉਹਦੇ ਗਿਆਨ ਤੇ ਤਜਰਬੇ ਵਿਚ ਵਾਧਾ ਹੋਣਾ ਸ਼ੁਰੂ ਹੋਇਆ ਅਤੇ ਅਧਿਆਪਕਾਂ ਵਿਚ ਉਹਦਾ ਦਾਇਰਾ ਖੁੱਲ੍ਹ ਗਿਆ। ਬਚਪਨ ਵਿਚ ਉਹਦੀਆਂ ਅੱਖਾਂ 'ਚ ਕੁੱਕਰੇ ਪੈ ਜਾਣ ਕਾਰਨ ਸਾਰੀ ਉਮਰ ਉਹ ਚੁੰਨ੍ਹੀਆਂ ਅੱਖਾਂ ਵਾਲਾ ਅਖਵਾਉਂਦਾ ਰਿਹਾ। ਉਹਤੋਂ ਕੁੱਟ ਖਾਣ ਵਾਲੇ ਨਾਲਾਇਕ ਵਿਦਿਆਰਥੀ ਉਹਨੂੰ ਚੁੰਨ੍ਹੀਆਂ ਅੱਖਾਂ ਵਾਲਾ ਮਾਸਟਰ ਕਹਿੰਦੇ। ਦਾੜ੍ਹੀ ਉਹਦੀ ਠੋਡੀ ਉਤੇ ਹੀ ਸੀ ਜਿਸ ਕਰ ਕੇ ਕਈ ਮਨਚਲੇ ਉਹਨੂੰ ਬੋਕ ਦਾਹੜੀਆ ਵੀ ਕਹਿ ਦਿੰਦੇ। ਵਧੇਰੇ ਮਖੌਲ ਉਹਦਾ ਨੀਵੀਂ ਜਾਤ ਦਾ ਹੋਣ ਕਾਰਨ ਉਡਦਾ ਸੀ। ਉਸ ਦਾ ਇਹ ਕਾਵਿ-ਬੰਦ ਉਹਦੀ ਤੇ ਉਹਦੇ ਵਿਹੜੇ ਦੇ ਜੁਆਕਾਂ ਦੀ ਹਾਲਤ ਹੀ ਬਿਆਨਦਾ ਹੈ,

ਜਿਥੇ ਤੰਗ ਨਾ ਸਮਝਣ ਤੰਗੀਆਂ ਨੂੰ
ਜਿਥੇ ਮਿਲਣ ਅੰਗੂਠੇ ਸੰਘੀਆਂ ਨੂੰ
ਜਿਥੇ ਵਾਲ ਤਰਸਦੇ ਕੰਘੀਆਂ ਨੂੰ
ਨੱਕ ਵਗਦੇ, ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ
ਤੂੰ ਮਘਦਾ ਰਹੀਂ ਵੇ ਸੂਰਜਾ...

ਸੰਤ ਰਾਮ ਦੇ ਕੁੱਕਰਿਆਂ ਦਾ ਇਲਾਜ ਕਰਾਉਣ ਲਈ ਉਹਦੀ ਮਾਂ ਉਹਨੂੰ ਸਾਧੂ ਈਸ਼ਰ ਦਾਸ ਉਦਾਸੀ ਦੇ ਡੇਰੇ ਪਿੰਡ ਮੂੰਮ ਲੈ ਗਈ ਸੀ। ਇਲਾਜ ਨਾਲ ਅੱਖਾਂ ਕੁਝ ਠੀਕ ਹੋਈਆਂ ਤਾਂ ਸੰਤ ਰਾਮ ਦਾ ਉਸ ਡੇਰੇ ਵਿਚ ਆਉਣ-ਜਾਣ ਹੋ ਗਿਆ। ਉਹਦੇ ਦਾਦੇ ਨੇ ਉਹਨੂੰ 'ਉਦਾਸੀ' ਕਹਿਣਾ ਸ਼ੁਰੂ ਕਰ ਦਿੱਤਾ ਜੋ ਸੰਤ ਰਾਮ ਦੇ ਨਾਂ ਨਾਲ ਤਖੱਲਸ ਵਾਂਗ ਹਮੇਸ਼ਾ ਲਈ ਜੁੜ ਗਿਆ। ਬਚਪਨ ਵਿਚ ਉਹ ਧਾਰਮਕ ਕਵਿਤਾਵਾਂ ਕੰਠ ਕਰਦਾ ਤੇ ਧਾਰਮਕ ਸਮਾਗਮਾਂ 'ਤੇ ਸੁਣਾਇਆ ਕਰਦਾ ਸੀ। ਉਹਦੇ ਮਾਪੇ ਨਾਮਧਾਰੀਏ ਹੋਣ ਕਾਰਨ ਉਸ ਨੂੰ ਧਰਮ ਦੀ ਗੁੜ੍ਹਤੀ ਬਚਪਨ ਵਿਚ ਹੀ ਮਿਲ ਗਈ ਸੀ। ਸਿੱਖ ਧਰਮ ਦਾ ਵਿਰਸਾ ਉਹਦੇ ਹੱਡਾਂ 'ਚ ਰਚ ਗਿਆ ਸੀ ਜੋ ਉਹਦੀਆਂ ਰਚਨਾਵਾਂ ਵਿਚ ਨਮੂਦਾਰ ਹੁੰਦਾ ਰਿਹਾ। ਉਹ ਬਾਹਰੋਂ ਘੁੰਗ ਕੇ ਲਿਆਂਦੀ ਕੋਰੀ ਮਾਰਕਸਵਾਦੀ ਵਿਚਾਰਧਾਰਾ ਦਾ ਧਾਰਨੀ ਨਹੀਂ, ਸਗੋਂ ਪੰਜਾਬ ਦੀ ਧਰਤੀ 'ਚੋਂ ਉਗੀ ਇਨਕਲਾਬੀ ਸਿੱਖ ਵਿਚਾਰਧਾਰਾ ਦੇ ਅਨੁਕੂਲ ਮਾਰਕਸੀ ਵਿਚਾਰਧਾਰਾ ਦਾ ਧਾਰਨੀ ਸੀ। ਉਸ ਉਤੇ ਪ੍ਰੋ.

ਕਿਰਤ ਕਰੋ ਤੇ ਆਪੋ 'ਚ ਵੰਡ ਖਾਓ,
ਸਾਰੀ ਧਰਤ ਦੇ ਉਤੇ ਪਰਚਾਰਿਆ ਸੀ।
ਭੱਜਾ ਆਇਓਂ ਮਰਦਾਨੇ ਦੀ ਰੱਖਿਆ ਨੂੰ,
ਸੱਚੇ ਇਸ਼ਕ ਦਾ ਸਿਲਾ ਤੂੰ ਤਾਰਿਆ ਸੀ।
ਜਿਹੜਾ ਕਰੇ ਸੇਵਾ ਉਹੀ ਖਾਵੇ ਮੇਵਾ,
ਦੈਵੀ ਹੱਕਾਂ ਨੂੰ ਤੂੰ ਲਲਕਾਰਿਆ ਸੀ।
ਰਾਜੇ ਅਫਸਰਾਂ ਤੋਂ ਕਦੇ ਭਲਾ ਨਾਹੀਂ,
ਫਿਰਕੂ ਧਰਮ ਦਾ ਨਸ਼ਾ ਉਤਾਰਿਆ ਸੀ।

---

ਸੰਤ ਰਾਮ ਉਦਾਸੀ ਦੇ ਗੀਤਾਂ ਤੇ ਕਵਿਤਾਵਾਂ ਉਤੇ ਕੁਝ ਕੱਟੜ ਮਾਰਕਸਵਾਦੀ ਆਲੋਚਕਾਂ ਦਾ ਕਿੰਤੂ ਹੈ ਕਿ ਉਸ ਵਿਚ ਸਿੱਖ ਧਾਰਮਕਤਾ ਦਾ ਅੰਸ਼ ਹੱਦੋਂ ਵੱਧ ਹੈ। ਇਸ ਦਾ ਕਾਰਨ ਇਹ ਹੈ ਕਿ ਉਦਾਸੀ ਪੰਜਾਬ ਦੇ ਇਤਿਹਾਸ ਤੇ ਮਿਥਿਹਾਸ ਵਿਚ ਦਿਲ ਦੀਆਂ ਡੂੰਘਾਣਾਂ ਤਕ ਖੁੱਭਿਆ ਤੇ ਭਿੱਜਿਆ ਹੋਇਆ ਸੀ। ਉਸ ਨੇ ਪੰਜਾਬ ਦੇ, ਤੇ ਖਾਸ ਕਰ ਕੇ ਸਿੱਖ ਧਰਮ ਦੇ ਇਨਕਲਾਬੀ ਵਿਰਸੇ ਨੂੰ ਸਮਾਜਵਾਦੀ ਇਨਕਲਾਬ ਲਿਆਉਣ ਲਈ ਰੱਜ ਕੇ ਵਰਤਿਆ। ਉਸ ਨੇ ਲਿਖਿਆ ਤੇ ਉਚੀ ਸੁਰ ਵਿਚ ਗਾਇਆ,

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।
ਝੋਰਾ ਕਰੀਂ ਨਾ ਕਿਲ੍ਹੇ ਆਨੰਦਪੁਰ ਦਾ,
ਕੁੱਲੀ-ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।
ਮਾਛੀਵਾੜੇ ਦੇ ਸੱਥਰ ਦੇ ਗੀਤ ਵਿਚੋਂ,
ਅਸੀਂ ਉਠਾਂਗੇ ਚੰਡੀ ਦੀ ਵਾਰ ਬਣ ਕੇ।
ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ,
ਛਾਂਗ ਦਿਆਂਗੇ ਖੰਡੇ ਦੀ ਧਾਰ ਬਣ ਕੇ।

ਉਸ ਦੀ ਕਵਿਤਾ 'ਦਿੱਲੀਏ ਦਿਆਲਾ ਦੇਖ' ਨੀਝ ਨਾਲ ਪੜ੍ਹਨ ਤੇ ਸੁਣਨ ਵਾਲੀ ਹੈ,

ਦਿੱਲੀਏ ਦਿਆਲਾ ਦੇਖ ਦੇਗ 'ਚ
ਉਬਲਦਾ ਨੀ, ਅਜੇ ਤੇਰਾ ਦਿਲ ਨਾ ਠਰੇ।
ਮਤੀ ਦਾਸ ਤਾਈਂ ਚੀਰ ਆਰੇ ਵਾਂਗੂੰ
ਜੀਭ ਤੇਰੀ, ਅਜੇ ਮਨ ਮੱਤੀਆਂ ਕਰੇ।
ਲਾਲ ਕਿਲ੍ਹੇ ਵਿਚ ਲਹੂ ਲੋਕਾਂ ਦਾ ਜੋ ਕੈਦ ਹੈ,
ਬੜੀ ਛੇਤੀ ਇਹਦੇ ਬਰੀ ਹੋਣ ਦੀ ਉਮੀਦ ਹੈ।
ਪਿੰਡਾਂ ਵਿਚੋਂ ਤੁਰੇ ਹੋਏ ਪੁੱਤ ਨੀ ਬਹਾਦਰਾਂ ਦੇ,

ਉਦਾਸੀ ਕਿਤਾਬਾਂ ਦੇ ਵਿਦਵਾਨ ਪਾਠਕਾਂ ਦੀ ਥਾਂ ਆਮ ਲੋਕਾਂ ਦਾ ਕਵੀ ਸੀ। ਉਹਦੀ ਸ਼ਬਦਾਵਲੀ, ਬਿੰਬਾਵਲੀ, ਛੰਦਾਬੰਦੀ, ਗੀਤਾਂ ਦੀ ਹੇਕ ਤੇ ਰੋਹੀਲੀ ਆਵਾਜ਼ ਸਿੱਧੀ ਲੋਕਾਂ ਦੇ ਦਿਲਾਂ ਵਿਚ ਲਹਿ ਜਾਂਦੀ। ਉਸ ਦੇ ਗੀਤਾਂ ਤੇ ਨਜ਼ਮਾਂ ਦੇ ਵਿਸ਼ੇ ਵੀ ਵੰਨਗੀ ਭਰਪੂਰ ਹਨ। ਕਦੇ ਉਹ ਕੰਮੀਆਂ ਦੇ ਵਿਹੜੇ ਦਾ ਗੀਤ ਲਿਖਦਾ, ਕਦੇ ਦੇਸ਼ ਪਿਆਰ ਦਾ, ਕਦੇ ਡੋਲੀ ਦਾ ਤੇ ਕਦੇ ਜਨਤਾ ਦੀ ਅਰਦਾਸ ਦਾ। ਕਦੇ ਪੂੰਜੀਪਤੀਆਂ ਨੂੰ ਰਾਕਸ਼ਾਂ ਦੀ ਧਾੜ ਕਹਿੰਦਾ, ਕਦੇ ਮਜ਼ਦੂਰਾਂ ਦੀ ਆਰਤੀ ਉਤਾਰਦਾ, ਕਦੇ ਮਲੰਗ ਲੱਖੇ ਦੇ ਨਾਂ ਗੀਤ ਲਿਖਦਾ ਤੇ ਕਦੇ ਕਿਰਤੀ ਨੂੰ ਉਠਣ ਦਾ ਸੱਦਾ ਦਿੰਦਾ।

ਸੰਤ ਸਿੰਘ ਸੇਖੋਂ ਨਾਲੋਂ ਪ੍ਰੋ. ਕਿਸ਼ਨ ਸਿੰਘ ਦੇ ਵਿਚਾਰਾਂ ਦਾ ਵਧੇਰੇ ਅਸਰ ਸੀ। ਉਸ ਨੇ ਆਪਣੇ ਗੀਤਾਂ ਤੇ ਨਜ਼ਮਾਂ ਵਿਚ ਇਨਕਲਾਬੀ ਸਿੱਖ ਵਿਰਸੇ ਤੇ ਸਿੱਖ ਬਿੰਬਾਂ ਦੀ ਰੂਹ ਨਾਲ ਵਰਤੋਂ ਕੀਤੀ। ਉਹ ਗੁਰੂ ਗੋਬਿੰਦ ਸਿੰਘ ਦੇ ਗੁਰਪੁਰਬਾਂ 'ਤੇ ਗਾਉਂਦਾ,

ਮੈਂ ਏਸੇ ਲਈ ਮੰਨਿਆ ਸੀ
ਆਪਣੇ ਆਪ ਨੂੰ ਗੁਰੂ-ਚੇਲਾ,
ਕਿ ਰਿਸ਼ਤਾ ਜੱਗ ਤੋਂ ਮਾਲਕ ਤੇ
ਸੇਵਾਦਾਰ ਦਾ ਮੁੱਕ ਜਾਵੇ।
ਮੈਂ ਏਸੇ ਲਈ ਗੜ੍ਹੀ ਚਮਕੌਰ ਦੀ ਵਿਚ
ਜੰਗ ਲੜਿਆ ਸੀ,
ਕਿ ਕੱਚੇ ਕੋਠੜੇ ਮੂਹਰੇ
ਮਹਿਲ ਮਿਨਾਰ ਝੁਕ ਜਾਵੇ।
ਜੇਕਰ ਤੁਸੀਂ ਮੈਨੂੰ ਆਪਣਾ
ਸਰਦਾਰ ਮੰਨਿਆ ਹੈ,
ਤਾਂ ਮੈਂ ਮੂਲ ਵੀ ਸਰਦਾਰੀਆਂ ਦਾ
ਤਾਰ ਚੱਲਿਆ ਹਾਂ।
ਮੈਂ ਦੇਵਣ ਲਈ ਉਦਾਹਰਣ ਜੱਗ ਦੇ
ਕੌਮੀ ਨੇਤਾਵਾਂ ਨੂੰ,
ਵਾਰ ਲੋਕਾਂ ਤੋਂ ਪਹਿਲਾਂ
ਆਪਣਾ ਪਰਿਵਾਰ ਚੱਲਿਆ ਹਾਂ।
ਰੰਘਰੇਟੇ ਆਖ ਕੇ ਕਿਰਤੀ ਦਾ
ਮੈਂ ਸਤਿਕਾਰ ਕਰਦਾ ਹਾਂ,
ਇਨ੍ਹਾਂ ਨੇ ਦਰਸ਼ ਅੰਤਮ ਬਾਪ ਦਾ
ਮੈਨੂੰ ਕਰਾਇਆ ਸੀ।
ਮੈਂ ਨਾਈਆਂ, ਛੀਂਬਿਆਂ, ਝਿਊਰਾਂ ਤੋਂ
ਜ਼ੁਲਮੀ ਛੱਟ ਲਾਹੁਣੀ ਸੀ,
ਮੈਂ ਸਾਂਝਾ ਪੰਥ ਸਾਜਣ ਦਾ
ਤਾਹੀਓਂ ਕੌਤਕ ਰਚਾਇਆ ਸੀ।

ਤੇ ਗੁਰੂ ਨਾਨਕ ਦੇ ਗੁਰਪੁਰਬਾਂ 'ਤੇ ਗੁਰੂ ਨੂੰ ਸਿਜਦਾ ਕਰਦਾ ਕਹਿੰਦਾ,

ਤੇਰੇ ਮਹਿਲੀਂ ਵੜੇ ਕਿ ਵੜੇ।
ਸਿਰਾਂ ਵਾਲੇ ਲੋਕੀਂ ਬੀਜ ਚੱਲੇ ਆਂ ਬੇਓੜ ਨੀ,
ਇਕ ਦਾ ਤੂੰ ਮੁੱਲ ਭਾਵੇਂ ਰੱਖਦੀ ਕਰੋੜ ਨੀ।
ਲੋਕ ਐਨੇ ਸੰਘਣੇ ਨੇ ਲੱਖੀ ਦੇ ਜੰਗਲ ਵਾਂਗੂੰ,
ਸਿੰਘ ਤੈਥੋਂ ਜਾਣੇ ਨਾ ਫੜੇ...।

ਉਹ ਨਕਸਲਬਾੜੀਆਂ ਨੂੰ ਵੀ ਗੁਰੂ ਦੇ ਸਿੰਘ ਕਹਿੰਦਾ ਸੀ। ਉਹ ਧਰਮ ਦੇ ਨਾਂ 'ਤੇ ਇਕ-ਦੂਜੇ ਦਾ ਵਿਰੋਧ ਕਰਨ ਨੂੰ ਬੇਹੱਦ ਮਾੜਾ ਸਮਝਦਾ ਸੀ। 1984 ਵਿਚ ਜੋ ਕੁਝ ਵਾਪਰਿਆ, ਉਹਦੇ ਬਾਰੇ ਉਹਨੇ ਇਥੋਂ ਤਕ ਲਿਖਿਆ,


ਭੰਨ ਸੁੱਟੀਆਂ ਨਾਨਕ ਦੀਆਂ ਬਾਹਵਾਂ
ਪੁੱਟ ਸੁੱਟੀਆਂ ਸ਼ਿਵ ਦੀਆਂ ਜਟਾਵਾਂ
ਕਿਸ ਨੂੰ ਕਿਸ ਦਾ ਦਮਨ ਕਹੂੰਗਾ
ਮੈਂ ਹੁਣ ਕਿਸ ਨੂੰ ਵਤਨ ਕਹੂੰਗਾ...

---

ਉਦਾਸੀ ਕਿਤਾਬਾਂ ਦੇ ਵਿਦਵਾਨ ਪਾਠਕਾਂ ਦੀ ਥਾਂ ਆਮ ਲੋਕਾਂ ਦਾ ਕਵੀ ਸੀ। ਉਹਦੀ ਸ਼ਬਦਾਵਲੀ, ਬਿੰਬਾਵਲੀ, ਛੰਦਾਬੰਦੀ, ਗੀਤਾਂ ਦੀ ਹੇਕ ਤੇ ਰੋਹੀਲੀ ਆਵਾਜ਼ ਸਿੱਧੀ ਲੋਕਾਂ ਦੇ ਦਿਲਾਂ ਵਿਚ ਲਹਿ ਜਾਂਦੀ। ਉਸ ਦੇ ਗੀਤਾਂ ਤੇ ਨਜ਼ਮਾਂ ਦੇ ਵਿਸ਼ੇ ਵੀ ਵੰਨਗੀ ਭਰਪੂਰ ਹਨ। ਕਦੇ ਉਹ ਕੰਮੀਆਂ ਦੇ ਵਿਹੜੇ ਦਾ ਗੀਤ ਲਿਖਦਾ, ਕਦੇ ਦੇਸ਼ ਪਿਆਰ ਦਾ, ਕਦੇ ਡੋਲੀ ਦਾ ਤੇ ਕਦੇ ਜਨਤਾ ਦੀ ਅਰਦਾਸ ਦਾ। ਕਦੇ ਪੂੰਜੀਪਤੀਆਂ ਨੂੰ ਰਾਕਸ਼ਾਂ ਦੀ ਧਾੜ ਕਹਿੰਦਾ, ਕਦੇ ਮਜ਼ਦੂਰਾਂ ਦੀ ਆਰਤੀ ਉਤਾਰਦਾ, ਕਦੇ ਮਲੰਗ ਲੱਖੇ ਦੇ ਨਾਂ ਗੀਤ ਲਿਖਦਾ ਤੇ ਕਦੇ ਕਿਰਤੀ ਨੂੰ ਉਠਣ ਦਾ ਸੱਦਾ ਦਿੰਦਾ।

ਉਠ ਕਿਰਤੀਆ ਉਠ ਵੇ ਉਠਣ ਦਾ ਵੇਲਾ
ਜੜ੍ਹ ਵੈਰੀ ਪੁੱਟ ਵੇ, ਪੁੱਟਣ ਦਾ ਵੇਲਾ...।

ਉਸ ਨੇ ਚੂੜੀਆਂ ਦਾ ਹੋਕਾ ਵੀ ਦਿੱਤਾ ਤੇ ਮਾਰੇ ਗਏ ਮਿੱਤਰਾਂ ਦੇ ਵੈਣ ਵੀ ਪਾਏ,



ਮਾਰੇ ਗਏ ਮਿੱਤਰਾਂ ਦੇ ਪਿੰਡ ਦੀਏ ਵਾਏ,
ਖ਼ੈਰ-ਸੁੱਖ ਦਾ ਸੁਨੇਹੜਾ ਲਿਆ।
ਓਸ ਮਾਂ ਦਾ ਬਣਿਆ ਕੀ,
'ਆਂਦਰਾਂ ਦੀ ਅੱਗ' ਜੀਹਦੀ,
ਗਈ ਕਸਤੂਰੀਆਂ ਖਿੰਡਾ...।

ਉਹ ਇਨਕਲਾਬੀ ਜੁਝਾਰੂਆਂ ਵੱਲੋਂ ਵਾਰਸਾਂ ਦੇ ਨਾਂ ਲਿਖਦਾ ਹੈ,

ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ,
ਅਸੀਂ ਹੋਵਾਂਗੇ ਦੋ ਜਾਂ ਚਾਰ ਬਾਪੂ।
ਬਦਲਾ ਲਏ ਤੋਂ ਵੀ ਜਿਹੜੀ ਟੁੱਟਣੀ ਨਾ,
ਏਡੀ ਲੰਮੀ ਹੈ ਸਾਡੀ ਕਤਾਰ ਬਾਪੂ।

ਇਹ ਸਤਰਾਂ ਉਹਨੇ ਉਦੋਂ ਲਿਖੀਆਂ ਸਨ ਜਦੋਂ ਨਕਸਲਬਾੜੀਆਂ ਨੂੰ ਫੜ-ਫੜ ਕੇ ਪੁਲਿਸ ਝੂਠੇ ਮੁਕਾਬਲਿਆਂ ਵਿਚ ਬੇਦਰਦੀ ਨਾਲ ਮਾਰ ਰਹੀ ਸੀ। ਇਨ੍ਹਾਂ ਹੀ ਸਤਰਾਂ ਨੂੰ ਬਾਅਦ ਵਿਚ ਸੰਤ ਭਿੰਡਰਾਂਵਾਲੇ ਦੇ ਖਾੜਕੂ ਆਪਣੇ ਇਸ਼ਤਿਹਾਰਾਂ ਵਿਚ ਵਰਤਦੇ ਰਹੇ। ਉਹ ਵੀ ਇਹੋ ਕਹਿੰਦੇ ਰਹੇ- ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ...।

ਉਹਦੇ ਲੋਕ ਕਾਵਿ ਦੇ ਬਿੰਬ, ਤੁਲਨਾਵਾਂ ਤੇ ਅਲੰਕਾਰ ਮੌਲਿਕ ਸਨ ਜੋ ਕਿਰਤੀ ਕਾਮਿਆਂ ਦੇ ਕਿੱਤੇ ਤੇ ਖੇਤਾਂ ਵਿਚੋਂ ਲਏ ਗਏ ਸਨ,

ਸਾਡੇ ਹੱਕਾਂ ਦੀ ਮੱਕੀ ਹੈ ਹੋਈ ਚਾਬੂ,
ਵਿਹਲੜ ਵੱਗ ਨਾ ਖੇਤਾਂ ਵਿਚ ਵੜਨ ਦੇਣਾ।
ਨਰਮ ਦੋਧਿਆਂ ਦੇ ਸੂਹੇ ਪਿੰਡਿਆਂ 'ਤੇ,
ਅਸੀਂ ਲੁੱਟ ਦਾ ਤਾਪ ਨਾ ਚੜ੍ਹਨ ਦੇਣਾ।
ਅਸੀਂ ਗੱਭਰੂ ਤੂਤ ਦੀ ਛਿਟੀ ਵਰਗੇ
ਜਿੰਨਾ ਛਾਂਗੋਗੇ ਓਨਾ ਹੀ ਫੈਲਾਂਗੇ...।
ਗਲ ਲੱਗ ਕੇ ਸੀਰੀ ਦੇ ਜੱਟ ਰੋਵੇ,
ਬੋਹਲਾਂ ਵਿਚੋਂ ਨੀਰ ਵਗਿਆ।
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,
ਤੂੜੀ ਵਿਚੋਂ ਪੁੱਤ 'ਜੱਗਿਆ।'
ਸਾਡਾ ਘੁੱਟੀਂ-ਘੁੱਟੀਂ ਖੂਨ ਤੇਲ ਪੀ ਗਿਆ,
ਤੇ ਖਾਦ ਖਾ'ਗੀ ਹੱਡ ਖਾਰ ਕੇ।
ਬੋਲੇ ਬੈਂਕ ਦੀ ਤਕਾਵੀ ਬਹੀ ਅੰਦਰੋਂ,
ਬੋਹਲ ਨੂੰ ਖੰਘੂਰਾ ਮਾਰ ਕੇ।
ਸਾਨੂੰ ਬਿਜਲੀ ਝੰਜੋੜਾ ਏਨਾ ਮਾਰਿਆ,
ਕਿ ਸਧਰਾਂ ਨੂੰ ਲਾਂਬੂ ਲੱਗਿਆ।
ਗਲ ਲੱਗ ਕੇ...।

ਇਕ ਵਾਰ ਸਾਥੀਆਂ ਦੇ ਸੱਦੇ ਉਤੇ ਜਦੋਂ ਉਹ ਵਿਦੇਸ਼ ਵਿਚ ਗਿਆ ਤਾਂ ਉਸ ਨੂੰ ਪਰਵਾਸੀਆਂ ਦੇ ਦੁੱਖਾਂ ਦਾ ਨੇੜਿਓਂ ਅਹਿਸਾਸ ਹੋਇਆ। ਇਸੇ ਅਹਿਸਾਸ ਵਿਚੋਂ ਉਸ ਨੇ ਗੀਤ ਗਾਇਆ,

ਮੈਨੂੰ ਲੈ ਜਾ ਨੀ ਹਵਾਏ ਮੇਰੇ ਦੇਸ਼,
ਕਰੇ ਜੋਦੜੀ ਨੀ ਇਕ ਦਰਵੇਸ਼।
ਮੈਨੂੰ ਮੇਰੀ ਮਾਂ ਦੇ ਵਰਗਾ ਪਿਆਰ ਨੀ,
ਮਿਲੂ ਕਿਹੜੀਆਂ ਵਲੈਤਾਂ 'ਚੋਂ ਉਧਾਰ ਨੀ,
ਮੈਨੂੰ ਖਿੜਿਆ ਕਪਾਹ ਦੇ ਵਾਂਗ ਰਹਿਣ ਦੇ,
ਘੱਟ ਮੰਡੀ ਵਿਚ ਮੁੱਲ ਪੈਂਦਾ ਪੈਣ ਦੇ,
ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼,
ਕਰੇ ਜੋਦੜੀ ਨੀ ਇਕ ਦਰਵੇਸ਼...।

ਉਹਦੇ ਵਿਦੇਸ਼ ਜਾਣ ਦੀ ਵੱਡੀ ਪ੍ਰਾਪਤੀ ਇਹ ਹੋਈ ਕਿ ਉਥੇ ਉਹਦੇ ਗੀਤਾਂ ਦੀ ਉਹਦੀ ਆਵਾਜ਼ ਵਿਚ ਹੀ ਕੈਸਿਟ ਰਿਕਾਰਡ ਕਰ ਲਈ ਗਈ। ਨਹੀਂ ਤਾਂ ਸੰਭਵ ਸੀ ਕਿ ਉਹਦੀ ਰੋਹੀਲੀ ਆਵਾਜ਼ ਅਗਲੀਆਂ ਪੀੜ੍ਹੀਆਂ ਤਕ ਪੁੱਜਦੀ ਹੀ ਨਾ।

ਕੈਨੇਡਾ ਰਹਿੰਦੇ ਹਰਿੰਦਰ ਮਾਹਲ ਤੇ ਸੁਰਿੰਦਰ ਧੰਜਲ ਨਾਲ ਉਹਦਾ ਚਿੱਠੀ-ਪੱਤਰ ਹੁੰਦਾ ਰਹਿੰਦਾ। ਕਲਕੱਤੇ ਹਰਦੇਵ ਸਿੰਘ ਗਰੇਵਾਲ ਨਾਲ ਵੀ ਚਿੱਠੀ-ਪੱਤਰ ਚਲਦਾ ਸੀ। ਇਧਨਾ ਦੇ ਸੱਦੇ 'ਤੇ ਉਸ ਨੂੰ ਕੈਨੇਡਾ ਦਾ ਵੀਜ਼ਾ ਮਿਲ ਗਿਆ। ਉਸ ਨੇ ਤਿਆਰੀ ਕਰ ਲਈ। ਉਹਦੀ ਮਾਤਾ ਉਦੋਂ ਆਪਣੇ ਤੀਜੇ ਪੁੱਤ ਗੁਰਦੇਵ ਸਿੰਘ ਕੋਇਲ ਕੋਲ ਜਲੰਧਰ ਗਈ ਹੋਈ ਸੀ। ਉਹ ਮਾਤਾ ਨੂੰ ਮਿਲੇ ਬਿਨਾਂ ਹੀ ਜਹਾਜ਼ ਚੜ੍ਹ ਗਿਆ। ਮਾਤਾ ਪਿੰਡ ਆਈ ਤਾਂ ਨੂੰਹ ਨਸੀਬ ਕੌਰ ਨਾਲ ਖਫਾ ਹੋਈ, "ਤੂੰ ਮੇਰਾ ਸਾਧ ਪੁੱਤ ਕਿਉਂ ਪਰਦੇਸ ਤੋਰਿਆ?"

ਪਰ ਪਰਦੇਸ ਉਹ ਬਹੁਤਾ ਸਮਾਂ ਨਹੀਂ ਰਿਹਾ। ਵਤਨ ਲਈ ਵੈਰਾਗਿਆ ਉਹ ਲੰਮੀਆਂ ਚਿੱਠੀਆਂ ਲਿਖਦਾ ਤੇ ਅਚਾਨਕ ਵਾਪਸ ਆ ਗਿਆ। ਆਉਂਦੇ ਨੇ ਬੇਬੇ ਨੂੰ ਗੋਦੀ ਚੁੱਕ ਲਿਆ ਤੇ ਨਿਆਣਿਆਂ ਦੇ ਮੂੰਹ ਮੱਥੇ ਚੁੰਮੇ। ਕੰਧਾਂ ਕੰਧੋਲੀਆਂ ਤੇ ਮੱਝਾਂ ਨੂੰ ਪਿਆਰ ਕੀਤਾ ਅਤੇ ਉਨ੍ਹਾਂ ਦੇ ਪਿੰਡਿਆਂ 'ਤੇ ਹੱਥ ਫੇਰਦਾ ਰਿਹਾ। ਦੱਸੀ ਗਿਆ ਕਿ ਦੋਸਤਾਂ ਨੇ ਕਿੰਨੀ ਸੇਵਾ ਕੀਤੀ ਤੇ ਕਿਥੇ-ਕਿਥੇ ਪ੍ਰੋਗਰਾਮ ਕੀਤੇ। ਕਿਵੇਂ ਉਹਨੂੰ ਕੈਨੇਡੀਅਨ/ਅਮਰੀਕਨ ਬਣਨ ਲਈ ਚੋਗਾ ਪਾਇਆ ਗਿਆ ਤੇ ਕਿਵੇਂ ਉਹਨੇ ਇਨਕਾਰ ਕੀਤਾ। ਕਾਹਦੀ ਖਿੱਚ ਸੀ ਉਸ ਨੂੰ ਆਪਣੇ ਵਤਨ ਦੀ? ਉਸ ਵਤਨ ਦੀ ਜਿਸ ਵਿਚ ਉਹ ਕੁੱਤੇ-ਜੂਨ ਜਿਉਂ ਰਿਹਾ ਸੀ! ਉਹ ਜੁਗਾੜੀ ਕਿਉਂ ਨਾ ਬਣਿਆ?

ਦੁਨੀਆਂਦਾਰ ਹੈਰਾਨ ਸਨ ਕਿ ਉਹ ਕੈਨੇਡਾ/ਅਮਰੀਕਾ ਵਰਗੇ ਮੁਲਕਾਂ ਵਿਚੋਂ ਮੁੜਿਆ ਕਿਉਂ? ਇੰਡੀਆ ਵਿਚ ਉਹਦੇ ਕਿਹੜੇ ਕਿੱਲੇ ਗੱਡੇ ਸਨ? ਬਥੇਰੇ ਨਕਸਲਬਾੜੀਏ ਸਨ ਜੋ ਕਿਸੇ ਨਾ ਕਿਸੇ ਢੰਗ ਨਾਲ ਕੈਨੇਡਾ/ਅਮਰੀਕਾ ਗਏ ਤੇ ਮੁੜ ਕੇ ਨਹੀਂ ਪਰਤੇ। ਉਹ ਉਥੇ ਰੰਗੀਂ ਵਸਦੇ ਹੋਏ ਇੰਡੀਆ ਵਿਚ ਇਨਕਲਾਬ ਲਿਆਈ ਜਾਂਦੇ ਸਨ। ਇਨਕਲਾਬੀ ਹੋਣ ਦਾ ਵਧੇਰੇ ਨਾਮਣਾ ਖੱਟੀ ਜਾਂਦੇ ਸਨ। ਦੇਸ਼ ਵਿਚ ਜਿਹੜਾ ਸਾਥੀ ਇਨਕਲਾਬੀ ਪੈਂਤੜੇ ਤੋਂ ਰਤਾ ਵੀ ਪਿੱਛੇ ਹਟਦਾ ਸੀ, ਉਹਨੂੰ ਗੱਦਾਰ ਕਹੀ ਜਾਂਦੇ ਸਨ। 'ਲੋਕ ਕਵੀ' ਨੂੰ 'ਨੋਟ ਕਵੀ' ਤੇ 'ਲਹੂ ਭਿੱਜੇ ਬੋਲਾਂ' ਵਾਲੇ ਨੂੰ 'ਸ਼ਰਾਬ ਭਿੱਜੇ ਬੋਲਾਂ' ਬੋਲਾਂ ਵਾਲਾ ਕਹਿ ਕੇ ਮਖੌਲ ਉਡਾਉਂਦੇ ਸਨ; ਪਰ ਉਦਾਸੀ ਵਿਦੇਸ਼ਾਂ 'ਚ ਟਿਕ ਜਾਣ ਵਾਲੇ ਇਨਕਲਾਬੀਆਂ ਵਿਚ ਨਾ ਰਲਿਆ। ਉਹ ਉਥੇ ਹੀ ਪਰਤ ਆਇਆ ਜਿਥੇ ਉਸ ਦੀ ਵਧੇਰੇ ਲੋੜ ਸੀ।

1972 ਵਿਚ ਇਕ ਇੰਟਰਵਿਊ ਵਿਚ ਉਸ ਨੇ ਦੱਸਿਆ ਸੀ, "ਮੈਂ 1961 ਵਿਚ ਲਿਖਣਾ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਮੈਂ ਆਪਣੀਆਂ ਕਵਿਤਾਵਾਂ ਵਿਚ ਅਧਿਆਤਮਵਾਦ ਲਿਆਂਦਾ। ਅਧਿਆਤਮਕ ਕੁਰੀਤੀਆਂ ਨੂੰ ਵੇਖ ਕੇ ਮੈਂ ਮਾਰਕਸੀ ਸੋਚ ਦੀਆਂ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਵਾਂਦਾ ਵਾਸਲਿਉਸਕਾ, ਗੋਰਕੀ, ਸ਼ੋਲੋਖੋਵ, ਆਸਤ੍ਰੋਵਸਕੀ, ਪਰਲ ਐਸ. ਬੱਕ ਤੇ ਜੂਲੀਅਸ ਫਿਊਚਿਕ ਨੂੰ ਪੜ੍ਹਿਆ। ਪੰਜਾਬੀ ਵਿਚ ਮੈਂ ਬਹੁਤਾ ਕੰਵਲ, ਧੀਰ ਤੇ ਮੋਹਨ ਸਿੰਘ ਤੋਂ ਪ੍ਰਭਾਵਤ ਹੋ ਕੇ ਸਾਧਾਰਨ ਲੋਕ ਪੱਧਰ ਦੇ ਗੀਤ ਲਿਖਣੇ ਸ਼ੁਰੂ ਕਰ ਦਿੱਤੇ ਤੇ ਹੁਣ ਮੈਂ ਬੁੱਧੀਜੀਵੀਆਂ ਨੂੰ ਵੀ ਸੰਤੁਸ਼ਟ ਕਰ ਸਕਦਾ ਹਾਂ। ਕੂਕਾ ਲਹਿਰ ਤੇ ਕਿਸਾਨ ਲਹਿਰ ਨੇ ਮੇਰੇ ਗੀਤਾਂ ਨੂੰ ਅਧਿਆਤਮਕ ਅਗਾਂਹ-ਵਧੂ ਰਾਹ ਦੱਸਿਆ। ਅਧਿਆਤਮਵਾਦ ਤੋਂ ਮਗਰੋਂ ਮੈਂ ਮਾਰਕਸਇਜ਼ਮ ਨੂੰ ਘੋਖਿਆ ਤੇ ਉਸ ਤੋਂ ਮਗਰੋਂ ਦੁਬਾਰਾ ਅਧਿਆਤਮਵਾਦ ਨੂੰ ਮਾਰਕਸੀ ਫਲਸਫੇ 'ਤੇ ਪਰਖਿਆ ਤੇ ਮੈਨੂੰ ਲੱਗਿਆ ਕਿ ਅਧਿਆਤਮਵਾਦ ਬਾਰੇ ਲਿਖੇ ਗੀਤ ਕਿਰਤੀ ਲੁੱਟ-ਖਸੁੱਟ ਨੂੰ ਖਤਮ ਕਰਨ ਲਈ ਸਹਾਈ ਨਹੀਂ ਹੋ ਸਕਦੇ।...ਮੈਂ ਆਪਣੇ ਆਪ ਨੂੰ ਲੋਕ ਪੱਧਰ ਦਾ ਗੀਤਕਾਰ ਸਮਝਦਾ ਹਾਂ। ਸਾਡੇ ਸਾਧਾਰਨ ਲੋਕ ਅਜੇ ਵੀ ਬਹੁਤ ਸਾਰੇ ਵਿਸ਼ਵਾਸਾਂ ਵਿਚ ਫਸੇ ਹੋਏ ਹਨ। ਮੈਂ ਜਿਹੜੇ ਗੀਤ ਅਧਿਆਤਮਵਾਦ ਦੇ ਵੀ ਲਿਖੇ ਹਨ, ਉਨ੍ਹਾਂ ਵਿਚ ਵੀ ਉਸਾਰੂ ਪੱਖ ਨੂੰ ਵਿਖਾਇਆ ਹੈ ਜਿਵੇਂ ਬਾਬਾ ਰਾਮ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦਾ ਅੰਤਿਮ ਸੁਨੇਹਾ, ਜ਼ਫਰਨਾਮਾ, ਬੂਬਨੇ ਸਾਧ ਆਦਿ। ਅੱਜ ਵੀ ਜਦੋਂ ਮੈਂ ਲੋਕਾਂ ਸਾਹਮਣੇ ਇਨ੍ਹਾਂ ਗੀਤਾਂ ਨੂੰ ਗਾਉਂਦਾ ਹਾਂ ਤਾਂ ਇਨ੍ਹਾਂ ਵਿਚਲਾ ਉਸਾਰੂ ਭਾਵ ਮੈਨੂੰ ਚਿਰਜੀਵੀ ਲੱਗਦਾ ਹੈ।"

ਉਸ ਦਾ ਕਥਨ ਹੈ, "ਰੇਡੀਓ ਤੇ ਸਪੀਕਰਾਂ ਦੇ ਰਿਕਾਰਡ ਲੋਕਾਂ ਦੀ ਸੋਚ ਨੂੰ ਖੁੰਸੀ ਕਰਨ ਲਈ ਮਾਰਫੀਏ ਦਾ ਟੀਕਾ ਹਨ। ਸੌੜੇ ਕੌਮਵਾਦ ਦੀ ਭਾਵਨਾ ਲੋਕਾਂ ਵਿਚ ਜਗਾ ਕੇ ਲੋਕਾਂ ਨੂੰ ਆਪਣੇ ਉਜਲੇ ਭਵਿੱਖ ਤੋਂ ਪਰ੍ਹੇ ਰੱਖਿਆ ਜਾਂਦਾ ਹੈ, ਪਰ ਹੁਣ ਲੋਕਾਂ ਦੇ ਕੰਨਾਂ ਵਿਚ ਚੇਤਨਾ ਘਰ ਕਰ ਗਈ ਹੈ। ਉਹ ਸਮਝਦੇ ਹਨ ਕਿ ਕੱਲ੍ਹ ਪਾਕਿਸਤਾਨ ਦੇ ਉਲਟ ਬੋਲਿਆ ਗਿਆ ਰਿਕਾਰਡ ਕਿਵੇਂ ਅੱਜ ਪਾਕਿਸਤਾਨ ਦੇ ਹੱਕ ਵਿਚ ਵੱਜ ਰਿਹਾ ਹੈ। ਇਹ ਪਾਕਿਸਤਾਨ ਦਾ ਮਜ਼ਦੂਰ ਵੀ ਜਾਣਦਾ ਹੈ।"

**(ਚਲਦਾ)**

# ਮਾਈ ਮੋਹਣੋ ਨਾਲ ਸੰਗੀਤਕ ਰੰਗ-ਮੰਚ

**(ਸਫਾ 23 ਦੀ ਬਾਕੀ)**

ਕੇ ਪਿੱਛੇ ਖੜ੍ਹੇ ਪੁਲਿਸ ਵਾਲਿਆਂ ਨੂੰ ਕਹਿਣ ਲੱਗੀ, 'ਆਹ ਮੁੰਡਾ ਜਗਮੋਹਣ ਕੌਰ ਦਾ ਲਿਮਕਾ ਲੈਣ ਚੱਲਿਆ, ਇਹਨੂੰ ਰੋਕਿਓ ਨਾ।' ਉਹ ਪੁਲਸੀਆ ਬੋਲਿਆ, 'ਮੈਂ ਲਿਆ ਦਿਨਾਂ।'

'ਚੁੱਪ ਕਰ ਓਏ, ਤੈਨੂੰ ਕੀ ਪਤਾ ਜਗਮੋਹਣ ਕੌਰ ਕਿਹੜਾ ਲਿਮਕਾ ਪੀਂਦੀ ਆ।' ਉਹਦੀ ਵੀ ਉਹਨੇ ਝਾੜ-ਝੰਬ ਕਰ ਦਿੱਤੀ।

ਚਲੋ, ਮੈਂ ਲਿਮਕਾ ਤਾਂ ਲੈ ਆਇਆ ਜਿਹੜਾ ਕਹਿੰਦੀ ਸੀ, ਪਰ ਜਦੋਂ ਗਾਉਣ ਲੱਗੀ, ਤਾਂ ਤੀਰ ਸਿੱਧਾ ਸਾਹਮਣੇ ਵਾਲੀ ਸਟੇਜ 'ਤੇ ਬੈਠੇ ਗਵਰਨਰ ਸੁਰਿੰਦਰ ਨਾਥ ਵੱਲ ਛੱਡ ਦਿੱਤਾ,

ਦਾਲ...ਦੱਸ ਖਾਂ ਸ਼ਹਿਰ ਲਹੌਰ ਅੰਦਰ
ਕਿੰਨੇ ਬੂਹੇ ਤੇ ਕਿੰਨੀਆਂ ਬਾਰੀਆਂ ਨੇ।
ਨਾਲੇ ਦੱਸ ਖਾਂ ਉਥੋਂ ਦੀਆਂ ਕੁੱਲ ਕੁੜੀਆਂ
ਕਿੰਨੀਆਂ ਵਿਆਹੀਆਂ ਤੇ ਕਿੰਨੀ ਕੁਆਰੀਆਂ ਨੇ।
...ਦੱਸੋਗੇ ਗਵਰਨਰ ਸਾਹਿਬ?

...ਤੇ ਨਾਲ ਹੀ ਮਾਇਕ ਫੜ ਕੇ ਪੰਜਾਬੀ ਗਵਰਨਰ ਸੁਰਿੰਦਰ ਨਾਥ ਨੂੰ ਆਖ'ਤਾ, 'ਉਦੋਂ ਕਿਉਂ ਨਾ ਆਇਆ ਮਿੱਤਰਾ...ਜਦੋਂ ਰੰਗ ਸੀ ਸਰ੍ਹੋਂ ਦੇ ਫੁੱਲ ਵਰਗਾ?' ਤੇ ਨਾਲ ਹੀ ਬੋਗੀ 'ਤੇ ਜਗਮੋਹਣ ਕੌਰ ਦਾ ਬਾਦਸ਼ਾਹ, 'ਆ ਜਾਓ ਕਿ ਹਮ ਤੁਮੇਂ ਪਿਆਰ ਕਰਤੇ ਹੈਂ...ਯਹ ਵੋਹ ਗੁਨਾਹ ਹੈ ਜੋ ਹਮ ਵਾਰ-ਵਾਰ ਕਰਤੇ ਹੈਂ'...ਗਵਰਨਰ ਸਾਹਿਬ...ਆ ਜੋ ਕੇਰਾਂ...ਤੁਸੀਂ ਹਾਲੇ ਵੀ ਸਰੋਂ ਦੇ ਫੁੱਲ ਹੀ ਹੋ।'

...ਤੇ ਪ੍ਰੋ. ਮੋਹਨ ਸਿੰਘ ਮੇਲੇ ਦੀ ਇਹ ਘਟਨਾ ਇਤਿਹਾਸ ਬਣ ਗਈ ਸੀ। ਇੰਦਾਂ ਦਾ ਹੀ ਹਾਲ ਉਹਨੇ ਮੇਰੇ ਨਾਲ ਇਕ ਮੇਲੇ 'ਤੇ ਗਈ ਨੇ ਸਾਡੇ ਪੇਂਡੂ ਮੰਤਰੀ ਦਿਲਬਾਗ ਸਿੰਘ ਨਵਾਂ ਸ਼ਹਿਰ ਦਾ ਕਰ ਦਿੱਤਾ ਸੀ।

ਹਾਲ ਹੀ 'ਚ ਮੇਰੇ ਸਹੁਰੇ ਘਰ ਵਿਚ ਮਖਸੂਸਪੁਰ ਮੈਂ ਅਤੇ ਕੇ. ਦੀਪ ਇਕੱਠੇ ਹੋ ਗਏ। ਉਹ ਹੁਣ ਨਾ ਪੋਸਤੀ ਰਿਹਾ ਤੇ ਨਾ ਕੇ. ਦੀਪ, ਸਿਰਫ ਕੁਲਦੀਪ ਹੈ। ਹੁਣ ਉਹ ਸੋਚਾਂ ਦਾ ਉਹ ਤਵਾਜ਼ਨ ਵੀ ਨਹੀਂ ਰੱਖਦਾ ਜਿਹੜਾ ਜਗਮੋਹਣ ਕੌਰ ਵੇਲੇ ਹੁੰਦਾ ਸੀ।

ਲਿਮਕੇ ਜਾਂ ਮੁਜਰੇ ਦੀ ਗੱਲ ਬਿਨਾਂ ਗੱਲ ਬਣਨੀ ਨਹੀਂ ਸੀ, ਪਰ ਇਸ ਮਹਾਨ ਗਾਇਕਾ ਅਤੇ ਔਰਤ ਦੇ ਇਸ ਭੇਤ ਲਈ ਖਿਮਾਂ ਵੀ ਚਾਹਾਂਗਾ।

ਪਰ ਮੈਂ ਮਾਣ ਕਰਦਾ ਹਾਂ ਕਿ ਮੈਂ ਉਸ ਜਗਮੋਹਣ ਕੌਰ ਦੀ ਗੱਲ ਕਰ ਕੇ ਹਟਿਆ ਹਾਂ ਜੀਹਨੂੰ ਹਰ ਪੰਜਾਬੀ ਜਾਣਦਾ ਹੈ ਤੇ ਉਹ ਅੱਠ ਸਾਲ ਮੈਨੂੰ ਛੋਟਿਆਂ ਵਾਂਗ ਪਿਆਰ ਦੇ ਕਲਾਵੇ ਵਿਚ ਘੁੱਟਦੀ ਰਹੀ।

ਤੇਰੀਆਂ ਗਲੀਆਂ-16



*ਮੈਂ ਆਪਣੇ ਪਿੰਡ ਨੰਗਲ ਸ਼ਾਮਾ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਮੈਨੂੰ ਕਵਿਤਾ ਨਾ ਲਿਖਣ ਦਾ ਸਰਾਪ ਹੈ। ਦਰਅਸਲ ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ; ਸਾਰੀ-ਸਾਰੀ ਰਾਤ ਜਗਦੀਆਂ ਰੌਸ਼ਨੀਆਂ ਦੇ ਸ਼ਹਿਰ (ਚੰਡੀਗੜ੍ਹ) ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ।*

*-ਦਲਬੀਰ ਸਿੰਘ*

# ਕਰੋੜਾਂ ਦਾ ਖਜ਼ਾਨਾ

*ਮਰਹੂਮ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਦੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਅਸਲ ਵਿਚ ਉਹਦੇ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਯਾਦਾਂ ਹਨ। ਇਸ ਰਚਨਾ ਦੀ ਖੂਬਸੂਰਤੀ ਇਹ ਹੈ ਕਿ ਇਹ ਯਾਦਾਂ ਫੈਲ ਕੇ ਪੂਰੇ ਪੰਜਾਬ ਦੇ ਪਿੰਡਾਂ ਦੀਆਂ ਯਾਦਾਂ ਨਾਲ ਜੁੜ ਗਈਆਂ ਹਨ। ਦਲਬੀਰ ਪਿੰਡ ਦੀ ਨਬਜ਼ ਉਤੇ ਆਪਣੀਆਂ ਉਂਗਲਾਂ ਦੇ ਪੋਟੇ ਰੱਖ ਕੇ ਇਹਦਾ ਹਾਲ-ਚਾਲ ਪੁੱਛਦਾ ਅਤੇ ਪਾਠਕਾਂ ਨੂੰ ਸੁਣਾ ਰਿਹਾ ਪ੍ਰਤੀਤ ਹੁੰਦਾ ਹੈ। ਇਸੇ ਕਰਕੇ ਇਹ ਯਾਦਾਂ, ਦਿਲਚਸਪ ਬਾਤਾਂ ਬਣ ਗਈਆਂ ਹਨ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਬਦਲੇ ਹਨ। ਇਸ ਲੇਖ ਵਿਚ ਉਹਨੇ ਆਪਣੇ ਪਿੰਡ ਦੇ ਗੁਰਦਿਆਲ ਲਾਲੀ ਦੀ ਕਥਾ ਛੋਹੀ ਹੈ ਜਿਹੜਾ ਅਨਮੋਲ ਵਸਤਾਂ ਇਕੱਠੀਆਂ ਕਰਦਾ ਹੁੰਦਾ ਸੀ। -ਸੰਪਾਦਕ*

ਜਦੋਂ ਪਹਿਲੀ ਵਾਰੀ ਮੈਂ ਆਪਣੀ ਬੇਟੀ ਨੂੰ ਆਪਣਾ ਪਿੰਡ ਦਿਖਾਉਣ ਗਿਆ ਸਾਂ ਤਾਂ ਲੰਬੜਾਂ ਦੀ ਇਸ ਗਲੀ ਦੇ ਆਖਰੀ ਘਰ ਵਿਚ ਰਹਿਣ ਵਾਲਾ ਗੁਰਦਿਆਲ ਲਾਲੀ ਹਾਲੇ ਜਿਉਂਦਾ ਸੀ। ਉਹ ਪੰਜਾਬ ਸਰਕਾਰ ਦੇ ਟਾਊਨ ਪਲਾਨਿੰਗ ਮਹਿਕਮੇ ਵਿਚੋਂ ਸੀਨੀਅਰ ਟਾਊਨ ਪਲਾਨਰ ਦੇ ਅਹੁਦੇ ਤੋਂ ਰਿਟਾਇਰ ਹੋਇਆ ਸੀ ਤੇ ਪਿੰਡ ਹੀ ਰਹਿ ਰਿਹਾ ਸੀ। ਇਸੇ ਘਰ ਵਿਚ ਹੀ ਉਸ ਦਾ ਦਾਦਾ ਬੂਟਾ ਸਿੰਘ ਲੰਬੜਦਾਰ ਰਹਿੰਦਾ ਸੀ ਜਿਸ ਨੂੰ ਬੱਬਰ ਅਕਾਲੀਆਂ ਨੇ ਮਾਰ ਦਿੱਤਾ ਸੀ।

ਬੱਬਰ ਅਕਾਲੀਆਂ ਦੀ ਲਹਿਰ ਦੁਆਬੇ ਵਿਚ ਬਹੁਤ ਸਰਗਰਮ ਸੀ। 20ਵੀਂ ਸਦੀ ਦੇ ਦੂਜੇ ਦਹਾਕੇ ਵਿਚ ਉਠੀ ਇਸ ਲਹਿਰ ਵਿਚ ਬੱਬਰਾਂ ਨੇ ਨਾ ਸਿਰਫ ਕਈ ਅੰਗਰੇਜ਼ਾਂ, ਸਗੋਂ ਅੰਗਰੇਜ਼ਾਂ ਦੇ ਕਈ ਝੋਲੀ ਚੁੱਕਾਂ ਨੂੰ ਵੀ ਮਾਰਿਆ ਸੀ। ਬੱਬਰ ਲਲਕਾਰ ਕੇ ਵਾਰ ਕਰਦੇ ਸਨ, ਕਿਸੇ ਔਰਤ ਜਾਂ ਬੱਚੇ ਉਤੇ ਵਾਰ ਨਹੀਂ ਸਨ ਕਰਦੇ, ਪਰ ਬੂਟਾ ਸਿੰਘ ਉਤੇ ਵਾਰ ਕਰਨ ਸਮੇਂ ਉਨ੍ਹਾਂ ਬੱਚਿਆਂ ਉਤੇ ਵਾਰ ਨਾ ਕਰਨ ਦੇ ਸੰਕਲਪ ਦਾ ਤਿਆਗ ਕਰ ਦਿੱਤਾ ਸੀ। ਉਨ੍ਹਾਂ ਹਮਲੇ ਵੇਲੇ ਬੂਟਾ ਸਿੰਘ ਦੇ ਪੁੱਤਰ ਦੀ ਇਕ ਬਾਂਹ ਵੱਢ ਦਿੱਤੀ ਸੀ ਅਤੇ ਔਰਤਾਂ ਦੇ ਗਹਿਣੇ ਵੀ ਖੋਹ ਲਏ ਸਨ।

ਇਹ ਗੱਲ ਬੱਬਰ ਲਹਿਰ ਦੇ ਖੋਜੀ ਇਤਿਹਾਸਕਾਰਾਂ ਨੇ ਵੀ ਮੰਨੀ ਹੈ ਕਿ ਭਾਵੇਂ ਬੂਟਾ ਸਿੰਘ ਨੂੰ ਮਾਰਨਾ ਦਰੁਸਤ ਸੀ ਪਰ ਉਸ ਦੇ ਪੁੱਤਰਾਂ ਉਤੇ ਵਾਰ ਕਰਨਾ ਠੀਕ ਨਹੀਂ ਸੀ। ਇਸ ਕਾਂਡ ਵਿਚ ਬੂਟਾ ਸਿੰਘ ਮੁੱਖ ਖਲਨਾਇਕ ਸੀ, ਪਰ ਉਸ ਉਤੇ ਕੀਤੇ ਗਏ ਹਮਲੇ ਦੌਰਾਨ ਬੱਚੇ ਦੀ ਬਾਂਹ ਵੱਢਣ ਕਾਰਨ ਬੱਬਰ ਦਾਗੀ ਹੋ ਗਏ ਸਨ।

ਬੂਟਾ ਸਿੰਘ ਦੇ ਚਾਰ ਪੁੱਤਰ ਸਨ- ਕਾਲਾ ਸਿੰਘ, ਗੁਰਦਿੱਤ ਸਿੰਘ, ਬੀਰ ਸਿੰਘ ਅਤੇ ਮੇਜਰ ਮਿਹਰ ਸਿੰਘ। ਇਥੇ ਬੂਟਾ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਮੇਜਰ ਮਿਹਰ ਸਿੰਘ, ਉਸ ਦੇ ਤਿੰਨ ਪੁੱਤਰਾਂ ਚੰਨਣ ਸਿੰਘ, ਗੁਰਦਿਆਲ ਸਿੰਘ ਲਾਲੀ ਤੇ ਗੁਰਬਖਸ਼ ਸਿੰਘ ਉਰਫ ਬੱਤਾ ਦਾ ਹੀ ਜ਼ਿਕਰ ਕਰਾਂਗਾ। ਮੇਜਰ ਮਿਹਰ ਸਿੰਘ ਦੀ ਪਤਨੀ ਨੂੰ ਸਾਰੇ ਭਾਬੀ ਕਹਿੰਦੇ ਸਨ ਤੇ ਉਹ ਆਪਣੇ ਪਤੀ ਵਾਂਗ ਹੀ ਜਬ੍ਹੇ ਵਾਲੀ ਔਰਤ ਸੀ। ਇਕ ਤਾਂ ਉਹ ਫੌਜੀ ਅਫਸਰ ਦੀ ਪਤਨੀ ਸੀ, ਲੰਬੜਦਾਰਾਂ ਦੇ ਟੱਬਰ ਵਿਚੋਂ ਸੀ, ਸਰਪੰਚ ਦੀ ਪਤਨੀ ਸੀ, ਤੇ ਪਿੰਡ ਦੇ ਸਭ ਤੋਂ ਵੱਧ ਜ਼ਮੀਨ ਦੇ ਮਾਲਕ ਪਰਿਵਾਰ ਵਿਚੋਂ ਸੀ, ਇਸ ਕਰ ਕੇ ਉਸ ਦਾ ਰੋਅਬ ਬਹੁਤ ਸੀ। ਪਿੰਡ ਦੀਆਂ ਸੁਆਣੀਆਂ ਤਾਂ ਕੀ, ਬੱਚੇ ਵੀ ਉਸ ਨੂੰ ਭਾਬੀ ਕਹਿੰਦੇ। ਉਹ ਨੱਬੇ ਕੁ ਸਾਲ ਦੀ ਉਮਰ ਵਿਚ 1997 ਵਿਚ ਮਰੀ। ਮਰਨ ਤੱਕ ਉਸ ਦੀ ਸਿਹਤ ਠੀਕ-ਠਾਕ ਸੀ। ਮੇਜਰ ਮਿਹਰ ਸਿੰਘ ਦੀ ਮੌਤ ਬਹੁਤ ਪਹਿਲਾਂ ਹੋ ਗਈ ਸੀ।

ਮੇਜਰ ਮਿਹਰ ਸਿੰਘ ਨੇ ਫੌਜ ਵਿਚੋਂ ਆ ਕੇ ਸਾਲਾਂ ਤੱਕ ਪਿੰਡ ਦੀ ਸਰਪੰਚੀ ਕੀਤੀ ਸੀ। ਜਿੰਨੀ ਦੇਰ ਤੱਕ ਉਹ ਸਰਪੰਚ ਰਹੇ, ਪਿੰਡ ਵਿਚ ਆਮ ਝਗੜੇ ਪੰਚਾਇਤ ਵਿਚ ਹੀ ਨਿਬੇੜੇ ਜਾਂਦੇ ਸਨ। ਸਿਰਫ ਚੋਰੀਆਂ, ਡਾਕਿਆਂ, ਕਤਲਾਂ ਦੇ ਕੇਸ ਹੀ ਠਾਣੇ ਜਾਂਦੇ। ਮੇਰੇ ਚੇਤੇ ਵਿਚ ਉਨ੍ਹਾਂ ਨਾਲ ਸਬੰਧਤ ਦੋ ਗੱਲਾਂ ਘਰ ਕੀਤੀਆਂ ਹੋਈਆਂ ਹਨ। ਪਹਿਲੀ, ਕਿਸੇ ਕੁੜੀ ਨਾਲ ਛੇੜਖਾਨੀ ਕਰਨ ਬਦਲੇ ਉਨ੍ਹਾਂ ਨੇ ਬਸਤਾ ਬੇਅ ਵਿਚ ਸ਼ਾਮਲ ਝਿਊਰਾਂ ਦੇ ਦਾਰੇ ਦਾ ਮੂੰਹ ਕਾਲਾ ਕਰ ਕੇ ਗਧੇ ਉਤੇ ਬਿਠਾ ਕੇ ਪਿੰਡ ਵਿਚ ਜਲੂਸ ਕੱਢਿਆ ਸੀ। ਉਦੋਂ ਮੈਂ ਦਸਾਂ ਕੁ ਸਾਲਾਂ ਦਾ ਹੋਵਾਂਗਾ। ਦੂਜੀ ਘਟਨਾ ਕਿਸੇ ਚੋਰ ਨਾਲ ਸਬੰਧਤ ਸਾਡੇ ਗੁਆਂਢੀ ਮਿਲਖਾ ਸਿੰਘ ਉਰਫ ਮਿਲਖੀ ਦੀ ਪੁਲਿਸ ਵੱਲੋਂ ਕੀਤੀ ਗਈ ਕੁੱਟਮਾਰ ਦੀ ਸੀ। ਇਸ ਵਿਚ ਮੇਜਰ ਮਿਹਰ ਸਿੰਘ ਨੇ ਬਹੁਤ ਰੋਅਬ ਨਾਲ ਥਾਣੇਦਾਰ ਨੂੰ ਮਿਲਖੀ ਦੀ ਕੁੱਟਮਾਰ ਕਰਨੋਂ ਵਰਜਿਆ ਸੀ ਤੇ ਥਾਣੇਦਾਰ ਨੇ ਉਨ੍ਹਾਂ ਦੀ ਗੱਲ ਮੰਨ ਲਈ ਸੀ। ਉਹ ਦਾੜ੍ਹੀ ਨੂੰ ਪੁੱਠੀ ਚੜ੍ਹਾ ਕੇ ਬੰਨ੍ਹਿਆ ਕਰਦੇ ਸਨ ਤੇ ਉਤੋਂ ਜਾਲੀ ਵੀ ਪਾਉਂਦੇ ਸਨ। ਇਸ ਲਈ ਕੱਦ ਛੋਟਾ ਹੋਣ ਦੇ ਬਾਵਜੂਦ ਸ਼ਖਸੀਅਤ ਬਹੁਤ ਰੋਅਬਦਾਰ ਹੋ ਜਾਂਦੀ ਸੀ।

ਉਨ੍ਹਾਂ ਦੇ ਤਿੰਨ ਪੁੱਤਰਾਂ ਵਿਚੋਂ ਚੰਨਣ ਸਿੰਘ ਬਾਰੇ ਮੈਨੂੰ ਬਹੁਤਾ ਇਲਮ ਨਹੀਂ, ਛੋਟੇ ਪੁੱਤਰ ਗੁਰਬਖਸ਼ ਸਿੰਘ ਬੱਤਾ ਬਾਰੇ ਵੀ ਬਹੁਤ ਨਹੀਂ ਪਤਾ, ਸਿਵਾਏ ਇਸ ਗੱਲ ਦੇ ਕਿ ਉਹ ਕਈ ਸਾਲ ਵਿਦੇਸ਼ਾਂ ਵਿਚ ਰਿਹਾ ਹੈ ਅਤੇ ਉਸ ਦਾ ਫਾਰਮ ਆਦਮਪੁਰ ਨੇੜੇ ਪਿੰਡ ਚੂਹੜਵਾਲੀ ਵਿਚ ਹੈ। ਉਸ ਨੇ ਖੇਤਾਂ ਵਿਚ ਹੀ ਮਕਾਨ ਬਣਾ ਲਿਆ ਹੈ ਜਿਥੇ ਉਸ ਨੇ ਕੁੱਤੇ ਪਾਲਣ ਦਾ ਸ਼ੌਕ ਪਾਲਿਆ ਹੋਇਆ ਹੈ। ਇਥੇ ਗੁਰਬਖਸ਼ ਸਿੰਘ ਨੇ ਮੇਰੇ ਬਚਪਨ ਵਿਚ ਥੜ੍ਹੇ ਉਤੇ ਕੀਤੇ ਉਸ ਨਾਟਕ ਵਿਚ ਹਿੱਸਾ ਲਿਆ ਸੀ ਜਿਸ ਵਿਚ ਫੌਜ ਵਿਚ ਭਰਤੀ ਹੋਣ ਗਏ ਜਵਾਨ ਨੇ ਢੇਰ ਸਾਰੇ ਕੱਪੜੇ ਪਾਏ ਹੋਏ ਸਨ। ਮੇਰੇ ਚੇਤੇ ਦੀ ਹਲਕੀ ਜਿਹੀ ਪਰਤ ਦੱਸਦੀ ਹੈ ਕਿ ਬੱਤਾ ਅਫਸਰ ਬਣਿਆ ਸੀ ਅਤੇ ਗੁਰਦਿਆਲ ਲਾਲੀ ਉਹ ਜਵਾਨ ਜਿਹੜਾ ਭਰਤੀ ਹੋਣ ਗਿਆ ਸੀ।

ਗੁਰਦਿਆਲ ਲਾਲੀ ਉਤੇ ਅਫਸਰੀ ਦਾ ਰੰਗ ਕਦੇ ਨਹੀਂ ਸੀ ਚੜ੍ਹਿਆ, ਬੱਸ ਸਦਾ ਹੀ ਮਲੰਗੀ ਦਾ ਆਲਮ ਰਿਹਾ। ਉਸ ਦੀ ਹਾਜ਼ਰੀ ਵਿਚ ਕੋਈ ਵੀ ਪਲ ਨੀਰਸ ਨਹੀਂ ਸੀ ਹੁੰਦਾ। ਉਹ ਹਰ ਵੇਲੇ ਰੌਣਕ ਲਾਈ ਰੱਖਦਾ। ਉਸ ਨੂੰ ਨਿਵੇਕਲੀਆਂ ਵਸਤਾਂ ਇਕੱਠੀਆਂ ਕਰਨ ਦਾ ਸ਼ੌਕ ਸੀ। 1997 ਵਿਚ ਮੈਂ ਉਸ ਦੇ ਖਜ਼ਾਨੇ ਬਾਰੇ ਆਪਣੀ ਅਖਬਾਰ ਲਈ ਰਿਪੋਰਟ ਲਿਖਣ ਉਸ ਕੋਲ ਗਿਆ ਤਾਂ ਚਿੱਤ-ਚੇਤੇ ਵੀ ਨਹੀਂ ਸੀ ਕਿ ਉਸ ਪਾਸ ਇੰਨਾ ਅਨਮੋਲ ਖਜ਼ਾਨਾ ਹੋਵੇਗਾ। ਘਰ ਵਿਚ ਦਾਖਲ ਹੁੰਦੇ ਹੀ ਸੱਜੇ ਪਾਸੇ ਵਾਲੀ ਬੈਠਕ ਵਿਚ ਉਹ ਮੰਜਾ ਡਾਹ ਕੇ ਬੈਠਾ ਸੀ। ਕਮਰੇ ਵਿਚ ਚਾਰੇ ਪਾਸੇ ਤਲਵਾਰਾਂ ਟੰਗੀਆਂ ਹੋਈਆਂ ਸਨ। ਇਹ ਤਲਵਾਰਾਂ ਉਸ ਨੇ ਕਰੀਬ ਸਾਲ ਭਰ ਤੋਂ ਇਕੱਠੀਆਂ ਕਰਨੀਆਂ ਸ਼ੁਰੂ ਕੀਤੀਆਂ ਸਨ। ਜਿਥੇ ਕਿਤੇ ਵੀ ਪੁਰਾਣੀ ਤਲਵਾਰ ਦੀ ਦੱਸ ਪੈਂਦੀ ਸੀ, ਉਥੇ ਪਹੁੰਚ ਜਾਂਦਾ। ਬੈਠਕ ਵਿਚ ਇਕ ਤਲਵਾਰ ਜਾਰਜ ਅੱਠਵੇਂ ਦੀ ਜਾਂ ਉਸ ਦੇ ਜ਼ਮਾਨੇ ਦੀ ਸੀ ਜਿਸ ਦੇ ਮੁੱਠੇ ਉਤੇ ਸੋਨੇ ਦਾ ਕੰਮ ਸੀ। ਇਕ ਹੋਰ ਤਲਵਾਰ ਬਾਰੇ ਦਾਅਵਾ ਸੀ ਕਿ ਇਹ ਕਿਸੇ ਕਾਰੀਗਰ ਨੇ ਦਸਵੇਂ ਗੁਰੂ ਗੋਬਿੰਦ ਸਿੰਘ ਲਈ ਤਿਆਰ ਕੀਤੀ ਸੀ। ਇਸ ਵਿਚ ਪਏ ਦਸ ਨਾਗਵਲ ਹੀ ਦਸਵੇਂ ਪਾਤਸ਼ਾਹ ਨਾਲ ਸਬੰਧਤ ਹੋਣ ਵਲ ਇਸ਼ਾਰਾ ਕਰਦੇ ਹਨ। ਕਰੀਬ ਦਰਜਨ ਤਲਵਾਰਾਂ ਵਿਚੋਂ ਹਰ ਇਕ ਦੀ ਮਹੱਤਤਾ ਸੀ।

ਫਿਰ ਉਹਨੇ ਪੌੜੀਆਂ ਚੜ੍ਹ ਕੇ ਕਮਰਾ ਖੋਲ੍ਹਿਆ, ਜੁੱਤੀਆਂ ਬਾਹਰ ਰਖਵਾ ਦਿੱਤੀਆਂ। ਇਹ ਕਮਰਾ ਨਹੀਂ, ਅਜਾਇਬ ਘਰ ਹੀ ਸੀ। ਇਥੇ ਰੱਖੀਆਂ ਚੀਜ਼ਾਂ ਦੀ ਤਾਂ ਫਹਿਰਿਸਤ ਬਣਾਉਣੀ ਵੀ ਔਖੀ ਹੈ। ਉਸ ਦੇ ਸੰਗ੍ਰਹਿ ਵਿਚ ਪੱਥਰ ਦੇ ਸੈਂਕੜੇ ਨਹੀਂ, ਹਜ਼ਾਰਾਂ ਤਵੇ ਅਥਵਾ ਰਿਕਾਰਡ ਸਨ। ਇਨ੍ਹਾਂ ਵਿਚੋਂ ਇਕ ਤਵਾ ਮਲਿਕਾ-ਏ-ਤਰੰਨਮ ਨੂਰ ਜਹਾਂ ਦਾ ਸਭ ਤੋਂ ਪਹਿਲਾ ਰਿਕਾਰਡ ਸੀ। ਨੂਰ ਜਹਾਂ ਨੇ ਸੁਨੇਹਾ ਭੇਜਿਆ- ਭਾਵੇਂ ਲੱਖ ਰੁਪਏ ਲੈ ਲਵੇ, ਪਰ ਰਿਕਾਰਡ ਉਸ ਨੂੰ ਦੇ ਦੇਵੇ। ਲਾਲੀ ਨੇ ਜਵਾਬ ਦਿੱਤਾ- ਇਕ ਵਾਰੀ ਉਹ ਪਿੰਡ ਨੰਗਲ ਸ਼ਾਮਾ ਫੇਰਾ ਪਾ ਜਾਵੇ, ਉਹ ਮੁਫਤ ਹੀ ਇਹ ਰਿਕਾਰਡ ਉਸ ਦੇ ਹਵਾਲੇ ਕਰ ਦੇਵੇਗਾ। ਇਸੇ ਤਰ੍ਹਾਂ ਉਸਤਾਦ ਅੱਲਾ ਰੱਖਾ ਖਾਨ ਦੇ ਗੁਰੂ ਦਾ ਇਕੋ-ਇਕ ਰਿਕਾਰਡ ਉਸ ਦੇ ਸੰਗ੍ਰਹਿ ਵਿਚ ਸ਼ਾਮਲ ਸੀ।

ਜੇ ਰਿਕਾਰਡ ਹਨ ਤਾਂ ਰਿਕਾਰਡ ਵਜਾਉਣ ਵਾਲੇ ਗਰਾਮੋਫੋਨ ਵੀ ਹੋਣੇ ਚਾਹੀਦੇ ਹਨ... ਪੌਣੀ ਦਰਜਨ ਗਰਾਮੋਫੋਨ! ਸਾਰੇ ਪੁਰਾਣੇ ਅਤੇ ਸਾਰੇ ਹੀ ਵੱਜਦੇ; ਅਰਥਾਤ ਕੋਈ ਵੀ ਖਰਾਬ ਨਹੀਂ। ਇਨ੍ਹਾਂ ਵਿਚੋਂ ਇਕ ਤਾਂ ਸਵਿਟਜ਼ਰਲੈਂਡ ਦਾ ਸੀ ਤੇ ਇਹ 1901 ਵਿਚ ਬਣਿਆ ਸੀ।

ਉਨ੍ਹੀਂ ਦਿਨੀਂ ਲਾਲੀ ਨੇ ਕਿਸੇ ਸ਼ਖਸ ਪਾਸੋਂ ਇਕ ਹੋਰ ਕੀਮਤੀ ਖਜ਼ਾਨਾ ਹਾਸਲ ਕੀਤਾ ਸੀ। ਇਹ ਸੀ ਹੱਥ ਲਿਖਤ ਖਰੜਿਆਂ ਨਾਲ ਭਰਿਆ ਟਰੰਕ। ਇਸ ਵਿਚ ਚਾਰ ਖਰੜੇ ਤਾਂ ਗੁਰੂ ਗ੍ਰੰਥ ਸਾਹਿਬ ਦੇ ਹੀ ਸਨ। ਇਨ੍ਹਾਂ ਵਿਚੋਂ ਇਕ ਬਾਰੇ ਅੰਦਾਜ਼ਾ ਸੀ ਕਿ ਇਹ ਦਸਵੇਂ ਗੁਰੂ ਦੇ ਜੀਵਨ ਕਾਲ ਦਾ ਸੀ। ਇਸ ਦਾ ਕਾਰਨ ਵੀ ਮੌਜੂਦ ਸੀ। ਖਰੜੇ ਦੇ ਮੂਹਰੇ ਪੰਨਿਆਂ ਉਤੇ ਨੌਂ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਸਨ, ਪਰ ਦਸਵੇਂ ਗੁਰੂ ਦੀ ਨਹੀਂ ਸੀ। ਆਮ ਵਿਸ਼ਵਾਸ ਮੁਤਾਬਕ ਕਿਉਂਕਿ ਜਿਉਂਦੇ ਗੁਰੂ ਦੀ ਤਸਵੀਰ ਨਹੀਂ ਬਣ ਸਕਦੀ, ਇਸ ਲਈ ਅੰਦਾਜ਼ਾ ਸੀ ਕਿ ਇਹ ਦਸਵੇਂ ਗੁਰੂ ਦੇ ਜੀਵਨ ਕਾਲ ਵਿਚ ਹੀ ਲਿਖੀ ਗਈ ਸੀ। ਇਕ ਹੋਰ ਹੱਥ ਲਿਖਤ ਬੀੜ ਦੇ ਕਰੀਬ ਸੋਲਾਂ ਸੌ ਪੰਨੇ ਸਨ। ਇਕ ਹੋਰ ਸਿਰਫ ਕਾਗਜ਼ ਦੇ ਇਕ ਪਾਸੇ ਹੀ ਲਿਖੀ ਗਈ ਸੀ। ਇਕ ਹੋਰ ਗ੍ਰੰਥ ਗੁਰੂ ਸਾਹਿਬ ਦੇ ਇਕ ਦਰਬਾਰੀ ਕਵੀ ਦੀ ਰਚਨਾ ਦਾ ਸੀ।

ਇਸੇ ਕਮਰੇ ਦੀ ਪੜਛੱਤੀ ਉਤੇ ਤਰ੍ਹਾਂ-ਤਰ੍ਹਾਂ ਦੇ ਪਿੱਤਲ ਦੇ ਕੰਗਣੀ ਵਾਲੇ ਗਲਾਸ ਤੇ ਲੋਟੇ ਸਨ। ਸੌ ਦੇ ਕਰੀਬ ਤਾਂ ਹੋਣਗੇ ਹੀ। ਇਕ ਪਾਸੇ ਅਣਗਿਣਤ ਸੁਰਮੇਦਾਨੀਆਂ ਵੀ ਪਈਆਂ ਸਨ।

ਇੰਨਾ ਵੱਡਾ ਖਜ਼ਾਨਾ? ਇਹ ਤਾਂ ਕਿਸੇ ਅਜਾਇਬ ਘਰ ਵਿਚ ਹੋਣਾ ਚਾਹੀਦਾ ਸੀ। 1998 ਵਿਚ ਗੁਰਦਿਆਲ ਲਾਲੀ ਦੀ ਮੌਤ ਹੋ ਗਈ। ਹੁਣ ਉਸ ਦੇ ਖਜ਼ਾਨੇ ਨੂੰ ਸੰਭਾਲ ਕੇ ਉਪਰਲੇ ਕਮਰੇ ਵਿਚ ਰੱਖ ਦਿੱਤਾ ਗਿਆ ਸੀ।

ਮੈਂ ਬੇਟੀ ਨੂੰ ਸਾਹਮਣੇ ਵਾਲੇ ਪਾਸੇ ਦਿਸਦੇ ਖੇਤ ਦਿਖਾਉਣ ਲਗਦਾ ਹਾਂ। ਇਸ ਗਲੀ ਵਿਚੋਂ ਨਜ਼ਰ ਮਾਰਿਆਂ ਸਾਹਮਣੇ ਨਿਧਾਨ ਸਿੰਘ ਦਾ ਖੂਹ ਹੁੰਦਾ ਸੀ। ਖੱਬੇ ਪਾਸੇ ਰੇਤੀਲਾ ਟਿੱਬਾ ਸੀ ਜਿਸ ਨੂੰ ਗੱਜਾ ਸਿੰਘ ਦਾ ਟਿੱਬਾ ਕਹਿੰਦੇ ਸਨ। ਸੱਜੇ ਪਾਸੇ ਉਨ੍ਹਾਂ ਤੋਂ ਵੱਡਾ ਰੇਤੀਲਾ ਟਿੱਬਾ ਸੀ ਜਿਸ ਨੂੰ ਬਾਬਿਆਂ ਦੀ ਵੱਟ ਕਹਿੰਦੇ ਸਨ। ਹੁਣ ਇਨ੍ਹਾਂ ਦੋਹਾਂ ਟਿੱਬਿਆਂ ਦਾ ਨਾਂ ਨਿਸ਼ਾਨ ਵੀ ਨਹੀਂ। ਗੱਜਾ ਸਿੰਘ ਦੇ ਟਿੱਬੇ ਨੂੰ ਚੁੱਕਣ ਦਾ ਕੰਮ ਤਾਂ ਉਸ ਦੇ ਡਾਕਟਰ ਪੁੱਤਰ ਕਰਮ ਸਿੰਘ ਨੇ ਸੱਠਵੇਂ ਦਹਾਕੇ ਵਿਚ ਹੀ ਸ਼ੁਰੂ ਕਰ ਦਿੱਤਾ ਸੀ, ਬਾਬਿਆਂ ਦੀ ਵੱਟ ਮੇਰੇ ਪਿੰਡ ਛੱਡਣ ਦੇ ਬਾਅਦ ਚੁੱਕੀ ਗਈ।

**(ਚਲਦਾ)**

*ਗੁਰਦਿਆਲ ਲਾਲੀ ਦੇ ਸੰਗ੍ਰਹਿ ਵਿਚ ਪੱਥਰ ਦੇ ਸੈਂਕੜੇ ਨਹੀਂ, ਹਜ਼ਾਰਾਂ ਤਵੇ ਅਥਵਾ ਰਿਕਾਰਡ ਸਨ। ਇਨ੍ਹਾਂ ਵਿਚੋਂ ਇਕ ਤਵਾ ਮਲਿਕਾ-ਏ-ਤਰੰਨਮ ਨੂਰ ਜਹਾਂ ਦਾ ਸਭ ਤੋਂ ਪਹਿਲਾ ਰਿਕਾਰਡ ਸੀ। ਨੂਰ ਜਹਾਂ ਨੇ ਸੁਨੇਹਾ ਭੇਜਿਆ- ਭਾਵੇਂ ਲੱਖ ਰੁਪਏ ਲੈ ਲਵੇ, ਪਰ ਰਿਕਾਰਡ ਉਸ ਨੂੰ ਦੇ ਦੇਵੇ। ਲਾਲੀ ਨੇ ਜਵਾਬ ਦਿੱਤਾ- ਇਕ ਵਾਰੀ ਉਹ ਪਿੰਡ ਨੰਗਲ ਸ਼ਾਮਾ ਫੇਰਾ ਪਾ ਜਾਵੇ, ਉਹ ਮੁਫਤ ਵਿਚ ਹੀ ਇਹ ਰਿਕਾਰਡ ਉਸ ਦੇ ਹਵਾਲੇ ਕਰ ਦੇਵੇਗਾ। ਇਸੇ ਤਰ੍ਹਾਂ ਉਸਤਾਦ ਅੱਲਾ ਰੱਖਾ ਖਾਨ ਦੇ ਗੁਰੂ ਦਾ ਇਕੋ-ਇਕ ਰਿਕਾਰਡ ਉਸ ਦੇ ਸੰਗ੍ਰਹਿ ਵਿਚ ਸ਼ਾਮਲ ਸੀ। ਜੇ ਰਿਕਾਰਡ ਹਨ ਤਾਂ ਰਿਕਾਰਡ ਵਜਾਉਣ ਵਾਲੇ ਗਰਾਮੋਫੋਨ ਵੀ ਹੋਣੇ ਚਾਹੀਦੇ ਹਨ। ਲਾਲੀ ਦੇ ਇਸ ਅਜਾਇਬ ਘਰ ਵਿਚ ਪੌਣੀ ਦਰਜਨ ਗਰਾਮੋਫੋਨ ਹਨ। ਸਾਰੇ ਦੇ ਸਾਰੇ ਪੁਰਾਣੇ ਅਤੇ ਸਾਰੇ ਦੇ ਸਾਰੇ ਵੱਜਣ ਵਾਲੇ, ਅਰਥਾਤ ਉਨ੍ਹਾਂ ਵਿਚੋਂ ਕੋਈ ਵੀ ਖਰਾਬ ਨਹੀਂ ਸੀ।*



*ਮਲਿਕਾ-ਏ-ਤਰੰਨਮ ਨੂਰ ਜਹਾਂ*

# ਜੰਗ-ਏ-ਆਜ਼ਾਦੀ ਯਾਦਗਾਰ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਸੁਤੰਤਰਤਾ ਸੰਗਰਾਮ ਵਿਚ ਪੰਜਾਬੀਆਂ ਦੀਆਂ ਕੁਰਬਾਨੀਆਂ ਏਨੀਆਂ ਵੱਧ ਤੇ ਵਸ਼ਿਸ਼ਟ ਸਨ ਕਿ ਇਸ ਬਾਰੇ ਦੋ ਰਾਵਾਂ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਬਾਦਲ ਸਰਕਾਰ ਨੇ ਇਨ੍ਹਾਂ ਦੇ ਯੋਗਦਾਨ ਨੂੰ ਪੱਕੇ ਤੇ ਸੁਚੱਜੇ ਢੰਗ ਨਾਲ ਸਾਂਭਣ ਲਈ 'ਜੰਗ-ਏ-ਆਜ਼ਾਦੀ ਯਾਦਗਾਰ' ਉਸਾਰਨ ਦਾ ਫੈਸਲਾ ਲਿਆ ਹੈ। ਇਸ ਲਈ ਜਲੰਧਰ-ਅੰਮ੍ਰਿਤਸਰ ਰਾਸ਼ਟਰੀ ਮਾਰਗ ਉਤੇ ਪੈਂਦੇ ਇਤਿਹਾਸਕ ਸਥਾਨ ਕਰਤਾਰਪੁਰ ਦੀ ਚੋਣ ਕੀਤੀ ਗਈ ਹੈ। ਗੁਰੂ ਅਰਜਨ ਦੇਵ ਜੀ ਵੱਲੋਂ ਸਵਾ ਚਾਰ ਸੌ ਸਾਲ ਪਹਿਲਾਂ ਵਸਾਏ ਇਸ ਸਥਾਨ ਲਈ ਉਦੋਂ ਮੁਗਲ ਬਾਦਸ਼ਾਹ ਜਹਾਂਗੀਰ ਦੇ ਮੁਆਫੀ ਪਟੇ ਅਨੁਸਾਰ 8945 ਘੁਮਾਓ, 7 ਕਨਾਲ 15 ਮਰਲੇ ਜ਼ਮੀਨ ਰਾਖਵੀਂ ਰੱਖੀ ਗਈ ਸੀ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਦੀ 1930 ਵਾਲੀ ਛਾਪ ਅਨੁਸਾਰ ਇਥੇ ਦੋ ਦਰਜਨ ਦੇ ਕਰੀਬ ਸਿੱਖੀ ਅਸਥਾਨ ਅਤੇ ਧਾਰਮਿਕ ਚਿੰਨ੍ਹ ਹਨ ਜਿਨ੍ਹਾਂ ਵਿਚੋਂ ਅੱਧੀ ਦਰਜਨ ਗੁਰੂ ਸਾਹਿਬ ਦੇ ਪ੍ਰੇਮੀ ਸਿੱਖ ਬਾਬਾ ਗੁਰਦਿੱਤਾ ਦੀ ਯਾਦ ਦਿਵਾਉਂਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਦਾ ਮਾਤਾ ਗੁਜਰੀ ਨਾਲ ਵਿਆਹ ਵੀ ਇਸੇ ਸਥਾਨ ਉਤੇ ਰਚਾਇਆ ਗਿਆ ਸੀ। ਹੁਣ ਬਾਦਲ ਸਰਕਾਰ ਨੇ ਇਥੇ ਯਾਦਗਾਰ ਉਸਾਰਨ ਲਈ 250 ਏਕੜ ਜ਼ਮੀਨ ਚੁਣੀ ਹੈ।

ਇਸ ਯਾਦਗਾਰ ਵਿਚ ਭਾਂਤ-ਸੁਭਾਂਤੇ ਭਵਨ, ਥੀਏਟਰ, ਮੀਨਾਰ ਤੇ ਚਲ-ਚਿੱਤਰ ਵਿਉਂਤੇ ਗਏ ਹਨ। ਪੰਜਾਬ ਦੀ ਅਧੋਗਤੀ ਨਾਲ ਸਬੰਧਤ ਆਰਥਿਕ, ਸਭਿਆਚਾਰਕ ਤੇ ਰਾਜਨੀਤਕ ਪੇਸ਼ਕਾਰੀਆਂ ਦਾ ਪ੍ਰਬੰਧ ਕੀਤਾ ਜਾਵੇਗਾ। ਇਨ੍ਹਾਂ ਵਿਚੋਂ ਜੰਗ-ਏ-ਆਜ਼ਾਦੀ ਦੀ ਮੀਨਾਰ-ਏ-ਸ਼ਹੀਦਾਂ ਦੀ ਉਚਾਈ 150 ਫੁੱਟ ਮਿੱਥੀ ਗਈ ਹੈ ਤੇ ਅਦਾਕਾਰੀਆਂ ਵਾਲਾ ਥੀਏਟਰ 500 ਸੀਟਾਂ ਵਾਲਾ ਹੋਵੇਗਾ। ਇਸ ਦੀ ਵਿਸ਼ਾਲ ਲਾਇਬ੍ਰੇਰੀ ਵਿਚ ਸੁਤੰਤਰਤਾ ਸੰਗਰਾਮ ਨਾਲ ਸਬੰਧਤ ਸਾਹਿਤ ਹੋਵੇਗਾ ਜਿਸ ਵਿਚ ਗਦਰ ਲਹਿਰ, ਨਾਮਧਾਰੀ ਲਹਿਰ, ਆਰੀਆ ਸਮਾਜ ਲਹਿਰ, ਸਿੰਘ ਸਭਾ ਲਹਿਰ, ਨਾ-ਮਿਲਵਰਤਣ ਅੰਦੋਲਨ, ਅਕਾਲੀ ਤੇ ਬੱਬਰ ਅਕਾਲੀ ਲਹਿਰ, ਨੌਜਵਾਨ ਭਾਰਤੀ ਸਭਾ, ਪਰਜਾ ਮੰਡਲ ਤੇ ਇਨਕਲਾਬੀ ਲਹਿਰ ਦਾ ਯੋਗਦਾਨ ਸਾਂਭਿਆ ਜਾਵੇਗਾ। ਇਸ ਸਭ ਕਾਸੇ ਦੀ ਚਿੱਤਰਾਂ ਰਾਹੀਂ ਪੇਸ਼ਕਾਰੀ ਤੋਂ ਇਲਾਵਾ ਇਕ ਡੇਢ ਘੰਟੇ ਦੀ ਫਿਲਮ ਵੀ ਤਿਆਰ ਕੀਤੀ ਜਾਵੇਗੀ ਜਿਸ ਦੀ ਪੇਸ਼ਕਾਰੀ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਤਿੰਨ ਭਾਸ਼ਾਵਾਂ ਵਿਚ ਵਿਉਂਤੀ ਗਈ ਹੈ। ਜਿੱਥੇ ਯਾਦਗਾਰ ਦੇ ਵੱਖ-ਵੱਖ ਹਿੱਸਿਆਂ ਦੀ ਵਿਉਂਤਬੰਦੀ ਪ੍ਰਸਿੱਧ ਸ਼ਿਲਪਕਾਰ ਰਾਜ ਰਵੇਲ



(ਬਾਕੀ ਅਗਲੇ ਸਫੇ 'ਤੇ)

ਕਹਾਣੀ

# ਤੀਜਾ ਪਹਿਰ

***ਕਹਾਣੀਕਾਰ ਮੁਖਤਿਆਰ ਸਿੰਘ ਪੰਜਾਬੀ ਦੇ ਉਨ੍ਹਾਂ ਕਹਾਣੀਕਾਰਾਂ ਵਿਚੋਂ ਹੈ ਜਿਨ੍ਹਾਂ ਨੇ ਲਿਖਿਆ ਤਾਂ ਭਾਵੇਂ ਘੱਟ ਹੈ, ਪਰ ਲਿਖਿਆ ਜੀਅ-ਜਾਨ ਲਾ ਕੇ ਹੈ। ਇਸੇ ਕਰ ਕੇ ਉਹਦੀ ਹਰ ਰਚਨਾ ਧਿਆਨ ਖਿੱਚਦੀ ਹੈ। ਉਹਦੀ ਕਹਾਣੀ 'ਤੀਜਾ ਪਹਿਰ' ਵੀ ਇਸੇ ਤਰ੍ਹਾਂ ਦੀ ਕਹਾਣੀ ਹੈ ਜਿਸ ਵਿਚ ਕਾਮਿਆਂ ਦੀ ਬੇਵਸੀ ਫੈਲ ਕੇ ਪਹਾੜ ਬਣ ਗਈ ਜਾਪਦੀ ਹੈ। ਕਈ ਦਹਾਕੇ ਪਹਿਲਾਂ ਵਾਲੇ ਪੰਜਾਬ ਦਾ ਰੰਗ ਪੇਸ਼ ਕਰਦੀ ਇਸ ਕਹਾਣੀ ਵਿਚ ਦਰਅਸਲ, ਟੁੱਟ-ਟੁੱਟ ਬਿਖਰ ਰਹੀ ਕਿਸਾਨੀ ਦਾ ਚਿੱਤਰ ਖਿੱਚਿਆ ਗਿਆ ਹੈ। ਕਹਾਣੀ ਇੰਨੀ ਸਹਿਜ ਨਾਲ ਅੱਗੇ ਵਧਦੀ ਹੈ ਕਿ ਮੁੱਕਣ ਲੱਗੀ ਦਾ ਵੀ ਪਤਾ ਨਹੀਂ ਲਗਦਾ। -ਸੰਪਾਦਕ***

**ਮੁਖ਼ਤਿਆਰ ਸਿੰਘ**
**ਫੋਨ: 91-98728-23511**

ਹਵਾ ਦਾ ਬੁੱਲਾ ਮਰ ਗਿਆ। ਨੇਤਰ ਅਤੇ ਇੰਦਰ ਬਲਦਾਂ ਨਾਲ ਗਾਹੀ ਕਣਕ ਦੀ ਧੜ ਉਤੇ, ਕੱਛ ਹੇਠ ਤੰਗਲੀਆਂ ਦੀ ਆੜ ਲਾ ਕੇ, ਇਕ ਲੱਤ ਭਾਰ ਖੜ੍ਹ ਗਏ। ਜਿੰਦਰੋ ਅਜੇ ਰੋਟੀ ਲੈ ਕੇ ਨਹੀਂ ਆਈ ਸੀ।

"ਰੋਟੀ ਕਿਤੇ ਔਂਦੀ ਦਿਸਦੀ ਨੀ।" ਨੇਤਰ ਨੇ ਪਿੰਡ ਵੱਲ ਦੂਰ ਤੱਕ ਨਿਗ੍ਹਾ ਮਾਰੀ।

"ਅਜੇ ਸਿਰ ਦਾ ਛਾਵਾਂ ਸਿੱਧਾ ਪੈਰਾਂ 'ਚ ਐ।" ਇੰਦਰ ਨੇ ਹੇਠਾਂ ਨੂੰ ਤੱਕ ਕੇ ਆਪਣੇ ਪਰਛਾਵੇਂ ਦਾ ਅਨੁਮਾਨ ਲਾਇਆ।

"ਜਿੰਨਾ ਚਿਰ ਹਵਾ ਦਾ ਬੁੱਲਾ ਮਰਿਆ ਹੋਇਐ, ਰੋਟੀ ਈ ਚੱਬ ਲੈਂਦੇ।"

ਨੇਤਰ ਵਿਆਹਿਆ ਹੋਇਆ, ਉਸ ਤੋਂ ਛੋਟਾ ਇੰਦਰ ਕੁਆਰਾ ਹੀ ਰਹਿ ਗਿਆ ਸੀ। ਕਬੀਲਦਾਰੀ 'ਚ ਦੋ ਕੁੜੀਆਂ ਤਾਂ ਵਿਆਹੁਣ ਵਾਲੀਆਂ, ਇਕ ਅਜੇ ਛੋਟੀ ਅਤੇ ਇਕੋ ਮੁੰਡਾ ਅੱਠਵੀਂ 'ਚ ਪੜ੍ਹਦਾ ਸੀ। ਜੇਠ ਦਾ ਮਹੀਨਾ, ਧੁੱਪ ਕੜਾਕੇਦਾਰ, ਪਰ ਕਹਿੰਦੇ ਐ, "ਜੱਟ ਦਾ ਹੱਡ ਤਾਂ ਜੇਠ ਹਾੜ੍ਹ ਦੇ ਮਹੀਨੇ ਹੀ ਪੰਘਰਦੈ।"

"ਆਉਣ ਲੱਗ ਪਿਐ ਕੋਈ-ਕੋਈ ਸਾਹ।"

ਨੇਤਰ ਨੂੰ ਥੋੜ੍ਹੀ-ਥੋੜ੍ਹੀ ਹਵਾ ਲੱਗੀ।

"ਏਕਣੇ ਆਵੇ ਤਾਂ ਧੜ ਮਿੰਟਾਂ 'ਚ ਨਿਕਲ ਜਾਊ।" ਇੰਦਰ ਨੇ ਕੱਛ ਹੇਠਾਂ ਤੋਂ ਤੰਗਲੀ ਕੱਢੀ।

"ਆਹੋ ਰੋਟੀ ਤਾਂ ਮਗਰੋਂ ਖਾਧੀ ਜਾਊ।" ਉਹ ਆਪਣੇ ਹੀ ਧਿਆਨ 'ਚ ਤੂੜੀ ਅੱਡ ਅਤੇ ਦਾਣੇ ਘੁੰਡੀਆਂ ਅੱਡ ਕਰਦੇ ਰਹੇ। ਉਨ੍ਹਾਂ ਨੂੰ ਪਤਾ ਹੀ ਨਾ ਲੱਗਾ, ਕਦੋਂ ਜਿੰਦਰੋ ਰੋਟੀ ਲੈ ਕੇ ਆ ਗਈ। ਜਿੰਦਰੋ ਨੇ ਰੋਟੀਆਂ ਧੜ ਤੋਂ ਕੁਝ ਕਦਮ ਦੂਰ ਰੱਖ ਲਈਆਂ ਅਤੇ ਬੈਠਦੀ ਹੋਈ ਬੋਲੀ, "ਬਾਪੂ ਰੋਟੀ ਖਾ ਲੋ।"

"ਹਾਲੇ ਨੀ ਕੁੜੀਏ ਰੋਟੀ-ਰੂਟੀ ਖਾਣੀ।" ਨੇਤਰ ਨੇ ਬਿਨਾਂ ਉਸ ਵੱਲ ਦੇਖੇ ਹੀ ਕਿਹਾ।

"ਕਦ ਖਾਣੀ ਐ...ਬਾਪੂ?"

"ਧੜ ਉਡਾ ਕੇ।"

"ਧੜ ਤਾਂ ਅਜੇ ਅੱਧੀ ਨੀ ਨਿਕਲੀ, ਰੋਟੀ ਠੰਢੀ ਹੋ ਜਾਣੀ ਐ...।"

"ਕੋਈ ਨੀ ਠੰਢੀ...ਤੂੰ ਉਰਲੀ ਕਿੱਕਰ ਹੇਠ ਜਾ ਬੈਠ ਛਾਂਵੇਂ।"

ਜਿੰਦਰੋ ਰੋਟੀ ਚੁੱਕ ਕੇ ਕਿੱਕਰ ਹੇਠ ਜਾ ਬੈਠੀ ਜੋ ਥੋੜ੍ਹੀ ਹੀ ਦੂਰ ਸੀ। ਕਿੱਕਰ ਦੀ ਸੂਲ ਚੁੱਕ ਕੇ ਕਦੇ ਦੰਦਾਂ ਹੇਠ ਹੌਲੀ-ਹੌਲੀ ਚੱਬਣ ਲੱਗ ਜਾਂਦੀ, ਕਦੇ ਧਰਤੀ ਉਤੇ ਲੀਕਾਂ ਖਿੱਚਣ ਲੱਗ ਪੈਂਦੀ। ਕਦੇ ਮੂੰਹ ਵਿਚ ਹੀ ਗੁਣ-ਗੁਣਾਉਂਦੀ, "ਉਹ ਘਰ ਟੋਲ੍ਹੀਂ ਬਾਬਲਾ...ਜਿਥੇ ਢੋਹਣੀਆਂ ਨਾ ਪੈਣ ਨਿਤ ਰੋਟੀਆਂ।" ਉਸ ਨੇ ਫਿਰ ਜ਼ੋਰ ਨਾਲ ਆਵਾਜ਼ ਮਾਰੀ, "ਬਾਪੂ ਆ ਜਾਓ ਹੁਣ...।"

ਪਰ ਉਹ ਆਪਣੇ ਹੀ ਕੰਮ ਵਿਚ ਲਟਾ-ਪੀਂਘ ਹੋਏ ਹੋਏ ਸਨ। ਉਨ੍ਹਾਂ ਨੇ ਕੋਈ ਜੁਆਬ ਨਾ ਦਿੱਤਾ। ਥੋੜ੍ਹਾ ਚਿਰ ਪਿਛੋਂ ਤੂੜੀ ਦਾਣਿਆਂ ਨਾਲੋਂ ਅੱਡ ਨਹੀਂ ਸੀ ਹੋ ਰਹੀ। ਉਨ੍ਹਾਂ ਨੇ ਜ਼ੋਰ ਨਾਲ ਤੰਗਲੀਆਂ ਉਪਰ ਨੂੰ ਮਾਰ ਕੇ, ਨਾਲ ਹੀ ਉਪਰ ਨੂੰ ਦੇਖਿਆ, ਪਰ ਤੂੜੀ ਫਿਰ ਵੀ ਅੱਡ ਨਾ ਹੋਈ। ਇੰਦਰ ਧੜ ਤੋਂ ਹੇਠਾਂ ਉਤਰਦਾ ਹੋਇਆ ਕਹਿਣ ਲੱਗਾ, "ਬੜੇ ਭਾਈ ਆਪਾਂ ਰੋਟੀ ਖਾ ਲੀਏ।"

"ਇਨ੍ਹੀਂ ਦਿਨੀਂ ਬੁੱਲੇ ਹੀ ਆਉਂਦੇ ਹੁੰਦੇ ਐ। ਕਦੇ ਮਰ'ਗੇ ਕਦੇ ਚੱਲ'ਪੇ।" ਨੇਤਰ ਨੇ ਤੰਗਲੀ ਧੜ ਵਿਚ ਗੱਡ ਦਿੱਤੀ।

"ਚੱਲ ਕੁੜੀ ਵੀ ਕਦੋਂ ਦੀ ਆਈ ਬੈਠੀ ਐ।"

ਜਿੰਦਰੋ ਨੇ ਉਨ੍ਹਾਂ ਨੂੰ ਆਉਂਦੇ ਦੇਖ ਕੇ ਪੋਣੇ ਦੀ ਗੰਢ ਪਹਿਲਾਂ ਹੀ ਖੋਲ੍ਹ ਲਈ ਸੀ। ਦੋਵੇਂ ਆਹਮੋ-ਸਾਹਮਣੇ ਦੋ ਕੁ ਕਦਮ ਦੇ ਫਰਕ ਨਾਲ ਪਤਲੀ ਜਿਹੀ ਵੱਟ 'ਤੇ ਬੈਠ ਗਏ। ਜਿੰਦਰੋ ਨੇ ਦੋ ਕੌਲੀਆਂ ਵਿਚ ਮਾਂਹ ਦੀ ਦਾਲ ਪਾ ਕੇ ਚਾਰ-ਚਾਰ ਰੋਟੀਆਂ ਉਨ੍ਹਾਂ ਦੇ ਹੱਥਾਂ 'ਤੇ ਧਰ ਕੇ ਕਿਹਾ, "ਬਾਪੂ ਆਟਾ ਪਿਹਾ ਕੇ ਕਦ ਲਿਆਉਣੈ? ਬੇਬੇ ਔਖੀ ਹੁੰਦੀ ਐ, ਸਾਤੋਂ ਨੀ ਰੋਜ਼ ਦਰ-ਦਰ ਤੋਂ ਮੰਗ ਹੁੰਦਾ।"

"ਪਿਹਾ ਲਮਾਂਗੇ...ਇਕ-ਅੱਧਾ ਡੰਗ ਹੋਰ ਕਿਸੇ ਤੋਂ 'ਧਾਰਾ ਲੈ ਲਿਓ...।" ਨੇਤਰ ਨੇ ਦਾਲ ਵਿਚ ਬੁਰਕੀ ਲਬੇੜਦੇ ਹੋਏ ਨੇ ਕਿਹਾ।

"ਨਾਲੇ ਗੁਲਰਾ ਤੇ ਛਿਟੀਆਂ ਲੈ ਕੇ ਆਇਓ ਆਥਣ ਨੂੰ। ਘਰ ਬਾਲਣ ਦਾ ਡੱਕਾ ਨੀ।"

"ਲੈ ਆਵਾਂਗੇ ਭਾਈ...ਇੰਦਰਾ ਯਾਦ ਰੱਖੀਂ।"

"ਜੇ ਧੜ ਨਿਕਲਗੀ ਤਾਂ ਈ ਯਾਦ ਰਹੂ।" ਇੰਦਰ ਮੂੰਹ ਵਿਚ ਬੁਰਕੀ ਪਾਉਣ ਲੱਗਿਆ ਬੋਲਿਆ। ਨੇਤਰ ਦੀ ਨਿਗ੍ਹਾ ਦੂਰ ਕਿਸੇ ਖੇਤ 'ਚ ਚੱਲ ਰਹੇ ਥਰੈਸ਼ਰ ਵੱਲ ਗਈ। ਧੂੜ 'ਚ ਰਲੀ-ਮਿਲੀ ਤੂੜੀ ਦੀ ਲੰਮੀ ਜਿਹੀ ਪੂਛ ਦਾ ਰੁਖ ਉਨ੍ਹਾਂ ਵੱਲ ਬਦਲ ਰਿਹਾ ਸੀ। ਉਸ ਤੋਂ ਲਾਗੇ ਦੇ ਖੇਤ 'ਚ ਧੜ ਉਤੇ ਕਿਸੇ ਦੀਆਂ ਤੰਗਲੀਆਂ ਹਵਾ ਵਿਚ ਉਲਰੀਆਂ ਦਿਸੀਆਂ।

"ਛੋਟੇ ਭਾਈ ਉਠੀਂ ਕੇਰਾਂ, ਹਵਾ ਦਾ ਸਾਹ ਆਉਂਦੈ ਕੋਈ-ਕੋਈ।" ਉਸ ਨੇ ਕੌਲੀ ਉਤੇ ਰੋਟੀਆਂ ਰੱਖ ਕੇ ਇਕ ਦਮ ਉਠਦੇ ਹੋਏ ਨੇ ਕਿਹਾ। ਇੰਦਰ ਵੀ ਕੌਲੀਆਂ ਉਤੇ ਹੀ ਰੋਟੀਆਂ ਰੱਖ ਕੇ ਧੜ ਉਤੇ ਜਾ ਚੜ੍ਹਿਆ। ਦੋਵੇਂ ਜਣੇ ਤੰਗਲੀਆਂ ਫੜ ਕੇ ਛੇਤੀ-ਛੇਤੀ ਧੜ ਉਡਾਉਣ ਲੱਗ ਪਏ।



ਹਵਾ ਥੋੜ੍ਹੀ ਤਿੱਖੀ ਹੋ ਗਈ।

ਜਿੰਦਰੋ ਨੇ ਬੈਠੀ ਨੇ ਹੀ ਲੰਮੀ ਬਾਂਹ ਕਰ ਕੇ ਰੋਟੀਆਂ ਅਤੇ ਕੌਲੀਆਂ ਨੇੜੇ ਕਰ ਲਈਆਂ। ਉਪਰ ਚੁੰਨੀ ਦਾ ਲੜ ਦੇ ਦਿੱਤਾ। ਇਕ ਹੱਥ ਵਿਚ ਦੂਜਾ ਹੱਥ ਫੜ ਕੇ ਗੋਡਿਆਂ ਨੂੰ ਬਾਹਾਂ ਨਾਲ ਘੁੱਟ ਲਿਆ। ਫੇਰ ਆਲੇ-ਦੁਆਲੇ ਖਾਲੀ ਖੇਤਾਂ ਵੱਲ ਦੂਰ-ਦੂਰ ਤਕ ਦੇਖਦੀ ਰਹੀ। ਕਿਸੇ ਖੇਤ ਵਿਚ ਥਰੈਸ਼ਰ ਚੱਲ ਰਿਹਾ ਸੀ, ਕਿਸੇ 'ਚ ਤੂੜੀ ਦਾ ਵੱਡਾ ਸਾਰਾ ਢੇਰ ਦਿਸਦਾ। ਕਈ ਲਾਣੇ ਗੱਡਿਆਂ ਅਤੇ ਟਰੈਕਟਰਾਂ ਨਾਲ ਪਿੰਡ ਵੱਲ ਕਣਕ ਅਤੇ ਤੂੜੀ ਢੋ ਰਹੇ ਸਨ।

ਧੜ ਅਜੇ ਥੋੜ੍ਹੀ ਹੀ ਨਿਕਲੀ ਸੀ ਕਿ ਹਵਾ ਫੇਰ ਮਰ ਗਈ। ਉਨ੍ਹਾਂ ਨੇ ਤੰਗਲੀਆਂ ਧੜ ਵਿਚ ਗੱਡ ਦਿੱਤੀਆਂ ਅਤੇ ਤੰਗਲੀਆਂ ਦੇ ਉਤਲੇ ਸਿਰੇ ਉਤੇ ਠੋਡੀ ਰੱਖ ਕੇ ਖੜ੍ਹ ਗਏ। ਜਿੰਦਰੋ ਨੇ ਦੇਖ ਕੇ ਆਵਾਜ਼ ਮਾਰੀ, "ਬਾਪੂ ਆ ਜੋ ਹਵਾ ਤਾਂ ਹੈ ਨੀ।" ਉਨ੍ਹਾਂ ਨੇ ਜਿੰਦਰੋ ਵੱਲ ਦੇਖਿਆ। ਚੁੱਪ-ਚਾਪ ਉਸੇ ਤਰ੍ਹਾਂ ਖੜ੍ਹੀਆਂ ਤੰਗਲੀਆਂ ਛੱਡ ਕੇ ਰੋਟੀ ਖਾਣ ਆ ਬੈਠੇ।

"ਸੁੱਕ ਵੀ ਗਈਆਂ।" ਜਿੰਦਰੋ ਨੇ ਓਹੀ ਰੋਟੀਆਂ ਫੜਾਉਂਦੀ ਹੋਈ ਨੇ ਕਿਹਾ।

"ਲੈ...ਜੱਟਾਂ ਨੂੰ ਕੀ ਤੱਤੀਆਂ ਠੰਢੀਆਂ ਨਾਲ। ਕੁਰਸੀਆਂ ਆਲੇ ਈ ਸੱਜਰੀਆਂ ਖਾਂਦੇ ਐ, ਸਾਡੇ ਕਰਮਾਂ 'ਚ ਕਿਥੇ...।" ਨੇਤਰ ਨੇ ਰੋਟੀ ਫੜਦੇ ਹੋਏ ਨੇ ਕਿਹਾ।

ਫਿਰ ਉਹ ਚੁੱਪ-ਚਾਪ ਇਕ-ਇਕ ਰੋਟੀ ਖਾ ਗਏ। ਕਿੱਕਰ ਉਤੋਂ ਬੀਂਡੇ ਦੀ ਟੀਂ-ਟੀਂ, ਉਨ੍ਹਾਂ ਨੂੰ ਸੰਗੀਤ ਦੀ ਧੁਨ ਵਾਂਗ ਸੁਣ ਰਹੀ ਸੀ। ਜਿੰਦਰੋ ਚੁੱਪ ਦੇਖ ਕੇ ਕਹਿਣਾ ਤਾਂ ਨਹੀਂ ਸੀ ਚਾਹੁੰਦੀ, ਪਰ ਝਕਦੀ-ਝਕਦੀ ਨੇ ਕਹਿ ਹੀ ਦਿੱਤਾ, "ਬਾਪੂ ਵੀਰੇ ਨੇ ਕਿਐ, ਮਾਸਟਰਾਂ ਨੇ ਇਕ ਰੰਗ ਦੀ ਵਰਦੀ ਲੁਆਈ ਐ। ਖੰਨੇ ਤੋਂ ਕੱਪੜਾ ਲੈ ਆਇਓ।"

ਨੇਤਰ ਨੇ ਜਿੰਦਰੋ ਵੱਲ ਝਾਕ ਕੇ ਰੋਟੀ ਨਾਲੋਂ ਬੁਰਕੀ ਤੋੜ ਕੇ ਮੂੰਹ ਵਿਚ ਪਾ ਲਈ, ਪਰ ਬੋਲਿਆ ਕੁਝ ਨਾ। ਇੰਦਰ ਨੇ ਪਾਣੀ ਦਾ ਗਲਾਸ ਮੂੰਹ ਨੂੰ ਲਾ ਕੇ ਇਕੋ ਸਾਹ ਪੀ ਲਿਆ ਅਤੇ ਧਰਤੀ 'ਤੇ ਰੱਖ ਕੇ ਕਿਹਾ, "ਲਿਆ ਭਾਈ ਪਾ ਦੇ ਹੋਰ ਪਾਣੀ।"

ਜਿੰਦਰੋ ਨੇ ਪਾਣੀ ਪਾ ਦਿੱਤਾ ਅਤੇ ਰਸਤੇ ਵੱਲ ਦੇਖਿਆ ਤਾਂ ਇਕ ਦਮ ਬੋਲ ਪਈ, "ਬਾਪੂ ਬੋਦੀ ਆਲਾ ਵਾਵਰੋਲਾ?"

ਉਨ੍ਹਾਂ ਦੇ ਸਿਰ ਰਸਤੇ ਵੱਲ ਘੁੰਮੇ ਤੇ ਉਠ ਕੇ ਨੱਠ ਪਏ। ਵਾਵਰੋਲਾ ਘੁੰਮਦਾ-ਘੁੰਮਦਾ ਸਿੱਧਾ ਧੜ ਵੱਲ ਆ ਰਿਹਾ ਸੀ। ਉਨ੍ਹਾਂ ਨੇ ਛੇਤੀ-ਛੇਤੀ ਦੋਲ੍ਹੇ, ਪੱਲੀਆ-ਬੋਰੀਆਂ (ਜਿਹੜੇ ਦੋ-ਦੋ ਚਾਰ-ਚਾਰ ਸਨ) ਧੜ ਉਤੇ ਦੇ ਦਿੱਤੇ। ਖੂਹ ਦੇ ਔਲੂ 'ਚੋਂ ਪੀਪਿਆਂ ਵਿਚ ਪਾਣੀ ਲੈਣ ਗਏ, ਪਰ ਵਾਵਰੋਲਾ ਚੱਕਰ ਕੱਟਦਾ, ਧੜ ਦੇ ਲਾਗੋਂ ਦੀ ਲੰਘ ਗਿਆ। ਵਾਵਰੋਲੇ 'ਚ ਮਿੱਟੀ ਗੋਲ ਚੱਕਰ ਵਾਂਗ ਘੁੰਮਦੀ ਸੀ। ਜਿੰਦਰੋ ਨੇ ਪਹਿਲਾਂ ਹੀ ਦਿਸਦੇ ਸਾਰ ਜ਼ੋਰ-ਜ਼ੋਰ ਨਾਲ ਕਹਿਣਾ ਸ਼ੁਰੂ ਕਰ ਦਿੱਤਾ ਸੀ- "ਕਾਰ-ਕਾਰ ਬਾਬੇ ਨਾਨਕ ਦੀ, ਕਾਰ-ਕਾਰ ਬਾਬੇ ਨਾਨਕ ਦੀ।"

ਵਾਵਰੋਲਾ ਮਿੰਟਾਂ ਵਿਚ ਹੀ ਅੱਗੇ ਲੰਘ ਗਿਆ। ਧੜ ਦੇ ਲਾਗੋਂ ਥੋੜ੍ਹੀ-ਬਹੁਤੀ ਤੂੜੀ ਉਡ ਕੇ ਖੇਤ ਵਿਚ ਖਿਲਰ ਗਈ।

"ਇੰਦਰਾ ਰੜਕਾ ਲੈ ਕੇ ਪਿੜ 'ਚੋਂ ਤੂੜੀ ਕੱਠੀ ਕਰ ਲੈ ਜੇੜ੍ਹੀ ਖਿੰਡਰੀ ਐ।"

"ਕਰ ਲੈਨਾ ਤੂੰ ਧੜ 'ਤੇ ਚੜ੍ਹ ਕੇ ਦੇਖ, ਬੁੱਲਾ ਆਉਂਦੈ ਵਰੋਲੇ ਦੀ ਹਵਾ ਦਾ।" ਇੰਦਰ ਨੇ ਰੜਕਾ ਚੁੱਕ ਕੇ ਬੈਠਦੇ ਹੋਏ ਨੇ ਕਿਹਾ।

"ਧੜ ਦਾ ਤਾਂ ਵਰੋਲੇ ਨੇ ਕੱਖ ਨੀ ਛੱਡਣਾ ਤੀ ਜੇ ਕਿਤੇ ਉਪਰੋਂ ਲੰਘਦਾ।" ਨੇਤਰ ਧੜ 'ਤੇ ਚੜ੍ਹ ਗਿਆ।

"ਥਰੈਸ਼ਰ ਆਲਿਆਂ ਦੇ ਢੇਰਾਂ ਵਿਚੋਂ ਲੰਘ ਕੇ ਗਿਐ...ਉਹ ਤਾਂ ਓਨੇ ਈ ਦਿਸਦੇ ਨੇ।" ਇੰਦਰ ਨੇ ਆਲੇ-ਦੁਆਲੇ ਖੇਤਾਂ 'ਚ ਚੱਲ ਰਹੇ ਥਰੈਸ਼ਰਾਂ ਵੱਲ ਨਿਗ੍ਹਾ ਮਾਰੀ।

"ਐਡੇ ਬੜੇ ਢੇਰਾਂ 'ਚ ਨੀ ਕੁਸ ਮੁੱਕਦਾ।"

ਜਿੰਦਰੋ ਨੇ ਉਨ੍ਹਾਂ ਦਾ ਧਿਆਨ ਰੋਟੀ ਵੱਲ ਦੁਆਇਆ, "ਬਾਪੂ ਰੋਟੀ...!"

ਉਹ ਹੱਥਲਾ ਕੰਮ ਛੱਡ ਕੇ ਛੇਤੀ-ਛੇਤੀ ਰੋਟੀ ਖਾ ਕੇ ਆਪਣੇ ਕੰਮ ਜਾ ਲੱਗੇ।

ਜਿੰਦਰੋ ਉਥੇ ਹੀ ਬੈਠ ਕੇ ਭਾਂਡੇ ਮਾਂਜਣ ਲੱਗ ਪਈ। ਉਹ ਕਦੇ ਨੀਵੀਂ ਪਾ ਲੈਂਦੀ, ਕਦੇ ਉਨ੍ਹਾਂ ਵੱਲ ਵੇਖ ਲੈਂਦੀ। ਆਲੇ-ਦੁਆਲਿਓਂ ਥਰੈਸ਼ਰਾਂ ਦੀ ਘੂੰ-ਘੂੰ ਦੀਆਂ ਆਵਾਜ਼ਾਂ ਉਸ ਨੂੰ ਸੁਣਾਈ ਦੇ ਰਹੀਆਂ ਸਨ।

"ਹਵਾ ਤਾਂ ਫੇਰ ਮਰ'ਗੀ।" ਇੰਦਰ ਨੇ ਤੂੜੀ ਇਕੱਠੀ ਕਰਦੇ ਹੋਏ ਨੇ ਕਿਹਾ।

"ਕੋਈ-ਕੋਈ ਮਰਿਆ ਹੋਇਆ ਸਾਹ ਹੀ ਰਹਿ ਗਿਐ।" ਨੇਤਰ ਵੀ ਧੜ ਤੋਂ ਉਤਰ ਆਇਆ।

"ਚੱਲ ਤੂੰ ਬਲਦਾਂ ਨੂੰ ਪਾਣੀ ਪਿਲਾ ਦੇ, ਘੁੰਮਦੇ ਨੇ ਕਿੱਲਿਆਂ 'ਤੇ। ਮੈਂ ਤੂੜੀ ਲੈ ਕੇ ਆਉਨਾ।"

"ਝੋਟੀ ਤੇ ਗਾਂ ਵਾਸਤੇ ਥੱਬਾ ਕੁ ਬਰਸੀਮ ਵੀ ਵੱਢ ਲਿਆਈਂ।"

"ਚੰਗਾ।"

ਉਹ ਡੰਗਰਾਂ ਨੂੰ ਪਾਣੀ-ਧਾਣੀ, ਕੱਖ-ਕੰਡਾ ਪਾ ਕੇ, ਧੜ 'ਤੇ ਆ ਗਏ।

"ਕਿਤੇ ਮੀਂਹ-ਮੂੰਹ ਨਾ ਆ ਜਾਵੇ?" ਇੰਦਰ ਨੇ ਦੂਰ, ਧਰਤੀ ਅਤੇ ਆਸਮਾਨ ਦੇ ਦੋਮੇਲ 'ਚੋਂ ਛੋਟਾ ਜਿਹਾ, ਚਿੱਟੇ ਬੱਦਲ ਦਾ ਟੁਕੜਾ ਨਿਕਲਿਆ ਦੇਖਿਆ।

"ਮੌਸਮ ਵੀ ਸਹੁਰਾ ਜ਼ਮਾਨੇ ਨਾਲ ਈ ਬਦਲ ਗਿਐ, ਅਗੇ ਤਾਂ ਵਸਾਖ ਜੇਠ ਦੇ ਅੱਧ ਤਕ ਕਦੇ ਮੀਂਹ ਨ੍ਹੇਰੀ ਨੀ ਤੀ ਆਉਂਦੀ ਹੁੰਦੀ।"

"ਸਾਰੀ ਵਾਢੀ ਤੇ ਗਹਾਈ ਕੜਾਕੇ ਆਲੀ ਧੁੱਪ 'ਚ ਕਰਦੇ ਤੀ। ਫੇਰ ਕਿਤੇ ਚੜ੍ਹਦੇ ਹਾੜ੍ਹ ਜੱਗ-ਜੁਗ ਕਰੇ ਤੋਂ ਮੀਂਹ ਪੈਂਦਾ।" ਇੰਦਰ ਨੇ ਕਿੱਕਰ ਦੀਆਂ ਟਾਹਣੀਆਂ ਨਾਲ ਪੁੱਠੇ ਲਟਕਦੇ ਬੀਜੜਿਆ ਦੇ ਆਲ੍ਹਣਿਆਂ ਵੱਲ ਦੇਖਦਿਆਂ ਕਿਹਾ।

"ਪਿੰਡ ਆਲੀ ਸ਼ਾਮਲਾਟ 'ਚ ਗਰੀਬ ਗੁਰਬਿਆਂ ਨੇ ਲਾਵੀ ਆਲੀ ਕਣਕ ਦੀਆਂ ਭਰੀਆ, ਮੱਝਾਂ, ਕੱਟੀਆਂ-ਬੱਛੀਆਂ ਨਾਲ ਗਾਹ ਕੇ ਚੱਕ ਵੀ ਲਈਆਂ।"

"ਉਹ ਤਾਂ ਸਣੇ ਨਿਆਣੇ-ਨਿੱਕੇ ਸਾਰਾ ਟੱਬਰ ਲਾ ਲੈਂਦੇ ਐ।" ਨੇਤਰ ਬੋਲਿਆ।

"ਅਗਲੀਆਂ ਵਾਢੀਆਂ 'ਚ ਲਾਵੀ ਕਿਹੜੇ ਪਿਓ ਆਲੇ ਖੇਤ 'ਚੋਂ ਕਰਨਗੇ। ਥਰੈਸ਼ਰ ਆਲਿਆਂ ਨੇ ਮੀਂਹ ਕਣੀ ਤੋਂ ਡਰਦੇ ਕੰਬੈਨਾਂ ਨਾਲ ਕਣਕ ਵਢਾ ਲੈਣੀ ਐ। ਐਤਕੀਂ ਤਾਂ ਅੱਧੀ-ਪਚੱਧੀ ਈ ਵਢਾਈ ਤੀ।" ਇੰਦਰ ਨੇ ਦੂਰ ਸਫੈਦਿਆਂ ਵਾਲੀ ਪਹੀ ਵੱਲ ਦੇਖਿਆ।

ਆਸਮਾਨ ਲਾਲ ਜਿਹਾ ਹੋਣ ਲੱਗ ਪਿਆ। ਜਿੰਦਰੋ ਭਾਂਡੇ ਇਕੱਠੇ ਕਰ ਕੇ ਧੜ ਦੇ ਲਾਗੇ ਆ ਗਈ ਸੀ। ਉਸ ਨੇ ਉਨ੍ਹਾਂ ਦੀਆਂ ਗੱਲਾਂ ਵਿਚ ਦਖਲ ਨਹੀਂ ਸੀ ਦਿੱਤਾ, ਪਰ ਦੂਰ ਚੜ੍ਹੀ ਆ ਰਹੀ ਗਹਿਰ ਨੂੰ ਦੇਖ ਕੇ ਕਿਹਾ, "ਬਾਪੂ ਨੇਰ੍ਹੀ ਆਉਂਦੀ ਐ।"

"ਹਾਂ ਲੱਗਦੀ ਤਾਂ ਐ।" ਨੇਤਰ ਨੇ ਵੀ ਆਲੇ-ਦੁਆਲੇ ਦੂਰ ਤਕ ਨਿਗ੍ਹਾ ਘੁੰਮਾਈ।

ਥੋੜ੍ਹੇ ਚਿਰ 'ਚ ਹੀ ਨੇਰ੍ਹੀ ਚੜ੍ਹੀ ਆ ਰਹੀ ਸੀ। ਦੋਵੇਂ ਭਰਾ ਉਠ ਕੇ ਧੜ ਨੂੰ ਸਾਂਭਣ ਲੱਗ ਪਏ। ਫੇਰ ਦੇਖਦੇ-ਦੇਖਦੇ ਹੀ ਨੇਰ੍ਹੀ ਆ ਗਈ। ਨੇਤਰ ਨੇ ਪੀਪੇ 'ਚ ਲਿਆਂਦਾ ਪਾਣੀ ਧੜ ਉਤੇ ਛਿੜਕਿਆ। ਇਕ ਦਮ ਹਨੇਰਾ ਹੋ ਗਿਆ। ਹੱਥ ਨਾਲ ਹੱਥ ਮਾਰਿਆਂ ਕੁਝ ਵੀ ਨਹੀਂ ਸੀ ਦਿਸਦਾ। ਹਵਾ ਦੇ ਫਰਾਟਿਆਂ ਨਾਲ ਧੜ ਉਡ ਕੇ ਮਿੱਟੀ ਘੱਟੇ ਵਿਚ ਰਲਦੀ ਜਾ ਰਹੀ ਸੀ। ਹਵਾ ਦੀ ਆਵਾਜ਼ ਸੂਊਂ...ਸੂੰ...ਛੀਂ-ਛੀਂ ਈਂ-ਈਂ। ਲਾਲ ਭੂਰੀ ਕਾਲੀ ਮਿੱਟੀ ਹੀ ਮਿੱਟੀ।

ਉਹ ਧੜ ਨੂੰ ਸਾਂਭਣ 'ਚ ਲੱਗੇ ਹੋਏ ਸਨ, ਪਰ ਹਵਾ ਕੋਈ ਪੇਸ਼ ਨਹੀਂ ਸੀ ਜਾਣ ਦਿੰਦੀ। ਜੇ ਜ਼ਰਾ ਕੁ ਵੀ ਅੱਖ ਜਾਂ ਮੂੰਹ ਖੋਲ੍ਹਦੇ ਤਾਂ ਮਿੱਟੀ ਦੇ ਕਿਣਕੇ ਅਤੇ ਫੂਸਪੱਲਾ ਆ ਕੇ ਵਜਦਾ। ਇਕ-ਦੂਜੇ ਨੂੰ ਕੁਝ ਵੀ ਨਹੀਂ ਸੀ ਦਿਸਦਾ।

ਜਿੰਦਰੋ ਦੇ ਕੰਡਿਆਂ ਵਾਲੀ ਝਾੜੀ ਆ ਵੱਜੀ। ਉਸ ਨੇ ਜ਼ੋਰ ਨਾਲ ਚੀਕ ਮਾਰੀ, "ਬਾ...ਪੂ...ਊ...।"

ਹਵਾ ਐਨੀ ਗੂੰਜਣ ਲੱਗ ਪਈ, ਕਿਸੇ ਨੂੰ ਕੁਝ ਨਾ ਸੁਣਿਆ। ਤੇ ਫਿਰ ਝਾੜੀ ਆਪੇ ਹੀ ਹਵਾ ਨਾਲ ਜਿੰਦਰੋ ਦੇ ਕੱਪੜਿਆਂ 'ਚ ਮੋਰੀਆਂ ਕਰ ਕੇ ਅਤੇ ਸਰੀਰ 'ਤੇ ਝਰੀਟਾਂ ਮਾਰ ਕੇ ਉਡ ਗਈ।

ਨੇਰ੍ਹੀ ਕੁਝ ਘੱਟ ਹੋਈ। ਫਿਰ ਚਾਨਣ ਜਿਹਾ ਹੋਇਆ। ਜਿੰਦਰੋ ਨੇ ਅੱਖਾਂ ਮਲੀਆਂ ਤੇ ਝਾਕਣ ਦੀ ਕੋਸ਼ਿਸ਼ ਕੀਤੀ, ਪਰ ਮਿੱਟੀ ਐਨੀ ਰੜਕਣ ਲੱਗ ਪਈ ਕਿ ਅੱਖਾਂ ਫਿਰ ਬੰਦ ਹੋ ਗਈਆਂ। ਉਸ ਨੇ ਅੱਖਾਂ ਮਲ-ਮਲ ਪਾਣੀ ਕੱਢ ਲਿਆ। ਕਦੇ ਮੀਚਦੀ ਕਦੇ ਖੋਲ੍ਹਦੀ ਹੋਈ ਬੋਲੀ, "ਬਾਲਣ ਨਾ ਭੁੱਲਿਓ...ਬਾਪੂ!"

"ਨਈਂ ਕੁੜੀਏ...ਜਾ ਤੂੰ, ਕਿਤੇ ਮੀਂਹ ਨਾ ਆ ਜਾਵੇ।" ਨੇਤਰ ਨੇ ਵੀ ਅੱਖਾਂ ਮਲੀਆਂ ਤੇ ਨੱਕ ਸਿਣਕ ਕੇ ਮਿੱਟੀ ਕੱਢੀ।

ਜਿੰਦਰੋ ਬੁੜ-ਬੁੜ ਕਰਦੀ, ਅੱਖਾਂ ਖੋਲ੍ਹਦੀ ਮੀਚਦੀ, ਭਾਂਡੇ ਚੁੱਕ ਕੇ ਘਰ ਨੂੰ ਤੁਰ ਪਈ।...ਧੜ ਦਾ ਤਾਂ ਕੱਖ ਨੀ ਰਿਆ, ਬਾਲਣ ਦਾ ਕੀ ਚੇਤਾ ਰਹਿਣੈ...ਘਰ ਬੇਬੇ ਆਖੂ- 'ਤੀਆ ਪਹਿਰ ਹੋ ਗਿਐ?' ਉਸ ਨੂੰ ਜਾਪਿਆ ਸਿਖਰ ਦੁਪਹਿਰ ਤਾਂ ਉਸ ਉਤੋਂ ਹਾਲੀ ਵੀ ਕੜਕ ਰਹੀ ਹੋਵੇ, ਭਾਵੇਂ ਪਰਛਾਵਾਂ ਢਲ ਗਿਆ ਹੈ। ਫਿਰ ਉਸ ਨੇ ਆਪਣੇ ਸਰੀਰ ਦਾ ਆਲਾ-ਦੁਆਲਾ ਦੇਖਿਆ ਤਾਂ ਉਸ ਨੂੰ ਢਿੱਲਾ-ਢਿੱਲਾ ਜਿਹਾ ਲੱਗਾ।

ਨੇਰ੍ਹੀ ਹੌਲੀ-ਹੌਲੀ ਘੱਟ ਰਹੀ ਸੀ। ਧੜ ਥੋੜ੍ਹੀ ਜਿਹੀ ਰਹਿ ਗਈ। ਉਹ ਅੱਖਾਂ 'ਚ ਪਈ ਮਿੱਟੀ, ਹਥੇਲੀਆਂ ਨਾਲ ਮਲ-ਮਲ ਕੱਢਦੇ ਹੋਏ ਤੰਗਲੀਆਂ ਲੱਭਣ ਲੱਗ ਪਏ। ਉਨ੍ਹਾਂ ਦੇ ਕੰਨਾਂ 'ਚ ਥਰੈਸ਼ਰਾਂ ਦੀ ਆਵਾਜ਼, ਨੇਰ੍ਹੀ ਵਾਂਗ ਗੂੰਜਣ ਲੱਗ ਪਈ।

# ਜੰਗ-ਏ-ਆਜ਼ਾਦੀ ਯਾਦਗਾਰ

*(ਪਿਛਲੇ ਸਫੇ ਦੀ ਬਾਕੀ)*

ਕਰ ਰਿਹਾ ਹੈ ਉਥੇ ਫ਼ਿਲਮ ਤਿਆਰ ਕਰਨ ਦੀ ਜ਼ਿੰਮੇਵਾਰੀ ਸੁਪ੍ਰਸਿੱਧ ਫ਼ਿਲਮ ਨਿਰਦੇਸ਼ਕ ਸ਼ਿਆਮ ਬੈਨੇਗਲ ਨੂੰ ਸੌਂਪੀ ਗਈ ਹੈ।

ਇਹ ਯਾਦਗਾਰ ਹਰ ਪੱਖ ਤੋਂ ਧਰਮ-ਨਿਰਪੱਖ ਰੱਖਣ ਲਈ ਪੰਜਾਬ ਦੇ ਚਿੰਤਕਾਂ, ਦਾਨਿਸ਼ਵਰਾਂ, ਬੁੱਧੀਜੀਵੀਆਂ ਤੇ ਵਿਦਵਾਨਾਂ ਦੀ ਇੱਕ ਕਾਰਜ ਕਾਰਨੀ ਕਮੇਟੀ ਬਣਾਈ ਗਈ ਹੈ ਜਿਸ ਦੀ ਪ੍ਰਧਾਨਗੀ ਅਜੀਤ ਸਮਾਚਾਰ ਸਮੂਹ ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਕਰਨਗੇ।

ਇਸ ਯਾਦਗਾਰ ਦੀ ਉਸਾਰੀ ਵਿਚ ਕਿੰਨੀਆਂ ਰਾਜਨੀਤਕ ਪਾਰਟੀਆਂ, ਧਾਰਮਿਕ ਅਸਥਾਨਾਂ ਤੇ ਵਿਸ਼ਵ-ਵਿਦਿਆਲਿਆਂ ਦੇ ਮੁਖੀ ਦਿਲਚਸਪੀ ਰੱਖਦੇ ਹਨ ਇਸ ਦਾ ਅੰਦਾਜ਼ਾ ਮੁੱਖ ਮੰਤਰੀ ਦੇ ਨੀਂਹ ਪੱਥਰ ਰੱਖਣ ਸਮੇਂ ਸ਼ਿਰਕਤ ਕਰਨ ਆਏ ਪਤਵੰਤਿਆਂ ਤੋਂ ਲਾਇਆ ਜਾ ਸਕਦਾ ਹੈ। ਇਸ ਵਿਚ ਮੁੱਖ ਮੰਤਰੀ ਬਾਦਲ ਕਿੰਨੀ ਦਿਲਚਸਪੀ ਰੱਖਦੇ ਹੋਣਗੇ ਇਸ ਦਾ ਅੰਦਾਜ਼ਾ ਭਗਵਾਨ ਬਾਲਮੀਕ ਅਤੇ ਭਗਤ ਰਵਿਦਾਸ ਦੀਆਂ ਯਾਦਗਾਰਾਂ ਸਮੇਤ ਉਨ੍ਹਾਂ ਵੱਲੋਂ ਇਸ ਤੋਂ ਪਹਿਲਾਂ ਛੋਟੇ ਤੇ ਵੱਡੇ ਘੱਲੂਘਾਰੇ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹੰਦ ਦੀ ਫ਼ਤਹਿ ਨਾਲ ਸਬੰਧਤ ਚੱਪੜ-ਚਿੜੀ ਵਿਖੇ ਬਣਾਈ ਯਾਦਗਾਰ ਤੋਂ ਲਾਇਆ ਜਾ ਸਕਦਾ ਹੈ। ਇਨ੍ਹਾਂ ਸਾਰੀਆਂ ਯਾਦਗਾਰਾਂ ਦਾ ਸਿਹਰਾ ਸ. ਬਾਦਲ ਦੇ ਸਿਰ ਹੀ ਬੱਝਦਾ ਹੈ।

**ਸੇਵਾ-ਮੁਕਤ ਸੈਨਿਕਾਂ ਦਾ ਗਵਾਂਢ:** ਡਾ. ਐਮ. ਐਸ. ਰੰਧਾਵਾ ਨੇ ਚੰਡੀਗੜ੍ਹ ਨੂੰ ਵਸਾਉਣ ਵੇਲੇ ਤਿੰਨ ਸੈਕਟਰ ਭਾਰਤੀ ਸੈਨਾ ਵਾਲਿਆਂ ਨੂੰ ਅਲਾਟ ਕੀਤੇ ਸਨ। ਮੈਂ ਉਨ੍ਹਾਂ ਵਿਚੋਂ ਇੱਕ ਵਿਚ ਰਹਿੰਦਾ ਹਾਂ। ਰਫਲਾਂ ਬੰਦੂਕਾਂ ਵਾਲੇ ਇਨ੍ਹਾਂ ਸੈਕਟਰਾਂ ਵਿਚ ਚੋਰ-ਉਚੱਕੇ ਤਾਂ ਕੀ ਕਾਲੇ ਕੱਛਿਆਂ ਵਾਲੇ ਵੀ ਨਹੀਂ ਵੜਦੇ। ਮੈਂ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਦਾ ਹਾਂ। ਉਨ੍ਹਾਂ ਦਾ ਸਭ ਤੋਂ ਵੱਡਾ ਮਸਲਾ ਸੇਵਾ ਮੁਕਤੀ ਤੇ ਮਿਲਣ ਵਾਲੀਆਂ ਪੈਨਸ਼ਨਾਂ ਦੀ ਰਾਸ਼ੀ ਦਾ ਹੈ। ਮੇਰੇ ਗਵਾਂਢੀ ਮੇਜਰ ਜਨਰਲ ਰਾਜਿੰਦਰ ਨਾਥ ਤੇ ਕਰਨਲ ਆਰ. ਕੇ. ਦੱਤਾ ਦੀ ਪੈਨਸ਼ਨ ਉਨ੍ਹਾਂ ਤੋਂ ਪਿੱਛੋਂ ਉਨ੍ਹਾਂ ਵਾਲੀ ਪਦਵੀ ਤੋਂ ਸੇਵਾ ਮੁਕਤ ਹੋਣ ਅਤੇ ਉਮਰ ਵਿਚ ਛੋਟਿਆਂ ਨਾਲੋਂ ਬਹੁਤ ਘੱਟ ਹੈ।

ਉਹ ਸਾਰੇ, ਸਮੇਂ-ਸਮੇਂ ਭਾਰਤ ਸਰਕਾਰ ਅੱਗੇ ਰੋਸ ਕਰਦੇ ਰਹੇ ਹਨ ਪਰ ਕੋਈ ਸੁਣਵਾਈ ਨਹੀਂ ਹੋਈ। ਸੇਵਾ-ਮੁਕਤ ਏਅਰ ਮਾਰਸ਼ਲ ਅਰਜੁਨ ਸਿੰਘ ਤੇ ਮਹਾਂਵੀਰ ਚੱਕਰ ਪ੍ਰਾਪਤ ਬ੍ਰਿਗੇਡੀਅਰ ਸੰਤ ਸਿੰਘ ਵਰਗੇ ਮਹਾਰਥੀਆਂ ਦਾ ਸੰਸਦ ਭਵਨ ਅੱਗੇ ਧਰਨੇ ਉਤੇ ਬੈਠਣਾ ਵੀ ਕੰਮ ਨਹੀਂ ਆਇਆ। ਕਈ ਪਾਰਟੀਆਂ ਦੇ ਰਾਜਨੀਤੀਵਾਨ ਚੋਣਾਂ ਤੋਂ ਪਹਿਲਾਂ ਇਸ ਮਾਮਲੇ ਨੂੰ ਆਪਣੀ ਸਰਕਾਰ ਬਣਨ ਉਤੇ ਵਿਚਾਰਨ ਦਾ ਵਚਨ ਦਿੰਦੇ ਹਨ ਪਰ ਸਰਕਾਰ ਬਣਨ ਉਤੇ ਭੁੱਲ ਜਾਂਦੇ ਹਨ। ਵਰਤਮਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਉਨ੍ਹਾਂ ਵਿਚੋਂ ਇੱਕ ਹੈ। ਉਂਜ ਉਸ ਦੀ ਸਰਕਾਰ ਨੇ 2014-2015 ਦੇ ਬਜਟ ਵਿਚ ਇਸ ਮੰਤਵ ਲਈ 1000 ਕਰੋੜ ਦੀ ਰਾਸ਼ੀ ਰਾਖਵੀਂ ਕੀਤੀ ਹੈ।

**ਅੰਤਿਕਾ:** (ਈਸ਼ਵਰ ਚਿੱਤਰਕਾਰ)
ਤੇਰੀ ਨਹੀਂ ਨੇ ਫਾਹ ਲਿਆ
ਉਸ ਦਿਲ ਨੂੰ ਕਿਸ ਤਰ੍ਹਾਂ ਭਲਾ,
ਜਿਸ ਵੱਲ ਸ਼ਰਾ ਵੀ
ਦੇਖਣੋਂ ਸੀ ਮੌਤ ਸੰਗਦੀ ਰਹੀ।
ਤੇਰੀ ਉਡੀਕ ਵਿਚ
ਇਉਂ ਕੀਲੀ ਗਈ ਏ ਕਲਪਨਾ,
ਉਠ ਕੇ ਤਰੰਗ ਕੋਈ
ਜਿਵੇਂ ਇੱਕੋ ਜਗ੍ਹਾ ਖੜ੍ਹੀ ਰਹੀ।

# ਅਨੁਸ਼ਕਾ ਦੀਆਂ ਅਠਖੇਲੀਆਂ

ਅਨੁਸ਼ਕਾ ਸ਼ਰਮਾ ਨੇ ਫਿਲਮੀ ਦੁਨੀਆਂ ਵਿਚ ਆਪਣਾ ਵੱਖਰਾ ਮੁਕਾਮ ਬਣਾਇਆ ਹੋਇਆ ਹੈ। ਥੋੜ੍ਹੇ ਜਿਹੇ ਸਮੇਂ ਵਿਚ ਹੀ ਉਸ ਨੇ ਫ਼ਿਲਮੀ ਦੁਨੀਆਂ ਦਾ ਬਹੁਤਾ ਸਫਰ ਤੈਅ ਕਰ ਲਿਆ ਹੈ। ਅੱਜ ਕੱਲ੍ਹ ਉਸ ਦੇ ਕ੍ਰਿਕਟ ਖਿਡਾਰੀ ਵਿਰਾਟ ਕੋਹਲੀ ਨਾਲ ਦੋਸਤੀ ਦੇ ਚਰਚੇ ਹਨ। ਉਹ ਆਪਣੀ ਨਵੀਂ ਆ ਰਹੀ ਫਿਲਮ 'ਪੀਕੇ' ਕਾਰਨ ਵੀ ਚਰਚਾ ਵਿਚ ਹੈ। ਇਸ ਹੀ ਫਿਲਮ ਨਾਲ ਉਸ ਦੀ ਗੁੱਡੀ ਚੜ੍ਹ ਗਈ ਸੀ। ਇਸ ਤੋਂ ਬਾਅਦ 2011 ਵਿਚ ਰਿਲੀਜ਼ ਹੋਈ ਫਿਲਮ 'ਬੈਂਡ ਬਾਜਾ ਬਾਰਾਤ' ਨੇ ਸਭ ਦਾ ਧਿਆਨ ਖਿਚਿਆ। ਇਸ ਫਿਲਮ ਵਿਚ ਅਨੁਸ਼ਕਾ ਅਤੇ ਰਣਬੀਰ ਸਿੰਘ ਦੀ ਜੋੜੀ ਖੂਬ ਜਚੀ ਅਤੇ ਫਿਲਮ ਦੀ ਪ੍ਰਸ਼ੰਸਾ ਬਹੁਤ ਹੋਈ। 2012 ਵਿਚ ਹੀ ਰਣਦੀਪ ਸਿੰਘ ਨਾਲ ਉਸ ਦੀ ਇਕ ਹੋਰ ਫਿਲਮ 'ਲੇਡੀਜ਼ ਵਰਸਿਜ ਰਿਕੀ ਬਹਿਲ'



ਫਿਲਮ ਵਿਚ ਹੀਰੋ ਆਮਿਰ ਖਾਨ ਹੈ ਅਤੇ ਅਨੁਸ਼ਕਾ ਸ਼ਰਮਾ ਨੂੰ ਇਸ ਫ਼ਿਲਮ ਤੋਂ ਵੱਡੀਆਂ ਆਸਾਂ ਹਨ। ਉਹ ਇਸ ਫ਼ਿਲਮ ਤੋਂ ਇਕ ਹੋਰ ਵੱਡੀ ਉਡਾਣ ਭਰਨ ਦੀ ਉਡੀਕ ਵਿਚ ਹੈ। ਇਸ ਤੋਂ ਇਲਾਵਾ ਉਸ ਦੀਆਂ ਤਿੰਨ ਹੋਰ ਫਿਲਮਾਂ ਦੀ ਸ਼ੂਟਿੰਗ ਚੱਲ ਰਹੀ ਹੈ। ਇਨ੍ਹਾਂ ਵਿਚ 'ਐਨ.ਐਚ-10', 'ਬੌਂਬੇ ਵੈਲਵਟ' ਅਤੇ 'ਦਿਲ ਧੜਕਨੇ ਦੋ' ਸ਼ਾਮਲ ਹਨ। ਅਨੁਸ਼ਕਾ ਸ਼ਰਮਾ ਦੀ ਪਹਿਲੀ ਫਿਲਮ 'ਰੱਬ ਦੀ ਬਨਾ ਦੀ ਜੋੜੀ' 2008 ਵਿਚ ਆਈ ਸੀ ਅਤੇ ਇਸ ਪਹਿਲੀ ਆਈ। ਇਸ ਫਿਲਮ ਨੇ ਵੀ ਖੂਬ ਧੁੰਮਾਂ ਪਾਈਆਂ। ਇਨ੍ਹਾਂ ਫਿਲਮਾਂ ਦੀ ਇਕ ਹੋਰ ਖੂਬਸੂਰਤੀ ਇਹ ਵੀ ਸੀ ਕਿ ਇਹ ਬੜੀਆਂ ਸਾਫ਼-ਸੁਥਰੀਆਂ ਫਿਲਮਾਂ ਸਨ। ਪਿਛਲੇ ਸਾਲ ਸ਼ਾਹਰੁਖ ਖਾਂ ਨਾਲ ਉਸ ਦੀ ਫਿਲਮ 'ਜਬ ਤਕ ਹੈ ਜਾਨ' ਰਿਲੀਜ਼ ਹੋਈ। ਅੱਜ ਕੱਲ੍ਹ ਅਨੁਸ਼ਕਾ ਦੀ ਗਿਣਤੀ ਫ਼ਿਲਮੀ ਦੁਨੀਆਂ ਦੀਆਂ ਸਫ਼ਲ ਹੀਰੋਇਨਾਂ ਵਿਚ ਹੋ ਰਹੀ ਹੈ। ਅਸਲ ਵਿਚ ਅਨੁਸ਼ਕਾ ਦੀ ਅਦਾਕਾਰੀ ਬੇਹੱਦ ਸਹਿਜ ਹੁੰਦੀ ਹੈ ਤੇ ਇਸੇ ਗੱਲ ਨੂੰ ਲੋਕ ਪਸੰਦ ਕਰਦੇ ਹਨ।

# ਅੰਬਰ ਵੱਲ ਉਡਾਰੀਆਂ

# ਅਨੂ ਕਪੂਰ



**ਅਨੂ ਕਪੂਰ ਸੰਗੀਤ ਤੇ ਨਾਟਕ ਦਾ ਰਸੀਆ ਹੈ। ਕੋਈ ਵੀ ਕੰਮ ਹੋਵੇ, ਉਹ ਬਹੁਤ ਮਟਕ ਕੇ ਅਤੇ ਮੜ੍ਹਕ ਨਾਲ ਕਰਦਾ ਹੈ। ਇਸੇ ਕਰ ਕੇ ਉਸ ਦਾ ਹਰ ਕੰਮ ਚਰਚਾ ਵਿਚ ਆਉਂਦਾ ਹੈ। ਅੱਜ ਕੱਲ੍ਹ ਉਹ 'ਬਿਗ ਐਫ਼.ਐਮ.' ਦੇ ਰੇਡੀਓ ਸ਼ੋਅ 'ਸੁਹਾਨਾ ਸਫ਼ਰ ਵਿਦ ਅਨੂ ਕਪੂਰ' ਉਤੇ ਆਪਣੇ ਰੰਗ ਬਿਖੇਰ ਰਿਹਾ ਹੈ। ਆ ਰਹੀ ਫਿਲਮ 'ਸ਼ੌਕੀਨਜ਼' ਵਿਚ ਉਸ ਨੇ ਬੜਾ ਅਹਿਮ ਕਿਰਦਾਰ ਨਿਭਾਇਆ ਹੈ।**

ਅਨੂ ਕਪੂਰ ਅੱਜ ਕੱਲ੍ਹ 'ਬਿਗ ਐਫ਼.ਐਮ' ਦੇ ਰੇਡੀਓ ਸ਼ੋਅ 'ਸੁਹਾਨਾ ਸਫ਼ਰ ਵਿਦ ਅਨੂ ਕਪੂਰ' ਨਾਲ ਛਾਇਆ ਹੋਇਆ ਹੈ। ਇਸ ਪ੍ਰੋਗਰਾਮ ਵਿਚ ਉਹ ਵਧੀਆ ਗੀਤ ਤਾਂ ਸਰੋਤਿਆਂ ਨੂੰ ਸੁਣਾਉਂਦੇ ਹੀ ਹਨ, ਨਾਲ ਹੀ ਨਾਲ ਫਿਲਮੀ ਦੁਨੀਆਂ ਦੇ ਦਿਲਚਸਪ ਕਿੱਸੇ ਵੀ ਛੇੜਦੇ ਹਨ। ਇਹ ਕਿੱਸੇ ਛੇੜਨ ਦਾ ਉਨ੍ਹਾਂ ਦਾ ਅੰਦਾਜ਼ ਬਹੁਤ ਵਿਲੱਖਣ ਅਤੇ ਵੱਖਰਾ ਹੈ। ਜਿਨ੍ਹਾਂ ਨੇ ਉਸ ਦਾ ਮਸ਼ਹੂਰ ਰਿਐਲਿਟੀ ਸ਼ੋਅ 'ਅੰਤਾਕਸ਼ਰੀ' ਦੇਖਿਆ ਹੈ, ਉਹ ਇਸ ਬਾਰੇ ਭਲੀ-ਭਾਂਤ ਅੰਦਾਜ਼ਾ ਲਗਾ ਸਕਦੇ ਹਨ। ਹੁਣ ਉਸ ਦੀ ਹਿੰਦੀ ਫਿਲਮ 'ਸ਼ੌਕੀਨਜ਼' ਆ ਰਹੀ ਹੈ। ਫਿਲਮ 'ਵਿੱਕੀ ਡੋਨਰ' ਲਈ ਉਸ ਨੂੰ ਨੈਸ਼ਨਲ ਫਿਲਮ ਐਵਾਰਡ ਅਤੇ ਫਿਲਮ ਫ਼ੇਅਰ ਐਵਾਰਡ ਮਿਲਿਆ ਸੀ।

ਅਨੂ ਕਪੂਰ ਦਾ ਅਸਲੀ ਨਾਂ ਅਨਿਲ ਕਪੂਰ ਹੈ, ਪਰ ਉਸ ਨੇ ਜਦੋਂ ਫਿਲਮੀ ਦੁਨੀਆਂ ਵਿਚ ਪ੍ਰਵੇਸ਼ ਕੀਤਾ ਤਾਂ ਫਿਲਮ ਜਗਤ ਦੇ ਨਾਇਕ ਅਨਿਲ ਕਪੂਰ ਨਾਲ ਭੁਲੇਖਾ ਪੈਣ ਤੋਂ ਬਚਣ ਲਈ ਆਪਣਾ ਨਾਂ ਅਨੂ ਕਪੂਰ ਰੱਖ ਲਿਆ। ਅਦਾਕਾਰੀ ਅਤੇ ਨੌਟੰਕੀ ਉਸ ਨੂੰ ਵਿਰਸੇ ਵਿਚੋਂ ਮਿਲੀ। ਉਸ ਦਾ ਪਿਤਾ ਮਦਨ ਲਾਲ ਪਾਰਸੀ ਥਿਏਟਰ ਕਰਦਾ ਹੁੰਦਾ ਸੀ। ਉਥੋਂ ਹੀ ਉਸ ਦੇ ਸਾਰੇ ਟੱਬਰ ਨੂੰ ਕਲਾ ਦੀ ਚੇਟਕ ਲੱਗ ਗਈ। ਉਸ ਦਾ ਵੱਡਾ ਭਰਾ ਰਣਜੀਤ ਕਪੂਰ ਖੁਦ ਡਾਇਰੈਕਟਰ ਤੇ ਪਟਕਥਾ ਲੇਖਕ ਹੈ। ਭੈਣ ਸੀਮਾ ਕਪੂਰ ਨਿਰਮਾਤਾ ਤੇ ਅਦਾਕਾਰਾ ਹੈ। ਛੋਟਾ ਭਰਾ ਨਿਖਿਲ ਕਪੂਰ ਵੀ ਪਿੱਛੇ ਨਹੀਂ ਰਿਹਾ, ਉਹ ਗੀਤ ਲਿਖਦਾ ਹੈ। ਅਨੂ ਕਪੂਰ ਨੇ ਵੱਖ-ਵੱਖ ਫਿਲਮਾਂ ਵਿਚ ਆਪਣੀ ਅਦਾਕਾਰੀ ਦਾ ਲੋਹਾ ਤਾਂ ਮਨਵਾਇਆ ਹੀ ਹੈ, ਪਰ ਉਸ ਨੇ ਬਤੌਰ ਡਾਇਰੈਕਟਰ ਫਿਲਮ 'ਅਭੈ' ਨਾਲ ਵੀ ਆਪਣੀ ਪਛਾਣ ਬਣਾਈ। ਬੱਚਿਆਂ ਲਈ ਬਣਾਈ ਇਸ ਫਿਲਮ ਲਈ ਉਸ ਨੂੰ 1994 ਵਿਚ ਡਾਇਰੈਕਟਰ ਵਜੋਂ ਨੈਸ਼ਨਲ ਫਿਲਮ ਐਵਾਰਡ ਮਿਲਿਆ। ਇਸ ਫਿਲਮ ਵਿਚ ਨਾਨਾ ਪਾਟੇਕਰ, ਮੁਨਮੁਨ ਸੇਨ ਅਤੇ ਬੈਂਜਾਮਿਨ ਗਿਲਾਨੀ ਦੀਆਂ ਮੁੱਖ ਭੂਮਿਕਾਵਾਂ ਸਨ। ਅਨੂ ਕਪੂਰ ਨੇ ਫਿਲਮਾਂ ਵਿਚ ਆਗਾਜ਼ 1983 ਵਿਚ ਉਘੇ ਫਿਲਮਸਾਜ਼ ਸ਼ਿਆਮ ਬੈਨੇਗਲ ਦੀ ਫਿਲਮ 'ਮੰਡੀ' ਨਾਲ ਕੀਤਾ ਸੀ। ਸੰਗੀਤ ਨਾਲ ਉਸ ਦਾ ਪਿਆਰ ਹਮੇਸ਼ਾ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਉਸ ਦੀ ਇੱਛਾ ਹੈ ਕਿ ਉਹ ਅਜਿਹੀ ਫ਼ਿਲਮ ਬਣਾਵੇ ਜਿਸ ਦਾ ਆਧਾਰ ਸਿਰਫ ਸੰਗੀਤ ਹੋਵੇ।

# ਇਨਸਾਫ ਦੀ ਉਡੀਕ ਦਿੱਲੀ 1984

'ਦਿੱਲੀ 1984' ਫਿਲਮ ਦਿੱਲੀ ਵਿਚ ਸਿੱਖਾਂ ਦੇ ਹੋਏ ਕਤਲੇਆਮ ਦੀ ਕਹਾਣੀ ਬਿਆਨ ਕਰਦੀ ਹੈ। ਫਿਲਮ ਦੇ ਨਿਰਦੇਸ਼ਕ ਅਸ਼ੋਕ ਗੁਪਤਾ ਦਾ ਦਾਅਵਾ ਹੈ ਕਿ ਇਸ ਫਿਲਮ ਦੀ ਕਹਾਣੀ ਅਤੇ ਪਟਕਥਾ ਉਤੇ ਦਿੱਲੀ ਕਤਲੇਆਮ ਦੀ ਪੀੜਤ ਬੀਬੀ ਜਗਦੀਸ਼ ਕੌਰ ਨਾਲ ਹੋਈਆਂ ਗੱਲਾਂ ਅਸਰ-ਅੰਦਾਜ਼ ਹੋਈਆਂ ਹਨ। ਇਉਂ ਇਹ ਫਿਲਮ ਇਕ ਤਰ੍ਹਾਂ ਨਾਲ ਬੀਬੀ ਜਗਦੀਸ਼ ਕੌਰ ਦੀ ਜ਼ਿੰਦਗੀ ਉਤੇ ਹੀ ਆਧਾਰਤ ਹੈ। ਕਤਲੇਆਮ ਵੇਲੇ ਜਗਦੀਸ਼ ਕੌਰ 14 ਵਰ੍ਹਿਆਂ ਦੀ ਸੀ। ਭਾਰਤ ਦੇ 'ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ' ਨੇ ਇਸ ਫਿਲਮ ਨੂੰ ਸਰਟੀਫਿਕੇਟ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ। ਉਂਜ ਫਿਲਮ ਉਤੇ ਪਾਬੰਦੀ ਦੇ ਬਾਵਜੂਦ ਫਿਲਮ ਨਿਰਦੇਸ਼ਕ ਅਸ਼ੋਕ ਗੁਪਤਾ ਦੇ ਹੌਸਲੇ ਬੁਲੰਦ ਹਨ। ਉਹ ਹੁਣ ਇਹ ਫਿਲਮ ਭਾਰਤ ਨੂੰ ਛੱਡ ਕੇ ਹੋਰ ਦੇਸ਼ਾਂ ਵਿਚ ਰਿਲੀਜ਼ ਕਰ ਰਹੇ ਹਨ।

ਪਿਛਲੇ ਕੁਝ ਸਮੇਂ ਤੋਂ ਇਸ ਵਿਸ਼ੇ 'ਤੇ ਕਈ ਫਿਲਮਾਂ ਸਾਹਮਣੇ ਆਈਆਂ ਹਨ। ਦਲਜੀਤ ਦੁਸਾਂਝ ਅਤੇ ਕਿਰਨ ਖੇਰ ਦੀ ਫਿਲਮ 'ਪੰਜਾਬ 1984' ਜੋ ਇਸੇ ਸਾਲ ਜੂਨ ਵਿਚ ਰਿਲੀਜ਼ ਹੋਈ ਸੀ, ਬੇਹੱਦ ਸਫਲ ਰਹੀ ਸੀ। 'ਸਾਡਾ ਹੱਕ' ਨੇ ਭਾਰਤ ਵਿਚ ਹੀ ਨਹੀਂ, ਵਿਦੇਸ਼ ਵਿਚ ਵੀ ਚੋਖੀ ਕਮਾਈ ਕੀਤੀ। ਪਹਿਲਾਂ ਇਸ ਫਿਲਮ ਉਤੇ ਵੀ




ਪਾਬੰਦੀ ਲਾ ਦਿੱਤੀ ਗਈ ਸੀ। ਕੁਝ ਲੋਕਾਂ ਮੁਤਾਬਕ ਪਾਬੰਦੀ ਕਾਰਨ ਇਸ ਫਿਲਮ ਦੀ ਮਸ਼ਹੂਰੀ ਬਹੁਤ ਹੋ ਗਈ ਅਤੇ ਇਹ ਵਾਹਵਾ ਚੱਲ ਗਈ। ਉਂਜ, ਇਹ ਵੀ ਇਤਫਾਕ ਹੀ ਸਮਝੋ ਕਿ ਪੰਜਾਬ ਵਿਚ ਖਾੜਕੂਵਾਦ ਵੇਲੇ ਪੰਜਾਬੀ ਫਿਲਮ ਸਨਅਤ ਦਾ ਭੱਠਾ ਹੀ ਬੈਠ ਗਿਆ ਸੀ। ਹੁਣ ਪਿਛਲੇ ਕੁਝ ਸਾਲਾਂ ਤੋਂ ਕਾਮੇਡੀ ਫਿਲਮਾਂ ਛਾਈਆਂ ਹੋਈਆਂ ਸਨ। ਜਿਉਂ ਹੀ ਹੁਣ ਕਾਮੇਡੀ ਫਿਲਮਾਂ ਦਾ ਟਰੈਂਡ ਰਤਾ ਕੁ ਮੱਠਾ ਪਿਆ, ਪੰਜਾਬ ਸੰਕਟ ਅਤੇ 1984 ਵਾਲਾ ਕਤਲੇਆਮ ਫਿਲਮ ਵਾਲਿਆਂ ਦਾ ਪਸੰਦੀਦਾ ਵਿਸ਼ਾ ਬਣ ਗਿਆ।

ਫਿਲਮ 'ਦਿੱਲੀ 1984' ਜਿਸ ਦੇ ਨਾਂ ਅੱਗੇ 'ਇਨਸਾਫ ਦੀ ਉਡੀਕ' ਲਾ ਦਿੱਤਾ ਗਿਆ ਹੈ, ਦੇ ਨਿਰਦੇਸ਼ਕ ਅਸ਼ੋਕ ਗੁਪਤਾ ਦਾ ਕਹਿਣਾ ਹੈ ਕਿ ਕਤਲੇਆਮ ਦੇ ਦਰਦ ਨੇ ਉਨ੍ਹਾਂ ਨੂੰ ਇਸ ਵਿਸ਼ੇ ਉਤੇ ਫਿਲਮ ਬਣਾਉਣ ਲਈ ਪ੍ਰੇਰਿਆ। ਫਿਲਮ ਵਿਚ ਜਾਨ ਪਾਉਣ ਲਈ ਉਹਨੇ ਵੱਖ-ਵੱਖ ਲੋਕਾਂ ਨਾਲ ਇਸ ਬਾਰੇ ਵਿਚਾਰਾਂ ਕੀਤੀਆਂ ਅਤੇ ਆਖਰਕਾਰ ਬੀਬੀ ਜਗਦੀਸ਼ ਕੌਰ ਨਾਲ ਵੱਧ ਤੋਂ ਵੱਧ ਮੀਟਿੰਗਾਂ ਕਰਨ ਦਾ ਫੈਸਲਾ ਹੋਇਆ। ਇਨ੍ਹਾਂ ਮੀਟਿੰਗਾਂ ਦਾ ਸਿੱਟਾ ਹੀ ਇਹ ਫਿਲਮ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਨਸਾਫ ਲਈ ਇੰਨੀ ਲੰਮੀ ਉਡੀਕ ਦੀ ਮਿਸਾਲ ਸੰਸਾਰ ਭਰ ਵਿਚ ਘੱਟ ਹੀ ਮਿਲਦੀ ਹੈ। ਫਿਲਮ ਵਿਚ ਇਸੇ ਤੱਥ ਨੂੰ ਉਭਾਰਿਆ ਗਿਆ ਹੈ। ਫਿਲਮ ਵਿਚ ਗੁੱਗੂ ਗਿੱਲ ਅਤੇ ਰਮਾ ਵਿੱਜ ਦੀਆਂ ਅਹਿਮ ਭੂਮਿਕਾਵਾਂ ਹਨ। ਉਨ੍ਹਾਂ ਆਸ ਪ੍ਰਗਟਾਈ ਹੈ ਕਿ ਇਸ ਮਸਲੇ ਨਾਲ ਜੁੜੇ ਲੋਕ ਤਾਂ ਹੁੰਗਾਰਾ ਭਰਨਗੇ ਹੀ, ਆਮ ਦਰਸ਼ਕ ਵੀ ਫਿਲਮ ਦੇਖਣਗੇ।

# Syan Video Production, Inc.

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ-ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ

ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights



ਰਾਜਿੰਦਰ ਸਿੰਘ

**Call Toll Free:**
**1-800-RAJ-SYAN**
*(with 17 years Experienced)*

**Call:734-261-0936**
**734-890-1767**

e-mail: raj@syanvideo.com
visit at: www.syanvideo.com

# H K TRANSPORT INC

*Division of HK Incorporated*
1401 West Ray St, Indianapolis, IN 46221
Ph: 317-408-3211, web: www.hktransportinc.com



## ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰ ਲਈ |
|---|---|
| 92% ਫਲੈਟ ਡਿਸਪੈਚ<br>30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ<br>ਬਰੈਂਡ ਨਿਊ ਟਰੇਲਰ<br>ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ<br>ਹਰ 15 ਦਿਨ ਬਾਅਦ ਅਦਾਇਗੀ | 45 ਸੈਂਟ ਤੱਕ ਪ੍ਰਤੀ ਮੀਲ<br>95% ਲੋਡ ਯਾਰਡ 'ਚ ਹੁੱਕ ਐਂਡ ਡਰਾਪ<br>ਬਰੈਂਡ ਨਿਊ ਟਰੱਕ<br>ਵਧੀਆ ਅਤੇ ਸਾਫ ਸੁਥਰੇ ਟਰੱਕ<br>ਹਰ ਹਫਤੇ ਤਨਖਾਹ |

*ਲੋੜੀਂਦੀ ਯੋਗਤਾ:*
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*
*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

**ਸੰਪਰਕ ਕਰੋ: ਫੋਨ 317-408-3211**
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ



ੴ ਸਤਿਗੁਰ ਪ੍ਰਸਾਦਿ॥

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥ ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ॥

## ਸਮੂਹ ਸਿੱਖ ਸੰਗਤ ਨੂੰ ਸਿੱਖ ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 545ਵੇਂ ਆਗਮਨ ਪੁਰਬ ਦੀ

# ਲੱਖ ਲੱਖ ਵਧਾਈ



*ਸ. ਮੱਤ ਸਿੰਘ ਢਿੱਲੋਂ ਆਪਣੇ ਪਰਿਵਾਰ ਨਾਲ*

# Azad Driving School

English, Hindi, Punjabi, Urdu language, experienced instructors. We have lady instructors too. We teach teens too, Ask for special teen package, with class room and behind the wheel. We have Saturday and Sunday teens program too.

*We teach driving car in North West Chicagoland suburbs.*

**Two Locations**
100 S. Atkinson Rd., Grays Lake. IL 60030
209 Butter Field Rd., Vernon Hill, IL 60061
Ph: 847-308-5411 or 847-548-8367
www.azaddriving.com

*Providing all driving school services - Adult, Senior Citizen and Teen programs.*

ਵਲੋਂ: ਮੱਤ ਸਿੰਘ ਢਿੱਲੋਂ ਅਤੇ ਢਿੱਲੋਂ ਪਰਿਵਾਰ
ਰਾਜਪਾਲ ਸਿੰਘ ਚਾਹਲ, ਮਨਦੀਪ ਚਾਹਲ, ਅਮਨਦੀਪ ਅਤੇ ਕਿਰਨ, ਸੋਨੀ ਢਿੱਲੋਂ ਅਤੇ ਆਜ਼ਾਦ ਢਿੱਲੋਂ

Happy Gurpurab

# PATEL BROTHERS®

"Celebrating Our Food....Our Culture"

Happy Gurpurab

## Bringing your homeland closer since 1974

## ਸਮੂਹ ਭਾਈਚਾਰੇ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਗੁਰਪੁਰਬ ਦੀ ਲੱਖ ਲੱਖ ਵਧਾਈ

### ILLINOIS

HEADQUARTERS:
PATEL BROTHERS
2610 W. DEVON AVENUE
CHICAGO, IL 60659
T: 773.262.7777, 773.764.1857
F: 773.262.7914

PATEL BROTHERS
873 E. SCHAUMBURG ROAD
SCHAUMBURG, IL 60193
T: 847.524.1111

### INDIANA

PATEL BROTHERS
4150 LAFAYETTE RD. SUITE F&G
INDIANAPOLIS, IN 46254
T: 317.293.8345 F:317.293.8395

### KENTUCKY

PATEL BROTHERS
1830 HURSTBOURNE PKWY
LOUISVILLE, KY 40220
T: 502.499.9791

### GEORGIA

PATEL BROTHERS
1711 CHURCH STREET
DECATUR, GA 30033
T: 404.296.2696
F: 404.296.2698

### MISSISSIPPI

PATEL CASH & CARRY
6800 W.OLD CANTON RD SUITE 102
RIGDELAND, MS 39157
T: 601.952.0332

PATEL BROTHERS
1999 HWY 80 WEST
SUITE 15
JACKSON, MS 39204
T: 601.353.6611

### PENNSYLVANIA

PATEL BROTHERS
4145 WILLIAM PENN HWY
MONROEVILLE, PA 15146
T: 412.372.2758 F: 412.380.0144

PATEL BROTHERS
1915 STREET ROAD
BENSALEM, PA 19020

### OHIO

PATEL BROTHERS
1170 KENNY SQUARE MALL
COLUMBUS, OH 43220
T: 614.273.1376

PATEL BROTHERS
6876 PEARL ROAD
MIDDLEBURGH HTS., OH 44130
T: 440.885.4440

### CALIFORNIA

PATEL BROTHERS
2039 EL CAMINO REAL
SANTA CLARA, CA 95050
T: 408.261.3555
F: 408.261.3545




### Michigan

ਪਟੇਲ ਬ੍ਰਦਰਜ਼
28684 Ford Rd.,
Garden City, MI 48135
Ph: 734-427-4445
Fax: 734-427-4985

PATEL BROTHERS
28950 ORCHARD LAKE ROAD
FARMINGTON HILLS, MI 48334
T: 248.851.7470

PATEL BROTHERS
37196 DEQUINDRE ROAD
STERLING HEIGHTS, MI 48077
T: 586.795.5120

### NORTH CAROLINA

PATEL BROTHERS
1419 SOUTH EAST MAYNARD RD
CARY, NC 27511
T: 919.380.0113 F: 919.319.5661

### TEXAS

PATEL BROTHERS
5815 HILLCROFT
HOUSTON, TX 77036
T: 713.784.8332
F: 713.784.8341

PATEL BROTHERS
16338, KENSINGTON DR UNIT # 130
SUGARLAND, TX 77479
T: 281.980.1181

PATEL BROTHERS
104 INGE DRIVE
RICHARDSON, TX 75080
T: 972.644.3972

### CONNECTICUT

PATEL FOODS
171 E. SPENCER STREET
MANCHESTER, CT 06040
T: 860.645-6100
F: 860.643-9322

### MARYLAND

PATEL BROTHERS
6402 BALTI NATIONAL PIKE
ROUTE # 40, SUITE #18B
CATONSVILLE, MD 21228
T: 410.719.2822
F: 410.719.2821

PATEL BROTHERS
15110 FREDERICK ROAD
ROCKVILLE, MD 20850
T: 301.340.8656
F:301.898.8959

PATEL BROTHERS
2074 UNIVERSITY BLVD
HYATTSVILLE, MD 20783
T:301.422.1555
F:301.422.1555

### NEW YORK

PATEL BROTHERS
37-27, 74TH STREET,
JACKSON HEIGHTS, NY 11372
T: 718.898.3445 F: 718.898.9243

PATEL BROTHERS
415 SOUTH BROADWAY
HICKSVILLE, NY 11801
T: 516.681.0091 F: 516.681.0072

PATEL BROTHERS
42-92 MAIN STREET
FLUSHING, NY 11355
T: 718.661.1112 F: 718.661.2076

PATEL BROTHERS
124-10, LIBERTY AVENUE
RICHMONDHILL, NY 11419
T: 718.843.2527 F: 718.843.2526

PATEL BROTHERS
251-08 HILLSIDE AVENUE
BELLEROSE, NY 11426
T: 718.470.1356 F: 718.470.0209

### CANADA

PATEL CASH & CARRY
700 - MARKHAM ROAD, UNIT # 3 & 4,
SCARBOROUGH, ONTARIO, M1H 2A7
CANADA
T: 416-439-9393 F: 416-438-6446

### NEW JERSEY

PATEL CASH & CARRY
1551 OAKTREE RD
ISELIN, NJ 08830
T: 732.205.0187
F: 732.205.0397

PATEL CASH & CARRY
780 NEWARK AVE
JERSEY CITY, NJ 07306
T: 201.222.7572
F: 201.222.1019

PATEL FOOD MARKET
1357 OAKTREE RD
ISELIN, NJ 08830
T: 732.283.7283
F: 732.283.4950

PATEL CASH & CARRY
2800 - RT# 27
RYAN PLAZA
NORTH BRUNSWICK , NJ 28902
T:732.821.0667
F:732.821.7232

PATEL BROTHERS
10866, RT 46
PARSIPPANY, NJ 07054

### MASSACHUSETTS

PATEL BROTHERS
425 - MOODY STREET
WALTHAM, MA 02453
T: 781.893-1003
F: 781.893-6003

PATEL BROTHERS
504, BOSTON TURNPIKE
SHREWSBURY, MA 01545

### VIRGINIA

PATEL BROTHERS
11116 LEE HIGHWAY
FAIRFAX, VA 22030
T: 703.273.7400

### TENNESSEE

PATEL BROTHERS
4043 NOLENSVILLE PIKE
NASHVILLE, TN 37211
T: 615.833.1555
F: 615.833.1556

www.patelbros.com

PB.REV.080808

Design+Print: OneMAS.com | 1-888-ONE-MAS1


DFW SIKH COMMUNITY
WELCOMES YOU TO ATTEND THE
ANNUAL
SIKH PARADE
SATURDAY NOVEMBER 15, 2014
KIRTAN 9:00 AM | DIGNITARIES SPEECHES 10:00 AM
PARADE STARTS 11:00 AM
FROM
GURDWARA SINGH SABHA, 1201 ABRAMS ROAD, RICHARDSON, TX 75081
CELEBRATE WITH YOUR FAMILY AND FRIENDS
PRAKASH GURPURAB OF GURU NANAK SAHIB JI
GURU KA LANGAR . FLOATS . GATKA - SIKH MARTIAL ARTS
FOR MORE INFORMATION CALL 972.235.3388 OR VISIT US AT WWW.GURDWARARICHARDSON.ORG
ਗੁਰਦੁਆਰਾ ਸਿੰਘ ਸਭਾ, ਰਿਚਰਡਸਨ (ਟੈਕਸਸ)



ੴ ਸਤਿਗੁਰ ਪ੍ਰਸਾਦਿ॥
ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥
ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪ੍ਰਕਾਸ਼ ਦਿਹਾੜੇ ਦੀ ਸਾਰੇ ਸਿੱਖ ਜਗਤ ਨੂੰ
ਲੱਖ-ਲੱਖ ਵਧਾਈ
ਸ. ਪ੍ਰਕਾਸ਼ ਸਿੰਘ ਬਾਦਲ
ਮੁਖ ਮੰਤਰੀ, ਪੰਜਾਬ
ਸ. ਸੁਖਬੀਰ ਸਿੰਘ ਬਾਦਲ
ਉਪ ਮੁਖ ਮੰਤਰੀ, ਪੰਜਾਬ
ਸ. ਸੁਰਜੀਤ ਸਿੰਘ ਰਖੜਾ
ਕੈਬਨਿਟ ਮੰਤਰੀ, ਪੰਜਾਬ
ਸ. ਦਰਸ਼ਨ ਸਿੰਘ
ਧਾਲੀਵਾਲ
ਮਨਜੀਤ ਸਿੰਘ ਦਸੂਹਾ
ਸੀਨੀਅਰ ਅਕਾਲੀ ਆਗੂ
ਬਲਦੇਵ ਸਿੰਘ ਸੱਲ੍ਹਾਂ
ਸੀਨੀਅਰ ਅਕਾਲੀ ਆਗੂ
ਜਸਕਰਨ ਸਿੰਘ ਧਾਲੀਵਾਲ
ਸੀਨੀਅਰ ਅਕਾਲੀ ਆਗੂ
ਹਰਵਿੰਦਰ ਸਿੰਘ ਘੋਤੜਾ
ਸੀਨੀਅਰ ਅਕਾਲੀ ਆਗੂ
ਅਮਰੀਕ ਸਿੰਘ-ਅਮਰ ਕਾਰਪੈਟਸ
ਸੀਨੀਅਰ ਅਕਾਲੀ ਆਗੂ
ਗੁਰਮੀਤ ਸਿੰਘ ਭੋਲਾ
ਸੀਨੀਅਰ ਅਕਾਲੀ ਆਗੂ
ਲਖਵੰਤ ਸਿੰਘ ਕੋਮਲ
ਸੀਨੀਅਰ ਅਕਾਲੀ ਆਗੂ
ਹੈਪੀ ਹੀਰ
ਸੀਨੀਅਰ ਅਕਾਲੀ ਆਗੂ
ਬਚਨ ਸਿੰਘ ਗਿੱਲ
ਸੀਨੀਅਰ ਅਕਾਲੀ ਆਗੂ
ਯਾਦਵਿੰਦਰ ਸਿੰਘ
ਗਰੇਵਾਲ
ਸੀਨੀਅਰ ਅਕਾਲੀ ਆਗੂ
ਇੰਦਰਜੀਤ ਸਿੰਘ
ਸੀਨੀਅਰ ਅਕਾਲੀ
ਆਗੂ
ਪਾਲ ਸਿੰਘ ਖਲੀਲ
ਸੀਨੀਅਰ ਅਕਾਲੀ
ਆਗੂ
ਕਿੰਟੂ ਬਾਵਾ
ਸੀਨੀਅਰ ਅਕਾਲੀ
ਆਗੂ
ਮਨਮਿੰਦਰ ਸਿੰਘ
ਹੀਰ
ਯੂਥ ਅਕਾਲੀ ਆਗੂ
ਪ੍ਰਭਜੋਤ ਸਿੰਘ
ਯੂਥ ਅਕਾਲੀ ਆਗੂ
ਕਾਲਾ ਪੱਡਾ
ਯੂਥ ਅਕਾਲੀ ਆਗੂ
ਬਲਜੀਤ ਸਿੰਘ
ਮੰਗੀ
ਯੂਥ ਅਕਾਲੀ ਆਗੂ
ਰਾਜਾ ਤੱਲ੍ਹਣ
ਯੂਥ ਅਕਾਲੀ ਆਗੂ
ਸ਼੍ਰੋਮਣੀ ਅਕਾਲੀ ਦਲ, ਮਿਡਵੈਸਟ (ਅਮਰੀਕਾ)